ਮੁਢਲੀ ਉਨ੍ਹੀਵੀਂ ਸਦੀ ਦਾ ਪੰਜਾਬ

ਜੇ ਐੱਸ. ਗਰੇਵਾਲ - ਇੰਦੂ ਬਾਂਗਾ

ਅਨੁਵਾਦਕ

ਅਮਰਵੰਤ ਸਿੰਘ

ਇਤਿਹਾਸ ਵਿਭਾਗ
ਗੁਰੂ ਨਾਨਕ ਯੂਨੀਵਰਸਿਟੀ
ਅੰਮ੍ਰਿਤਸਰ

سندیپ سنگھ

ਮੁਢਲੀ ਉਨ੍ਹੀਵੀਂ ਸਦੀ ਦਾ ਪੰਜਾਬ

ਮੁਢਲੀ ਉਨ੍ਹੀਵੀਂ ਸਦੀ ਦਾ ਪੰਜਾਬ

(ਗਣੇਸ਼ ਦਾਸ ਦੇ ਚਾਰ ਬਾਗ਼-ਏ-ਪੰਜਾਬ ਵਿਚੋਂ)

ਸੰਪਾਦਕ :

ਡਾ. ਜੇ. ਐਸ. ਗਰੇਵਾਲ

ਡਾ. (ਮਿਸ) ਇੰਦੂ ਬਾਂਗਾ

ਅਨੁਵਾਦਕ :

ਅਮਰਵੰਤ ਸਿੰਘ

ਅਤੇ

ਮੋਹਨਜੀਤ ਸਿੰਘ

ਇਤਿਹਾਸ ਵਿਭਾਗ

ਗੁਰੂ ਨਾਨਕ ਯੂਨੀਵਰਸਿਟੀ

ਅਮ੍ਰਿਤਸਰ

ਪਹਿਲਾ ਸੰਸਕਰਣ : ਨਵੰਬਰ, ੧੯੭੪

ਗਿਣਤੀ : ੧੧੦੦

ਪ੍ਰਕਾਸ਼ਕ : ਸ. ਭਰਪੂਰ ਸਿੰਘ
ਰਜਿਸਟਰਾਰ, ਗੁਰੂ ਨਾਨਕ ਯੂਨੀਵਰਸਿਟੀ,
ਅਮ੍ਰਿਤਸਰ ।

ਛਾਪਕ : ਪ੍ਰਭਜੋਤ ਪ੍ਰਿੰਟਿੰਗ ਪ੍ਰੈਸ,
ਬਹਾਦਰ ਨਗਰ, ਅਮ੍ਰਿਤਸਰ ।

ਚਿਤ੍ਰਕਾਰ : ਪ੍ਰੋ: ਦਲੀਪ ਸਿੰਘ,
ਖਾਲਸਾ ਕਾਲਿਜ ਆਫ ਐਜੂਕੇਸ਼ਨ,
ਅਮ੍ਰਿਤਸਰ ।

ਮੁੱਲ : ੨੨-੦੦ ਰੁਪਏ

ਮੁੱਖ ਸ਼ਬਦ

ਗਣੇਸ਼ ਦਾਸ ਦੇ ਚਾਰ ਬਾਗ਼-ਏ-ਪੰਜਾਬ ਦਾ ਫ਼ਾਰਸੀ ਪਾਠ ਕੁੱਝ ਵਰ੍ਹੇ ਪਹਿਲਾਂ ਪੰਜਾਬ ਦੇ ਫ਼ਾਰਸੀ ਜਾਨਣ ਵਾਲੇ ਪਾਠਕਾਂ ਦੇ ਲਾਭ ਲਈ ਪ੍ਰਕਾਸ਼ਤ ਕੀਤਾ ਗਿਆ । ਇਸ ਦਾ ਪੰਜਾਬੀ ਅਨੁਵਾਦ ਗੁਰੂ ਨਾਨਕ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਲੋਂ ਉਹਨਾਂ ਪਾਠਕਾਂ ਲਈ ਤਿਆਰ ਕੀਤਾ ਜਾ ਰਿਹਾ ਹੈ ਜਿਹੜੇ ਫ਼ਾਰਸੀ ਨਹੀਂ ਜਾਣਦੇ ਅਤੇ ਹੋਰ ਕਿਸੇ ਵੀ ਜ਼ਬਾਨ ਨਾਲੋਂ ਪੰਜਾਬੀ ਜ਼ਬਾਨ ਦੇ ਜ਼ਿਆਦਾ ਨੇੜੇ ਹਨ ।

ਚਾਰ ਬਾਗ਼-ਏ-ਪੰਜਾਬ ਦਾ ਕਾਫ਼ੀ ਸਾਰਾ ਹਿੱਸਾ (ਇਤਿਹਾਸਕਾਰ ਲਈ ਸ਼ਾਇਦ ਸਭ ਤੋਂ ਉਪਯੋਗੀ ਹਿੱਸਾ ਭੂਮਿਕਾ ਅਤੇ ਟਿਪਣੀਆਂ ਸਾਹਿਤ ਅੰਗ੍ਰੇਜ਼ੀ ਵਿਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ ਅਤੇ ਇਹ ਉਹਨਾਂ ਪਾਠਕਾਂ ਲਈ ਹੈ ਜਿਹੜੇ ਨਾ ਫ਼ਾਰਸੀ ਜਾਣਦੇ ਹਨ ਅਤੇ ਨਾ ਪੰਜਾਬੀ । ਇਹ ਕੰਮ ਇਤਿਹਾਸ ਵਿਭਾਗ ਦੇ ਡਾ. ਜ. ਸ. ਗਰੇਵਾਲ ਅਤੇ ਡਾ. (ਮਿਸ) ਇੰਦੂ ਬਾਂਗਾ ਨੂੰ ਸੌਂਪਿਆ ਗਿਆ । ਉਹਨਾਂ ਦਾ ਨਿਸ਼ਾਨਾ ਇਸ ਦੇ ਸ਼ਬਦਿਕ ਅਨੁਵਾਦ ਨਾਲੋਂ ਇਸ ਦੇ ਅਰਥ ਭਰਪੂਰ ਅਨੁਵਾਦ ਨੂੰ ਪੇਸ਼ ਕਰਨਾ ਹੈ। ਇਸ ਤੋਂ ਉਪ੍ਰੰਤ ਉਹਨਾਂ ਨੇ ਗਣੇਸ਼ ਦਾਸ ਦੇ ਪੰਜਾਬ ਦੇ ਵਰਨਣ ਦੀ ਪ੍ਰਕਾਸ਼ਮਈ ਭੂਮਿਕਾ ਵੀ ਦਿੱਤੀ ਹੈ ।

ਮੈਨੂੰ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਇਹ ਪ੍ਰਕਾਸ਼ਨ ਇਲਾਕਾਈ ਇਤਿਹਾਸ ਦੇ ਵਿਦਿਆਰਥੀਆਂ ਲਈ ਲਾਭਦਾਇਕ ਸਾਬਤ ਹੋਵੇਗਾ । ਇਹ ਰਚਨਾ ਪੰਜਾਬ ਦੇ ਇਤਿਹਾਸ ਅਤੇ ਦੇਸ਼ ਦੇ ਹੋਰ ਇਲਾਕਾਈ ਇਤਿਹਾਸਾਂ ਦੀ ਮੂਲ ਸਮੱਗਰੀ ਪ੍ਰਕਾਸ਼ਤ ਕਰਨ ਨੂੰ ਉਤਸ਼ਾਹ ਦੇਵੇਗੀ। ਮੈਂ ਇਤਿਹਾਸ ਵਿਭਾਗ ਦੇ ਅਧਿਆਪਕਾਂ ਅਤੇ ਅਨੁਵਾਦਕਾਂ ਦਾ ਧੰਨਵਾਦੀ ਹਾਂ ਕਿ ਉਹਨਾਂ ਨੇ ਇਹ ਪੁਸਤਕਾਂ ਗੁਰੂ ਨਾਨਕ ਯੂਨੀਵਰਸਿਟੀ ਲਈ ਪ੍ਰਕਾਸ਼ਤ ਕੀਤੀਆਂ ਹਨ ।

ਕੁਲਪਤੀ

ਗੁਰੂ ਨਾਨਕ ਯੂਨੀਵਰਸਿਟੀ,
ਅਮ੍ਰਿਤਸਰ ।

ਨਵੰਬਰ ੧੫, ੧੯੭੪

ਪ੍ਰਵੇਸ਼ਕਾ

ਸੰਨ ੧੯੬੫ ਈ: ਵਿਚ ਚਾਰ ਬਾਗ਼-ਏ-ਪੰਜਾਬ ਅਮ੍ਰਿਤਸਰ ਵਿਚ ਛਪੀ ਜੋ ਕਿ ਰਣਜੀਤ ਸਿੰਘ ਦੇ ਰਾਜ ਸੰਬੰਧੀ ਕੇਵਲ ਇੱਕੋ ਇਕ ਅਜੇਹੀ ਰਚਨਾ ਹੈ ਜਿਸ ਵਿਚ ਪੰਜਾਬ ਦੇ ਇਤਿਹਾਸਕ ਬਿਓਰੇ ਤੋਂ ਬਿਨਾਂ ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਜੀਵਨ ਦੀ ਜਾਣਕਾਰੀ ਹੈ। ਇਸ ਦੇ ਲੇਖਕ ਗਣੇਸ਼ ਦਾਸ ਨੇ ਲਾਹੌਰ ਦੇ ਰਾਜ ਦੇ ਅੰਗਰੇਜ਼ੀ ਸਾਮਰਾਜ ਨਾਲ ਇਲਹਾਕ ਦੇ ਐਨ ਪਿਛੋਂ ਇਸ ਨੂੰ ਸੰਨ ੧੮੪੯ ਈ: ਵਿਚ ਪੂਰਾ ਕੀਤਾ। ਇਸ ਦੀ ਇਕ ਕਾਪੀ ਰਿਚਰਡ ਟੈਂਪਲ ਨੂੰ ਪੇਸ਼ ਕੀਤੀ ਗਈ ਜੋ ਕਿ ੧੮੫੦-ਹਾਂ ਦੇ ਕੁਝ ਸਾਲਾਂ ਲਈ ਗੁਜਰਾਤ ਦਾ ਅਫ਼ਸਰ-ਬੰਦੋਬਸਤ ਸੀ। ਇਹ ਕਾਪੀ ਇੰਡੀਆ ਆਫ਼ਿਸ (ਹੁਣ, ਕਾਮਨਵੈਲਥ ਰੀਲੇਸ਼ਨਜ਼ ਆਫਿਸ) ਲਾਇਬਰੇਰੀ ਲੰਡਨ ਵਿਚ ਸੁਰੱਖਿਅਤ ਹੈ। ਇਕ ਹੋਰ ਕਾਪੀ ਪੰਜਾਬ ਯੂਨੀਵਰਸਿਟੀ ਲਾਇਬਰੇਰੀ ਲਾਹੌਰ ਵਿਚ ਪਈ ਹੈ। ਤੀਜੀ ਕਾਪੀ ਪਟਿਆਲੇ ਵਿਖੇ ਡਾ: ਗੰਡਾ ਸਿੰਘ ਕੋਲ ਹੈ ਜਿਹੜੀ ਚਾਰ ਬਾਗ਼-ਏ-ਪੰਜਾਬ ਦੇ ਸੰਪਾਦਕ ਸ੍ਰ: ਕਿਰਪਾਲ ਸਿੰਘ ਅਨੁਸਾਰ ਸਭ ਤੋਂ ਵਧੀਆ ਹੈ। ਪ੍ਰਕਾਸ਼ਤ ਪਾਠ, ਰਚਨਾ ਦੀਆਂ ਇਹਨਾਂ ਤਿੰਨਾਂ ਕਾਪੀਆਂ 'ਤੇ ਅਧਾਰਿਤ ਹੈ।

ਰਣਜੀਤ ਸਿੰਘ ਦੇ ਰਾਜ ਦੀਆਂ ਘਟਨਾਵਾਂ ਦਾ ਬਿਆਨ ਕਰਦਾ ਕਰਦਾ ਗਣੇਸ਼ ਦਾਸ ਸੰਨ ੧੮੧੫ ਈ: ਦੇ ਵਰ੍ਹੇ 'ਤੇ ਅਟਕਦਾ ਹੈ ਜਿਸ ਵਿਚ ਉਹ ਮੁਲਤਾਨ ਅਤੇ ਕਸ਼ਮੀਰ ਦੀ ਜਿੱਤ ਦੇ ਲਿਖਣ ਤੋਂ ਪਹਿਲਾਂ ਪੰਜਾਬ ਦਾ ਵਰਨਣ ਇਕ ਸੌ ਪੰਜਾਹ ਸਫ਼ਿਆਂ ਵਿਚ ਕਰਦਾ ਹੈ। ਇਹ ਚਾਰ ਬਾਗ਼-ਏ-ਪੰਜਾਬ ਦਾ ਉਹ ਹਿੱਸਾ ਹੈ ਜਿਸ ਵਿਚ ਪੰਜਾਬ ਦੀ ਸਭ ਤੋਂ ਜ਼ਿਆਦਾ ਸਥਾਨ-ਵਿਦਿਅਕ, ਸਮਾਜ-ਵਿਗਿਆਨਕ ਅਤੇ ਸਭਿਆਚਾਰਕ ਸਮੱਗਰੀ ਹੈ ਅਤੇ ਇਹੋ ਹਿੱਸਾ ਪੰਜਾਬੀ ਦੇ ਅਨੁਵਾਦ ਲਈ ਚੁਣਿਆ ਗਿਆ ਹੈ।

ਪੰਜਾਬ ਦੇ ਵਰਨਣ ਵਿਚ ਸਭ ਤੋਂ ਜ਼ਿਆਦਾ ਸਫੇ ਰਚਨਾ ਦੁਆਬ ਨੂੰ ਦਿੱਤੇ ਗਏ ਹਨ। ਫਿਰ ਚੱਜ ਦੁਆਬ ਆਉਂਦਾ ਹੈ। ਗਣੇਸ਼ ਦਾਸ ਇਹਨਾਂ ਦੋ ਦੁਆਬਿਆਂ ਤੋਂ ਹੀ ਸਭ ਤੋਂ ਚੰਗੀ ਤਰ੍ਹਾਂ ਜਾਣੂ ਹੈ ਅਤੇ ਇਹਨਾਂ ਦੋਵਾਂ ਦੁਆਬਿਆਂ ਨੂੰ ਸੌ ਤੋਂ ਵੱਧ ਸਫ਼ੇ ਦਿੱਤੇ ਗਏ ਹਨ। ਇਸ ਪਿਛੋਂ ਬਾਰੀ ਦੁਆਬ ਆਉਂਦਾ ਹੈ ਜਿਸ ਵਿਚ ਲਾਹੌਰ ਅਤੇ ਅਮ੍ਰਿਤਸਰ ਦੇ ਸ਼ਹਿਰ ਆਉਂਦੇ ਹਨ ਅਤੇ ਜਿਨ੍ਹਾਂ ਨੂੰ ਗਣੇਸ਼ ਦਾਸ ਖਾਸੀ ਚੰਗੀ ਤਰ੍ਹਾਂ ਜਾਣਦਾ ਹੈ। ਪਰ ਸਿੰਧ ਸਾਗਰ ਦੁਆਬ ਨੂੰ ਮੁਸ਼ਕਿਲ ਨਾਲ ਗਿਆਰਾਂ ਸਫ਼ੇ ਅਤੇ ਬਿਸਤ ਜਲੰਧਰ ਨੂੰ ਕੇਵਲ ਚਾਰ ਸਫ਼ੇ ਦੇਂਦਾ ਹੈ। ਇਸ ਤੋਂ ਵਧ ਇਹ ਕਿ ਉਹ ਸਾਰੇ ਵਰਨਣ ਦਾ ਕੋਈ ਇਕ ਤਿਹਾਈ ਹਿੱਸਾ ਗੁਜਰਾਤ, ਸਿਆਲਕੋਟ, ਵਜ਼ੀਰਾਬਾਦ, ਐਮਨਾਬਾਦ, ਲਾਹੌਰ ਤੇ ਅੰਮ੍ਰਿਤਸਰ ਨੂੰ ਦੇਂਦਾ ਹੈ। ਇਸ ਤਰ੍ਹਾਂ ਗਣੇਸ਼ ਦਾਸ ਦੇ ਵਰਨਣ ਵਿਚ ਤਕੜੀ ਬੇਤਨਾਸਬੀ ਹੈ। ਇਹ ਵੀ ਹੈ ਕਿ ਉਹ ਇਕ ਪਰਗਣੇ ਨੂੰ ਤਾਂ ਕਈ ਸਫ਼ੇ ਦੇਂਦਾ ਹੈ ਅਤੇ ਦੂਸਰੇ ਨੂੰ ਕੇਵਲ ਇਕ ਵਾਕ ਹੀ। ਉਹ ਕਿਸੇ ਪਿੰਡ ਨੂੰ ਤਾਂ ਇਕ ਪੈਰ੍ਹੇ ਵਿਚ ਹੀ ਖ਼ਤਮ ਕਰ ਦੇਂਦਾ ਹੈ ਅਤੇ ਕਿਸੇ ਤੱਲਕੇ ਜਾਂ ਕਸਬੇ ਦਾ ਜ਼ਿਕਰ ਹੀ ਨਹੀਂ ਕਰਦਾ। ਸਪਸ਼ਟ ਹੀ ਉਹਦੀ ਜਾਣਕਾਰੀ ਬੇਤਨਾਸਬੀ ਵਾਲੀ ਹੈ ਅਤੇ ਨਾਕਾਫ਼ੀ ਵੀ ਹੈ। ਪਰ ਪ੍ਰਤਿਵਾਕ, ਇਹ ਹੈ ਕਿ ਉਹਦੀ ਜਾਣਕਰੀ ਦੀ ਉਪਯੋਗਤਾ ਐਨ ਇਸੇ ਗੱਲ ਵਿਚ ਹੈ ਕਿ ਉਹ ਓਨੀ ਗੱਲ ਹੀ ਲਿਖਦਾ ਹੈ ਜਿਸਨੂੰ ਉਹ ਪ੍ਰਮਾਣਿਕ ਮੰਨਦਾ

ਹੈ। ਉਹਦੀ ਜਾਣਕਾਰੀ ਦੀ ਪ੍ਰਮਾਣਿਕਤਾ ਹੀ ਉਹਦੇ ਕਥਨ ਨੂੰ ਵਜ਼ਨਦਾਰ ਅਤੇ ਕੀਮਤੀ ਬਣਾਉਂਦੀ ਹੈ।

ਚਾਰ ਬਾਗ਼-ਏ-ਪੰਜਾਬ ਦੇ ਪੂਰੇ ਪੰਜਾਬੀ ਅਨੁਵਾਦ ਦਾ ਇਹ ਹਿੱਸਾ ਸ੍ਰ. ਅਮਰਵੰਤ ਸਿੰਘ ਨੇ ਕੀਤਾ ਹੈ ਜੋ ਕਿ ਇਤਿਹਾਸ ਵਿਭਾਗ ਵਿਚ ਅਨੁਵਾਦਕ ਹਨ। ਇਸ ਦੀ ਭੂਮਿਕਾ ਡਾ. (ਮਿਸ) ਇੰਦੂ ਬਾਂਗਾ ਅਤੇ ਮੈਂ ਨੇ ਅੰਗ੍ਰੇਜ਼ੀ ਵਿਚ ਲਿਖੀ ਹੈ ਅਤੇ ਭੂਮਿਕਾ ਦਾ ਅਨੁਵਾਦ ਸ੍ਰ. ਮੋਹਨਜੀਤ ਸਿੰਘ ਨੇ ਪੰਜਾਬੀ ਵਿਚ ਕੀਤਾ ਹੈ ਜੋ ਇਤਿਹਾਸ ਵਿਭਾਗ ਵਿਚ ਅਨੁਵਾਦਕ ਹਨ। ਡਾ. ਦੀਵਾਨ ਸਿੰਘ ਅਤੇ ਸ੍ਰੀ ਸ. ਸ. ਹਾਂਸ ਸ੍ਰ. ਅਮਰਵੰਤ ਸਿੰਘ ਅਤੇ ਸ੍ਰ. ਮੋਹਨਜੀਤ ਸਿੰਘ ਦੇ ਕੀਤੇ ਅਨੁਵਾਦ ਨੂੰ ਸੋਧਣ ਵਿਚ ਅਤਿਅੰਤ ਸਹਾਈ ਹੋਏ ਹਨ। ਮੈਂ ਡਾ. ਦੀਵਾਨ ਸਿੰਘ ਅਤੇ ਸ੍ਰੀ ਸ. ਸ. ਹਾਂਸ ਦੀ ਇਸ ਸਹਾਇਤਾ ਲਈ ਅਤੀ ਧੰਨਵਾਦੀ ਹਾਂ। ਮੈਸਰਜ਼ ਪ੍ਰਭਜੋਤ ਪ੍ਰਿੰਟਿੰਗ ਪ੍ਰੈਸ, ਅਮ੍ਰਿਤਸਰ, ਬੜੇ ਥੋਹੜੇ ਸਮੇਂ ਦੇ ਨੋਟਿਸ ਤੇ ਕਿਤਾਬ ਛਾਪਣ ਲਈ ਰਜ਼ਾਮੰਦ ਹੋਏ ਹਨ ਅਤੇ ਮੈਂ ਉਹਨਾਂ ਦਾ ਧੰਨਵਾਦੀ ਹਾਂ ਕਿ ਉਹਨਾਂ ਇਸ ਕੰਮ ਨੂੰ ਇਤਨੇ ਥੋੜੇ ਸਮੇਂ ਵਿਚ ਏਨੀ ਚੰਗੀ ਤਰ੍ਹਾਂ ਕੀਤਾ ਹੈ।

ਮੈਂ ਸ੍ਰ. ਬਿਸ਼ਨ ਸਿੰਘ ਸਮੁੰਦਰੀ ਕੁਲਪਤੀ ਗੁਰੂ ਨਾਨਕ ਯੂਨੀਵਰਸਿਟੀ ਅਮ੍ਰਿਤਸਰ ਦਾ ਮਸ਼ਕੂਰ ਹਾਂ ਕਿ ਉਹਨਾਂ ਇਤਿਹਾਸ ਵਿਭਾਗ ਦੇ ਕੰਮ ਵਿਚ ਡੂੰਘੀ ਦਿਲਚਸਪੀ ਦਿਖਾਈ ਹੈ ਅਤੇ ਇਸ ਦਾ ਮੁਖਬੰਦ ਲਿਖਿਆ ਹੈ।

ਜਗਤਾਰ ਸਿੰਘ ਗਰੇਵਾਲ

ਇਤਿਹਾਸ ਵਿਭਾਗ,
ਗੁਰੂ ਨਾਨਕ ਯੂਨੀਵਰਸਿਟੀ,
ਅਮ੍ਰਿਤਸਰ।
੨੦ ਨਵੰਬਰ, ੧੯੭੪

ਭੂਮਿਕਾ

'ਵਡਹਿਰਾ' ਗੋਤਰ ਦਾ ਖੱਤਰੀ ਗਣੇਸ਼ ਦਾਸ ਆਪਣੇ ਆਪ ਨੂੰ ਗੁਜਰਾਤ ਦੇ ਪਰਗਣੇ ਦਾ ਕਾਨੂੰਗੋ ਅਤੇ ਚੱਜ ਦੁਆਬ ਦੇ ਗੁਜਰਾਤ ਸ਼ਹਿਰ ਦਾ ਹੀ ਜ਼ਿਮੀਂਦਾਰ ਦੱਸਦਾ ਹੈ। ਉਹਦੇ ਕਈ ਵੱਡੇ ਵਡੇਰਿਆਂ ਨੇ ਆਪਣਿਆਂ ਵੇਲਿਆਂ ਦੀਆਂ ਸਰਕਾਰਾਂ ਦੀ ਨੌਕਰੀ ਕੀਤੀ ਸੀ। ਪਰਿਵਾਰ ਦਾ ਬਾਨੀ ਕਾਕਾ ਮੱਲ ਗੁਜਰਾਤ ਦੱਖਣ ਵਿਚ ਪਤਨ 'ਚੋਂ ਪਰਵਾਸ ਕਰਕੇ ਸਿਆਲਕੋਟ ਦੇ ਸ਼ਹਿਰੀ ਪ੍ਰਬੰਧ ਦੀ ਸੇਵਾ ਲਈ ਪਹਿਲਾਂ ਜੰਮੂ ਦੇ ਸੀਰਾਮ ਦੇਵ ਅਤੇ ਫਿਰ ਸਿਕੰਦਰ ਲੋਧੀ ਕੋਲ ਆਇਆ ਸੀ। ਇਸਲਾਮ ਸ਼ਾਹ ਨੇ ਉਹਦੇ ਪੁੱਤਰਾਂ ਨੂੰ ਸਿਆਲਕੋਟ ਦੇ ਪਰਗਣੇ ਦੀ ਕਾਨੂੰਗੋਈ ਅਤੇ ਸਰਿਸ਼ਤਾਦਾਰੀ ਦਿੱਤੀ। ਕਾਕਾ ਮੱਲ ਦੀ ਪੰਜਵੀਂ ਪੀੜ੍ਹੀ ਦੇ ਮੁਰਾਰਦਾਸ ਨੇ ਰਾਜਾ ਮਾਨ ਸਿੰਘ ਦੀ ਸਿਆਲਕੋਟ ਜਾਗੀਰ ਦੀ ਦੀਵਾਨ ਦੇ ਤੌਰ ਤੇ ਨੌਕਰੀ ਕੀਤੀ। ਜਹਾਂਗੀਰ ਨੇ ਉਹਦੇ ਛੋਟੇ ਭਰਾ ਸ਼ੰਕਰਦਾਸ ਦੀ ਸਰਪ੍ਰਸਤੀ ਕੀਤੀ ਅਤੇ ਸਭ ਤੋਂ ਛੋਟਾ ਸਵਿੰਦਰ ਦਾਸ ਵੀ ਮਨਸਬਦਾਰ ਸੀ। ਕਾਕਾ ਮੱਲ ਦੇ ਦੋ ਪੋਤਰਿਆਂ ਦਾ ਬਹਿਲੋਲਪੁਰ ਦੇ ਪਰਗਣੇ ਦੀ ਕਾਨੂੰਗੋਈ ਵਿਚ ਹਿੱਸਾ ਸੀ। ਉਹਦਾ ਇਕ ਪੜਪੋਤਰਾ ਮਲਿਕ ਜੇਠਾ ਅਕਬਰ ਦੇ ਰਾਜ ਵਿਚ ਸਿਆਲਕੋਟ ਛੱਡ ਕੇ ਗੁਜਰਾਤ ਦਾ ਕਾਨੂੰਗੋ ਬਣ ਗਿਆ। ਗਣੇਸ਼ ਦਾਸ ਮਲਿਕ ਜੇਠਾ ਦੀ ਇਸ ਨੌਵੀਂ ਪੀੜ੍ਹੀ ਵਿਚੋਂ ਸੀ ਜਿਸ ਦੀ ਕੁਲ ਨੇ ਗੁਜਰਾਤ ਨੂੰ ਆਪਣਾ ਘਰ ਬਣਾਇਆ।

ਗਣੇਸ਼ ਦਾਸ ਆਪਣੇ ਪੁਰਖਿਆਂ ਦੇ ਸਤਿਕਾਰਯੋਗ ਸਥਾਨ ਨੂੰ ਬੜੇ ਮਾਣ ਨਾਲ ਯਾਦ ਕਰਦਾ ਹੈ ਅਤੇ ਇਸ ਗੱਲ 'ਤੇ ਉਹਨੂੰ ਕੋਈ ਅਫ਼ਸੋਸ ਜਾਂ ਨਾਰਾਜ਼ਗੀ ਨਹੀਂ ਸੀ ਕਿ ਉਹਦੇ ਕਈ ਵਡੇਰਿਆਂ ਨੇ ਇਸਲਾਮ ਸਵੀਕਾਰ ਕਰ ਲਿਆ ਸੀ। ਗਣੇਸ਼ ਦਾਸ ਲਈ ਉਹਨਾਂ ਦੀ ਬੌਧਿਕ ਪ੍ਰਾਪਤੀ, ਉਹਨਾਂ ਦਾ ਸਮਾਜਕ ਸਥਾਨ ਅਤੇ ਉਹਨਾਂ ਦੀ ਨੌਕਰੀ ਦਾ ਬਿਓਰਾ ਤ੍ਰਿਪਤੀ ਦਾ ਸੋਮਾ ਸੀ। ਉਹਨਾਂ ਵਿਚੋਂ ਦੋ ਆਪਣੀ ਖ਼ੁਸ਼ਨਵੀਸੀ ਕਾਰਨ ਪ੍ਰਸਿੱਧ ਸਨ। ਉਹਨਾਂ ਵਿਚੋਂ ਇਕ ਨੇ ਗਣਿਤ ਵਿਚ ਆਪਣਾ ਨਾ ਬਣਾਇਆ, ਦੂਸਰੇ ਨੇ ਸਾਹਿਤ ਵਿਚ। ਉਹਨਾਂ ਵਿਚੋਂ ਇਕ ਰਾਗ ਅਤੇ ਕਵਿਤਾ ਵਿਚ ਅਤੇ ਦੂਜਾ ਇਤਿਹਾਸ ਵਿਚ ਨਿਪੁੰਨ ਸੀ। ਗਣੇਸ਼ ਦਾਸ ਕਿਸੇ ਭਵਾਨੀ ਦਾਸ ਦਾ ਵੀ ਜ਼ਿਕਰ ਕਰਦਾ ਹੈ ਜੋ ਗੁਜਰਾਤ ਦਾ ਰਈਸ ਸੀ ਅਤੇ ਜਿਸ ਨੂੰ ਨਾਦਰ ਸ਼ਾਹ ਨੇ ਇਕ ਫ਼ੁਰਮਾਨ ਦਿਤਾ ਸੀ ਜੋ ਕਿ ਚਾਰ ਬਾਗ਼ ਵਿਚ ਦਿੱਤਾ ਗਿਆ ਹੈ। ਇਹ ਗੱਲ ਐਨ ਸੰਭਵ ਹੈ ਕਿ ਇਹ ਰਈਸ ਗਣੇਸ਼ ਦਾਸ ਦਾ ਦਾਦਾ ਭਵਾਨੀ ਦਾਸ ਸੀ। ਖ਼ੈਰ, ਉਹਦਾ ਬਾਪ ਸ਼ਿਵ ਦਿਆਲ ਗੁਜਰਾਤ ਪਰਗਣੇ ਵਿਚ ਫਤਹਿਗੜ੍ਹ ਦਾ ਆਮਿਲ ਅਤੇ ਨਾਜ਼ਿਮ ਸੀ। ਉਸ ਦਾ ਸਥਾਨ, ਗੁਜਰਾਤ ਕਸਬੇ ਦਾ ਕਾਨੂੰਗੋ ਅਤੇ ਜ਼ਿਮੀਂਦਾਰ ਹੋਣਾ ਪਰਿਵਾਰ ਦੀ ਲੰਮੀ ਪ੍ਰੰਪਰਾ ਦਾ ਹਿੱਸਾ ਹੀ ਸੀ।

ਗਣੇਸ਼ ਦਾਸ ਪੰਜਾਬ ਦਾ ਇਤਿਹਾਸ ਲਿਖਣ ਦੇ ਬਿਲਕੁਲ ਯੋਗ ਸੀ। ਫ਼ਾਰਸੀ ਕਲਾਸਿਕਾਂ ਨਾਲ ਜਾਣਕਾਰੀ ਅਤੇ ਫ਼ਾਰਸੀ ਦੀ ਮਹਾਰਤ ਤੋਂ ਪ੍ਰਤੱਖ ਹੈ ਕਿ ਆਪਣੇ ਸਮੇਂ ਅਨੁਸਾਰ ਉਹਨੂੰ ਚੰਗੀ ਵਿਦਿਆ ਮਿਲੀ ਸੀ। ਆਪਣੀ ਰਚਨਾ ਵਿਚ ਉਹ ਮੱਧਕਾਲੀ ਭਾਰਤ ਦੇ ਕਈ ਵਾਕਿਆ-ਨਵੀਸਾਂ ਨਾਲ

ਆਪਣੀ ਜਾਣਕਾਰੀ ਜ਼ਾਹਿਰ ਕਰਦਾ ਹੈ। ਚਾਰ ਬਾਗ਼ ਲਿਖਣ ਤੋਂ ਪਹਿਲਾਂ ਉਹਨੇ ੧੮੪੭ ਈ: ਵਿਚ ਸਿੱਖਾਂ ਦਾ ਸੰਖੇਪ ਇਤਿਹਾਸ ਲਿਖਣ ਦੀ ਵੀ ਕੋਸ਼ਿਸ਼ ਕੀਤੀ ਸੀ। ਮਹਾਰਾਜਾ ਗੁਲਾਬ ਸਿੰਘ ਲਈ ਲਿਖੀ ਗਈ ਰਾਜਦਰਸ਼ਣੀ ਜੰਮੂ ਦੇ ਇਤਿਹਾਸ ਦੇ ਬਹੁਮੁੱਲੇ ਸੋਮੇਂ ਵਜੋਂ ਅਜੇ ਵੀ ਮਿਲਦੀ ਹੈ। ਗਣੇਸ਼ ਦਾਸ ਸ਼ਾਇਦ ਪੰਜਾਹ ਵਰ੍ਹਿਆਂ ਤੋਂ ਉੱਤੇ ਸੀ ਜਦੋਂ ਉਹਨੇ ਚਾਰ ਬਾਗ਼ ਲਿਖਿਆ। ਰਾਜ ਪ੍ਰਬੰਧ ਦੀ ਸਹਿਜੇ ਹੀ ਤਫ਼ਸੀਲ ਦੇਣ ਦੀ ਯੋਗਤਾ ਦਾ ਕਾਰਨ ਉਹਦਾ ਹਕੂਮਤ ਦੇ ਕਾਰਕੁਨ ਹੋਣ ਦਾ ਪੱਕਾ ਤਜਰਬਾ ਸੀ। ਆਪਣੀਆਂ ਪਰਿਵਾਰਕ ਰਿਸ਼ਤੇਦਾਰੀਆਂ ਕਾਰਨ ਉਹ ਜ਼ਿਆਦਾ ਭਾਂਤ ਸੁਭਾਂਤੀ ਸਮੱਗਰੀ ਇਕੱਠੀ ਕਰਨਯੋਗ ਹੋ ਗਿਆ ਜਿੰਨੀ ਕਿ ਉਹਨੂੰ ਕੇਵਲ ਆਪਣੇ ਨਿੱਜੀ ਤਜਰਬੇ ਰਾਹੀਂ ਮਿਲ ਸਕਦੀ ਸੀ।

ਚਾਰ ਬਾਗ਼-ਏ-ਪੰਜਾਬ ਵਿਚ ਮੱਧਕਾਲੀ ਭਾਰਤੀ-ਈਰਾਨੀ ਇਤਿਹਾਸ ਦੇ ਬਹੁਤ ਸਾਰੇ ਲੱਛਣ ਹਨ। ਇਹ ਮੁਸਲਮਾਨੀ ਢੰਗ ਦੇ ਮੰਗਲਾਚਰਣ ਨਾਲ ਸ਼ੁਰੂ ਹੁੰਦਾ ਹੈ ਅਤੇ ਲੇਖਕ ਕੁਰਆਨ ਦੀ ਪ੍ਰਚਲਤ ਆਯਤ ਨਾਲ ਆਪਣੀ ਵਾਕਫ਼ੀਅਤ ਜ਼ਾਹਿਰ ਕਰਦਾ ਹੈ। ਉਹ ਕਾਲਪੰਗਤੀ (ਉਹ ਕਾਲ ਪੰਗਤੀਆਂ ਜਿਨ੍ਹਾਂ ਦੇ ਅੱਖਰਾਂ ਦੇ ਜੋੜ ਤੋਂ ਸੰਨ ਦਾ ਪਤਾ ਕੀਤਾ ਜਾ ਸਕਦਾ ਹੈ) ਵਰਤਣ ਦਾ ਕਾਫ਼ੀ ਸ਼ੌਕੀਨ ਹੈ ਅਤੇ ਸਾਹਿਤਕ ਪ੍ਰਭਾਵ ਲਈ ਬਹੁਤ ਵਾਰ ਸ਼ਿਅਰੋ ਸ਼ਾਇਰੀ ਦੇ ਹਵਾਲੇ ਦੇਂਦਾ ਹੈ। ਦਿਲਚਸਪ ਘਟਨਾਵਾਂ ਅਤੇ ਲੋਕ-ਕਹਾਣੀਆਂ ਉਹਦੀ ਰਚਨਾ ਦੇ ਅਨਿੱਖੜ ਅੰਗ ਬਣ ਗਏ ਹਨ। ਫਿਰ ਵੀ ਬਹੁਤ ਸਾਰੇ ਮੱਧਕਾਲੀ ਵਾਕਿਆ-ਨਵੀਸਾਂ ਵਾਂਗ ਉਹ ਬੁਨਿਆਦੀ ਤੌਰ ਤੇ ਭੂਤ ਕਾਲ ਦੀ ਰਾਜਨੀਤੀ ਨਾਲ ਸੰਬੰਧਤ ਹੈ, ਵਿਸ਼ੇਸ਼ ਕਰਕੇ ਸ਼ਕਤੀ ਦੀ ਪ੍ਰਾਪਤੀ ਨਾਲ।

ਇਸ ਫ਼ਿਕਰ (ਵਿਚਾਰ) ਦੀ ਝਲਕ ਪਹਿਲਾਂ ਗਣੇਸ਼ ਦਾਸ ਦੀ ਪੰਜਾਬ ਬਾਰੇ ਕਲਪਨਾ 'ਚੋਂ ਦਿਸਦੀ ਹੈ। ਉਹ ਪੰਜਾਬ ਦੇ ਸ਼ਬਦ ਨੂੰ ਸੱਭਿਆਚਾਰਕ ਜਾਂ ਭੂਗੋਲਿਕ ਇਕਾਈ ਨਾਲੋਂ ਇੰਤਜ਼ਾਮੀਆਂ ਜਾਂ ਸਿਆਸੀ ਇਕਾਈ ਵਾਂਗੂ ਵਰਤਦਾ ਹੈ। ਸਤਲੁਜ ਅਤੇ ਸਿੰਧ ਦਰਿਆ ਅਤੇ ਹਿਮਾਲੀਆ ਦੇ ਪਹਾੜੀ ਇਲਾਕੇ ਗਣੇਸ਼ ਦਾਸ ਦੇ ਪੰਜਾਬ ਦੀਆਂ ਹੱਦਾਂ ਹਨ। ਇਹਨਾਂ ਵਿਚ ਮੁਲਤਾਨ ਦੇ ਮੁਗ਼ਲ ਸੂਬੇ ਦਾ ਕੁਝ ਹਿਸਾ ਵੀ ਸ਼ਾਮਲ ਹੈ। ਪਰ ਗਣੇਸ਼ ਦਾਸ ਨੂੰ ਮੁਖ ਰੂਪ ਵਿਚ ਲਾਹੌਰ ਦੇ ਮੁਗ਼ਲ ਸੂਬੇ ਦਾ ਹੀ ਫ਼ਿਕਰ (ਧਿਆਨ) ਹੈ। ਜਦੋਂ ਉਹ ਪੰਜਾਬ ਬਾਰੇ ਰਾਜਨੀਤਕ ਇਕਾਈ ਵਜੋਂ ਸੋਚਦਾ ਹੈ ਤਾਂ ਪੰਜਾਂ ਦੁਆਬਿਆਂ ਤੋਂ ਬਾਹਰਲੇ ਇਲਾਕੇ ਵੀ ਪੰਜਾਬ ਰਾਜ ਦਾ ਹਿੱਸਾ ਬਣ ਜਾਂਦੇ ਹਨ। ਐਪਰ, ਚੇਤੰਨ ਰੂਪ ਵਿਚ ਗਣੇਸ਼ ਦਾਸ ਲਾਹੌਰ ਦੇ ਮੁਗ਼ਲ ਸੂਬੇ ਨੂੰ ਹੀ ਪੰਜਾਬ ਸਮਝਦਾ ਹੈ। ਗਣੇਸ਼ ਦਾਸ ਪੂਰਬ ਮੁਸਲਮਾਨੀ ਰਾਜਿਆਂ ਦਾ ੧੮ ਸਫ਼ਿਆਂ ਵਿਚ ਜ਼ਿਕਰ ਕਰਦਾ ਹੈ ਜਿਹਨਾਂ ਨੇ ਥੋਹੜੇ ਜਾਂ ਬਹੁਤੇ ਸਮੇਂ ਲਈ ਪੰਜਾਬ ਦੇ ਸਾਰੇ ਜਾਂ ਕੁਝ ਹਿੱਸੇ 'ਤੇ ਆਪਣੀ ਤਾਕਤ ਕਾਇਮ ਕੀਤੀ। ਸੁਬਕਤਗੀਨ ਦੇ ਹਮਲਿਆਂ ਨਾਲ ਪੰਜਾਬ ਵਿਚ ਇਸਲਾਮ ਦਾ ਪ੍ਰਵੇਸ਼ ਹੋਇਆ। ਗਣੇਸ਼ ਦਾਸ ਬਾਅਦ ਦੀਆਂ ਪੰਜ ਸਦੀਆਂ ਦੀਆਂ ਮੁੱਖ ਰਾਜਨੀਤਕ ਘਟਨਾਵਾਂ ਲੱਗ ਭੱਗ ਬਾਰ੍ਹਾਂ ਸਫ਼ਿਆਂ ਵਿਚ ਸੰਖੇਪਤਾ ਨਾਲ ਵਿਚਾਰਦਾ ਹੈ ਅਤੇ ਮੁਗ਼ਲ ਪੰਜਾਬ ਵਲ ਜ਼ਿਆਦਾ ਧਿਆਨ ਦੇਂਦਾ ਹੈ, ਪਰ, ਉਹ ਇਹ ਜਾਨਣ ਲਈ ਬਿਲਕੁਲ ਉਤਸਕ ਨਹੀਂ ਹੈ ਕਿ ਅਸਲ ਵਿਚ ਪੰਜਾਬ ਵਿਚ ਕੀ ਹੋ ਰਿਹਾ ਹੈ, ਸਗੋਂ ਉਹ ਤਾਂ ਏਨੇ ਨਾਲ ਹੀ ਸੰਤੁਸ਼ਟ ਹੈ ਕਿ ਪੰਜਾਬ 'ਤੇ ਕੌਣ ਰਾਜ ਕਰਦਾ ਹੈ। ਇਸ ਸੰਬੰਧ ਵਿਚ, ਇਹ ਗੱਲ ਜਾਨਣੀ ਮਹੱਤਵ ਪੂਰਨ ਹੈ ਕਿ ਉਹ ਮੁਗ਼ਲ ਸ਼ਹਿਨਸ਼ਾਹ ਅਹਿਮਦ ਸ਼ਾਹ ਦੇ ਉੱਤਰ ਅਧਿਕਾਰੀਆਂ ਦਾ ਜ਼ਿਕਰ ਨਹੀਂ ਕਰਦਾ ਕਿਉਂਕਿ ਉਸ ਵਕਤ ਤਾਈਂ ਅਹਿਮਦ ਸ਼ਾਹ ਅਬਦਾਲੀ ਨੇ ਮੁਗ਼ਲਾਂ ਤੋਂ ਪੰਜਾਬ ਖੋਹ ਲਿਆ ਸੀ। ਗਣੇਸ਼ ਦਾਸ ਅਹਿਮਦ ਸ਼ਾਹ ਅਬਦਾਲੀ ਦਾ ਜ਼ਿਕਰ ਬਹੁਤੇ ਸਫ਼ਿਆਂ ਵਿਚ ਕਰਦਾ ਹੈ ਅਤੇ ਸਾਰੇ ਸਲਤਨੱਤ ਕਾਲ ਦਾ ਇਸ ਤੋਂ ਥੋਹੜੇ ਸਫ਼ਿਆਂ ਵਿਚ। ਫਿਰ ਲੱਗ ਭਗ ਤੀਹ ਸਫ਼ਿਆਂ ਵਿਚ ਉਹ ਪੰਜਾਬ ਵਿਚ ਸਿੱਖਾਂ ਦੇ ਰਾਜਨੀਤਕ ਸ਼ਕਤੀ ਗ੍ਰਹਿਣ ਕਰਨ ਦਾ ਜ਼ਿਕਰ ਕਰਦਾ ਹੈ। ਗਣੇਸ਼ ਦਾਸ ਆਪਣੇ ਬ੍ਰਿਤਾਂਤ ਦਾ ਸਭ ਤੋਂ ਜ਼ਿਆਦਾ ਹਿੱਸਾ ਰਣਜੀਤ ਸਿੰਘ ਘਰਾਣੇ ਦੀ ਸਥਾਪਨਾ, ਅਧੋਗਤੀ ਅਤੇ ਪਤਨ ਨੂੰ ਦੇਂਦਾ ਹੈ।

ਸਿੱਖ ਰਾਜ ਬਾਰੇ ਗਣੇਸ਼ ਦਾਸ ਦੀ ਗੁਆਹੀ ਬੜੀ ਮਹੱਤਵ ਪੂਰਨ ਹੈ। ਉਹਦੇ ਅਨੁਸਾਰ 'ਖਾਲਸਾ' ਸਿੰਘ ਵਿਅਕਤੀਆਂ ਦਾ ਸੰਗ੍ਰਹਿ ਸੀ ਜੋ ਰਾਜਨੀਤਕ ਤੌਰ ਤੇ ਸਰਗਰਮ ਸਨ। ਨਤੀਜੇ ਦੇ ਤੌਰ ਤੇ ਭਾਵੇਂ ਉਹ ਕੁਝ ਸਿੱਖ ਆਗੂਆਂ ਨੂੰ ਇਕੱਠਿਆਂ ਕੰਮ ਕਰਦਿਆਂ ਪੇਸ਼ ਕਰਦਾ ਹੈ ਪਰ, ਉਹ ਉਹਨਾਂ ਦੇ ਸੰਗਠਤ ਕਾਰਜ ਨੂੰ ਕਿਸੇ ਗੁਰਮਤੇ ਦਾ ਨਤੀਜਾ ਨਹੀਂ ਸਮਝਦਾ। ਭਾਵੇਂ ਉਹ ਉਹਨਾਂ ਵਿਚ ਕਿਸੇ ਤਰ੍ਹਾਂ ਦਾ ਗੁੱਟ ਵੇਖਦਾ ਹੈ, ਪਰ ਉਹ ਮਿਸਲ ਦੀ ਸੰਸਥਾ ਨੂੰ ਕੋਈ ਮਹੱਤਤਾ ਨਹੀਂ ਦੇਂਦਾ। ਲਾਹੌਰ ਦਾ ਕਬਜ਼ਾ ਅਤੇ ਬਟਵਾਰਾ ਸਮੂਹ ਖਾਲਸੇ ਦਾ ਸਾਂਝਾ ਫੈਸਲਾ ਨਹੀਂ ਸੀ ਸਗੋਂ ਇਹ ਕੰਮ ਤਿੰਨ ਸਰਦਾਰਾਂ ਲਹਿਣਾ ਸਿੰਘ, ਗੁੱਜਰ ਸਿੰਘ ਅਤੇ ਸੋਭਾ ਸਿੰਘ ਦਾ ਸੀ। ਗਣੇਸ਼ ਦਾਸ ਅਨੁਸਾਰ ਜੱਸਾ ਸਿੰਘ ਅਤੇ ਭੰਗੀ ਸਰਦਾਰਾਂ ਦੇ ਮਸ਼ਵਰੇ 'ਤੇ ਹੀ ਲਾਹੌਰ ਵਿਚ ਖਾਲਸਾ ਰਾਜ ਦਾ ਐਲਾਨ ਕਰਨ ਲਈ ਸਿੱਕਾ ਚਲਾਇਆ। ਐਪਰ, ਇਸ ਸਿੱਕੇ ਦੇ ਘੜਨ ਦਾ ਕੰਮ ਕੇਵਲ ਲਾਹੌਰ ਤਕ ਹੀ ਸੀਮਤ ਨਹੀਂ ਸੀ ਕਿਉਂਕਿ ਹਰ ਸਰਦਾਰ ਨੇ ਆਪਣੇ ਅਧਿਕਾਰ ਹੇਠਲੇ ਇਲਾਕੇ ਵਿਚ ਆਪਣੀ ਟਕਸਾਲ ਕਾਇਮ ਕਰ ਲਈ ਸੀ। ਖਾਲਸੇ ਦੇ ਰਾਜ ਦਾ ਇਹ ਮੈਨੀਫੈਸਟੋ ਨਾਲ ਦੀ ਨਾਲ ਕਈ ਵਿਅੱਕਤੀਗਤ ਸਰਦਾਰਾਂ ਦੇ ਸਰਬ ਸਮਰੱਥ ਹੋਣ ਦਾ ਮੈਨੀਫੈਸਟੋ ਵੀ ਸੀ। ਇਹ ਗੱਲ ਮਹੱਤਵਪੂਰਨ ਹੈ ਕਿ ਗਣੇਸ਼ ਦਾਸ ਬਾਦਸ਼ਾਹ ਦਾ ਲਫ਼ਜ਼ ਜੱਸਾ ਸਿੰਘ, ਝੰਡਾ ਸਿੰਘ, ਗੰਡਾ ਸਿੰਘ, ਹਰੀ ਸਿੰਘ ਅਤੇ ਹੋਰਾਂ ਲਈ ਵੀ ਵਰਤਦਾ ਹੈ।

ਚਾਹੇ ਕਿਸੇ ਵਿਅੱਕਤੀਗਤ ਸਰਦਾਰ ਦੇ ਅਧਿਕਾਰ ਦੀ ਕੋਈ ਵੀ ਪ੍ਰੌੜਤਾ ਹੋਏ, ਉਹ ਪੱਕੀ ਤਰ੍ਹਾਂ ਆਪਣੀ ਅਮਲੀ ਅਕਲ ਜਾਂ ਲਾਭਾਂ ਦੇ ਅਧੀਨ ਚਲਦਾ ਸੀ। ਇਹ ਚੀਜ਼ ਉਸ ਗੱਲ ਤੋਂ ਪ੍ਰਤੱਖ ਹੈ ਜਿਸ ਅਨੁਸਾਰ ਇਲਾਕਾਈ ਕਬਜ਼ੇ ਨੂੰ ਨੇਪਰੇ ਚੜ੍ਹਾਇਆ ਜਾਂਦਾ ਸੀ। ਹਰ ਆਗੂ ਅਤੇ ਹਰ ਵਿਅਕਤੀ ਨੇ ਜਿੱਥੇ ਵੀ ਉਹ ਕਰ ਸਕਦਾ ਸੀ, ਆਪਣੀ ਸਰਕਾਰ ਸਥਾਪਤ ਕੀਤੀ ਹੋਈ ਸੀ। ਇਹਨਾਂ ਵਿਚੋਂ ਹਰ ਨਵੇਂ ਹਾਕਮ ਨੇ ਆਪਣੀ ਹੀ ਮਰਜ਼ੀ ਵਰਤਕੇ ਪ੍ਰਬੰਧ ਸਥਾਪਤ ਕੀਤਾ ਹੋਇਆ ਸੀ। ਉਦਾਹਰਣ ਵਜੋਂ ਚੜ੍ਹਤ ਸਿੰਘ ਅਤੇ ਗੁੱਜਰ ਸਿੰਘ ਨੇ ਸਿੰਧ ਸਾਗਰ ਦੁਆਬ ਵਿਚ ਸਾਂਝੀ ਚੜ੍ਹਾਈ ਕੀਤੀ ਅਤੇ ਇਹਦੇ ਕਾਮਯਾਬ ਖਾਤਮੇਂ ਤੇ ਜਿੱਤੇ ਹੋਏ ਇਲਾਕੇ ਨੂੰ ਆਪਸ ਵਿਚ ਵੰਡ ਲਿਆ। ਏਸੇ ਸਮੇਂ ਚੜ੍ਹਤ ਸਿੰਘ ਨੇ ਧਰਮ ਸਿੰਘ ਨੂੰ ਮਿਆਣੀ ਅਤੇ ਪਿੰਡ ਦਾਦਨ ਖਾਂ ਦੀ ਰੱਖਿਆ ਲਈ ਨਿਯੁਕਤ ਕੀਤਾ ਅਤੇ ਟਹਿਲ ਸਿੰਘ ਛਾਛੀ ਨੂੰ ਲੂਣ ਦੀਆਂ ਖਾਨਾਂ ਸੰਭਾਲਣ ਲਈ ਦਲੌਰ ਦਾ ਥਾਣੇਦਾਰ ਬਣਾਇਆ। ਸਹਿਜ ਸਿੰਘ ਨੂੰ ਧੰਨ ਦਾ ਫੌਜਦਾਰ ਲਾਇਆ ਅਤੇ ਦਲ ਸਿੰਘ ਗਿੱਲ ਨੂੰ ਅਹਿਮਦਾਬਾਦ ਦਾ ਨਾਜ਼ਿਮ ਬਣਾਇਆ ਅਤੇ ਉਹਨੂੰ ਰਚਨਾ ਦੁਆਬ ਦੀ ਜਾਗੀਰ ਦੇ ਦਿੱਤੀ। ਗੁੱਜਰ ਸਿੰਘ ਨੇ ਮਿਲਖਾ ਸਿੰਘ ਨੂੰ ਰਾਵਲਪਿੰਡੀ ਦੀ ਜਾਗੀਰ ਦਿੱਤੀ, ਰਣ ਸਿੰਘ ਨੂੰ ਸਰਾਇਕਾਲਾ ਦਾ ਤਪਾਦਾਰ ਨਿਯੁਕਤ ਕੀਤਾ ਅਤੇ ਜੋਧ ਸਿੰਘ ਅਟਾਰੀ ਵਾਲੇ ਨੂੰ ਪੋਠੋਹਾਰ ਦਾ ਤਹਿਸੀਲਦਾਰ ਬਣਾਇਆ ਜਦ ਕਿ ਆਪਣੇ ਭਰਾ ਚੇਤ ਸਿੰਘ ਨੂੰ ਨਰਾਲੀ ਅਤੇ ਰੋਟਾਲਾ ਦੀ ਗੜ੍ਹੀ ਦਿੱਤੀ। ਗਣੇਸ਼ ਦਾਸ ਆਪ ਦਸਦਾ ਹੈ ਕਿ ਹੋਰਨਾਂ ਸਰਦਾਰਾਂ ਨੇ ਵੀ ਏਸੇ ਤਰ੍ਹਾਂ ਕੀਤਾ। ਗਣੇਸ਼ ਦਾਸ ਇਹਨਾਂ ਦੋ ਗੱਲਾਂ ਵਿਚ ਕੋਈ ਬੇਜੋੜਤਾ ਨਹੀਂ ਵੇਖਦਾ ਕਿ ਇਕ ਪਾਸੇ ਤਾਂ ਖਾਲਸੇ ਦੀਆਂ ਸਮਾਜਿਕ ਖਾਹਸ਼ਾਂ ਅਤੇ ਧਾਰਮਿਕ ਵਿਸ਼ਵਾਸ ਹਨ ਅਤੇ ਦੂਜੇ ਪਾਸੇ ਕਿਸੇ ਕੱਲੇ ਵਿਅਕਤੀ ਦੀ ਆਪਣੇ ਹੱਥਾਂ ਵਿਚ ਤਾਕਤ ਇਕੱਠੀ ਕਰਨ ਦਾ ਲਾਲਚ ਹੈ, ਜਿਸ ਤੇ ਕੋਈ ਸੰਸਥਾਈ ਰੋਕ ਨਹੀਂ ਸੀ।

ਰਣਜੀਤ ਸਿੰਘ ਮੁੱਖ ਤੌਰ ਤੇ ਆਪਣੀ ਰਾਜਸੀ ਜਿੱਤ ਕਾਰਨ ਆਪਣੇ ਸਮਕਾਲੀਆਂ ਤੋਂ ਵੱਖਰਾ ਹੈ। ਗਣੇਸ਼ ਦਾਸ ਇਸ ਤੋਂ ਬਿਨਾਂ ਉਸ ਵਿਚ ਕੋਈ ਮਹੱਤਵ ਪੂਰਨ ਫ਼ਰਕ ਨਹੀਂ ਵੇਖਦਾ। ਰਣਜੀਤ ਸਿੰਘ ਆਪਣੇ ਸਿੱਕਿਆਂ 'ਤੇ ਪੁਰਾਣੀ ਉਕਰਾਈ ਹੀ ਵਰਤਦਾ ਰਿਹਾ, ਭਾਵੇਂ ਉਸ ਦੀਆਂ ਕੇਵਲ ਲਾਹੌਰ ਅਤੇ ਅੰਮ੍ਰਿਤਸਰ ਵਿਚ ਹੀ ਟਕਸਾਲਾਂ ਸਨ। ਜੇਕਰ ਇਹਨਾਂ ਉਕਰਾਈਆਂ ਦਾ ਇਹ ਮਤਲਬ ਵੀ ਲਿਆ ਜਾਏ ਕਿ ਸਿੱਖ ਹਾਕਮਾਂ ਦੀ ਤਾਕਤ ਜਾਂ ਸਰਬ ਸਮਰੱਥਾ ਪਿੱਛੇ ਰੱਬੀ ਹਿਮਾਇਤ ਹੈ ਤਾਂ ਵੀ ਰਣਜੀਤ ਸਿੰਘ ਦਾ ਅਠਾਰਵੀਂ ਸਦੀ ਦੇ ਕਿਸੇ ਹੋਰ ਸਿੱਖ ਸਰਦਾਰ ਨਾਲੋਂ ਕੋਈ ਫ਼ਰਕ ਨਹੀਂ ਸੀ। ਗਣੇਸ਼ ਦਾਸ ਪਹਿਲਾਂ ਹੀ

ਗੁੱਜਰ ਸਿੰਘ, ਮਹਾਂ ਸਿੰਘ, ਜਾਂ ਸਾਹਿਬ ਸਿੰਘ ਵਰਗੇ ਸਰਦਾਰ ਲਈ ਅਤੇ ਕਿਸੇ ਹੋਰ ਸਰਕਾਰ ਲਈ 'ਸਿੰਘ ਸਾਹਿਬ' ਦਾ ਖ਼ਿਤਾਬ ਵਰਤਦਾ ਹੈ ਅਤੇ ਭੰਗੀਆਂ ਨੂੰ 'ਭੰਗਾ ਸਿੰਘ' ਬਹਾਦੁਰ ਦਾ ਸ਼ਾਹੀ ਖਾਨਦਾਨ ਕਹਿੰਦਾ ਹੈ। ਪਾਠਕ ਨੂੰ ਇਸ ਗੱਲ 'ਤੇ ਹੈਰਾਨ ਨਹੀਂ ਹੋਣਾ ਚਾਹੀਦਾ ਜਦੋਂ ਗਣੇਸ਼ ਦਾਸ ਪੰਜਾਬ ਦੇ ਵਰਨਣ ਵਿਚ ਰਣਜੀਤ ਸਿੰਘ ਲਈ ਸਰਕਾਰ-ਏ-ਆਲੀ ਪਦ ਵਰਤਦਾ ਹੈ ਅਤੇ ਬਾਘ ਸ਼ਿੰਘ ਹਲੋਵਾਲੀਏ ਵਰਗੇ ਸਰਦਾਰ ਨੂੰ ਖ਼ੁਦਮੁਖਤਾਰ ਹਾਕਮ ਕਹਿੰਦਾ ਹੈ।

ਰਣਜੀਤ ਸਿੰਘ ਦੇ ਰਾਜ ਪ੍ਰਬੰਧ ਦਾ ਆਪਣੇ ਪੂਰਬ ਅਧਿਕਾਰੀਆਂ ਦੇ ਰਾਜ ਪ੍ਰਬੰਧ ਨਾਲੋਂ ਕਿਸਮ 'ਚ ਨਹੀਂ, ਮਾਤਰਾ ਵਿਚ ਫਰਕ ਸੀ। ਅਠਾਰਵੀਂ ਸਦੀ ਦੇ ਪਿਛਲੇਰੇ ਵਰ੍ਹਿਆਂ ਵਿਚ ਸਿਪਾਹਸਿਲਾਰ, ਦੀਵਾਨ, ਸੂਬੇਦਾਰ, ਨਾਜ਼ਿਮ, ਫੌਜਦਾਰ, ਥਾਣੇਦਾਰ ਅਤੇ ਆਮਿਲ ਦੇ ਅਹੁਦੇ ਅਣਜਾਣੇ ਨਹੀਂ ਸਨ। ਕਾਨੂੰਗੋ, ਤਹਿਸੀਲਦਾਰ ਅਤੇ ਕਾਰਦਾਰ ਅਠਾਰਵੀਂ ਸਦੀ ਦੇ ਪਿਛਲੇਰੇ ਵਰ੍ਹਿਆਂ ਵਿਚ ਸਿੱਖ ਹਾਕਮਾਂ ਦੀ ਰਿਆਇਆ ਲਈ ਉੱਨੇ ਹੀ ਜਾਣੇ ਪਛਾਣੇ ਸਨ ਜਿੰਨੇ ਕਿ ਰਣਜੀਤ ਸਿੰਘ ਦੀ ਰਿਆਇਆ ਲਈ। ਇਸੇ ਤਰ੍ਹਾਂ ਚੌਧਰੀ, ਮੁਕੱਦਮ, ਤਰਫ਼ਦਾਰ ਅਤੇ ਪਟਵਾਰੀ ਸਿੱਖ ਰਾਜ ਦੇ ਸਾਰੇ ਰਾਜ ਕਾਲ ਵਿਚ ਤੁਰੇ ਆਏ। ਪਰ ਇਸ ਗਲ ਨੂੰ ਆਮ ਕਰਕੇ ਜਾਣਿਆਂ ਨਹੀਂ ਜਾਂਦਾ ਕਿ ਅਠਾਰਵੀਂ ਸਦੀ ਦੇ ਪਿਛਲੇਰੇ ਵਰ੍ਹਿਆਂ ਤੋਂ ਮੁੱਢਲੀ ੧੯ ਵੀਂ ਸਦੀ ਤਕ ਕਾਜ਼ੀ ਆਪਣੇ ਅਹੁਦੇ 'ਤੇ ਕਾਇਮ ਰਹੇ ਅਤੇ ਰਣਜੀਤ ਸਿੰਘ ਵਲੋਂ ਜਾਗੀਰਾਂ ਦਾ ਦੇਣਾ ਵੀ ਆਪਣੇ ਪੂਰਵ ਅਧਿਕਾਰੀਆਂ ਦੇ ਵਿਹਾਰ ਨੂੰ ਹੀ ਕਾਇਮ ਰੱਖਣਾ ਸੀ।

ਗਣੇਸ਼ਦਾਸ ਦੀ ਸਿੱਖ ਰਾਜ ਬਾਰੇ ਗੁਆਹੀ ਦੀ ਮਹੱਤਤਾ ਦੇ ਬਾਵਜੂਦ ਉਹਦਾ ਪੰਜਾਬ ਦਾ ਵਰਨਣ ਸਿੱਖਾਂ ਦੇ ਸਮੇਂ ਬਾਰੇ ਉਹਦੀ ਗੁਆਹੀ ਦਾ ਸਭ ਤੋਂ ਕੀਮਤੀ ਹਿੱਸਾ ਹੈ। ਉਸਦੇ ਰਾਜ ਪ੍ਰਬੰਧਕ ਤਜਰਬੇ ਦੀ ਝਲਕ ਉਸ ਇਤਲਾਹ 'ਚੋਂ ਮਿਲਦੀ ਹੈ ਜਿਹੜੀ ਉਹ ਪ੍ਰਬੰਧਕ ਇਕਾਈਆਂ ਬਾਰੇ ਦੇਂਦਾ ਹੈ। ਕੁੱਝ ਥਾਵਾਂ 'ਤੇ ਉਹ ਪੁਰਾਣੇ ਰਿਕਾਰਡਾ ਅਤੇ ਗੁਜਰਾਤ ਦੇ ਚਕਲੇ ਦਾ ਹਵਾਲਾ ਵੀ ਦੇਂਦਾ ਹੈ ਜੋ ਤਿੰਨਾਂ ਪਰਗਣਿਆਂ ਜੋੜਾ ਹੁੰਦਾ ਸੀ। ਐਪਰ ਸਿੱਖ ਕਾਲ ਵਿਚ ਚਕਲਾ ਪਦ ਟੱਪ ਨਾਲ ਬਦਲਵਾਂ ਸੀ ਪਰ ਇਹ ਅਜੇਹੀ ਇਕਾਈ ਸੀ ਜੋ ਪਿੰਡ ਤੋਂ ਵੱਡੀ ਸੀ ਪਰ ਤਪੇ ਤੋਂ ਛੋਟੀ ਸੀ। ਗਣੇਸ਼ ਦਾਸ ਸਿੱਖ ਕਾਲ ਵਿਚ ਪਰਗਣਾ ਅਤੇ ਤਲੁੱਕਾ ਦੋਵਾਂ ਦਾ ਹਵਾਲਾ ਦੇਂਦਾ ਹੈ। ਨੇੜਿਉਂ ਵੇਖਣ ਤੋਂ ਪਤਾ ਲਗਦਾ ਹੈ ਕਿ ਪਰਗਣਾ ਅਤੇ ਤਲੁੱਕਾ ਇਕੋ ਚੀਜ਼ ਸਨ ਅਤੇ ਅਸਲ ਵਿਚ ਇਕੋ ਇਕਾਈ ਦਾ ਹੀ ਅਰਥ ਦੇਂਦੇ ਹਨ।

ਐਪਰ ਇਹ ਗੱਲ ਕਹੀ ਜਾ ਸਕਦੀ ਹੈ ਕਿ ਆਮ ਕਰਕੇ ਤਲੁੱਕੇ ਰਕਬੇ ਵਿਚ ਮੁਗ਼ਲ ਸਮਿਆਂ ਦੇ ਪਰਗਣਿਆਂ ਤੋਂ ਛੋਟੇ ਸਨ। ਇਸ ਤੋਂ ਬਿਨਾਂ ਜਦੋਂ ਸਿੱਖ ਹਾਕਮਾਂ ਨੇ ਪਰਗਣਾ ਨਾਂ ਕਾਇਮ ਰੱਖਿਆ ਤਾਂ ਇਸ ਦਾ ਇਹ ਮਤਲਬ ਨਹੀਂ ਸੀ ਕਿ ਇਹਦੀਆਂ ਹੱਦਾਂ ਵੀ ਐਨ ਉਹੋ ਹੀ ਰਹਿੰਦੀਆਂ ਜੋ ਮੁਗ਼ਲ ਸਮਿਆਂ ਵਿਚ ਸਨ।

ਮੁੱਖ ਰੂਪ ਵਿਚ ਗਣੇਸ਼ ਦਾਸ ਦੇ ਵਰਨਣ ਵਿਚ ਸਾਨੂੰ ਪੰਜਾਬ ਦੀਆਂ ਚਾਰ ਪ੍ਰਬੰਧਕ ਅਤੇ ਮਾਲੀ ਇਕਾਈਆਂ ਮਿਲਦੀਆਂ ਹਨ। ਪਰਗਣਾ ਜਾਂ ਤਲੁੱਕਾ, ਤਪਾ, ਟੱਪ ਜਾਂ ਚਕਲਾ ਅਤੇ ਪਿੰਡ। ਕਈਆਂ ਹਾਲਤਾਂ ਵਿਚ, ਗ਼ਣੇਸ਼ ਦਾਸ ਨੇ ਵਡੇਰੀਆਂ ਇਕਾਈਆਂ ਵਿਚ ਨਿੱਕੀਆਂ ਇਕਾਈਆਂ ਦਾ ਵੀ ਜ਼ਿਕਰ ਕੀਤਾ ਹੈ ਅਤੇ ਇਹ ਇਤਲਾਹ ਵੀ ਦਿਲਚਸਪ ਹੈ। ਸਿੰਧ ਸਾਗਰ ਦੁਆਬ ਦੇ ਫਰਵਾਲਾ ਪਰਗਣਾ ਵਿਚ ਚਾਰ ਤਪੇ ਸਨ, ਦਾਂਗਲੀ ਵਿਚ ਅੱਠ ਅਤੇ ਰੋਹਤਾਸ ਵਿਚ ਚੌਦਾਂ ਸਨ। ਚੱਜ ਦੁਆਬ ਦੇ ਬਹਿਲੋਲਪੁਰ ਪਰਗਣਾ ਵਿਚ ਸੱਤ ਤਪੇ ਸਨ, ਗੁਜਰਾਤ ਵਿਚ ਅੱਠ, ਸ਼ਾਹਜਹਾਨਪੁਰ ਵਿਚ ਅੱਠ, ਹੈਰਾਤ ਵਿਚ ਸੱਤ, ਰਚਨਾ ਦੁਆਬ ਦੇ ਬਣ ਪਰਗਣੇ ਵਿਚ ਪੰਜ ਤਪੇ ਸਨ, ਆਰੀਨਾ ਵਿਚ ਦੋ, ਐਮਨਾਬਾਦ ਵਿਚ ਗਿਆਰਾਂ ਅਤੇ ਸ਼ੇਖ਼ੂਪੁਰੇ ਵਿਚ ਅੱਠ।

ਜਿਸ ਤਰਾਂ ਵੱਖ ਵੱਖ ਪਰਗਣਿਆਂ ਵਿਚ ਤਪਿਆਂ ਦੀ ਗਿਣਤੀ ਵਿਚ ਫ਼ਰਕ ਸੀ। ਏਸੇ ਤਰਾਂ ਤਪਿਆਂ ਵਿਚ ਟੱਪ ਜਾਂ ਚਕਲਿਆਂ ਦੀ ਗਿਣਤੀ ਵਿਚ ਫ਼ਰਕ ਸੀ। ਉਦਾਹਰਣ ਵਜੋਂ ਗੁਜਰਾਤ ਪਰਗਣੇ ਦੇ ਆਕਿਆ ਤਪੇ ਵਿਚ ਪੰਜ ਟੱਪ ਸਨ, ਬਾਲਾ ਵਿਚ ਤਿੰਨ, ਕੰਡੂ ਵਿਚ ਛੇ, ਹਾਂਡੂ ਵਿਚ ਤਿੰਨ। ਹੈਰਾਤ ਪਰਗਣਾ ਦੇ ਜੀਵਵੜੈਚ ਤਪਾ ਵਿਚ ਅਠਾਰਾਂ ਟੱਪ ਸਨ ਅਤੇ ਹੇਲਾਂ ਤਪੇ ਵਿਚ ਸਿਰਫ਼ ਅੱਠ। ਐਮਨਾਬਾਦ ਦੇ ਤਪਾ-ਏ-ਅਕਬਰੀ ਵਿਚ ਪੰਜ ਟੱਪ ਸਨ, ਵੜੈਚ ਅਤੇ ਚੀਮਾਂ ਵਿਚ ਅੱਠ, ਖਾਨਪੁਰ ਚੌਤਰਾ ਵਿਚ ਛੇ, ਅਤੇ ਤਪਾ-ਏ-ਆਲਮਗੀਰ ਵਿਚ ਦੋ। ਵੱਖ ਵੱਖ ਥਾਵਾਂ ਤੇ ਟੱਪਾਂ ਵਿਚ ਪਿੰਡਾਂ ਦੀ ਗਿਣਤੀ ਵਿਚ ਫ਼ਰਕ ਸੀ। ਕਈ ਵਾਰ ਇਕੱਲਾ ਪਿੰਡ ਹੀ ਟੱਪ ਜਾਂ ਤਪਾ ਹੁੰਦਾ ਸੀ। ਇਹ ਗਲ ਵੀ ਕਹੀ ਜਾ ਸਕਦੀ ਹੈ ਕਿ ਮੁਗ਼ਲ ਕਾਲ ਵਿਚ, ਸਿਆਲਕੋਟ ਦੇ ਪਰਗਣੇ ਵਿਚ ਸੱਠ ਟੱਪ ਸਨ। ਗਣੇਸ਼ਦਾਸ ਅਨੁਸਾਰ ਸਿੱਖ ਰਾਜ ਵਿਚ ਰਾਜਪ੍ਰਬੰਧਕ ਅਤੇ ਮਾਲੀ ਇਕਾਈਆਂ ਦੇ ਤੌਰ ਤੇ ਟੱਪ ਮੁਗ਼ਲ ਰਾਜ ਵਾਂਗੂ ਕਾਇਮ ਸਨ।

ਗਣੇਸ਼ਦਾਸ ਦੀ ਸਿਆਲਕੋਟ ਦੇ ਪ੍ਰਬੰਧਕਾਂ ਬਾਰੇ ਜਾਣਕਾਰੀ ਤੋਂ ਇਕ ਹੋਰ ਦਿਲਚਸਪ ਨੁਕਤਾ ਨਿਕਲਦਾ ਹੈ। ਜਦੋਂ ਅਸੀਂ ਉਹਨਾਂ ਦੇ ਅਹੁਦਿਆਂ ਦੀ ਮਿਆਦ ਨੂੰ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਸਿੱਖ ਕਾਲ ਵਿਚ ਸਿਆਲਕੋਟ ਦੇ ਕਾਰਦਾਰਾਂ ਦੀ ਨੌਕਰੀ ਦਾ ਔਸਤ ਸਮਾਂ ਲਗ ਭੱਗ ਉੱਨਾ ਹੀ ਸੀ ਜਿੰਨਾ ਮੁਗ਼ਲ ਕਾਲ ਵਿਚ ਸਿਆਲਕੋਟ ਦੇ ਆਮਿਲ ਦਾ ਔਸਤ ਸਮਾਂ ਸੀ। ਐਪਰ ਅਫ਼ਗਾਨ ਅੰਤਰ-ਰਾਜ ਵਿਚ ਸਿਆਲਕੋਟ ਦੇ ਪ੍ਰਬੰਧਕ ਦੀ ਮਿਆਦ ਬਹੁਤ ਥੋਹੜੀ ਹੈ। ਅਹਿਮਦ ਸ਼ਾਹ ਅਬਦਾਲੀ ਦੀ ਅਸਥਿਰ ਅਵਸਥਾ ਤੋਂ ਐਨ ਇਸ ਗਲ ਦੀ ਉਮੀਦ ਕੀਤੀ ਜਾ ਸਕਦੀ ਹੈ ਭਾਵੇਂ ਉਹਨੇ ਗਣੇਸ਼ ਦਾਸ ਅਨੁਸਾਰ ਕੋਈ ਦਸ ਵਰ੍ਹੇ ਰਾਜ ਕੀਤਾ।

ਮਾਲੀਏ ਦੇ ਪ੍ਰਬੰਧ ਵਿਚ ਦਿਲਚਸਪੀ ਲੈਣ ਦੇ ਬਾਵਜੂਦ ਗਣੇਸ਼ ਦਾਸ ਲਗਾਨ ਦੇ ਅੰਦਾਜ਼ੇ ਜਾਂ ਵਸੂਲੀ ਦਾ ਕੋਈ ਜ਼ਿਕਰ ਨਹੀਂ ਕਰਦਾ ਅਤੇ ਕਿਤੇ ਵੀ ਜ਼ਮੀਨ ਦੇ ਮਾਲੀਏ ਦੇ ਸਿਲਸਿਲੇ ਵਿਚ ਕੋਈ ਅੰਕੜੇ ਨਹੀਂ ਦੇਂਦਾ। ਉਸ ਦੇ ਮਾਲੀਆ-ਰਹਿਤ ਜਗੀਰਾਂ ਬਾਰੇ ਵੀ ਬਹੁਤ ਘਟ ਹਵਾਲੇ ਹਨ ਭਾਵੇਂ ਅਸੀਂ ਇਹ ਫ਼ਰਜ਼ ਕਰ ਸਕਦੇ ਹਾਂ ਕਿ ਉਹ ਜਗੀਰਾਂ ਤੋਂ ਵਾਕਿਫ਼ ਸੀ। ਫਿਰ ਵੀ ਉਹਦੀ ਜਾਣਕਾਰੀ ਦਾ ਇਹ ਹਿੱਸਾ ਮਹੱਤਵ ਰਹਿਤ ਨਹੀਂ ਹੈ। ਹੈਰਾਤ ਪਰਗਣਾ ਦੇ ਕੋਟਲਾ ਕਿਲ੍ਹਾਦਾਰ ਵਿਚ ਕਸ਼ਮੀਰੀ ਪੰਡਤ ਮਨਸਾ ਰਾਮ ਨੇ ਆਪਣੀ ਧੂਣੀ ਸਥਾਪਤ ਕੀਤੀ ਹੋਈ ਸੀ। ਉਸ ਦੀ ਮੌਤ ੧੮੨੬ ਈ: ਵਿਚ ਹੋਈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਸੰਸਥਾ ਨੂੰ ਕਾਲੇਕੇ ਪਿੰਡ ਖਰਚਾ-ਏ-ਧੂਣੀ ਲਈ ਦਿੱਤਾ। ਭੇਰਾ ਵਿਚ ਕੁਰਾਨ ਪੜ੍ਹਨ ਵਾਲਿਆਂ ਕੋਲ ਆਇਮਾਂ ਜ਼ਮੀਨਾਂ ਸਨ। ੧੮੩੦ ਈ: ਵਿਚ, ਰਾਜਾ ਗੁਲਾਬ ਸਿੰਘ ਨੇ ਪਿੰਡ ਦਾਦਨ ਖਾਂ ਵਿਚ ਠਾਕਰਦੁਆਰਾ ਬਣਵਾਇਆ। ਗੁਲਾਬ ਗੜ੍ਹ ਨਾਮੀ ਪਿੰਡ ਵਸਾਇਆ ਅਤੇ ਇਸ ਨੂੰ ਮੰਦਰ ਦੇ ਨਾਂ ਮੁਆਸ਼ ਦੇ ਤੌਰ ਤੇ ਲਾ ਦਿੱਤਾ। ਇਹ ਸਾਰੀਆਂ ਉਦਾਹਰਣਾ ਵਰਤੇ ਗਏ ਪਦਾਂ ਲਈ ਵੀ ਲਾਭਦਾਇਕ ਹਨ ਅਤੇ ਚਿਤਰੀਆਂ ਗਈਆਂ ਸਥਿੱਤੀਆਂ ਲਈ ਦਿਲਚਸਪ ਹਨ।

ਗਣੇਸ਼ ਦਾਸ ਵਿਚ ਸਾਰੇ ਧਰਮਾਂ ਦੇ ਫਕੀਰਾਂ ਅਤੇ ਦਰਵੇਸ਼ ਆਦਮੀਆਂ ਦਾ ਜ਼ਿਕਰ ਕਰਨ ਲਈ ਬੜੀ ਉਤਸਕਤਾ ਮਾਲੂਮ ਹੁੰਦੀ ਹੈ। ਉਹਦੇ ਹਿੰਦੂ ਤੀਰਥ ਅਸਥਾਨਾਂ ਦੇ ਅਨੇਕਾਂ ਹਵਾਲਿਆਂ ਤੋਂ ਪਤਾ ਲਗਦਾ ਕਿ ਚਾਹੇ ੧੯ਵੀਂ ਸਦੀ ਦੇ ਅਰੰਭ ਵਿਚ ਵੈਸ਼ਨਵ ਪੂਜਾ ਵੀ ਆਮ ਪ੍ਰਚਲਤ ਸੀ ਪਰ, ਸ਼ੈਵ ਅਤੇ ਸ਼ਕਤੀ ਮੱਤ ਦੀ ਪਕੜ ਅਜੇ ਬਹੁਤੀ ਢਿੱਲੀ ਨਹੀਂ ਹੋਈ ਸੀ। ਬਹੁਤ ਸਾਰੀ ਥਾਵੀਂ ਗਣੇਸ਼ ਦਾਸ ਮਹਾਂ-ਦੇਵ ਨੂੰ ਸਮਰਪਤ ਸ਼ਿਵਦੁਆਰਿਆਂ ਅਤੇ ਮੰਦਰਾਂ ਬਾਰੇ ਦਸਦਾ ਹੈ। ੧੮੪੫ ਈ: ਵਿਚ ਦੀਵਾਨ ਹਾਕਮ ਰਾਏ ਦੇ ਪੁੱਤਰ ਦੀਵਾਨ ਕਿਸ਼ਨ ਕੌਰ ਨੇ ਰਾਵਲ ਪਿੰਡੀ ਵਿਚ ਸ਼ਿਵ ਦਾ ਨਵਾਂ ਮੰਦਰ ਬਣਵਾਇਆ। ੧੮੩੮ ਈ: ਵਿਚ ਰਾਜਾ ਗੁਲਾਬ ਸਿੰਘ ਨੇ ਸਿੰਧ ਸਾਗਰ ਦੁਆਬ ਦੇ ਬੇਵਲ ਵਿਚ ਸ਼ਿਵਾਲਾ ਬਣਵਾਇਆ। ੧੮੪੦ ਈ: ਵਿਚ ਇਕ ਛਿੱਬਰ ਬ੍ਰਾਹਮਣ ਅਮ੍ਰੀਕ ਰਾਏ ਨੇ ਵੀ ਗੁਜਰਾਤ ਵਿਚ ਮਹਾਂਦੇਵ ਦਾ ਮੰਦਰ ਬਣਵਾਇਆ। ੧੮੩੯ ਈ: ਵਿਚ ਰਾਜਾ ਗੁਲਾਬ ਸਿੰਘ ਨੇ ਵੀ ਗੁਜਰਾਤ ਵਿਚ ਇਕ ਪੁਰਾਣੇ ਮੰਦਰ ਦੀ ਥਾਂ ਨਵਾਂ ਸ਼ਿਵਦੁਆਰਾ ਬਣਵਾਇਆ। ੧੮੪੮ ਈ: ਵਿਚ ਸਿਆਲਕੋਟ ਵਿਚ ਰਾਜਾ ਤੇਜ ਸਿੰਘ ਦੇ ਮਹਾਂਦੇਵ ਦੇ ਮੰਦਰ ਬਨਵਾਉਣ ਤੋਂ ਪਹਿਲਾਂ ਦੀਵਾਨ ਹਰਭਜ ਰਾਏ ਪੁਰੀ ਨੇ ਵੀ ਮੰਦਰ ਬਣਵਾਇਆ ਸੀ। ਪਿਲਖੂ ਨਾਮੀ ਨਦੀ ਦੇ ਕੰਢੇ

੧੮੩੦ ਈ: ਵਿਚ ਉਸ ਥਾਂ ਮੰਦਰ ਬਣਵਾਇਆ ਗਿਆ ਜਿੱਥੇ ਰਾਮ ਕੌਰ ਕੋਹਲੀ ਦੀ ਵਿਧਵਾ ਸਤੀ ਹੋਈ ਸੀ। ੧੮੩੯ ਈ: ਵਿਚ ਵਜ਼ੀਰਾਬਾਦ ਵਿਚ ਰਤਨ ਚੰਦ ਦੁੱਗਲ ਨੇ ਮਹਾਂਦੇਵ ਦੇ ਮੰਦਰ ਦੀ ਮੁਰੰਮਤ ਕਰਵਾਈ। ਇਹਦੀ ਦੇਖ ਭਾਲ ਗੋਸਾਈਂ ਸ਼ੰਭੂ ਨਾਥ ਅਤੇ ਮਥਰਾ ਨਾਥ ਕਰਦੇ ਸਨ। ਰਣਜੀਤ ਸਿੰਘ ਦੇ ਰਾਜ ਵਿਚ ਲਾਹੌਰ ਵਿਚ ਸ਼ਿਵ ਦੇ ਕਈ ਮੰਦਰ ਬਣਵਾਏ ਗਏ। ਬਟਾਲੇ ਨੇੜੇ ਅੱਚਲ ਪੁਰਾਣਾ ਤੀਰਥ-ਸਥਾਨ ਹੈ ਜੋ ਸ਼ਿਵ ਜੀ ਦੇ ਲੜਕੇ ਨਾਲ ਸੰਬੰਧਤ ਹੈ। ਫਤਹਿ ਸਿੰਘ ਆਹਲੂਵਾਲੀਆ ਨੇ ਕਪੂਰਥਲੇ ਵਿਚ ਸ਼ਿਵ ਦਾ ਮੰਦਰ ਬਣਵਾਇਆ। ਗਣੇਸ਼ ਦਾਸ ਤੋਂ ਮਿਲਦੀ ਇਤਲਾਹ ਤੋਂ ਇਹ ਗਲ ਸਪਸ਼ਟ ਹੈ ਕਿ ਮੁੱਢਲੀ ੧੯ਵੀਂ ਸਦੀ ਵਿਚ ਪੰਜਾਬ ਵਿਚ ਸ਼ਿਵ ਦੀ ਪੂਜਾ ਚੋਖੀ ਫੈਲੀ ਹੋਈ ਸੀ।

ਗਣੇਸ਼ ਦਾਸ ਕਈਆਂ ਸੰਨਿਆਸੀਆਂ ਦਾ ਹਵਾਲਾ ਦੇਂਦਾ ਹੈ ਜਿਹੜੇ ਸ਼ਿਵ ਦੇ ਪੁਜਾਰੀ ਸਨ। ਉਦਾਹਰਣ ਵਜੋਂ ਪਸਰੂਰ ਵਿਚ ਗੁਲਾਬਗਿਰ ਆਪਣੇ ਰੱਬੀ ਗਿਆਨ ਕਰਕੇ ਮਸ਼ਹੂਰ ਸੀ। ਵਜ਼ੀਰਾਬਾਦ ਦਾ ਜੋਸ਼ੀ ਬ੍ਰਾਹਮਣ ਰਾਮ ਕਿਸ਼ਨ ਚੇਤਨਗਿਰ ਦਾ ਚੇਲਾ ਬਣਿਆ ਅਤੇ ਸੰਨਿਆਸੀ ਹੋ ਕੇ ਰਘੂਨਾਥ ਗਿਰ ਦਾ ਨਾਮ ਧਾਰਨ ਕੀਤਾ। ਲਾਹੌਰ ਵਿਚ ਬ੍ਰਹਮ ਨਾਥ ਸੰਨਿਆਸੀ ਦੀ ਜਗ੍ਹਾ ਪੂਜਾ ਅਸਥਾਨ ਸੀ। ਐਪਰ ਸੰਨਿਆਸੀਆਂ ਨਾਲੋਂ ਜੋਗੀ ਜ਼ਿਆਦਾ ਉੱਘੇ ਸਨ ਜਿਹੜੇ ਇਕ ਤਰ੍ਹਾਂ ਨਾਲ ਸ਼ਿਵ ਪੂਜਾ ਨਾਲ ਸੰਬੰਧ ਰੱਖਦੇ ਸਨ। ਉਹਨਾਂ ਦੀ ਪਹਿਲੀ ਮਾਨਤਾ ਕੁਝ ਕਾਇਮ ਸੀ। ਹਰ ਵਰ੍ਹੇ ਬਹੁਤ ਸਾਰੇ ਜੋਗੀ ਸ਼ਿਵਰਾਤਰੀ ਦੇ ਮੌਕੇ ਤੇ ਰੋਹਤਾਸ ਤੋਂ ਤਿੰਨ ਕੋਹ ਦੂਰ ਬਾਲ ਨਾਥ ਦੇ ਟਿੱਲੇ ਤੇ ਆਉਂਦੇ ਸਨ। ਸਾਰੇ ਜੋਗੀ ਅੰਤਮ ਰੂਪ ਵਿਚ ਗੁਰੂ ਗੋਰਖ ਨਾਥ ਨਾਲ ਜੁੜੇ ਹੋਏ ਸਨ। ਮਖੱਡ ਅਤੇ ਸਾਰੰਗਕੋਟ ਵਿਚ ਵੀ ਜੋਗੀਆਂ ਦੇ ਮਹੱਤਵਪੂਰਨ ਅਸਥਾਨ ਸਨ। ਭੇਰਾ ਵਿਖੇ ਜੋਗੀ ਧੀਰਜ ਨਾਥ ਦਾ ਅਸਥਾਨ ਪੂਜਣਯੋਗ ਮੰਨਿਆ ਜਾਂਦਾ ਸੀ। ਲੋਅਰ ਚੱਜ ਦੁਆਬ ਵਿਚ ਕਿਰਾਨਾ ਵਿਖੇ ਔਗਰ ਜੋਗੀ ਸੁਕਾਲ ਨਾਥ ਦੀ ਜਗ੍ਹਾ ਸੀ। ਗਣੇਸ਼ ਦਾਸ ਨੇ ਜਿਹੜੀ ਇੱਕੋ ਇਕ ਮਹੱਤਵਪੂਰਨ ਜੋਗੀ ਸੰਸਥਾ ਦਾ ਵਰਨਣ ਨਹੀਂ ਕੀਤਾ, ਉਹ ਅੱਪਰ ਬਾਰੀ ਦੁਆਬ ਵਿਚ ਜਖਬੜ ਦੀ ਹੈ।

ਮੁੱਢਲੀ ੧੯ਵੀਂ ਸਦੀ ਦਾ ਪੰਜਾਬ ਦੇਵੀ ਦੀ ਪੂਜਾ ਤੋਂ ਅਣਜਾਣ ਨਹੀਂ ਸੀ। ਗੁਜਰਾਤ ਵਿਚ ਦੇਵੀ ਦੇ ਦੋ ਮੰਦਰ ਸਨ। ਸੋਧਰਾ ਵਿਚ ਵੀ ਦੇਵੀ ਦੇ ਦੋ ਮੰਦਰ ਸਨ। ਇਕ ਸੀਤਲਾ ਦਾ, ਜੋ ਸ਼ਹਿਰ ਤੋਂ ਬਾਹਰ ਸੀ ਅਤੇ ਦੂਜਾ ਕਾਲਕਾ ਦਾ, ਜੋ ਸ਼ਹਿਰ ਦੇ ਵਿਚ ਸੀ। ਲਾਹੌਰ ਦੇ ਵਿਚ ਅਤੇ ਲਾਹੌਰ ਦੇ ਨੇੜੇ ਦੇਵੀ ਦੇ ਮੰਦਰ ਸਨ, ਇਕ ਸੀਤਲਾ ਦਾ ਦੂਜਾ ਕਾਲਕਾ ਦਾ ਅਤੇ ਤੀਜਾ ਭੱਦਰਕਾਲੀ ਦਾ। ਜਲੰਧਰ ਸ਼ਹਿਰ ਵਿਚ ਕਾਲਕਾ ਤੇ ਤੁਰਤਫੁਰਨੀ ਦੇ ਮੰਦਰ ਸਨ। ਜਲੰਧਰ ਵਿਚ ਗੜ੍ਹਦੀਵਾਲਾ ਵਿਚ ਦੇਵੀ ਦਾ ਪੂਜਾ ਅਜਥਾਨ ਸੀ। ਗਣੇਸ਼ ਦਾਸ ਇਸ ਗੱਲੋਂ ਏਨਾ ਉਦਾਰ ਹੈ ਕਿ ਉਹ ਪੰਜਾਬ ਵਿਚ ਸਾਰੇ ਧਰਮ ਵਿਸ਼ਵਾਸਾਂ ਅਤੇ ਕਰਮਾਂ ਦੇ ਰੂਪਾਂ ਦਾ ਜੇ ਪੂਰੀ ਹਿਮਾਇਤ ਨਾਲ ਜ਼ਿਕਰ ਨਹੀਂ ਕਰਦਾ ਤਾਂ ਉਹਨਾਂ ਦਾ ਜ਼ਿਕਰ ਭਾਵਨਾ ਨਾਲ ਜ਼ਰੂਰ ਕਰਦਾ ਹੈ ਪਰ ਉਹ ਇਸ ਚੀਜ਼ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਗੁਜਰਾਤ ਵਿਚ ਮੋਹੀਆ ਨੰਦ ਅਤੇ ਸਦਾ ਨੰਦ ਅਗਮ ਦੇ ਅਭਿਆਸਾਂ ਵਿਚ ਪੂਰਨ ਸਨ ਪਰ 'ਉਹਨਾਂ ਬਾਰੇ ਗਲ ਨਾ ਕਰਨੀ ਹੀ ਚੰਗੀ ਹੈ'।

ਗਣੇਸ਼ ਦਾਸ ਦੇ ਵੈਸ਼ਨਵਾਂ ਬਾਰੇ, ਹਿੰਦੂ ਵਿਸ਼ਵਾਸ ਅਤੇ ਅਭਿਆਸ ਦੇ ਹੋਰ ਕਿਸੇ ਵੀ ਰੂਪ ਨਾਲੋਂ ਕਿਤੇ ਜ਼ਿਆਦਾ ਹਵਾਲੇ ਹਨ। ਵੈਸ਼ਨਵ ਮੱਤ ਦੇ ਪੁਰਾਣੇ ਰੂਪਾਂ ਬਾਰੇ ਕੁਝ ਕੁ ਹਵਾਲੇ ਹੀ ਹਨ। ਉਤਲੇ ਸਿੰਧ ਸਾਗਰ ਦੁਆਬ ਵਿਚ ਨਰਸਿੰਘ ਪੋਹਾਰ ਨਾਮੀ ਪਵਿੱਤਰ ਅਸਥਾਨ ਸਾਫ਼ ਤੌਰ ਤੇ ਵਿਸ਼ਨੂੰ ਦੇ ਨਰਸਿੰਘ ਅਵਤਾਰ ਨਾਲ ਸੰਬੰਧਤ ਸੀ। ਐਪਰ ਬੈਰਾਗੀਆਂ ਦੇ ਕਈ ਹਵਾਲੇ ਹਨ। ਬਹਿਲੋਲਪੁਰ ਵਿਚ ਬਾਬਾ ਪੋਹਲੂ ਰਾਮ ਬੈਰਾਗੀ ਦੀ ਸਮਾਧ ਸੀ। ਗੁਜਰਾਤ ਵਿਚ ਬਾਬਾ ਲਛਮਣ ਦਾਸ ਬੈਰਾਗੀ ਪ੍ਰਸਿੱਧ ਸੀ। ਨਾਰੋਵਾਲ ਵਿਚ ਬਾਬਾ ਲਾਹਰ ਬੈਰਾਗੀ ਦੀ ਜਗ੍ਹਾ ਪੂਜਾ ਅਸਥਾਨ ਸੀ। ਰਾਮਾ ਨੰਦੇ ਦੇ ਬੈਰਾਗੀ ਬਾਬਾ ਸਾਈਂਦਾਸ ਨੇ ਆਪਣੀ ਗੱਦੀ ਐਮਨਾਬਾਦ ਵਿਚ ਸਥਾਪਿਤ ਕੀਤੀ। ਗੁਜਰਾਂਵਾਲੇ ਤੋਂ ਕੋਈ ੯ ਕੋਹ 'ਤੇ ਬਾਬਾ ਮੁਰਾਰ ਦਾਸ

ਬੈਰਾਗੀ ਦੀ ਜਗ੍ਹਾ ਸੀ। ਪਸਰੂਰ ਦੇ ਪਰਗਣਾ ਵਿਚ ਵਡਾਲਾ ਸੰਧੂਆਂ ਵਿਖੇ ਗੋਸਾਈਂ ਬਿੱਲੂ ਸਾਹਿਬ ਬੈਰਾਗੀ ਦੀ ਸਮਾਧ ਪੂਜਾ ਅਸਥਾਨ ਸੀ। ਇਲਾਕਾ ਰਾਮ ਨਗਰ ਵਿਚ ਬਾਵਾ ਲਾਲ ਦਰਿਆਈ ਬੈਰਾਗੀ ਦੇ ਉੱਤਰ-ਅਧਿਕਾਰੀ ਲੋਕਪ੍ਰਿਯ ਸਨ। ਲਾਹੌਰ ਤੋਂ ੧੨ ਕੋਹ ਤੇ ਬਾਬਾ ਰਾਮ ਥੰਮਣ ਦੀ ਜਗ੍ਹਾ ਸੀ ਜੋ ਬੈਰਾਗੀ ਸਾਧੂਆਂ ਦਾ ਅਸਥਾਨ ਸੀ। ਅੰਮ੍ਰਿਤਸਰ ਦੇ ਨੇੜੇ ਰਾਮ ਤੀਰਥ ਵਿਖੇ ਬੈਰਾਗੀਆਂ ਦਾ ਡੇਰਾ ਹੈ। ਉਤਲੇ ਬਾਰੀ ਦੁਆਬ ਵਿਚ ਕੋਠਾਲਾ ਵਿਖੇ ਇਕ ਹੋਰ ਬੈਰਾਗੀ ਡੇਰਾ ਹੈ। ਇਹਨਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਧਿਆਨਪੁਰ ਵਿਖੇ ਬਾਬਾ ਲਾਲ ਦੀ ਜਗ੍ਹਾ ਸੀ। ਵਜ਼ੀਰਾਬਾਦ ਵਿਖੇ ਬਾਬਾ ਲਾਲ ਦੇ ਸਾਧਾਂ ਦੀ ਇਕ ਹੋਰ ਗੱਦੀ ਹੈ। ਸ਼ਾਇਦ ਇਹਨਾਂ ਨਾਲੋਂ ਵੀ ਮਹੱਤਵਪੂਰਨ ਥਾਂ ਉਤਲੇ ਬਾਰੀ ਦੁਆਬ ਵਿਚ ਪੰਡੋਰੀ ਦਾ ਵੈਸ਼ਨਵ ਮੱਠ ਸੀ।

ਗਣੇਸ਼ ਦਾਸ ਸ਼ਿਵਦੁਆਰੇ ਅਤੇ ਠਾਕਰਦੁਆਰੇ ਵਿਚ ਬੜਾ ਸਾਫ਼ ਫ਼ਰਕ ਦਸਦਾ ਹੈ ਪਰ ਠਾਕਰ-ਦੁਆਰੇ ਦਾ ਆਮ ਜਿਹਾ ਹਵਾਲਾ ਹੀ ਦਿੰਦਾ ਹੈ ਅਤੇ ਰਾਮ ਦੇ ਮੰਦਰ ਤੋਂ ਕ੍ਰਿਸ਼ਨ ਦੇ ਮੰਦਰ ਦਾ ਕੋਈ ਵਖਰੇਵਾਂ ਨਹੀਂ ਦਰਸਾਉਂਦਾ। ਪੰਜਾਬ ਵਿਚ ਰਾਮ ਪੂਜਾ ਜ਼ਿਆਦਾ ਪ੍ਰਚਲਤ ਸੀ, ਫਿਰ ਵੀ, ਕਈ ਥਾਈਂ ਗਣੇਸ਼ ਦਾਸ ਕ੍ਰਿਸ਼ਨ ਪੂਜਾ ਦਾ ਨਿਸਚਤ ਰੂਪ ਵਿਚ ਹਵਾਲਾ ਦਿੰਦਾ ਹੈ। ਮਿਸਾਲ ਦੇ ਤੌਰ ਤੇ ਗੁਜਰਾਤ ਵਿਚ ਸਿੱਖਾਂ ਦੇ ਸਮੇਂ ਵਿਚ ਮੁਰਲੀ ਮਨੋਹਰ ਦਾ ਮੰਦਰ ਬਣਵਾਇਆ ਗਿਆ। ਜ਼ਫਰਵਾਲ ਵਿਚ ਮੱਈਆ ਦਾਸ ਕ੍ਰਿਸ਼ਨ ਦਾ ਭਗਤ ਸੀ। ਵਜ਼ੀਰਾਬਾਦ ਵਿਚ ਜੈ ਕ੍ਰਿਸ਼ਨ ਸਾਧੂਆਂ ਦੇ ਕ੍ਰਿਸ਼ਨ ਨੂੰ ਸਮਰਪਤ ਦੋ ਠਾਕੁਰ-ਦੁਆਰੇ ਸਨ। ਇਹ ਸਾਧੂ ਆਪਣੇ ਆਪ ਨੂੰ ਸ੍ਰੀ ਕ੍ਰਿਸ਼ਨ ਅਵਤਾਰ ਦੇ ਪੁਜਾਰੀ ਮੰਨਦੇ ਸਨ।

ਗਣੇਸ਼ ਦਾਸ ਕਦੇ ਕਦੇ ਸਿੱਖ ਮੱਤ ਦੀਆਂ ਸਮਾਧਾਂ ਦਾ ਜ਼ਿਕਰ ਕਰਦਾ ਹੈ ਪਰ ਜ਼ਿਆਦਾ ਕਰਕੇ ਸਿੱਖਾਂ ਦੀਆਂ ਧਰਮਸਾਲਾਂ, ਕਦੇ ਕਦੇ ਰਮਦਾਸੀ ਜਾਂ ਅਕਾਲੀ ਫ਼ਕੀਰ ਪਰ ਜ਼ਿਆਦਾ ਕਰਕੇ ਉਦਾਸੀ ਅਤੇ ਉਹਨਾਂ ਦੇ ਅਖਾੜਿਆਂ ਦਾ ਹੀ ਜ਼ਿਕਰ ਕਰਦਾ ਹੈ। ਉਹ ਸਿੱਖਾਂ ਦੇ ਬਹੁਤ ਸਾਰੇ ਧਰਮ-ਅਸਥਾਨ ਵੀ ਦੱਸਦਾ ਹੈ। ਰਾਮ ਲੀਲਾ ਦੀ ਸਮਾਧ ਸੰਬਰਿਆਲ ਨਾਲ ਸੰਬੰਧ ਰੱਖਦੀ ਹੈ ਜਿਹੜਾ ਕਿ ਸ਼ਾਇਦ ਉਦਾਸੀ ਸਾਧੂ ਸੀ। ਸਿੰਧ ਸਾਗਰ ਦਆਬ ਵਿਚ ਅਹਿਮਦਾਬਾਦ ਦੀ ਭਾਈ ਬਾਹਰ ਦੀ ਧਰਮਸਾਲਾ ਪ੍ਰਸਿੱਧ ਸੀ। ਗੁਜਰਾਤ ਵਿਚ ਵੀ ਕਈ ਧਰਮਸਾਲਾਂ ਅਤੇ ਸਮਾਧਾਂ ਦੱਸੀਆਂ ਜਾ ਸਕਦੀਆਂ ਹਨ। ਐਪਰ ਭਾਈ ਕੰਧਾਰਾ ਸਿੰਘ ਅਤੇ ਭਾਈ ਕੇਸਰ ਸਿੰਘ ਦੀਆਂ ਧਰਮਸਾਲਾਂ ਮਸ਼ਹੂਰ ਸਨ। ਇਸੇ ਤਰ੍ਹਾਂ ਵਜ਼ੀਰਾਬਾਦ ਵਿਚ ਬਹੁਤ ਸਾਰੀਆਂ ਧਰਮਸਾਲਾਂ ਸਨ, ਜਿਨ੍ਹਾਂ ਵਿਚੋਂ ਸਭ ਤੋਂ ਪੁਰਾਣੀ ਅਤੇ ਸਭ ਤੋਂ ਪ੍ਰਸਿਧ ਧਰਮਸਾਲਾ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਸੰਬੰਧ ਰੱਖਦੀ ਸੀ। ਜਿਵੇਂ ਕਿ ਉਮੀਦ ਕੀਤੀ ਜਾਂਦੀ ਹੈ ਕਿ ਲਾਹੌਰ ਅਤੇ ਅੰਮ੍ਰਿਤਸਰ ਵਿਚ ਧਰਮਸਾਲਾਂ ਦੀ ਤਾਦਾਦ ਬਹੁਤ ਜ਼ਿਆਦਾ ਸੀ। ਗਣੇਸ਼ ਦਾਸ ਇਲਾਕਾ ਭੇਰਾ ਵਿਚ ਚੱਕ ਰਾਮਦਾਸ ਦੇ ਰਾਮਦਾਸੀ ਫਕੀਰਾਂ ਦਾ ਜ਼ਿਕਰ ਕਰਦਾ ਹੈ। ਮਥਰਾ ਦਾਸ ਜਲਾਲਪੁਰ ਭੱਟੀਆਂ ਦਾ ਪ੍ਰਸਿੱਧ ਰਾਮਦਾਸੀ ਸਾਧ ਸੀ। ਇਕ ਥਾਂ 'ਤੇ ਗਣੇਸ਼ ਦਾਸ ਅਕਾਲੀ ਫਕੀਰਾਂ ਨੂੰ ਗੁਰੂ ਨਾਨਕ ਨਾਲ ਸੰਬੰਧਤ ਪੂਜਾ ਅਸਥਾਨ ਦੇ ਮੁਜਾਵਰ ਕਹਿੰਦਾ ਹੈ। ਇਕ ਹੋਰ ਥਾਂ ਉਹ ਨਾਨਕ ਸ਼ਾਹੀ ਸਾਧਾਂ ਦਾ ਹਵਾਲਾ ਦਿੰਦਾ ਹੈ ਅਤੇ ਇਹ ਨਹੀਂ ਦਸਦਾ ਕਿ ਉਹ ਰਾਮ ਦਾਸੀ ਹਨ ਜਾਂ ਉਦਾਸੀ। ਜਲਾਲਪੁਰ ਦੇ ਬਖਤਮਲ ਸੂਰੀ ਲਈ ਗਣੇਸ਼ ਦਾਸ ਰਾਮ ਦਾਸੀ ਅਤੇ ਉਦਾਸੀ ਦੋਵੇਂ ਪਦ ਵਰਤਦਾ ਹੈ। ਮੱਖੋਵਾਲ ਦੇ ਭਾਈ ਬਹਾਰਾ ਦਾ ਸਥਾਨ ਵੀ ਜ਼ਿਆਦਾ ਸਪਸ਼ਟ ਨਹੀਂ ਹੈ ਪਰ ਉਹਦੇ ਬਾਰੇ ਕਈ ਹਵਾਲੇ ਸਪਸ਼ਟ ਹਨ। ਗੁਜਰਾਤ ਵਿਚ ਬਾਬਾ ਸੰਤੋਖ ਦਾਸ ਉਦਾਸੀ ਫ਼ਕੀਰ ਦੇ ਤੌਰ 'ਤੇ ਪ੍ਰਸਿੱਧ ਸੀ। ਰਾਮ ਕੌਰ ਦੀ ਸਮਾਧ ਕੋਟ ਨੈਣਾ ਵਿਖੇ ਤੀਰਥ ਅਸਥਾਨ ਹੈ ਅਤੇ ਉਹ ਸਪਸ਼ਟ ਹੀ ਉਦਾਸੀ ਫ਼ਕੀਰ ਸੀ। ਵਜ਼ੀਰਾਬਾਦ ਸ਼ਹਿਰ ਤੋਂ ਬਾਹਰ ਸੰਤ ਰੈਣ ਉਦਾਸੀ ਦਾ ਅਖਾੜਾ ਬੜਾ ਪ੍ਰਸਿੱਧ ਸੀ। ਡਸਕਾ ਨਿਧਾਨ ਸਿੰਘ ਵਾਲਾ ਦਾ ਭਾਈ ਗੋਪਾਲ ਸਿੰਘ ਉਦਾਸੀ ਸਮਰੱਥ ਕਵੀ ਸੀ। ਸ਼ਾਹਦਰਾ ਦੀਆਂ ਦੋ ਧਰਮਸਾਲਾਂ ਉਦਾਸੀ ਫ਼ਕੀਰਾਂ ਦੀਆਂ ਸਨ। ਗੁਰਦਾਸਪੁਰ ਉਤਲੇ ਬਾਰੀ ਦੁਆਬ ਵਿਚ ਅਤੇ ਬਹਾਦਰ ਪੁਰ ਜਲੰਧਰ ਦੁਆਬ ਵਿਚ ਉਦਾਸੀ ਸਾਧਾਂ ਦੇ ਡੇਰੇ ਸਨ। ਐਪਰ ਉਦਾਸੀ ਅਖਾੜਿਆਂ

ਦਾ ਅੰਮ੍ਰਿਤਸਰ ਵਿਚ ਸਭ ਤੋਂ ਵੱਡਾ ਮੰਦਰ ਸੀ।

ਸਿੱਖਾਂ ਦੇ ਧਾਰਮਿਕ ਅਸਥਾਨਾਂ ਤੋਂ ਅੰਮ੍ਰਿਤਸਰ ਸਭ ਤੋਂ ਮਹੱਤਵਪੂਰਨ ਅਸਥਾਨ ਹੈ। ਗਣੇਸ਼ ਦਾਸ ਦੇ ਸ਼ਬਦਾਂ ਵਿਚ ਇਹ ਗੁਰੂ ਨਾਨਕ ਦੇ ਸਿੱਖਾਂ ਦਾ ਮਹਾਂ ਤੀਰਥ ਹੈ। ਐਪਰ ਸਿੱਖਾਂ ਦੇ ਹੋਰ ਵੀ ਬਹੁਤ ਸਾਰੇ ਪਵਿੱਤਰ ਅਸਥਾਨ ਸਨ। ਬਾਰੀ ਦੁਆਬ ਵਿਚ ਹੀ ਰਾਵੀ ਦੇ ਕੰਢੇ ਡੇਰਾ ਬਾਬਾ ਨਾਨਕ ਸੀ ਜਿਹੜਾ ਗੁਰੂ ਨਾਨਕ ਦੇਵ ਜੀ ਦਾ ਅੰਤਮ ਅਸਥਾਨ ਸੀ ਅਤੇ ਜੋ ਉਹਨਾਂ ਦੇ ਛੋਟੇ ਪੁੱਤਰ ਬਾਬਾ ਲੱਖਮੀ ਚੰਦ ਦਾ ਨਿਵਾਸ ਹੋਣ ਦੇ ਕਾਰਨ ਸ਼ਹਿਰ ਦੇ ਰੂਪ ਵਿਚ ਵਿਕਸਤ ਹੋ ਚੁਕਾ ਸੀ। ਗਣੇਸ਼ ਦਾਸ ਦੇ ਸਮਕਾਲੀ ਬੇਦੀ ਸਾਹਿਬਜ਼ਾਦੇ ਗੁਰੂ ਨਾਨਕ ਦੇਵ ਜੀ ਦੀ ੧੧ਵੀਂ ਪੀੜ੍ਹੀ ਵਿਚੋਂ ਸਨ ਅਤੇ ਸਾਰੇ ਦੇ ਸਾਰੇ ਪ੍ਰਤਾਪੀ ਸਨ। ਗਣੇਸ਼ ਦਾਸ ਨੇ ਬਾਬਾ ਸਾਹਿਬ ਸਿੰਘ ਬੇਦੀ ਦਾ ਵਿਸ਼ੇਸ਼ ਕਰਕੇ ਜ਼ਿਕਰ ਕੀਤਾ ਹੈ। ਊਨੇ ਵਿਚ ਉਹਨਾਂ ਦੀ ਸਮਾਧ ਤੀਰਥ-ਅਸਥਾਨ ਹੈ। ਗੁਰੂ ਨਾਨਕ ਦੇ ਉਤਰਅਧਿਕਾਰੀਆਂ ਨਾਲ ਸੰਬੰਧਤ ਕਈ ਹੋਰ ਅਸਥਾਨ ਹਨ। ਉਹਨਾਂ ਵਿਚੋਂ ਬਾਰੀ ਦੁਆਬ ਵਿਚ ਖਡੂਰ, ਗੋਇੰਦਵਾਲ, ਤਰਨ ਤਾਰਨ ਅਤੇ ਸ੍ਰੀ ਹਰਿਗੋਬਿੰਦਪੁਰ ਹਨ। ਸਿੰਧ ਸਾਗਰ ਦੁਆਬ ਵਿਚ ਹਸਨ ਅਬਦਾਲ ਦੇ ਨੇੜੇ ਪੰਜਾ ਸਾਹਿਬ ਦਾ ਅਸਥਾਨ ਹੈ, ਜੋ ਗੁਰੂ ਨਾਨਕ ਦੀ ਕਰਾਮਾਤੀ ਸੱਯਦ ਕੰਧਾਰੀ ਸ਼ਾਹ ਵਲੀ-ਅੱਲ੍ਹਾ ਉੱਤੇ ਜਿੱਤ ਦੀ ਯਾਦ ਵਿਚ ਬਣਿਆ ਹੋਇਆ ਹੈ। ਰੁਤਹਾਸ ਨੇੜੇ ਚੋਆ (ਚੋਹਾ) ਬਾਬਾ ਨਾਨਕ ਦੀ ਮਸ਼ਹੂਰ ਪਵਿੱਤਰ ਜਗ੍ਹਾ ਸੀ। ਸਿਆਲਕੋਟ ਵਿਚ ਵੀ ਗੁਰੂ ਨਾਨਕ ਨਾਲ ਸੰਬੰਧ ਰੱਖਦੇ ਦੋ ਅਸਥਾਨ ਸਨ : ਬੇਰ ਬਾਬਾ ਨਾਨਕ ਅਤੇ ਬੌਲੀ ਬਾਬਾ ਨਾਨਕ। ਦੋਵਾਂ ਅਸਥਾਨਾਂ ਤੇ ਗੁਰੂ ਨਾਨਕ ਵਲੋਂ ਕਰਾਮਾਤਾਂ ਦਿਖਾਈਆਂ ਗਈਆਂ ਸਨ। ਐਮਨਾਬਾਦ ਦੇ ਨੇੜੇ ਰੋੜੀ ਬਾਬਾ ਨਾਨਕ ਇਕ ਮਹੱਤਵਪੂਰਨ ਪੂਜਾ ਅਸਥਾਨ ਸੀ। ਡਸਕੇ ਨੇੜੇ ਘਲੋਟੀਆਂ ਪਿੰਡ ਵਿਚ ਗੁਰੂ ਹਰ ਰਾਏ ਸਾਹਿਬ ਦਾ ਅਸਥਾਨ ਸੀ। ਲਾਹੌਰ ਮੀਆਂ ਮੀਰ ਨੇੜੇ ਇਕ ਥਾਂ ਗੁਰੂ ਰਾਮ ਦਾਸ ਨਾਲ ਸੰਬੰਧਤ ਸੀ। ਗਣੇਸ਼ ਦਾਸ ਹੋਰਨਾਂ ਥਾਵਾਂ ਦਾ ਵੀ ਜ਼ਿਕਰ ਕਰਦਾ ਹੈ ਪਰ ਉਹਦਾ ਜੰਡਿਆਲੇ ਗੁਰੂ ਦਾ ਹਵਾਲਾ ਬੜਾ ਦਿਲਚਸਪ ਹੈ। ਉਹ ਇਹ ਨਹੀਂ ਦਸਦਾ ਕਿ ਜੰਡਿਆਲੇ ਦਾ ਨਰੰਜਨੀਆਂ ਗੁਰੂ ਆਕਿਲ ਦਾਸ ਸਨਾਤਨੀ ਸਿੱਖ ਸੀ ਜਾਂ ਸਿੱਖ ਵੀ ਸੀ।

ਆਮ ਤੌਰ ਤੇ ਗਣੇਸ਼ ਦਾਸ ਇਸਲਾਮ ਦਾ ਜ਼ਿਕਰ ਖਾਨਗਾਹਾਂ ਅਤੇ ਮਜ਼ਾਰਾਂ ਨਾਲ ਕਰਦਾ ਹੈ। ਮਿਸਾਲ ਦੇ ਤੌਰ ਤੇ ਜਾਨੀਸੰਗ ਵਿਚ ਜਾਨੀ ਦਰਵੇਸ਼ ਦੀ ਖਾਨਗਾਹ; ਦਾਂਗਲੀ ਵਿਚ ਹੱਕਾਨੀ ਦੀ ਖਾਨਗਾਹ; ਚਨਿਓਟ ਵਿਚ ਸ਼ਾਹ ਬੁਰਹਾਨ ਦੀ ਖਾਨਗਾਹ; ਗੁਜਰਾਤ ਵਿਚ ਪੀਰ ਮੁਹੰਮਦ ਸਚਿਆਰ ਦੀ ਖਾਨਗਾਹ; ਗੁਜਰਾਤ ਵਿਚ ਸ਼ਾਹ ਦੌਲਾ ਦਾ ਵਸਾਦਾ (ਸੱਜਾਦਾ); ੧੮੦੭ ਈ: ਵਿਚ ਬਣਿਆਂ ਗੁਜਰਾਤ ਵਿਚ ਪਾਂਧੀ ਸ਼ਾਹ ਦਾ ਮਜ਼ਾਰ ; ਚੱਜ ਦੁਆਬ ਵਿਚ ਕੋਟ ਮੀਰ ਹੁਸੈਨ ਨੇੜੇ ਹਾਫਿਜ਼ ਹਯਾਤ ਦੀ ਖਾਨਗਾਹ; ਕਿਲ੍ਹਾ ਸੋਭਾ ਸਿੰਘ ਵਿਚ ਬੁਲਾਕ ਸ਼ਾਹ ਦੀ ਖਾਨਗਾਹ ; ਪਸਰੂਰ ਵਿਚ ਮੀਆਂ ਬਰਖ਼ੁਰਦਾਰ ਦਾ ਮਜ਼ਾਰ ; ਸਿਆਲਕੋਟ ਵਿਚ ਵਲੀਆਂ ਦੇ ਬਹੁਤ ਸਾਰੇ ਮਜ਼ਾਰਾਂ ਤੋਂ ਇਲਾਵਾ ਇਮਾਮ ਅਲੀਅਲਹੱਕ, ਸ਼ਾਹ-ਏ-ਬਾਦਸ਼ਾਹਾਂ, ਮੀਰ ਭੀਲ ਸ਼ਹੀਦ, ਸ਼ਾਹ ਮੂੰਗਾ ਵਲੀ, ਸੱਯਦ ਸੁਰਖ, ਹਜ਼ਰਤ ਹਮਜ਼ਾ-ਗੌਸ ਅਤੇ ਸੱਯਦ ਨਾਦਿਰ ਸਰਮਸਤ ਦੀਆਂ ਖਾਨਗਾਹਾਂ ; ਵਜ਼ੀਰਾਬਾਦ ਵਿਚ ਬਾਕ਼ੀ ਸ਼ਾਹ ਦਾ ਮਜ਼ਾਰ ਅਤੇ ਦਾਇਮ ਸ਼ਾਹ ਦੀ ਖਾਨਗਾਹ ; ਐਮਨਾਬਾਦ ਦੇ ਇਲਾਕੇ ਦੇ ਬਹਾਉਦੀਨ ਪਿੰਡ ਵਿਚ ਬਹਾਉਦੀਨ ਦੀ ਖਾਨਗਾਹ; ਸ਼ੇਖੂਪੁਰਾ ਵਿਚ ਪੀਰ ਜਮਾਲ ਸ਼ਾਹ ਦੀ ਖਾਨਗਾਹ, ਪੀਰ ਬਾਰਾ ਹਜ਼ਾਰੀ ਅਤੇ ਪੀਰ ਫਤਹਿਦੀਨ, ਲਾਹੌਰ ਵਿਚ ਦਾਤਾ ਗੰਜ ਬਖਸ਼ ਅਲੀ-ਅਲ-ਹਜਵੀਰੀ ਦੀ ਖਾਨਗਾਹ, ਸ਼ਾਹ ਅਬੂ ਅਲਮਾਲੀ ਦਾ ਮਜ਼ਾਰ, ਮਾਧੋ ਲਾਲ ਹੁਸੈਨ ਦਾ ਮਜ਼ਾਰ ਅਤੇ ਸੱਯਦ ਮਿੱਠਾ ਦੀ ਖਾਨਗਾਹ, ਪਾਕ ਪਟਨ ਵਿਚ ਸ਼ੇਖ ਫਰੀਦ ਗੰਜ-ਏ-ਸ਼ਕਰ, ਜਲੰਧਰ ਵਿਚ ਇਮਾਮ ਨਾਸਿਰ-ਉੱਦੀਨ ਅਤੇ ਸਿਕੰਦਰ ਸ਼ਾਹ ਦੀਆਂ ਖਾਨਗਾਹਾਂ। ਇਹ ਸਾਰੇ ਅਸਥਾਨ ਸ਼ੁਭ ਮੰਨੇ ਜਾਂਦੇ ਸਨ ਅਤੇ ਬਹੁਤ ਸਾਰੇ ਅਨੁਆਈ ਇਨ੍ਹਾਂ ਥਾਵਾਂ ਦੀ ਯਾਤਰਾ ਕਰਦੇ ਸਨ। ਇਹ ਗਲ ਵੇਖਣੀ ਵੀ ਦਿਲਚਸਪ ਹੈ ਕਿ ਗਣੇਸ਼ ਦਾਸ ਮਸੀਤਾਂ, ਮੁੱਲਾਂ, ਕਾਜ਼ੀਆਂ, ਸ਼ਰੀਅਤ, ਫ਼ਿਕਾ ਅਤੇ ਇਨ੍ਹਾਂ ਖੇਤਰਾਂ ਦੇ ਵਿਦਵਾਨਾਂ ਦੀ ਹੋਂਦ ਬਾਰੇ

ਜਾਣੂ ਹੈ ਪਰ ਕੁਹ ਜ਼ਿਆਦਾ ਧਿਆਨ ਉਹਨਾਂ ਅਭਿਆਸਾਂ ਨੂੰ ਦਿੰਦਾ ਹੈ ਜਿਨ੍ਹਾਂ ਵਿਚ ਮੁਸਲਮਾਨਾਂ ਦੀ ਜ਼ਿਆਦਾ ਗਿਣਤੀ ਲੱਗੀ ਹੋਈ ਸੀ।

ਗਣੇਸ਼ ਦਾਸ ਲੋਕ ਵਿਸ਼ਵਾਸ ਅਤੇ ਅਭਿਆਸ ਨੂੰ ਅੱਖੋਂ ਉਹਲੇ ਨਹੀਂ ਕਰਦਾ। ਪੰਜਾਬ ਵਿਚ ਵਜ਼ੀਰਾਬਾਦ ਤੋਂ ਦੋ ਕੋਹ ਦੇ ਫਾਸਲੇ 'ਤੇ ਧਰੋਂਕਲ ਦੀ ਜਗ੍ਹਾ ਸਭ ਤੋਂ ਜ਼ਿਆਦਾ ਲੋਕਪ੍ਰਿਯ ਸਥਾਨ ਸੀ। ਇਹ ਸੁਲਤਾਨ ਸਰਵਰ ਨਾਲ ਜੁੜੀ ਹੋਈ ਸੀ, ਜਿਸ ਨੂੰ ਸਖੀ ਸਰਵਰ ਵੀ ਕਹਿੰਦੇ ਸਨ ਕਿਉਂਕਿ ਉਹ ਲੋਕਾਂ ਨੂੰ ਤਾਰਨ ਵਿਚ ਸਖੀ ਸੀ। ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਤੋਂ ਲੋਕ ਢੋਲ ਵਜਾਉਣ ਵਾਲੇ ਜਾਣੇ ਪਛਾਣੇ ਭਰਾਈਆਂ ਰਾਹੀਂ ਆਪਣੀ ਭੇਟ ਧਰੋਂਕਲ ਨੂੰ ਭੇਜਦੇ ਸਨ। ਵਾਸਤਵ ਵਿਚ ਸਖੀ ਸਰਵਰ ਦਾ ਮਜ਼ਾਰ ਪੰਜਾਬ ਤੋਂ ਬਾਹਰ ਬਲੋਚਿਸਤਾਨ ਦੀ ਪਹਾੜੀ ਤਰਾਈ ਵਿਚ ਸੀ। ਲਾਹੌਰ ਵਿਚ ਲਾਹੌਰੀ ਗੇਟ ਦੇ ਨੇੜੇ ਸਖੀ ਸਰਵਰ ਦੇ ਨਾਂ 'ਤੇ ਆਪਣੀ ਭੇਟ ਚੜ੍ਹਾਉਣ ਦੇ ਚਾਹਵਾਨ ਲੋਕਾਂ ਦੀ ਲੋਕਪ੍ਰਿਯ ਥਾਂ ਸੀ। ਪਸਰੂਰ ਦੇ ਪਰਗਣਾ ਵਿਚ ਲੋਹਾਨ ਪਿੰਡ ਦੇ ਜ਼ਿਮੀਂਦਾਰ ਸਖੀ ਸਰਵਰ ਦੇ ਪੈਰੋਕਾਰ ਸਨ। ਉਹਨਾਂ ਜ਼ਿਮੀਂਦਾਰਾਂ ਨੇ ਉਹਦੀ ਜਗ੍ਹਾ ਬਣਾਈ ਸੀ ਅਤੇ ਹੁਕਮਾ ਨਾਮੀ ਹਿੰਦੂ ਸਖੀ ਸਰਵਰ ਦੇ ਮੁਰੀਦ ਦੇ ਤੌਰ 'ਤੇ ਪ੍ਰਸਿੱਧ ਹੋਇਆ। ਬਟਾਲੇ ਤੋਂ ਤਿੰਨਾਂ ਕੋਹਾਂ ਦੇ ਫਾਸਲੇ ਤੇ ਦਿਆਲੀਵਾਲ ਪਿੰਡ ਵਿਚ ਸ਼ਮਸਉੱਦੀਨ ਦਰਿਆਈ ਦਾ ਮਜ਼ਾਰ ਸੀ ਜਿਹਦੇ ਪੈਰੋਕਾਰ ਗਣੇਸ਼ ਦਾਸ ਦੇ ਸਮੇਂ ਦਿਆਲੀ ਰਾਮ ਦੀ ਹਿੰਦੂ ਬੰਸ ਵਿਚੋਂ ਸਨ। ਸਿੰਧ ਸਾਗਰ ਦੁਆਬ ਵਿਚ ਬਾਰਾਂ ਸਿੱਧਾਂ ਦਾ ਸ਼ੁਭ ਅਸਥਾਨ ਹੈ ਜਿਨ੍ਹਾਂ ਬਾਰੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹਨਾਂ ਨੇ ਇਕ ਗਾਂ ਦੀ ਰੱਖਿਆ ਕਰਨ ਲਈ ਆਪਣੀ ਜ਼ਿੰਦਗੀ ਵਾਰ ਕੇ ਸਿੱਧਾਂ ਦਾ ਉੱਚਾ ਰੁਤਬਾ ਹਾਸਲ ਕੀਤਾ ਸੀ। ਲਾਹੌਰ ਵਿਚ ਛੱਜੂ ਭਗਤ ਦਾ ਚੌਬਾਰਾ ਲੋਕਪ੍ਰੀਯ ਤੀਰਥ ਅਸਥਾਨ ਸੀ ਅਤੇ ਮਰਦ ਤੇ ਤੀਵੀਆਂ ਉਥੇ ਹਫ਼ਤੇ ਵਿਚ ਇਕ ਵਾਰ ਮੇਲਾ ਲਾਉਂਦੇ ਸਨ। ਗਣੇਸ਼ ਦਾਸ ਵਾਰ ਵਾਰ ਵਾਰਸ਼ਿਕ ਅਤੇ ਮੌਸਮੀ ਮੇਲਿਆਂ ਬਾਰੇ ਦਸਦਾ ਹੈ ਜੋ ਹਿੰਦੂ ਅਤੇ ਮੁਸਲਮਾਨਾਂ ਦੇ ਪੂਜਾ ਅਸਥਾਨਾਂ 'ਤੇ ਲਗਦੇ ਸਨ। ਲਾਹੌਰ ਵਿਚ ਹੁਸੈਨ ਦਾ ਨਾਟਕ ਪ੍ਰਸਿੱਧ ਸੀ।

ਆਪਣੇ ਫਿਰਕੇ ਦੇ ਭਿੰਨ-ਭੇਦ ਤੋਂ ਬਿਨਾਂ ਰੱਜੇ ਪੁੱਜੇ ਵਿਅਕਤੀ ਅਕਸਰ ਲੋਕ-ਭਲਾਈ ਦੇ ਕੰਮਾਂ ਵਿਚ ਪੁੰਨ ਕਮਾਉਣ ਦੀ ਰੁਚੀ ਪੂਰੀ ਕਰਦੇ ਸਨ। ਇੰਜ ਉਹ ਉਮਰਾ ਅਤੇ ਹਾਕਮਾਂ ਦੀ ਨਕਲ ਹੀ ਕਰਦੇ ਸਨ। ਉਨ੍ਹਾਂ ਮਸੀਤਾਂ, ਪੁਲ, ਸਰਾਵਾਂ ਅਤੇ ਮਕ਼ਬਰੇ ਬਣਵਾਏ, ਤਲਾ ਪੁਟਵਾਏ ਅਤੇ ਬਾਗ਼ ਲਗਵਾਏ; ਖੂਹ ਤੇ ਬਾਉਲੀਆਂ ਉਸਰਵਾਈਆਂ ਅਤੇ ਪ੍ਰਦੇਸੀਆਂ ਤੇ ਗਰੀਬਾਂ ਵਾਸਤੇ ਲੰਗਰ ਲਗਵਾਏ। ਉਨ੍ਹਾਂ ਨੇ ਸ਼ਿਵਦਵਾਰੇ, ਠਾਕਰਦਵਾਰੇ, ਧਰਮਸ਼ਾਲਾਂ ਅਤੇ ਸਮਾਧਾਂ ਬਣਵਾਈਆਂ। ਗਣੇਸ਼ ਦਾਸ ਆਪਣੀਆਂ ਸਮਕਾਲੀ ਕੀਮਤਾਂ ਨਾਲ ਸਾਂਝ ਰੱਖਦਾ ਹੋਇਆ ਲੋਕ ਭਲਾਈ ਅਤੇ ਧਰਮ ਦੇ ਕੰਮਾਂ ਦਾ ਜ਼ਿਕਰ ਕਰਨੋਂ ਨਹੀਂ ਉੱਕਦਾ। ਉਹ ਇਹਨਾਂ ਨੂੰ ਆਪਣੇ ਬਨਾਉਣ ਵਾਲਿਆਂ ਦੀ ਨੇਕਨਾਮੀਂ ਦੀਆਂ ਯਾਦਗਾਰਾਂ ਕਹਿੰਦਾ ਹੈ। ਇਹ ਗਲ ਏਨੀ ਆਮ ਸੀ ਅਤੇ ਇਹਨਾਂ ਪ੍ਰਤੀ ਸਤਿਕਾਰ ਭਾਵਨਾ ਏਨੀ ਪ੍ਰਚਲਤ ਸੀ ਕਿ ਗਣੇਸ਼ ਦਾਸ ਦੇ ਇਹਨਾਂ ਕੰਮਾਂ ਦੇ ਹਵਾਲੇ ਅਜੇਹੇ ਹਨ ਜਿਵੇਂ ਕਿਤੇ ਇਹ ਸਾਰੇ ਦੁਆਬਿਆਂ ਵਿਚ ਬਰਾਬਰ ਸਨ, ਸਿਵਾਏ ਜਲੰਧਰ ਦੁਆਬ ਤੋਂ ਜਿਸ ਬਾਰੇ ਉਹਦੀ ਜਾਣਕਾਰੀ ਬਹੁਤ ਘਟ ਹੈ।

ਗਣੇਸ਼ ਦਾਸ ਲਈ ਪੰਜਾਬ ਦੇ ਲੋਕ ਤਿੰਨਾਂ ਕੌਮੀਅਤਾਂ ਦੇ ਸਨ ਅਰਥਾਤ ਮੁਸਲਮਾਨ, ਸਿੱਖ ਅਤੇ ਹਿੰਦੂ। ਪਹਿਲੀਆਂ ਦੋਹਾਂ ਕੌਮੀਅਤਾਂ ਵਿਚ ਉਹ ਕੋਈ ਫਿਰਕਾਦਾਰਾਨਾ ਜਾਂ ਸਮਾਜਕ ਮੱਤ-ਭੇਦ ਨਹੀਂ ਵੇਖਦਾ। ਉਹ ਅਚੇਤ ਹੀ ਮੁਸਲਮਾਨ ਬੈਰਾਗੀਆਂ ਦੀ ਗੱਲ ਕਰਨ ਲਗ ਪੈਂਦਾ ਹੈ ਪਰ ਇਸ ਗੱਲ ਤੋਂ ਉਹਦੀ ਉਹਨਾਂ ਵਿਚ ਸੀਮਤ ਦਿਲਚਸਪੀ ਦਾ ਅਨੁਮਾਨ ਲਗਦਾ ਹੈ। ਉਸ ਨੂੰ ਹਿੰਦੂ ਮੱਤ ਦੇ ਵਰਣ-ਆਸ਼ਰਮ ਵਿਚ ਵਿਸ਼ਵਾਸ ਹੈ ਅਤੇ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸੂਦਰਾਂ ਦੀ ਇੰਜ ਗੱਲ ਕਰਦਾ ਹੈ ਕਿ ਇਨ੍ਹਾਂ ਨਾਲ ਹਿੰਦੂ ਸਮਾਜ-ਪ੍ਰਬੰਧ ਬਣਿਆ ਹੋਇਆ ਹੈ। ਉਹ ਉਨ੍ਹਾਂ ਲੋਕਾਂ ਦੀ ਗੱਲ ਨਹੀਂ ਕਰਦਾ ਜਿਹੜੇ

ਵਰਣ-ਆਸ਼ਰਮਾਂ ਵਿਚ ਨਹੀਂ ਆਉਂਦੇ । ਉਹਦੀ ਰਚਨਾ ਵਿਚ ਸੂਦਰ, ਕਾਰੀਗਰਾਂ ਅਤੇ ਸ਼ਿਲਪੀਆਂ ਦੇ ਭੇਸ ਵਿਚ ਮਿਲਦੇ ਹਨ । ਗਣੇਸ਼ ਦਾਸ ਦੀਆਂ ਨਜ਼ਰਾਂ ਵਿਚ ਸਰਕਾਰੀ ਨੌਕਰੀ, ਤਜਾਰਤ ਜਾਂ ਵਿਉਪਾਰ ਅਤੇ ਖੇਤੀ ਬਾੜੀ ਤਿੰਨ ਵੱਡੇ ਪੇਸ਼ੇ ਹਨ । ਐਪਰ ਉਹਦੀ ਰਚਨਾ ਵਿਚ ਕੋਈ ਇਕ ਕਸੌਟੀ ਨਹੀਂ ਜਿਸ ਨਾਲ ਉਹ ਪੰਜਾਬ ਦੇ ਲੋਕਾਂ ਨੂੰ ਮਹੱਤਵਪੂਰਨ ਸਮਾਜਕ ਵਰਗਾਂ ਵਿਚ ਵੰਡ ਸਕੇ । ਕਿਸੇ ਪੱਧਰ 'ਤੇ ਇਹ ਕਸੌਟੀ ਧਰਮ ਹੋ ਸਕਦੀ ਹੈ, ਦੂਸਰੇ ਫ਼ਿਰਕਾਦਾਰਾਨਾ ਅਕੀਦਾ ਅਤੇ ਅਮਲ ਅਤੇ ਕਿਸੇ ਹਾਲਤ ਵਿਚ ਇਹ ਕਿਸੇ ਵਰਗ ਦਾ ਪੇਸ਼ਾ ਭੀ ਹੋ ਸਕਦੀ ਹੈ, ਕਿਸੇ ਹੋਰ ਥਾਵੇਂ ਇਹ ਕਸੌਟੀ ਗੋਤ ਜਾਂ ਕਬੀਲਾ ਹੋ ਸਕਦੀ ਹੈ । ਗਣੇਸ਼ ਦਾਸ ਨੇ ਆਪਣੇ ਅਰਥ ਭਰਪੂਰ ਵਰਗਾਂ ਲਈ ਜਿਹੜੇ ਪਦ ਵਰਤੇ ਹਨ, ਉਹ ਕਾਫੀ ਦਿਲਚਸਪ ਹਨ । ਇਹ ਪਦ ਹਨ, ਫ਼ਿਰਕਾ, ਤਬਕਾ, ਗਰੋਹ, ਸੁਅਬਾ, ਕੌਮ ਅਤੇ ਉਰਫ਼ । ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਪਦ ਕੌਮ ਜਾਪਦਾ ਹੈ ਜੋ ਉਸ ਵਰਗ ਲਈ ਵਰਤਿਆ ਜਾਂਦਾ ਹੈ ਜੋ ਗਣੇਸ਼ ਦਾਸ ਲਈ ਸਮਾਜੀ ਤੌਰ 'ਤੇ ਅਰਥ-ਭਰਪੂਰ ਸੀ । ਉਹ ਲੋਕਾਂ ਦੀ ਗੱਲ ਬ੍ਰਾਹਮਣ ਜਾਂ ਜੱਟ ਦਾ ਨਾਂ ਲੈ ਕੇ ਨਹੀਂ ਕਰਦਾ ਸਗੋਂ ਉਹ ਉਨ੍ਹਾਂ ਨੂੰ ਗੋਤ ਜਾਂ ਕਬੀਲੇ ਦੇ ਸਮ ਸਮਝਦਾ ਹੈ ।

ਐਪਰ ਪੰਜਾਬ ਦੇ ਲੋਕਾਂ 'ਚ 'ਖੱਤਰੀ' ਵਰਗ ਅਜੇਹਾ ਹੈ ਜਿਸ ਵਲ ਗਣੇਸ਼ ਦਾਸ ਸਭ ਤੋਂ ਬਹੁਤਾ ਧਿਆਨ ਦਿੰਦਾ ਹੈ । ਸ੍ਰਿਸ਼ਟੀ ਅਤੇ ਬ੍ਰਾਹਮਣਾਂ ਦਾ ਮਿਥਿਹਾਸਕ ਬਿਓਰਾ ਦੇਣ ਪਿਛੋਂ ਗਣੇਸ਼ ਦਾਸ ਰਾਜਾ ਭਰਤ ਦੇ ਸਮੇਂ ਦਾ ਹਵਾਲਾ ਦਿੰਦਾ ਹੈ ਜਦੋਂ ਸਭਿਅਤਾ ਦੇ ਭਿੰਨ ਭਿੰਨ ਕਲਾ-ਰੂਪ ਵਿਕਸਤ ਹੋਏ ਅਤੇ ਸਮਾਜ ਚੌਂਹ ਵਰਣਾਂ ਵਿਚ ਵੰਡਿਆ ਗਿਆ । 'ਖੱਤਰੀ' ਸੂਰਜਬੰਸੀ ਤੇ ਚੰਦਰਬੰਸੀ ਦੋ ਵੱਡੇ ਵਰਗਾਂ ਵਿਚ ਵੰਡੇ ਗਏ । ਇਹਨਾਂ ਦੇ ਪਤਨ ਤੋਂ ਬਾਅਦ ਰਾਜਪੂਤ ਆ ਗਏ । ਉਹਨਾਂ ਵਿਚੋਂ ਬਹੁਤ ਸਾਰਿਆਂ ਨੇ ਮਾਤਹਿਤ ਦਰਜਾ ਕਬੂਲ ਕਰ ਲਿਆ ਅਤੇ ਜਿਨ੍ਹਾਂ ਲੋਕਾਂ ਨੇ ਰਾਜਪੂਤਾਂ ਦੀ ਵਡਿਆਈ ਨੂੰ ਮੰਨਣ ਤੋਂ ਇਨਕਾਰ ਕੀਤਾ ਉਹ ਹਿੰਦੋਸਤਾਨ 'ਚੋਂ ਆਪਣੇ ਘਰ ਛੱਡ ਕੇ ਪੰਜਾਬ ਵਿਚ ਪ੍ਰਵਾਸ ਕਰਨ 'ਤੇ ਮਜਬੂਰ ਹੋਏ । ਇਥੇ ਆ ਕੇ ਉਨ੍ਹਾਂ ਨੌਕਰੀ, ਤਜਾਰਤ, ਵਪਾਰ, ਦੁਕਾਨਦਾਰੀ, ਬਜ਼ਾਜ਼ੀ ਅਤੇ ਸ਼ਾਹੂਕਾਰਾ ਆਦਿ ਪੇਸ਼ੇ ਅਖ਼ਤਿਆਰ ਕੀਤੇ । ਸੁਲਤਾਨਾਂ ਨੇ ਉਨ੍ਹਾਂ ਦੀ ਲਿਆਕ਼ਤ ਨੂੰ ਵੇਖਿਆ ਅਤੇ ਉਨ੍ਹਾਂ ਨੂੰ ਫ਼ਾਰਸੀ ਸਿੱਖਣ ਅਤੇ ਸਰਕਾਰ ਦੀ ਨੌਕਰੀ ਪਰਵਾਨ ਕਰਨ ਲਈ ਉਤਸ਼ਾਹ ਦਿੱਤਾ । ਅਜੇਹੀ ਸੁਪ੍ਰਸਤੀ ਕਾਰਨ ਉਨ੍ਹਾਂ ਨੇ ਰਾਜ-ਪ੍ਰਬੰਧ ਵਿਚ ਉੱਚੇ ਅਹੁਦੇ ਹਾਸਲ ਕੀਤੇ ਖਾਸ ਕਰਕੇ ਮੁਗ਼ਲ ਕਾਲ ਵਿਚ । ਸਿੱਖ ਰਾਜ ਦੇ ਸ਼ੁਰੂ ਵਿਚ ਉਨ੍ਹਾਂ ਨੂੰ ਕੁਝ ਧੱਕਾ ਲੱਗਾ ਪਰ ਆਖ਼ਰਕਾਰ ਉਨ੍ਹਾਂ ਦੇ ਗੁਣਾਂ ਨੂੰ ਪਛਾਣ ਲਿਆ ਗਿਆ ਅਤੇ ਸਿਖ-ਰਾਜ-ਪ੍ਰਬੰਧ ਵਿਚ ਹੌਲੀ ਹੌਲੀ ਉਨ੍ਹਾਂ ਦੀ ਮਹੱਤਤਾ ਵਧਦੀ ਗਈ । ਉਹ ਮੁਨਸ਼ੀਆਂ, ਮੁਤਸੱਦੀਆਂ ਅਤੇ ਕਾਨੂੰਗੋਆਂ ਦੇ ਅਹੁਦੇ ਗੁਆਉਣ ਤੋਂ ਬਿਨਾਂ ਵਕੀਲ, ਕਾਰਦਾਰ, ਕਮਾਂਡਰ, ਨਾਜ਼ਿਮ ਅਤੇ ਦੀਵਾਨ ਬਣ ਗਏ ।

ਗਣੇਸ਼ ਦਾਸ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿਚ ਰਹਿਣ ਵਾਲੇ ਬਹੁਤ ਸਾਰੇ ਖੱਤਰੀ ਪਰਿਵਾਰਾਂ ਦਾ ਜਾਣ ਬੁਝ ਕੇ ਹਵਾਲਾ ਦਿੰਦਾ ਹੈ । ਇਹ ਥਾਵਾਂ ਹਨ : ਕਲਿਆਣ, ਰੁਹਤਾਸ, ਬਹਿਲੋਲਪੁਰ, ਜਲਾਲ ਪੁਰ, ਦੌਲਤਾਨਗਰ, ਹਾਜੀ ਵਾਲਾ, ਗੁਜਰਾਤ, ਹੈਰਾਤ, ਡਿੰਗਾ, ਆਕਿਆ, ਲਖਨਵਾਲ, ਭਾਗੋਵਾਲ, ਇਸਲਾਮ ਗੜ੍ਹ, ਮਾਖੋਵਾਲ, ਵੜਾਇਚ, ਸਿਆਲਕੋਟ, ਵਜ਼ੀਰਾਬਾਦ, ਐਮਨਾਬਾਦ, ਡਸਕਾ ਨਿਧਾਨ ਸਿੰਘ ਵਾਲਾ, ਪਸਰੂਰ, ਬੂਚਾ, ਪਿੰਡੀ ਭੱਟੀਆਂ, ਮੱਲ੍ਹੀਆਂ, ਸ਼ੇਖ਼ੂਪੁਰਾ, ਬਟਾਲਾ, ਕਲਾਨੌਰ, ਡੇਰਾ ਬਾਬਾ ਨਾਨਕ, ਪੱਟੀ, ਕਸੂਰ, ਜਲੰਧਰ, ਨਵਾਂ ਸ਼ਹਿਰ, ਅੰਮ੍ਰਿਤਸਰ ਅਤੇ ਲਾਹੌਰ ਆਦਿ । ਪੰਜਾਬ ਵਿਚ ਸ਼ਾਇਦ ਹੀ ਕੋਈ ਐਸਾ ਕਸਬਾ ਜਾਂ ਸ਼ਹਿਰ ਹੋਵੇਗਾ ਜਿੱਥੇ ਖੱਤਰੀਆਂ ਦੇ ਘਰ ਨਾ ਹੋਣ । ਕਈਆਂ ਪਰਗਣਿਆਂ ਵਿਚ ਉਹ ਜੱਦੀ ਕਾਨੂੰਗੋ ਸਨ ਜਿਵੇਂ ਰੁਹਤਾਸ ਵਿਚ ਘਈ; ਬਹਿਲੋਲਪੁਰ, ਸਿਆਲਕੋਟ ਅਤੇ ਗੁਜਰਾਤ ਵਿਚ ਵਡਹਿਰੇ; ਜਲਾਲਪੁਰ ਵਿਚ ਸੋਬਤੀ, ਵਜ਼ੀਰਾਬਾਦ ਵਿਚ ਸਾਹਨੀ, ਐਮਨਾਬਾਦ ਵਿਚ ਨੰਦੇ, ਬੂਚਾ ਚੱਠਾ ਵਿਚ ਚੋਪੜੇ, ਸ਼ੇਖ਼ੂਪੁਰਾ ਵਿਚ ਲਖਵਰ੍ਹੇ, ਲਾਹੌਰ ਵਿਚ ਚੋਪੜੇ, ਬਟਾਲਾ ਵਿਚ ਪੁਰੀ, ਕਲਾਨੌਰ ਵਿਚ ਤੁੱਲੀ, ਪੱਟੀ ਵਿਚ ਬੇਦੀ

ਅਤੇ ਮਹਿਤੇ, ਜਲੰਧਰ ਵਿਚ ਸਹਿਗਲ ਅਤੇ ਥਾਪਰ । ਇਹ ਸੂਚੀ ਪੂਰੀ ਨਹੀਂ । ਐਪਰ ਇਹ ਗੱਲ ਵੀ ਦੱਸਣ ਵਾਲੀ ਹੈ ਕਿ ਗਣੇਸ਼ ਦਾਸ ਨੇ ਕਈ ਬ੍ਰਾਹਮਣ ਅਤੇ ਮੁਸਲਮਾਨ ਕਾਨੂੰਗੋਆਂ ਦਾ ਵੀ ਜ਼ਿਕਰ ਕੀਤਾ ਹੈ ਪਰ ਖੱਤਰੀਆਂ ਵਿਚ ਉਹਦੀ ਦਿਲਚਸਪੀ ਸਭ ਤੋਂ ਜ਼ਿਆਦਾ ਹੈ । ਗਣੇਸ਼ ਦਾਸ ਜ਼ਰੂਰ ਪ੍ਰਭਾਵ ਦਿੰਦਾ ਹੈ ਕਿ ਉਹ ਪੰਜਾਬ ਦੇ ਹਾਕਮ ਅਰਥਾਤ ਅੰਗਰੇਜ਼ਾਂ ਸਾਹਮਣੇ ਖੱਤਰੀਆਂ ਦੀ ਵਕਾਲਤ ਕਰ ਰਿਹਾ ਹੈ । 'ਇਸ ਕੌਮ ਸਿਰ ਹੁਕਮ ਅਦੂਲੀ ਦਾ ਇਲਜ਼ਾਮ ਕਦੇ ਨਹੀਂ ਲੱਗਾ । ਖੱਤਰੀ ਆਪਣੇ ਮਾਲਿਕਾਂ ਦੀ ਰੱਬ ਵਾਂਗ ਪੂਜਾ ਕਰਦੇ ਹਨ । ਉਹਨਾਂ ਲਈ ਹਾਕਮ ਦਾ ਹੁਕਮ ਰੱਬ ਦੇ ਹੁਕਮ ਵਰਗਾ ਹੈ । ਉਹਨਾਂ ਨੇ ਮੁਗ਼ਲ ਅਤੇ ਸਿੱਖ ਹਾਕਮਾਂ ਦੀ ਬੜੀ ਵਧੀਆ ਖ਼ਿਦਮਤ ਕੀਤੀ । ਉਹ ਅੰਗਰੇਜ਼ਾਂ ਦੀ ਨੌਕਰੀ ਕਰਨ ਤੋਂ ਇਸ ਡਰ ਕਾਰਨ ਝਿਜਕਦੇ ਸਨ ਕਿ ਸ਼ਾਇਦ ਅੰਗਰੇਜ਼ ਉਹਨਾਂ ਨੂੰ ਉਹ ਸਤਿਕਾਰ ਅਤੇ ਇਜ਼ਤ ਨਾ ਦੇਵੇ ਜੋ ਉਹਨਾਂ ਨੂੰ ਮਿਲਣੀ ਚਾਹੀਦੀ ਹੈ । ਇਸ ਗਲ ਦੀ ਜ਼ਿਮੇਂਵਾਰੀ ਨਵੇਂ ਹਾਕਮਾਂ 'ਤੇ ਆਉਂਦੀ ਹੈ ਕਿ ਉਹ ਪੰਜਾਂ ਦਰਿਆਵਾਂ ਦੀ ਧਰਤੀ ਦੇ ਖੱਤਰੀਆਂ ਵਿਚ ਯੋਗ ਅਤੇ ਵਫ਼ਾਦਾਰ ਨੌਕਰ ਲੱਭ ਲੈਣ ।

ਖੱਤਰੀਆਂ ਨੇ ਸਰਕਾਰ ਦੇ ਕਰਮਚਾਰੀਆਂ ਅਤੇ ਤਾਜਰਾਂ, ਸ਼ਾਹੂਕਾਰਾਂ ਅਤੇ ਵਿਉਪਾਰੀਆਂ ਵਜੋਂ ਚੰਗੀ ਜਾਇਦਾਦ ਬਣਾਈ ਅਤੇ ਉਹ ਅਕਸਰ ਆਪਣੀਆਂ ਬੱਚਤਾਂ ਜ਼ਮੀਨੀ ਜਾਇਦਾਦ ਵਿਚ ਲਾਉਂਦੇ ਸਨ । ਹਰ ਹਾਲਤ ਵਿਚ ਗਣੇਸ਼ ਦਾਸ ਮੁਗ਼ਲ ਅਤੇ ਸਿੱਖ ਕਾਲ ਵਿਚ ਖੱਤਰੀਆਂ ਅਤੇ ਹੋਰਨਾਂ ਲੋਕਾਂ ਵਲੋਂ ਖਰੀਦੀ ਜ਼ਮੀਨ ਦਾ ਜ਼ਿਕਰ ਕਰਦਾ ਹੈ । ਮਿਸਾਲ ਦੇ ਤੌਰ 'ਤੇ ਵਧਾਵਨ ਖੱਤਰੀਆਂ ਨੇ ਫ਼ਰੁਖਸੀਅਰ ਦੇ ਰਾਜ ਵਿਚ ਗੁਜਰਾਤ ਦੇ ਪਰਗਣੇ ਵਿਚ ਪਿੰਡ ਬਾਠ ਖਰੀਦਿਆ ਸੀ । ਬਹੁਤੇ ਖੱਤਰੀ ਪਰਿਵਾਰਾਂ ਕੋਲ ਜ਼ਮੀਨਾਂ ਦੇ ਮਲਕੀਅਤੀ ਹੱਕ ਮੌਜੂਦ ਸਨ । ਚੱਬ ਦੁਆਬ ਵਿਚ ਜਲਾਲ ਪੁਰ ਸੋਬਤੀਆਂ ਸ਼ਹਿਰ ਅਤੇ ਕਾਸਿਮ ਪੁਰ ਲੱਖੂ ਪਿੰਡ ਸੋਬਤੀ ਖੱਤਰੀਆਂ ਦੀ ਮਲਕੀਅਤ ਵਿਚ ਸੀ । ਆਕਿਆ ਦਾ ਤਪਾ ਵੀ ਜੱਦੀ ਤੌਰ 'ਤੇ ਉਹਨਾਂ ਦਾ ਸੀ । ਦੌਲਤਾਨਗਰ ਖਾਸ ਦੀ ਜ਼ਿਮੀਂਦਾਰੀ ਹਾਂਡਾ ਖੱਤਰੀਆਂ ਕੋਲ ਸੀ । ਦੌਲਤਾਨਗਰ ਦੇ ਟੱਪ ਵਿਚ ਪਿੰਡ ਆਲਮਗੀਰ ਪੁਰ ਘੁੰਮਣ ਦੁੱਗਲ ਖੱਤਰੀਆਂ ਕੋਲ ਸੀ । ਟੱਪ ਕੜਿਆਂਵਾਲਾ ਭੱਲਾ ਖੱਤਰੀਆਂ ਦੀ ਮਲਕੀਅਤ ਸੀ । ਗੁਜਰਾਤ ਦੇ ਪਰਗਣੇ ਵਿਚ ਕਈਆਂ ਪਿੰਡਾਂ ਦੇ ਮਾਲਿਕ ਵਧਾਵਨ ਖੱਤਰੀ ਸਨ । ਵਡਹਿਰਾ ਖੱਤਰੀ ਗੁਜਰਾਤ ਅਤੇ ਹੈਰਾਤ ਦੇ ਜ਼ਿਮੀਂਦਾਰ ਸਨ । ਵਜ਼ੀਰਾਬਾਦ ਵਿਚ ਮੁੱਢਲੀ ੧੯ਵੀਂ ਸਦੀ ਵਿਚ ਉਹ ਰਸੂਮ-ਏ-ਧਰਤ ਪ੍ਰਾਪਤ ਕਰਦੇ ਹੁੰਦੇ ਸਨ । ਮਹਿਰਾ ਖੱਤਰੀ ਤਖ਼ਤ ਹਜ਼ਾਰੇ ਦੇ ਜ਼ਿਮੀਂਦਾਰ ਸਨ । ਕੁੰਜਾਹ ਕਸਬੇ ਦੀ ਕੁਝ ਜ਼ਮੀਨ 'ਤੇ ਨੱਈਅਰ ਖੱਤਰੀਆਂ ਦਾ ਮਲਕੀਅਤੀ ਹੱਕ ਸੀ । ਪਿੰਡ ਘੜਤਖਾਸਾ ਪੁਰੀ ਖੱਤਰੀਆਂ ਦੇ ਮਲਕੀਅਤੀ ਹੱਕ ਵਿਚ ਸੀ । ਇਹ ਮਿਸਾਲਾਂ ਇਹ ਗੱਲ ਦਰਸਾਉਣ ਲਈ ਕਾਫ਼ੀ ਹਨ ਕਿ ਸਿੱਖ ਕਾਲ ਵਿਚ ਖੱਤਰੀ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਚੋਖੇ ਰਕਬੇ ਵਾਲੀ ਜ਼ਮੀਨ ਦੇ ਮਾਲਕ ਸਨ ।

ਐਪਰ ਖੱਤਰੀ ਪੰਜਾਬ ਵਿਚ ਕਿਸੇ ਤਰ੍ਹਾਂ ਵੀ ਸਭ ਤੋਂ ਮਹੱਤਵਪੂਰਨ ਜ਼ਮੀਨ ਦੇ ਮਾਲਕ ਨਹੀਂ ਸਨ । ਗਣੇਸ਼ ਦਾਸ ਆਪ ਜ਼ਮੀਨ ਦੇ ਮਾਲਕਾਂ ਦੀਆਂ ਕਈ ਹੋਰ ਸ਼ਰੇਣੀਆਂ ਦਾ ਜ਼ਿਕਰ ਕਰਦਾ ਹੈ । ਮਿਸਾਲ ਦੇ ਤੌਰ 'ਤੇ ਪਰਗਣਾ ਗੁਜਰਾਤ ਦੇ ਖਾਰੀਆਂ ਦੇ ਮਾਲਿਕ ਗੁੱਜਰ ਸਨ । ਰਚਨਾ ਦੁਆਬ ਦੇ ਮੁਰਾਲੀਵਾਲਾ ਸ਼ਹਿਰ ਅਤੇ ਬਾਰੀ ਦੁਆਬ ਦੇ ਪੱਟੀ ਸ਼ਹਿਰ ਮੁਗ਼ਲਾਂ ਦੀ ਮਲਕੀਅਤ ਸਨ । ਜਲੰਧਰ ਦੁਆਬ ਵਿਚ ਰੰਗੜ ਰਾਜਪੂਤ ਰਾਹੋਂ ਦੇ ਮਾਲਿਕ ਸਨ । ਜੰਮੂ ਇਲਾਕੇ ਵਿਚ ਚਪਰਾੜ ਤਪੇ ਦੇ ਮਾਲਿਕ ਮਿਨਹਾਸ ਸਨ । ਗਣੇਸ਼ ਦਾਸ ਇਲਾਕਾ ਰਸੂਲ ਨਗਰ ਦੇ ਚੱਠਾ ਜ਼ਿਮੀਂਦਾਰਾਂ ਦਾ ਜ਼ਿਕਰ ਕਰਦਾ ਹੈ । ਉਹ ਬਹੁਤ ਸਾਰੇ ਜੱਟ ਜ਼ਿਮੀਂਦਾਰਾਂ ਦਾ ਵੀ ਹਵਾਲਾ ਦਿੰਦਾ ਹੈ ਜਿਵੇਂ ਘੁੰਮਣ, ਚੀਮੇਂ, ਅਵਾਨ ਅਤੇ ਬਾਜਵੇ ਸਿਆਲਕੋਟ ਵਿਚ ਅਤੇ ਢਿਲੋਂ ਬਾਰੀ ਦੁਆਬ ਵਿਚ । ਅਸਲ ਵਿਚ ਗਣੇਸ਼ ਦਾਸ ਜੱਟਾਂ ਦੇ ਮਲਕੀਅਤੀ ਹੱਕਾਂ ਬਾਰੇ ਕੋਈ ਸ਼ੱਕ ਨਹੀਂ ਰਹਿਣ ਦਿੰਦਾ । ਉਹ ਪੰਜਾਬ ਦੀ ਖੇਤੀ ਬਾੜੀ ਵਾਲੀ ਬਹੁਤੀ ਭੂਮੀ ਦੇ ਮਾਲਿਕ ਸਨ ।

ਗਣੇਸ਼ ਦਾਸ ਦੀ ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਦੀ ਇਤਲਾਹ ਨੂੰ ਜੇ ਜੋੜ ਲਿਆ ਜਾਏ

ਤਾਂ ਉਹ ਸਿੱਖ ਰਾਜ 'ਤੇ ਅਰਥ ਭਰਪੂਰ ਟਿਪਣੀ ਬਣ ਜਾਂਦੀ ਹੈ । ਉਹ ਦੇ ਵੇਲੇ ਅਟਕ ਦੇ ਕਿਲ੍ਹੇ ਵਿਚ ਫੌਜ ਬੈਠੀ ਸੀ ਪਰ ਅਟਕ ਸ਼ਹਿਰ ਖਾਲੀ ਪਿਆ ਸੀ । ਇਸੇ ਤਰ੍ਹਾਂ ਦਾਂਗਲੀ (ਜਿਸ ਦਾ ਪਾਠ ਵਾਂਗਲੀ ਲਿਖਿਆ ਹੋਇਆ ਹੈ) ਉਜੜਿਆ ਪਿਆ ਸੀ । ਅਜੇਹੇ ਸ਼ਹਿਰਾਂ ਦੀਆਂ ਹੋਰ ਮਿਸਾਲਾਂ ਲੱਭਣੀਆਂ ਮੁਮਕਿਨ ਹਨ ਜਿਹੜੇ ਕਿ ਮੁਗ਼ਲ ਕਾਲ ਦੇ ਦੌਰਾਨ ਖੁਸ਼ਹਾਲ ਸਨ ਪਰ ਜਿਹੜੇ ਪੰਜਾਬ ਵਿਚ ਵਿਰੋਧੀ ਦਾਵੇਦਾਰਾਂ ਮੁਗ਼ਲਾਂ, ਅਫ਼ਗਾਨਾਂ, ਮਰਹੱਟਿਆਂ ਅਤੇ ਸਿੱਖਾਂ ਆਦਿ ਵਿਚਕਾਰ ਰਾਜਸੀ ਲੜਾਈ ਦੇ ਕਾਰਨ ਡਿਗ ਪਏ । ਸਿੱਖਾਂ ਦੇ ਸ਼ਹਿਰਾਂ ਅਤੇ ਕਸਬਿਆਂ 'ਤੇ ਆਪਣਾ ਕਬਜ਼ਾ ਸਥਾਪਤ ਕਰਨ ਨਾਲ ਵਸੋਂ ਦੀ ਪੁਰਾਣੀ ਖੁਸ਼ਹਾਲੀ ਪਰਤ ਆਈ । ਮਿਸਾਲ ਦੇ ਤੌਰ ਤੇ ਗੁਜਰਾਤ ਵਿਚ ਗੁੱਜਰ ਸਿੰਘ ਭੰਗੀ ਨੇ ਪੁਰਾਣੇ ਨਿਵਾਸੀਆਂ ਨੂੰ ਆਪਣੀਆਂ ਪਹਿਲੀਆਂ ਥਾਵਾਂ ਅਤੇ ਪੇਸ਼ਿਆਂ 'ਤੇ ਵਾਪਸ ਪਰਤਣ ਲਈ ਮਨਾ ਕੇ ਸ਼ਹਿਰ ਨੂੰ ਦੋਬਾਰਾ ਅਬਾਦ ਕੀਤਾ ਅਤੇ ਇਸ ਤੋਂ ਬਿਨਾਂ ਹੋਰਨਾਂ ਨੂੰ ਵੀ ਇਸ ਸ਼ਹਿਰ ਵਿਚ ਵੱਸਣ ਲਈ ਉਤਸ਼ਾਹਿਤ ਕੀਤਾ । ਇਸੇ ਤਰ੍ਹਾਂ ਹੀ ਅਹਿਮਦ-ਸ਼ਾਹ ਅਬਦਾਲੀ ਦੇ ਸਮੇਂ ਸਿੱਖਾਂ ਨੇ ਪਹਿਲਾਂ ਸਿਆਲਕੋਟ ਮਾਰਿਆ ਅਤੇ ਲੁੱਟਿਆ, ਬਾਅਦ ਵਿਚ ਜਦੋਂ ਜੀਵਨ ਸਿੰਘ, ਸਾਹਿਬ ਸਿੰਘ, ਨੱਥਾ ਸਿੰਘ ਅਤੇ ਮੋਹਰ ਸਿੰਘ ਨੇ ਇਸ 'ਤੇ ਕਬਜ਼ਾ ਕੀਤਾ ਤਾਂ ਸ਼ਹਿਰ ਵਿਚ ਦੋਬਾਰਾ ਆਬਾਦੀ ਨੂੰ ਲਿਆਂਦਾ । ਵਜ਼ੀਰਾਬਾਦ ਸ਼ਹਿਰ ਦੀ ਵੀ ਸ਼ੁਰੂ ਵਿਚ ਅਧੋਗਤੀ ਹੋਈ ਪਰ ਪਿੱਛੋਂ ਗੁਰਬਖਸ਼ ਸਿੰਘ ਵੜਾਇਚ ਅਤੇ ਉਹਦੇ ਪੁੱਤਰ ਜੋਧ ਸਿੰਘ ਨੇ ਇਸ ਸ਼ਹਿਰ ਨੂੰ ਨਵਾਂ ਜੀਵਨ ਬਖਸ਼ਿਆ । ਇਹ ਪਹਿਲਾਂ ਹੀ ਖੁਸ਼ਹਾਲ ਸ਼ਹਿਰ ਸੀ ਅਤੇ ਰਣਜੀਤ ਸਿੰਘ ਦੇ ਰਾਜ ਵਿਚ ਅਵੀਤਾਬੀਲ ਨੇ ਮੁਰੰਮਤ ਅਤੇ ਨਵੀਂ ਉਸਾਰੀ ਰਾਹੀਂ ਇਹਦੀ ਸ਼ੋਭਾ ਵਿਚ ਵਾਧਾ ਕੀਤਾ । ਸਭ ਤੋਂ ਪਰਤੱਖ ਅਤੇ ਸਭ ਤੋਂ ਵਧੀਆ ਬਰਬਾਦੀ ਅਤੇ ਮੁੜ ਵਸਾਈ ਦੀ ਮਿਸਾਲ ਰਾਜਧਾਨੀ ਲਾਹੌਰ ਸ਼ਹਿਰ ਦੀ ਮਿਲਦੀ ਹੈ । ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਦੌਰਾਨ ਅਤੇ ਖਾਲਸੇ ਦੀ ਚੜ੍ਹਤ ਦੇ ਸਮੇਂ ਸ਼ਹਿਰ ਬਿਲਕੁਲ ਤਬਾਹ ਹੋ ਗਿਆ ਸੀ । ਸ਼ਹਿਰ ਦੀ ਫ਼ਸੀਲ ਤੋਂ ਬਾਹਰ ਦੀਆਂ ੧੨ ਗੁਜ਼ਰਾਂ ਜਾਂ ਆਬਾਦੀਆਂ ਪੂਰੀ ਤਰ੍ਹਾਂ ਮਲੀਆ ਮੇਟ ਕਰ ਦਿੱਤੀਆਂ ਗਈਆਂ ਸਨ । ਸ਼ਹਿਰ ਦੀ ਫ਼ਸੀਲ ਦੇ ਅੰਦਰਵਾਰ ਨੌਂ ਗੁਜ਼ਰਾਂ ਦੀਆਂ ਕੇਵਲ ਕੁਝ ਇਕ ਇਮਾਰਤਾਂ ਹੀ ਸਾਬਤ ਰਹੀਆਂ । ਜਦੋਂ ਸਿੱਖ ਸਰਦਾਰਾਂ ਨੇ ਸ਼ਹਿਰ 'ਤੇ ਕਬਜ਼ਾ ਕੀਤਾ ਤਾਂ ਉਹਨਾਂ ਇਹਦੀ ਪੁਨਰ ਉਸਾਰੀ 'ਤੇ ਵੀ ਬਹੁਤ ਧਿਆਨ ਦਿੱਤਾ । ਰਣਜੀਤ ਸਿੰਘ ਇਸ ਸ਼ਹਿਰ ਨੂੰ ਇਸ ਦੀ ਪਹਿਲੀ ਸ਼ਾਨ 'ਤੇ ਲੈ ਆਇਆ । ਕਿਲ੍ਹੇ ਅਤੇ ਮਹੱਲਾਂ ਦੀ ਮੁਰੰਮਤ ਕਰਵਾਈ ਅਤੇ ਸ਼ਹਿਰ ਦੇ ਦੁਆਲੇ ਨਵੀਂ ਫ਼ਸੀਲ ਬਣਵਾਈ । ਨਵੀਆਂ ਇਮਾਰਤਾਂ, ਬਾਗ਼, ਖੂਹ, ਬੌਲੀਆਂ ਅਤੇ ਪੂਜਾ ਅਸਥਾਨ ਬਣਵਾਏ । ਕੋਈ ਹੀ ਐਸਾ ਦਰਬਾਰੀ ਹੋਣਾ ਹੈ ਜਿਸ ਦੀ ਲਾਹੌਰ ਸ਼ਹਿਰ ਵਿਚ ਇਮਾਰਤ ਜਾਂ ਬਾਗ਼ ਨਾ ਹੋਵੇ । ਸ਼ਹਿਰ ਦੇ ਅਮੀਰ ਅਤੇ ਸ਼ਾਹੂਕਾਰ ਲੋਕਾਂ ਨੇ ਵੀ ਦਰਬਾਰੀਆਂ ਅਤੇ ਰਾਜਪ੍ਰਬੰਧਕਾਂ ਦੀ ਨਕਲ ਕੀਤੀ । ਇਹ ਗਲ ਵੀ ਦੱਸਣੀ ਚਾਹੀਦੀ ਹੈ ਕਿ ਸਿੱਖ ਕਾਲ ਵਿਚ ਬਹੁਤ ਸਾਰੇ ਪੁਰਾਣੇ ਸ਼ਹਿਰ ਵਡੇਰੇ ਬਣ ਗਏ ਅਤੇ ਬਹੁਤ ਸਾਰੇ ਨਵੇਂ ਸ਼ਹਿਰ ਹੋਂਦ ਵਿਚ ਆਏ । ਮਿਸਾਲ ਦੇ ਤੌਰ 'ਤੇ ਰਾਵਲਪਿੰਡੀ ਛੋਟੇ ਜਿਹੇ ਪਿੰਡ ਤੋਂ ਵੱਡਾ ਸ਼ਹਿਰ ਮਿਲਖਾ ਸਿੰਘ ਥੇਹਪੁਰੀਆ ਦੇ ਪ੍ਰਬੰਧ ਹੇਠ ਬਣਿਆ । ਕਿਉਂਕਿ ਸਰਦਾਰ ਬਹੁਤ ਜ਼ਿਆਦਾ ਲਿਹਾਜ਼ ਕਰਦਾ ਸੀ ਇਸ ਲਈ ਸੌਦਾਗਰ ਅਤੇ ਵਿਉਪਾਰੀ ਅਤੇ ਹੋਰ ਲੋਕ ਏਥੋਂ ਦੇ ਵਸਨੀਕ ਬਣਨ ਲਈ ਬਹੁਤ ਗਿਣਤੀ ਵਿਚ ਆ ਗਏ : ਹਰੀ ਸਿੰਘ ਨਲੂਏ ਨੇ ਹਜ਼ਾਰਾਂ ਦੀਆਂ ਪਹਾੜੀਆਂ ਵਿਚ ਹਰੀ ਪੁਰ ਵਸਾਇਆ ਜੋ ਸ਼ਹਿਰ ਬਣ ਗਿਆ । ਮੀਹਾਂ ਸਿੰਘ ਨੇ ਕਿਲ੍ਹਾ ਮੀਹਾਂ ਸਿੰਘ ਵਸਾਇਆ ਜਿਹੜਾ ਰਣਜੀਤ ਸਿੰਘ ਅਤੇ ਉਹਦੇ ਉੱਤਰ-ਅਧਿਕਾਰੀਆਂ ਦੇ ਰਾਜ ਵਿਚ ਕਸ਼ਮੀਰ ਦਾ ਪ੍ਰਸਿੱਧ ਨਾਜ਼ਿਮ ਸੀ । ੧੮ਵੀਂ ਸਦੀ ਦੇ ਅਖੀਰ ਵਿਚ ਅਤੇ ੧੯ਵੀਂ ਸਦੀ ਦੇ ਮੁੱਢ ਵਿਚ ਡੇਰਾ ਬਾਬਾ ਨਾਨਕ ਚੋਖੀ ਮਹੱਤਤਾ ਵਾਲਾ ਸ਼ਹਿਰ ਬਣ ਗਿਆ । ਅਲੀ ਪੁਰ ਪਿੰਡ ਵਧ ਕੇ ਅਕਾਲਗੜ੍ਹ ਕਸਬਾ ਬਣ ਗਿਆ । ਸਿੱਖ ਕਾਲ ਵਿਚ ਸ਼ਹਿਰ ਵਸਣ ਦੀ ਸ਼ਾਇਦ ਸਭ ਤੋਂ ਜ਼ਿਆਦਾ ਦਿਲਕਸ਼ ਮਿਸਾਲ ਅੰਮ੍ਰਿਤਸਰ ਦੀ ਹੈ ਜੋ ਸਿੱਖ ਰਾਜ ਸਮੇਂ ਛੋਟੇ ਜਿਹੇ ਕਸਬੇ (ਜੋ ਲਾਹੌਰ ਸ਼ਹਿਰ ਦੀ ਰਾਜਧਾਨੀ ਤੋਂ ਸਿਰਫ਼ ੩੫ ਮੀਲ ਦੇ

ਫ਼ਾਸਲੇ 'ਤੇ ਹੈ) ਤੋਂ ਸਿੱਖ ਰਾਜ ਦਾ ਸਭ ਤੋਂ ਵੱਡਾ ਸ਼ਹਿਰ ਬਣ ਗਿਆ ਅਤੇ ਅੰਮ੍ਰਿਤਸਰ ਵਿਚ ਸਾਰੇ ਦੇਸ਼ਾਂ ਦੇ ਵਿਉਪਾਰੀਆਂ ਅਤੇ ਸੌਦਾਗਰਾਂ ਦੇ ਘਰ ਸਨ । 'ਅੱਜ ਸਾਰੇ ਪੰਜਾਬ ਵਿਚ ਅੰਮ੍ਰਿਤਸਰ ਵਰਗਾ ਹੋਰ ਕੋਈ ਸ਼ਹਿਰ ਨਹੀਂ ਹੈ ।'

ਗਣੇਸ਼ ਦਾਸ ਨੂੰ ਇੰਜ ਜਾਪਦਾ ਹੈ ਕਿ ਕਸਬਿਆਂ ਅਤੇ ਸ਼ਹਿਰਾਂ ਦਾ ਵਿਕਾਸ ਵਿਸ਼ੇਸ਼ ਕਰਕੇ ਲੋਕਾਂ ਦੇ ਦੋ ਵਰਗਾਂ ਅਰਥਾਤ ਵਿਉਪਾਰੀਆਂ ਅਤੇ ਸ਼ਿਲਪੀਆਂ ਨਾਲ ਸੰਬੰਧਤ ਹੈ । ਮਿਸਾਲ ਦੇ ਤੌਰ 'ਤੇ ਚੌਧਰੀ ਵਲੀ ਦਾਦ ਨੇ ਬਹੁਤ ਸਾਰੇ ਖੱਤਰੀਆਂ ਅਤੇ ਕਾਰੀਗਰਾਂ ਨੂੰ ਡਿੰਗਾ ਵਿਚ ਵੱਸਣ ਲਈ ਮਨਾ ਲਿਆ ਅਤੇ ਇੰਜ ਇਹ ਮਸ਼ਹੂਰ ਸ਼ਹਿਰ ਬਣ ਗਿਆ । ਗਣੇਸ਼ ਦਾਸ ਜਲਾਲਪੁਰ ਨੂੰ ਛੋਟਾ ਸ਼ਹਿਰ ਮੰਨਦਾ ਹੈ । ਇੱਥੇ ਹਰ ਗੋਤ ਦੇ ਖੱਤਰੀ ਅਤੇ ਹਰ ਸ਼ਿਲਪ ਦੇ ਕਾਰੀਗਰ ਸਨ । ਜਦੋਂ ਰੁਲਿਆਲਾ ਸ਼ਹਿਰ ਖੁਸ਼ਹਾਲ ਸੀ ਤਾਂ ਏਥੇ ਬਹੁਤ ਸਾਰੇ ਸ਼ਿਲਪੀ ਰਹਿੰਦੇ ਸਨ । ਜਿਵੇਂ ਕਿ ਉਮੀਦ ਕੀਤੀ ਜਾ ਸਕਦੀ ਹੈ ਕਿ ਲਾਹੌਰ ਸ਼ਹਿਰ ਵਿਚ ਕਾਰੀਗਰਾਂ ਅਤੇ ਸ਼ਿਲਪੀਆਂ ਦੀ ਬਹੁਤ ਵੱਡੀ ਗਿਣਤੀ ਸੀ । ਖੱਤਰੀਆਂ ਵਿਚ ਆਪਣੀ ਡੂੰਘੀ ਦਿਲਚਸਪੀ ਦੇ ਬਾਵਜੂਦ ਗਣੇਸ਼ ਦਾਸ ਇਹ ਪ੍ਰਭਾਵ ਨਹੀਂ ਦਿੰਦਾ ਕਿ ਕੇਵਲ ਖੱਤਰੀ ਹੀ ਪੰਜਾਬ ਦੇ ਕਸਬਿਆਂ ਅਤੇ ਸ਼ਹਿਰਾਂ ਦੇ ਧਨੀ ਲੋਕ ਸਨ । ਉਹ ਜਿਹੜੀਆਂ ਥਾਵਾਂ ਦਾ ਵਰਨਣ ਕਰਦਾ ਹੈ ਉਸ ਨੂੰ ਉਥੋਂ ਦੇ ਸ਼ਾਹੂਕਾਰ ਅਤੇ ਮਸ਼ਹੂਰ ਆਦਮੀਆਂ ਦਾ ਜ਼ਿਕਰ ਕਰਨ ਦਾ ਸ਼ੌਕ ਜੇਹਾ ਹੈ । ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਖੱਤਰੀਆਂ ਤੋਂ ਇਲਾਵਾ ਅਰੋੜੇ ਅਤੇ ਬਾਣੀਏਂ ਵੀ ਕਸਬਿਆਂ ਅਤੇ ਸ਼ਹਿਰਾਂ ਦੇ ਸ਼ਾਹੂਕਾਰ ਸਨ । ਮਿਸਾਲ ਦੇ ਤੌਰ 'ਤੇ ੧੯ਵੀਂ ਸਦੀ ਦੇ ਆਰੰਭ ਵਿਚ ਸ਼ਾਹਦਰਾ ਵਿਚ ਭੰਡਾਰੀ ਖੱਤਰੀ ਜਵਾਹਰ ਸਿੰਘ ਤੋਂ ਇਲਾਵਾ ਦਿਆਲ ਸ਼ਾਹ ਅਰੋੜਾ ਅਤੇ ਰਾਮਾ ਸ਼ਾਹ ਬਹੁਤ ਵੱਡੇ ਸ਼ਾਹੂਕਾਰ ਸਨ । ਰਣਜੀਤ ਸਿੰਘ ਦੇ ਰਾਜ ਵਿਚ ਰਾਮਾਸ਼ਾਹ ਬਾਣੀਆਂ ਅੰਮ੍ਰਿਤਸਰ ਦੇ ਬਹੁਤ ਸਾਰੇ ਸ਼ਾਹੂਕਾਰਾਂ ਵਿਚੋਂ ਸਭ ਤੋਂ ਮੰਨਿਆ ਦੰਨਿਆ ਸੀ । ਪੰਜਾਬ ਵਿਚ ਵਿਉਪਾਰ ਅਤੇ ਵਣਜ ਕਿਸੇ ਤਰ੍ਹਾਂ ਵੀ ਹਿੰਦੂਆਂ ਤੀਕ ਸੀਮਤ ਨਹੀਂ ਸੀ । ਉਦਾਹਰਣ ਵਜੋਂ ਭੇਰਾ ਵਿਚ ਕੁਤਬਉੱਦੀਨ ਅਤੇ ਇਮਾਮ ਬਖਸ਼ ਦਾ ਬਹੁਤ ਤਕੜਾ ਵਿਉਪਾਰ ਸੀ । ਉਹ ਪਰਾਚੇ ਸਨ । ਚਿਨਓਟ ਵਿਚ ਪਰਾਚਿਆਂ ਤੋਂ ਬਿਨਾਂ ਬਹੁਤ ਸਾਰੇ ਖੋਜੇ ਸ਼ਾਹੂਕਾਰ ਰਹਿੰਦੇ ਸਨ । ਨਾਰੋਵਾਲ ਵਿਚ ਵੀ ਖੋਜੇ ਵਿਉਪਾਰੀ ਪ੍ਰਸਿੱਧ ਸਨ ।

ਸ਼ਿਲਪੀਆਂ ਅਤੇ ਵਿਉਪਾਰੀਆਂ ਤੋਂ ਇਲਾਵਾ ਗਣੇਸ਼ ਦਾਸ ਉਹਨਾਂ ਥਾਵਾਂ ਦੇ ਵਰਨਣ ਵਿਚ ਪੰਚਾਂ ਅਤੇ ਹੋਰ ਮੰਨੇ ਦੰਨੇ ਵਿਅਕਤੀਆਂ, ਰਈਸਾਂ ਅਤੇ ਅਮੀਰ ਬੰਦਿਆਂ ਦਾ ਜ਼ਿਕਰ ਕਰਦਾ ਹੈ, ਪਰ ਸਭ ਤੋਂ ਮਹੱਤਵ-ਪੂਰਨ ਗੱਲ ਇਹ ਕਿ ਇਹਨਾਂ ਥਾਵਾਂ ਦੇ ਕਲਾਕਾਰਾਂ, ਲੇਖਕਾਂ, ਵਿਦਵਾਨਾਂ, ਵਿਗਿਆਨੀਆਂ ਅਤੇ ਵਿਅਕਤੀਆਂ ਦਾ ਜ਼ਿਕਰ ਹੋਰ ਵੀ ਜ਼ਿਆਦਾ ਸਾਰਥਕਤਾ ਨਾਲ ਕਰਦਾ ਹੈ । ਉਦਾਹਰਨ ਵਜੋਂ ਰੁਹਤਾਸ ਦਾ ਜੀਤਾ ਰਿਖ ਨਜੂਮ ਅਤੇ ਹਿਸਾਬ ਦਾ ਮਾਹਿਰ ਸੀ । ਸਿੰਧ ਸਾਗਰ ਦੁਆਬ ਵਿਚ ਹਰਨ ਪੁਰ ਸੋਢੀਆਂ ਪਿੰਡ ਦਾ ਚੋਪੜਾ ਖੱਤਰੀ ਬਹਾਦਰ ਚੰਦ ਹਿਕਮਤ ਦੇ ਗਿਆਨ ਕਾਰਨ ਆਪਣੇ ਸਮਕਾਲੀਆਂ ਵਿਚ ਸਿਰਕੱਢ ਸੀ । ਗੁਜਰਾਤ ਦਾ ਬ੍ਰਾਹਮਣ ਦੇਵੀ ਸਹਾਏ, ਰਚਨਾ ਦੀ ਯੋਗਤਾ, ਮਨੀਮੀ ਅਤੇ ਅਰਬੀ ਫ਼ਾਰਸੀ ਕਾਰਨ ਪ੍ਰਸਿੱਧ ਸੀ । ਸਾਹਿਬ ਦੇਵੀ ਜਿਸ ਦਾ ਤਖ਼ਲੁਸ 'ਅਰੇੜੀ' ਸੀ ਉਰਦੂ ਦੀ ਚੰਗੀ ਕਵਿਤ੍ਰੀ ਸੀ । ਜਲਾਲਪੁਰ ਵਿਚ ਗ਼ੁਲਾਮ ਕ਼ਾਦਰ ਨਾਜ਼ਮੀ ਫ਼ਾਰਸੀ ਕਵੀ ਅਤੇ ਹਿੰਦੀ ਸਾਹਿਤ ਦੇ ਮਾਹਿਰ ਹੋਣ ਤੋਂ ਇਲਾਵਾ ਖੁਸ਼-ਨਵੀਸੀ ਦਾ ਵੀ ਮਾਹਿਰ ਸੀ । ਭੇਰਾ ਵਿਚ ਦੋਸਤ ਮੁਹੰਮਦ ਹਿੰਦੀ ਦਾ ਕਵੀ ਸੀ ਸਿੱਖ ਕਾਲ ਵਿਚ ਸਿਆਲਕੋਟ ਵਿਚ ਮੋਤੀ ਰਾਮ ਨੰਦਾ ਬਹੁਤ ਜ਼ਿਆਦਾ ਲਿਖਣ ਵਾਲਾ ਕਵੀ ਸੀ ਅਤੇ ਸਾਹਿਤ ਵਿਚ ਮਹਾਰਤ ਕਾਰਨ ਬੜਾ ਪ੍ਰਸਿੱਧ ਸੀ । ਸੰਭਰਿਆਲ ਵਿਚ ਮੀਆਂ ਅਹਿਮਦ ਅਰਬੀ ਅਤੇ ਫ਼ਾਰਸੀ ਦਾ ਮਾਹਿਰ ਸੀ ਅਤੇ ਮੀਆਂ ਸਦੀਕ਼ ਖ਼ੁਸ਼ਨਵੀਸੀ ਵਿਚ ਮਹਾਰਤ ਕਾਰਨ ਪ੍ਰਸਿੱਧ ਸੀ । ਵਜ਼ੀਰਾਬਾਦ ਵਿਚ ਭਾਈ ਮੱਖਣ ਸਿੰਘ ਉਦਾਸੀ ਸ਼ਾਸਤਰਾਂ ਦਾ ਗਿਆਤਾ ਅਤੇ ਹਿੰਦੁਸਤਾਨੀ ਹਿਕਮਤ ਦਾ ਮਾਹਿਰ ਸੀ । ਰਾਮ

ਗੁਜਰਾਤੀ ਬ੍ਰਾਹਮਣ ਹਿੰਦੀ ਜੋਤਸ਼ ਵਿਚ ਪ੍ਰਸਿਧ ਸੀ ਅਤੇ ਮਿਸਰ ਅਮੀਰ ਚੰਦ ਨਜੂਮ ਅਤੇ ਗਣਿਤ ਦੀ ਮਹਾਰਤ ਤੋਂ ਇਲਾਵਾ ਹਿੰਦੀ ਦਰਸ਼ਨ ਦੇ ਗਿਆਨ ਲਈ ਮਸ਼ਹੂਰ ਸੀ। ਵਜ਼ੀਰਾਬਾਦ ਦੇ ਬਹੁਤ ਸਾਰੇ ਮੁਨਸ਼ੀਆਂ ਨੇ ਮੀਆਂ ਫ਼ਜ਼ਲ ਤੋਂ ਖ਼ੁਸ਼ਨਵੀਸੀ ਸਿੱਖੀ ਸੀ। ਮੁੱਲਾ ਅਬਦੁਲ ਰਹਿਮਾਨ ਮੁਸਲਮਾਨੀ ਕਾਨੂੰਨ (ਫ਼ਿਕਾ) ਦਾ ਮਾਹਿਰ ਸੀ। ਐਮਨਾਬਾਦ ਵਿਚ ਵੀ ਚੰਗੇ ਕਵੀ, ਗਲਪ ਰਚਨਾ ਦੇ ਮਾਹਿਰ, ਮੁਨੀਮ, ਹਿਕਮਤ, ਨਜੂਮ ਅਤੇ ਸ਼ਰੀਅਤ ਦੇ ਮਾਹਿਰ ਸਨ। ਡਸਕਾ ਨਿਧਾਨ ਸਿੰਘ ਵਰਗੇ ਪਿੰਡਾਂ ਵਿਚ ਵੀ ਵਿਦਵਾਨ ਵਿਅਕਤੀ ਮਿਲ ਸਕਦੇ ਸਨ। ਰਚਨਾ ਦੁਆਬ ਵਿਚ ਪਿੰਡ ਦੀਪੋਕੀ ਦੇ ਈਸ਼ਰ ਦਾਸ ਨੇ ਲੀਲਾਵਤੀ ਉੱਤੇ ਟਿੱਪਣੀ ਲਿਖੀ। ਪਿੰਡ ਘੜਤ ਖਾਸਾ ਵਿਚ ਪੁਸ਼ਤ ਦਰ ਪੁਸ਼ਤ ਤਿੰਨ ਵਿਦਵਾਨ ਮੀਆਂ ਅਬਦੁਲ ਕਰੀਮ, ਮੁਹੰਮਦ ਆਜ਼ਮ ਅਤੇ ਸ਼ਾਹ ਮੁਹੰਮਦ ਹੋਏ ਸਨ। ਸਿੱਖ ਰਾਜ ਦੇ ਲੱਗਭਗ ਹਰ ਵਿਸ਼ੇਸ਼ ਸ਼ਹਿਰ ਵਿਚ ਦਰਜਨਾਂ ਵਿਅਕਤੀਆਂ ਦੇ ਵਿਦਵਾਨ ਹੋਣ ਕਾਰਨ ਗਣੇਸ਼ ਦਾਸ ਅਨੁਸਾਰ ਸਰਦਾਰ ਲਹਿਣਾ ਸਿੰਘ ਮਜੀਠੀਏ ਦੀ ਹਿਸਾਬ ਅਤੇ ਨਜੂਮ ਵਿਚ ਦਿਲਚਸਪੀ ਸਾਧਾਰਨ ਗੱਲ ਜਾਪਦੀ ਹੈ। ਇਹ ਗੱਲ ਸਮਝ ਆ ਜਾਂਦੀ ਹੈ ਕਿ ਗਣੇਸ਼ ਦਾਸ ਲਾਹੌਰ ਦੇ ਵਿਦਵਾਨਾਂ ਨੂੰ ਬੇਮਿਸਾਲ ਕਿਉਂ ਕਹਿੰਦਾ ਹੈ।

ਗਣੇਸ਼ ਦਾਸ ਉਹਨਾਂ ਥਾਵਾਂ ਦੀ ਜਾਣ ਪਛਾਣ ਕਰਾਉਣ ਤੋਂ ਕਦੇ ਨਹੀਂ ਖੁੰਜਦਾ ਜਿਨ੍ਹਾਂ ਥਾਵਾਂ ਦੇ ਮਸ਼ਹੂਰ ਆਦਮੀ ਹੋਏ ਹਨ। ਮਿਸਾਲ ਦੇ ਤੌਰ 'ਤੇ ਗੁਜਰਾਤ ਦਾ ਪ੍ਰਸਿੱਧ ਹਕੀਮ ਮੈਣੀ ਖੱਤਰੀ ਸੂਬਾ ਸਿੰਘ ਜਿਹਲਮ ਸ਼ਹਿਰ ਦਾ ਪੁਰਾਣਾ ਵਸਨੀਕ ਸੀ। ਰਾਜਾ ਲਾਲ ਸਿੰਘ ਕਿਸੇ ਵੇਲੇ ਰਣਜੀਤ ਸਿੰਘ ਦਾ ਤੋਸ਼ਾ-ਖਾਨੀਆਂ ਸੀ। ਉਹ ਜਿਹਲਮ ਦੇ ਪੱਛਮ ਵਿਚ ਸਨਕੋਈ ਪਿੰਡ ਦਾ ਰਹਿਣ ਵਾਲਾ ਸੀ। ਮਹਾਰਾਜੇ ਦੇ ਤੋਸ਼ਾਖਾਨੀਏ ਮਿਸਰ ਬੇਲੀ ਰਾਮ ਦਾ ਜੱਦੀ ਘਰ ਸਿੰਧ ਸਾਗਰ ਦੁਆਬ ਦੇ ਦੇਵਾਲ ਕਸਬੇ ਵਿਚ ਸੀ। ਮੁਲਤਾਨ ਦੇ ਪ੍ਰਸਿੱਧ ਨਾਜ਼ਿਮ,ਦੀਵਾਨ ਸਾਵਨ ਮੱਲ ਦਾ ਅਕਾਲਗੜ੍ਹ ਪਿੰਡ ਸੀ। ਮੋਹਕਮ ਚੰਦ ਅਤੇ ਮੋਤੀ ਰਾਮ ਕੁੰਜਾਹ ਦੇ ਰਹਿਣ ਵਾਲੇ ਸਨ। ਸ਼ਹਿਜ਼ਾਦਾ ਸ਼ੇਰ ਸਿੰਘ ਦੇ ਦੀਵਾਨ ਵਿਸਾਖਾ ਸਿੰਘ ਦਾ ਘਰ ਚਮਿਆਰੀ ਵਿਚ ਸੀ। ਅੰਮ੍ਰਿਤਸਰ ਦਾ ਸਰਦਾਰ ਗੁਲਾਬ ਸਿੰਘ ਭੰਗੀ ਅਸਲ ਵਿਚ ਪੰਜਵੜ ਦਾ ਰਹਿਣ ਵਾਲਾ ਸੀ। ਸਿਆਲਕੋਟ ਵਿਚ ਪਿੰਡ ਘੜਤ ਸਰਦਾਰ ਵਿਸਾਖਾ ਸਿੰਘ ਦਾ ਜਨਮ ਅਸਥਾਨ ਸੀ ਜਿਹੜਾ ਰਣਜੀਤ ਸਿੰਘ ਦੇ ਰਾਜ ਵਿਚ ਕਿਸੇ ਸਮੇਂ ਨਿਆਂ ਦੇ ਮਹਿਕਮੇਂ ਦਾ ਮੁਖੀ ਸੀ। ਮਜੀਠੀਏ ਸਰਦਾਰ ਅਮਰ ਸਿੰਘ, ਦੇਸਾ ਸਿੰਘ ਅਤੇ ਲਹਿਣਾ ਸਿੰਘ ਦਾ ਜੱਦੀ ਨਗਰ ਅੰਮ੍ਰਿਤਸਰ ਦਾ ਮਜੀਠਾ ਪਿੰਡ ਸੀ। ਸ਼ਾਹ ਜਹਾਨ ਦਾ ਪ੍ਰਸਿੱਧ ਦੀਵਾਨ ਸਾਅਦੁੱਲਾ ਖਾਨ ਚਿਨਓਟ ਦਾ ਰਹਿਣ ਵਾਲਾ ਸੀ। ਅਕਬਰ ਦੇ ਸਮੇਂ ਦਾ ਪ੍ਰਸਿੱਧ ਡਾਕੂ ਨਾਇਕ ਦੁੱਲਾ ਭੱਟੀ ਰਚਨਾ ਦੁਆਬ ਦੇ ਪਿੰਡ ਭੱਟੀਆਂ ਦਾ ਸੀ। ਪ੍ਰਸਿੱਧ ਪੰਜਾਬੀ ਕਵੀ ਅਹਿਮਦ ਯਾਰ, ਕਾਦਿਰ ਯਾਰ (ਜਿਸ ਨੂੰ ਗਣੇਸ਼ ਦਾਸ ਕਾਦਿਰ ਬਖਸ਼ ਲਿਖਦਾ ਹੈ) ਅਤੇ ਵਾਰਿਸ ਸ਼ਾਹ ਤਰਤੀਬ ਵਾਰ ਚੱਜ ਦੁਆਬ ਵਿਚ ਇਸਲਾਮਗੜ੍ਹ, ਸਿਆਲਕੋਟ ਵਿਚ ਪਿੰਡ ਢੰਡੂ ਅਤੇ ਦਰਿਆ ਚਨਾਬ ਦੇ ਕਿਨਾਰੇ 'ਤੇ ਰਸੂਲ ਨਗਰ (ਜਿਸ ਦਾ ਨਾਂ ਰਾਮ ਨਗਰ ਪਿਆ) ਦੇ ਰਹਿਣ ਵਾਲੇ ਸਨ। ਪਾਠਕ ਹੋਰ ਮਿਸਾਲਾਂ ਵੀ ਵੇਖ ਸਕਦਾ ਹੈ ਪਰ ਉੱਕਤ ਮਿਸਾਲਾਂ ਤੋਂ ਅਸੀਂ ਗਣੇਸ਼ ਦਾਸ ਦੀ ਦਿਲਚਸਪੀ ਦਾ ਕਾਫ਼ੀ ਅੰਦਾਜ਼ਾ ਲਾ ਸਕਦੇ ਹਾਂ।

ਗਣੇਸ਼ ਦਾਸ ਵੱਖ ਵੱਖ ਥਾਵਾਂ ਦੀਆਂ ਪ੍ਰਸਿਧ ਚੀਜ਼ਾਂ ਦਾ ਜ਼ਿਕਰ ਕਰਦਾ ਹੈ। ਮਿਸਾਲ ਦੇ ਤੌਰ 'ਤੇ ਉਹ ਸਾਨੂੰ ਰਾਵਲਪਿੰਡੀ ਦੇ ਉੱਤਰ ਵਿਚ ਕੌਰੀ ਕਸਬੇ ਦੇ ਵਧੀਆ ਗੰਨਿਆਂ ਬਾਰੇ ਦਸਦਾ ਹੈ। ਸਿੰਧ ਸਾਗਰ ਦੁਆਬ ਦੀਆਂ ਪ੍ਰਸਿੱਧ ਲੂਣ ਦੀਆਂ ਖਾਨਾਂ ਦਾ ਵੀ ਕਾਫ਼ੀ ਜ਼ਿਕਰ ਹੈ। ਮਿਆਣੀ ਸ਼ਹਿਰ ਲੂਣ-ਮਿਆਣੀ ਅਖਵਾਉਣ ਲਗ ਪਿਆ ਕਿਉਂਕਿ ਉੱਥੇ ਦੂਜੀਆਂ ਥਾਵਾਂ ਲਈ ਬਰਾਮਦ ਹੋਣ ਤੋਂ ਪਹਿਲਾਂ ਲੂਣ 'ਤੇ ਟੈਕਸ ਲਗਦਾ ਸੀ। ਗਣੇਸ਼ ਦਾਸ ਵਧੀਆ ਸੁਰਮੇਂ ਦੇ ਸੋਮੇਂ ਦੇ ਤੌਰ 'ਤੇ ਸਿੰਧ ਸਾਗਰ ਦੁਆਬ ਦੇ ਮਖਾਲਾ ਇਲਾਕੇ ਦੇ ਕਰਾਂਗਲੀ ਪਿੰਡ ਦਾ ਵਰਨਣ ਕਰਦਾ ਹੈ। ਉਹ ਧੰਨ ਅਤੇ ਕਾਸ਼ੀ ਦੇ ਵਧੀਆ

ਕਿਸਮ ਦੇ ਘੋੜਿਆਂ ਅਤੇ ਹੈਰਾਤ ਦੇ ਕਾਲੇ ਹਿਰਨਾਂ ਦਾ ਜ਼ਿਕਰ ਕਰਦਾ ਹੈ। ਕੁੰਜ਼ਾਹ ਅਤੇ ਬਜਵਾੜਾ ਵਿਖੇ ਵਧੀਆ ਪੱਗਾਂ ਬਣਦੀਆਂ ਸਨ। ਚੱਜ ਦੁਆਬ ਵਿਚ ਪਿੰਡ ਹਾਸਿਲਾਂ ਵਾਲੇ ਦੇ ਤੇਲੀ ਚੰਗਾ ਸਾਬਣ ਤਿਆਰ ਕਰਦੇ ਸਨ। ਚੱਜ ਦੁਆਬ ਵਿਚ ਸ਼ਾਦੀਵਾਲ ਨੇੜੇ ਪਿੰਡ ਕੋਟਲਾ ਆਪਣੀ ਕੂਜ਼ਾ ਮਿਸਰੀ ਅਤੇ ਵਸਮੇਂ ਕਾਰਨ ਪ੍ਰਸਿੱਧ ਸੀ। ਚੱਜ ਦੁਆਬ ਵਿਚ ਸਾਹੀਵਾਲ ਆਪਣੇ ਠਠਿਆਰਾਂ ਅਤੇ ਸਾਲੂਆਂ ਕਰਕੇ ਮਸ਼ਹੂਰ ਸੀ। ਐਪਰ ਰਚਨਾ ਦੁਆਬ ਵਿਚ ਪਿੰਡ ਕੋਟਲੀ ਆਹਨਗਰਾਂ ਤੋੜੇਦਾਰ ਬੰਦੂਕਾਂ ਬਨਾਉਣ ਲਈ ਮਸ਼ਹੂਰ ਸੀ। ਗੁਜਰਾਤ ਅਤੇ ਜਲਾਲਪੁਰ ਚੰਗੀਆਂ ਤਲਵਾਰਾਂ ਬਨਾਉਣ ਲਈ ਪ੍ਰਸਿੱਧ ਸਨ। ਐਮਨਾਬਾਦ ਦੇ ਪਰਗਣੇ ਵਿਚ ਭੈਰੋਕੇ (ਫਰੋਕੇ) ਪਿੰਡ ਮਹਿੰਦੀ ਕਾਰਨ ਪ੍ਰਸਿੱਧ ਸੀ। ਚਿਨਓਟ ਆਪਣੇ ਕਮਾਨ ਬਨਾਉਣ ਵਾਲਿਆਂ ਕਾਰਨ ਪ੍ਰਸਿੱਧ ਸੀ। ਸਿਆਲਕੋਟ ਵਿਚ ਕਾਗਜ਼ ਦੇ ਕਾਰਖਾਨੇ ਸਨ। ਇਹ ਸ਼ਹਿਰ ਆਪਣੇ ਕਪੜੇ ਲਈ ਪ੍ਰਸਿੱਧ ਸੀ ਖ਼ਾਸ ਕਰਕੇ ਸੂਸੀ, ਲਾਚਾ ਅਤੇ ਲੂੰਗੀ। ਇਹ ਸ਼ਹਿਰ ਵਧੀਆ ਅੰਬਾਂ, ਗੰਨੇ ਅਤੇ ਪਨੀਰ ਲਈ ਵੀ ਪ੍ਰਸਿੱਧ ਸੀ।

ਅਨੁਵਾਦ

ਅਟਕ ਬਨਾਰਸ ਦੇ ਕਿਲ੍ਹੇ ਉੱਤੇ, ਜਿਹੜਾ ਸਿੰਧ ਦਰਿਆ ਦੇ ਕੰਢੇ ਉੱਤੇ ਸਥਿੱਤ ਹੈ, ਕਬਜ਼ਾ ਕਰਨ ਮਗਰੋਂ ਪੰਜਾਬ ਦੀਆਂ ਹੱਦਾਂ ਅਤੇ ਉਨ੍ਹਾਂ ਨਾਲ ਹੋਰ ਸਾਰੇ ਸੰਬੰਧਤ ਇਲਾਕੇ ਉੱਚੀ ਸ਼ਾਨ ਵਾਲੀ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਦੇ ਕਬਜ਼ੇ ਵਿਚ ਆ ਗਏ। ਕਿਉਂਕਿ ਦਰਿਆ ਸਿੰਧ ਭਾਰਤ ਅਤੇ ਕਾਬਲਿਸਤਾਨ ਵਿਚਕਾਰ ਆਉਂਦਾ ਹੈ ਇਸ ਲਈ ਇਹੋ ਦਰਿਆ ਦੇਸ਼ ਪੰਜਾਬ ਦੀ ਹੱਦ ਬਣਾਉਂਦਾ ਹੈ। ਇਸ ਸੂਬੇ ਦੀ ਲੰਬਾਈ, ਜਿਸ ਵਿਚ ਸਿੰਧ ਦਰਿਆ ਤੋਂ ਸਤਲੁਜ ਦਰਿਆ ਤੱਕ ਪੰਜ ਦੁਆਬੇ ਤੇ ਤਿੰਨ ਸੌ ਸੱਤ੍ਹਾਂ ਮਹਾਲ ਸ਼ਾਮਲ ਹਨ, ਇਕ ਸੌ ਪਚਾਸੀ ਕੋਹ ਬਣਦੀ ਹੈ ਅਤੇ ਚੌੜਾਈ ਚੌਖੰਡੀ ਤੋਂ ਭਿੰਬਰ ਤੱਕ ਨੱਵੇ ਕੋਹ ਮੰਨੀ ਜਾਂਦੀ ਹੈ। ਇਹ ਸਾਰੇ ਦਾ ਸਾਰਾ ਸੂਬਾ ਵੱਡੇ ਪਰਤਾਪ ਵਾਲੀ ਸਰਕਾਰ ਦੇ ਕਬਜ਼ੇ ਵਿਚ ਆ ਗਿਆ।

ਦੁਆਬਾ ਸਿੰਧ ਸਾਗਰ

ਕਿਉਂਕਿ ਇਹ ਦੁਆਬਾ ਸਿੰਧ ਸਾਗਰ ਦੇ ਨਾਂਉਂ ਨਾਲ ਪ੍ਰਸਿੱਧ ਹੈ ਅਤੇ ਬਹਿਤ (ਜਿਹਲਮ) ਤੇ ਸਿੰਧ ਵੱਡੇ ਦਰਿਆਵਾਂ ਵਿਚਕਾਰ ਸਥਿੱਤ ਹੈ ਅਤੇ ਇਸ ਦੁਆਬੇ ਦਾ ਅਟਕ ਦੇ ਕੰਢੇ ਤੋਂ ਜਿਹਲਮ ਨਗਰ ਤੱਕ ਸੱਠ ਕੋਹ ਜਿੰਨਾ ਫਾਸਲਾ ਹੈ ਇਸ ਲਈ ਇਸ ਥਾਂ ਦੋਵੇਂ ਦਰਿਆਵਾਂ ਦੇ ਸਰੋਤਾਂ ਬਾਰੇ ਬਿਆਨ ਕਟਨਾ ਜ਼ਰੂਰੀ ਬਣ ਗਿਆ ਹੈ।

ਇਹ ਗੱਲ ਗੁੱਝੀ ਨਾ ਰਵ੍ਹੇ ਕਿ ਸਿੰਧ ਦਰਿਆ ਦਾ ਨਿਕਾਸ ਤਿੱਬਤ ਕਲਾਂ ਦੇ ਪਹਾੜ ਵਿਚੋਂ ਹੁੰਦਾ ਹੈ। ਲੱਦਾਖ ਨੱਗਰ ਤੋਂ ਪੂਰਬ ਵਲ ਪੰਜਾਹ ਕੋਹਾਂ 'ਤੇ ਕੁਰਾਕਰਮ ਨਾਮੀ ਇਕ ਪਹਾੜ ਹੈ ਜਿਸ ਉੱਤੇ ਹਰ ਸਮੇਂ ਬਰਫ਼ ਜੰਮੀ ਰਹਿੰਦੀ ਹੈ। ਉਸ ਪਹਾੜ ਦੀ ਟੀਸੀ ਤੋਂ ਦੋ ਨਦੀਆਂ ਨਿਕਲਦੀਆਂ ਹਨ। ਇਕ ਯਾਰਕੰਦ ਤੇ ਕਾਸ਼ਗਰ ਦੇ ਇਲਾਕੇ ਵਲ ਚਲੀ ਜਾਂਦੀ ਹੈ ਤੇ ਦੂਜੀ ਨਦੀ, ਜਿਸ ਦਾ ਨਾਉਂ ਸਿੰਧ ਰਖਿਆ ਗਿਆ ਹੈ, ਕੁਰਾਕਰਮ ਪਹਾੜ 'ਚੋਂ ਫੁੱਟ ਕੇ ਪਿੰਡ ਕਰੰਗ ਤੇ ਨੌਬਰੂ ਰੂਦਕ ਦੇ ਕਿਲ੍ਹੇ ਦੇ ਆਸਿਉਂ ਪਾਸਿਉਂ ਵਹਿੰਦੀ ਹੋਈ ਅਸਕਰਦੂ ਦੇ ਲਾਗੇ ਆਉਂਦੀ ਹੈ। ਇਕ ਹੋਰ ਨਹਿਰ ਮਾਨਤਲਾਈ ਦੇ ਨੇੜਿਉਂ ਨਿਕਲਦੀ ਹੋਈ ਤੇ ਲੱਦਾਖ ਨੱਗਰ ਦੇ ਹੇਠੋਂ ਦੀ ਲੰਘਦੀ ਹੋਈ ਸਿੰਧ ਦਰਿਆ ਵਿਚ ਮਿਲ ਜਾਂਦੀ ਹੈ। ਦੋਵੇਂ ਨਦੀਆਂ ਅਸਕਰਦੂ ਦੀਆਂ ਹੱਦਾਂ ਤੋਂ ਇਕੱਠੀਆਂ ਹੋ ਕੇ ਵਹਿੰਦੀਆਂ ਹੋਈਆਂ ਚਲਾਸ, ਕਾਗ਼ਾਨ ਤੇ ਦਰਬੰਦ ਦੇ ਪਹਾੜਾਂ ਵਿਚੋਂ ਲੰਘਦੀਆਂ ਹੋਈਆਂ ਯੂਸਿਫ ਜ਼ਈ ਦੇ ਇਲਾਕੇ ਤੇ ਅਟਕ ਬਨਾਰਸ ਦੇ ਕਿਲ੍ਹੇ ਤੱਕ ਪੁੱਜਦੀਆਂ ਹਨ। ਇਸੇ ਥਾਂ ਨੀਲਾਬ ਦਰਿਆ ਕੁਝ ਹੋਰ ਨਦੀਆਂ ਸਮੇਤ ਕਾਬਲ ਵਲੋਂ ਆਉਂਦਾ ਹੋਇਆ ਅਟਕ ਦਰਿਆ ਵਿਚ ਮਿਲ ਜਾਂਦਾ ਹੈ। ਕਿਉਂ ਜੋ ਇਸ ਥਾਂ 'ਤੇ ਦਰਿਆ ਦੀ ਚੌੜਾਈ ਘੱਟ ਹੈ ਇਸ ਲਈ ਇਹ ਇੱਥੇ ਅਤੀ ਤੇਜ਼ੀ ਤੇ ਉਛਾਲੇ ਨਾਲ ਵਹਿੰਦਾ ਹੈ। ਅਟਕ ਦੇ ਨੇੜੇ ਵੱਡਾ ਪੱਤਨ ਹੈ। ਪੁਰਾਣੇ ਸਮੇਂ ਤੋਂ ਇਸ ਪੱਤਨ ਦੀਆਂ ਕਿਸ਼ਤੀਆਂ ਨੂੰ ਚਲਾਉਣ ਲਈ ਹਿੰਦੂ ਮਲਾਹ ਨਿਯੁੱਕਤ ਹਨ। ਸਿੰਧ ਦਰਿਆ ਅਟਕ ਕਿਲ੍ਹੇ ਦੇ ਹੇਠੋਂ ਦੀ ਲੰਘਦਾ ਹੋਇਆ ਅਫ਼ਗਾਨਿਸਤਾਨ ਤੇ ਕਾਲਾ-ਬਾਗ਼ ਦੇ ਪਹਾੜ, ਜਿਥੇ ਫਟਕੜੀ ਦੀ ਖਾਨ ਹੈ, ਤੇ ਮਖੱਡ ਦੀਆਂ ਹੱਦਾਂ 'ਚੋਂ ਨਿਕਲਦਾ ਹੋਇਆ ਮੈਦਾਨੀ ਇਲਾਕੇ ਵਿਚ ਜਾ ਪੁਜਦਾ ਹੈ। ਉਥੋਂ ਬਲੋਚਿਸਤਾਨ ਦੀਆਂ ਹੱਦਾਂ ਵਿਚ ਪੁੱਜ ਜਾਂਦਾ ਹੈ। ਪੰਜਾਬ ਦੇ ਦੂਜੇ ਪੰਜ ਦਰਿਆ ਇਸੇ ਥਾਂ ਉਸ ਨਾਲ ਮਿਲਕੇ ਸਿੰਧ ਨਾਮ ਸਦਵਾਉਂਦੇ ਹਨ ਅਤੇ ਇਕ ਠਾਠਾਂ ਮਾਰਦਾ ਸਮੁੰਦਰ ਬਣ ਜਾਂਦਾ ਹੈ। ਉਥੋਂ ਕਿਲ੍ਹਾ ਭੱਖਰ ਦੇ ਹੇਠੋਂ ਦੋ ਭਾਗਾਂ ਵਿਚ ਹੋ ਕੇ ਕਿਲ੍ਹੇ ਨੂੰ ਵਿਚਕਾਰ ਲੈਂਦਾ ਹੋਇਆ ਸੀਸਤਾਨ ਦੇ ਇਲਾਕੇ ਤੇ ਸੂਬਾ ਠੱਟਾ ਵਿਚ ਪੁੱਜਦਾ ਹੈ। ਲਾਹਰੀ ਦੀ ਬੰਦਰਗਾਹ ਠੱਟੇ ਤੋਂ ਤੀਹ ਕੋਹ ਹੈ ਜਿਸ ਨੂੰ ਕਰਾਚੀ ਕਹਿੰਦੇ ਹਨ, ਤੋਂ ਵਹਿੰਦਾ ਹੋਇਆ ਖਾਰੇ ਸਮੁੰਦਰ ਵਿਚ ਖਤਮ ਹੋ ਜਾਂਦਾ ਹੈ। ਸਮਾਪਤ।

ਇਸੇ ਤਰ੍ਹਾਂ ਬਹਿਤ ਦਰਿਆ, ਜਿਸ ਨੂੰ 'ਬਦਸਤਾ' ਕਹਿੰਦੇ ਹਨ ਕਸ਼ਮੀਰ ਦੇ ਪਹਾੜਾਂ ਵਿਚੋਂ ਵੈਰ ਨਾਗ (ਵੈਰੀ) ਦੇ ਸੋਮੇਂ ਤੋਂ ਨਿਕਲਦਾ ਹੈ, ਜੋ ਸ੍ਰੀ ਨਗਰ ਦੇ ਪੂਰਬ ਵੱਲ ਸ਼ਾਹਆਬਾਦ ਵਾਲੇ ਪਾਸੇ

ਵੀਹ ਕੋਹ ਉੱਤੇ ਹੈ। ਉਹ ਇਕ ਕੁੰਡ ਹੈ ਜੋ ਅੰਦਾਜ਼ੇ ਅਨੁਸਾਰ ਵੀਹ ਗਜ਼×ਵੀਹ ਗਜ਼ ਹੈ ਅਤੇ ਉਸ ਦਾ
ਪਾਣੀ ਬਹੁਤ ਸਾਫ ਹੈ। ਉਸ ਦੀ ਡੂੰਘਾਈ ਆਦਮੀ ਦੇ ਕੱਦ ਤੋਂ ਅੱਧੀ ਹੈ। ਉਸ ਦੇ ਆਸ ਪਾਸ ਤਪੱਸਵੀਆਂ
ਦੀਆਂ ਪੱਥਰਾਂ ਦੀਆਂ ਬਣੀਆਂ ਹੋਈਆਂ ਕੋਠੜੀਆਂ ਤੇ ਪੂਜਾ-ਘਰ ਕਾਫੀ ਹਨ। ਉਸ ਥਾਂ ਜਹਾਂਗੀਰ
ਬਾਦਸ਼ਾਹ ਨੇ ਭੀ ਇਕ ਛੋਟਾ ਬਾਗ਼ ਤੇ ਇਕ ਦਰਸ਼ਨੀ ਭਵਨ ਬਣਾਇਆ। ਉਸ ਥਾਂ ਤੋਂ ਇਕ ਕੋਹ ਦੀ
ਵਿੱਥ 'ਤੇ ਇਕ ਹੋਰ ਕੁੰਡ ਹੈ ਜਿਹੜੀ ਵੈਰ ਨਾਗ ਵਾਲੀ ਕੁੰਡ ਨਾਲੋਂ ਛੋਟੀ ਹੈ। ਕਈਆਂ ਦੇ ਕਥਨ ਅਨੁਸਾਰ
'ਬਦਸਤਾ' ਦੀ ਅਸਲੀ ਸਰੋਤ ਇਹੋ ਹੀ ਹੈ ਜੋ ਸੱਤ ਰਿਸ਼ੀਆਂ ਦੀ ਤਪੱਸਿਆ ਵਾਲੀ ਥਾਂ ਵਜੋਂ ਪ੍ਰਸਿੱਧ
ਹੈ। ਉਸ ਥਾਂ ਤੋਂ ਭੀ ਪਾਣੀ ਨਿਕਲਕੇ ਇਸ ਵਹਿੰਦੇ ਪਾਣੀ ਨਾਲ ਮਿਲ ਜਾਂਦਾ ਹੈ। ਬਰਫੀਲੇ ਪਹਾੜਾਂ 'ਚੋਂ
ਸੱਜੇ ਖੱਬੇ ਪਾਸਿਆਂ ਤੋਂ ਹੋਰ ਨਾਲੇ ਵੀ ਉਸ ਵਿਚ ਇਕੱਠੇ ਹੋ ਕੇ ਸ੍ਰੀ ਨਗਰ ਸ਼ਹਿਰ ਵਿਚੋਂ ਲੰਘਦੇ ਹਨ
ਅਤੇ ਡਲ ਦਾ ਪਾਣੀ ਵੀ ਉਸ ਨਾਲ ਮਿਲ ਜਾਂਦਾ ਹੈ (ਡਲ ਕਾਲੇ ਪਾਣੀ ਦੀ ਝੀਲ ਹੈ ਜਿਸ ਵਿਚੋਂ
ਜਿਹਲਮ ਦਰਿਆ ਲੰਘਦਾ ਹੈ)। ਇਕ ਨਦੀ ਕੁਟਲ ਪੀਰ ਪੰਜਾਲ ਤੋਂ ਨਿਕਲ ਕੇ ਕਾਕਾਪੁਰ ਦੇ ਲਾਗੇ
ਬਹਿਤ ਦਰਿਆ ਵਿਚ ਮਿਲ ਜਾਂਦੀ ਹੈ। ਇਸੇ ਤਰ੍ਹਾਂ ਮੁਜ਼ੱਫਰਾਬਾਦ ਦੇ ਕੋਲ ਕਿਸ਼ਨ ਗੰਗਾ ਨਾਮੀ ਇਕ
ਛੋਟਾ ਦਰਿਆ ਦੱਖਣ ਦੀ ਤਰਫੋਂ ਉੱਤਰ ਵੱਲ ਵਧਦਾ ਹੋਇਆ ਬਹਿਤ ਦਰਿਆ ਵਿਚ ਮਿਲਦਾ ਹੈ ਅਤੇ
ਉਸ ਜਗ੍ਹਾ ਤੋਂ ਇਕ ਥਾਂ ਹੋ ਕੇ ਵਹਿਣ ਲੱਗਦਾ ਹੈ। ਵਾਂਗਲੀ, ਖਾਰਾ, ਕਮਾਲਪੁਰ, ਪਖਾਮ ਤੇ ਸੁਲਤਾਨਪੁਰ
ਦੇ ਨੇੜਿਉਂ ਵਹਿੰਦਾ ਹੋਇਆ ਜਿਹਲਮ ਨੱਗਰ ਦੇ ਹੇਠ ਤੱਕ ਪੁੱਜਦਾ ਹੈ। ਕਿਉਂਕਿ ਵੱਡਾ ਪੱਤਨ ਤੇ ਪਾਰ
ਲੰਘਣ ਦੀ ਥਾਂ ਇੱਥੇ ਹੈ ਇਸ ਵਾਸਤੇ ਬਹਿਤ ਦਰਿਆ ਨੂੰ ਜਿਹਲਮ ਕਰਕੇ ਸੱਦਣ ਲੱਗ ਪੈਂਦੇ ਹਨ।
ਜਿਹਲਮ ਤੋਂ ਚੋਂਹਾਲਾ, ਸਨਕੋਹੀ, ਜਲਾਲਪੁਰ ਕੇਕਨ, ਹਰਨ ਪੁਰ ਤੇ ਪਿੰਡ ਦਾਦਨ ਖਾਂ ਦੇ ਹੇਠੋਂ ਵਹਿੰਦਾ
ਹੋਇਆ ਅਹਿਮਦਾਬਾਦ ਤੇ ਖੁਸ਼ਾਬ ਆਉਂਦਾ ਹੈ। ਝੰਗ ਸਿਆਲ ਦੇ ਨੇੜੇ ਝਨਾਂ ਦਰਿਆ ਵਿਚ ਮਿਲ ਕੇ
ਝਨਾਂ ਸਦਵਾਉਂਦਾ ਹੈ ਤੇ ਝਨਾਂ ਵਿਚ ਮਿਲ ਕੇ ਸਿੰਧ ਸਾਗਰ ਦੇ ਪਾਣੀ ਵਿਚ ਮਿਲ ਜਾਂਦਾ ਹੈ। ਸਮਾਪਤ।

ਇਨ੍ਹਾਂ ਦੋਨਾਂ ਦਰਿਆਵਾਂ ਦੇ ਵਿਚਕਾਰ ਦੇ ਇਲਾਕੇ, ਜੋ ਦੁਆਬਾ ਸਿੰਧ ਸਾਗਰ ਦੇ ਨਾਉਂ ਨਾਲ ਪ੍ਰਸਿੱਧ ਹੈ, 'ਚ ਸਥਿਤ ਸ਼ਹਿਰਾਂ ਤੇ ਪ੍ਰਸਿੱਧ ਅਸਥਾਨਾਂ ਦਾ ਸੰਖੇਪ ਵਰਨਣ

ਅਟਕ ਬਨਾਰਸ ਇਕ ਕਿਲ੍ਹੇ ਦਾ ਨਾਉਂ ਹੈ ਜਿਹੜਾ ਹਜ਼ਰਤ ਜਲਾਲ-ਉੱਦੀਨ ਮੁਹੰਮਦ ਅਕਬਰ
ਗਾਜ਼ੀ ਬਾਦਸ਼ਾਹ ਨੇ ਸੰਨ ੯੯੨ ਹਿਜਰੀ ਵਿਚ ਖੁਆਜਾ ਸ਼ਮਸਉੱਦੀਨ ਖ਼ਾਨੀ ਦੀ ਨਿਗਰਾਨੀ ਵਿਚ ਉਸ
ਥਾਂ ਉੱਤੇ ਬਣਵਾਇਆ ਜਿਥੇ ਇਕ ਦਰਿਆ (ਅਟਕ) ਤੇ ਕਾਬਲ ਦੀ ਨਦੀ ਆਪਸ ਵਿਚ ਮਿਲਦੇ ਹਨ।
ਉਸ ਦੇ ਨੇੜੇ ਇਕ ਸ਼ਹਿਰ ਅਬਾਦ ਕੀਤਾ। ਇਸ ਸਮੇਂ ਸ਼ਹਿਰ ਉਜੜਿਆ ਪਿਆ ਹੈ ਅਤੇ ਕਿਲ੍ਹਾ ਆਬਾਦ ਹੈ।

ਸਰਾਏ ਸ਼ਮਸਾਬਾਦ ਬਹੁਤ ਉੱਚੀ ਵਿਖਾਈ ਦਿੰਦੀ ਹੈ। ਰਸਤੇ 'ਤੇ ਹਜ਼ਰੋ ਇਕ ਸ਼ਹਿਰ ਹੈ
ਜੋ ਵਿਉਪਾਰ ਦਾ ਕੇਂਦਰ ਹੈ। ਵੱਡਾ ਪਿੰਡ ਬੁਰਹਾਨ ਜਰਨੈਲੀ ਰਸਤੇ ਦੇ ਅੱਧ ਵਿਚ ਹੈ। ਉਸ ਇਲਾਕੇ
ਵਿਚ ਜਿੱਥੇ ਭੀ ਕੋਈ ਰੁੱਖ ਹੈ, ਉੱਥੇ ਹੀ ਪੀਣ ਵਾਲੇ ਪਾਣੀ ਦਾ ਖੂਹ ਹੈ।

ਸਰਾਏ ਹਸਨ ਅਬਦਾਲ ਇਕ ਛੋਟਾ ਨੱਗਰ ਹੈ। ਇਸ ਥਾਂ ਦਾ ਮਾਲਿਕ ਬਾਬਾ ਹਸਨ ਅਬਦਾਲ
ਸੀ। ਉਸ ਨੱਗਰ ਦੇ ਨਾਲ ਲੱਗਦਾ ਟਿੱਲੇ ਵਾਲਾ ਇਕ ਛੋਟਾ ਪਹਾੜ ਹੈ। ਉਸ ਪਹਾੜ ਦੀ ਟੀਸੀ ਉਤੇ
ਅੱਲਾ ਦੇ ਵਲੀ ਸੱਈਅਦ ਸ਼ਾਹ ਕੰਧਾਰੀ ਦੀ ਖਾਨਗਾਹ ਹੈ ਜਿੱਥੇ ਸਾਰੀ ਰਾਤ ਦੀਵਾ ਜਗਦਾ ਰਹਿੰਦਾ ਹੈ।
ਕਹਿੰਦੇ ਹਨ ਭਾਵੇਂ ਝੱਖੜ ਤੇ ਮੀਂਹ ਕਿੰਨਾ ਭੀ ਹੋਵੇ ਦੀਵਾ ਨਹੀਂ ਬੁਝਦਾ। ਇਹ ਉਸ ਦੀ ਕਰਾਮਾਤ ਦਾ
ਅਸਰ ਹੈ। ਉਸ ਦੇ ਹੇਠਾਂ ਬਾਬੇ ਨਾਨਕ ਦਾ ਅਸਥਾਨ ਹੈ ਜਿਸ ਨੂੰ ਪੰਜਾ ਸਾਹਿਬ ਕਹਿੰਦੇ ਹਨ। ਲੋਕੀਂ
ਦੱਸਦੇ ਹਨ ਕਿ ਬਾਬਾ ਨਾਨਕ ਜੀ ਫਿਰਦੇ ਟੁਰਦੇ ਇੱਥੇ ਪੁੱਜੇ ਅਤੇ ਸੱਈਅਦ ਕੰਧਾਰੀ ਨੇ ਉਨ੍ਹਾਂ ਨੂੰ
ਆਪਣੇ ਕੋਲ ਰਾਤ ਨੂੰ ਠਹਿਰਨ ਨਾ ਦਿੱਤਾ। ਬਾਬਾ ਜੀ ਉੱਠ ਕੇ ਪਾਣੀ ਵਾਲੇ ਉਸ ਟਿੱਲੇ ਦੇ ਹੇਠਾਂ ਆ ਕੇ
ਬੈਠ ਗਏ। ਉੱਪਰ ਦੱਸੇ ਸੱਈਅਦ ਨੇ ਕਰਾਮਾਤ ਦੇ ਬਲ ਨਾਲ ਪਹਾੜ 'ਚੋਂ ਇਕ ਟੁਕੜਾ ਤੋੜ ਕੇ

ਰਾਹੀ ਬਾਬੇ ਉੱਤੇ ਰੇੜ੍ਹ ਦਿਤਾ। ਬਾਬਾ ਜੀ ਨੇ ਉਸ ਪਹਾੜ ਨੂੰ ਅਗੋਂ ਹੱਥ ਦੇ ਪੰਜੇ ਨਾਲ ਫੜ ਕੇ ਆਪਣੇ ਲਈ ਢਾਸਣਾ ਬਣਾ ਲਿਆ। ਬਾਬੇ ਦੇ ਪੰਜੇ ਦੀਆਂ ਪੰਜੇ ਉਂਗਲੀਆਂ ਦੇ ਨਿਸ਼ਾਨ ਉਸ ਪੱਥਰ ਦੇ ਟੁਕੜੇ ਉੱਤੇ ਲੱਗ ਗਏ ਜੋ ਅੱਜ ਤੱਕ ਵਿਖਾਈ ਦਿੰਦੇ ਹਨ। ਉਸ ਦਿਨ ਤੋਂ ਲੈ ਕੇ ਅੱਜ ਤੱਕ ਉਸ ਅਸਥਾਨ ਦਾ ਸਤਿਕਾਰ ਬਣਿਆ ਹੋਇਆ ਹੈ ਅਤੇ ਬਾਬੇ ਨਾਨਕ ਦੀ ਉਸਤਤ ਲੋਕਾਂ ਦੀ ਜ਼ਬਾਨ 'ਤੇ ਪ੍ਰਚਲਤ ਹੈ। ਬਾਬੇ ਦੇ ਸ਼ਰਧਾਲੂਆਂ ਨੇ ਸਤਿਕਾਰ ਤੇ ਪੂਜਾ ਕਰਨ ਲਈ ਪੰਜਾ ਸਾਹਿਬ ਦੇ ਸਾਹਮਣੇ ਅਸ਼ਨਾਨ ਕਰਨ ਵਾਸਤੇ ਸਰੋਵਰ ਅਤੇ ਬੰਦਗੀ ਕਰਨ ਲਈ ਇਕ ਗੁਰਦਵਾਰਾ ਬਣਵਾਇਆ ਹੈ। ਪੰਜਾ ਸਾਹਿਬ ਦੇ ਨੇੜੇ ਇਕ ਗੁੰਬਦ ਹੈ। ਉਸ ਗੁੰਬਦ ਵਿਚ ਹਕੀਮ ਅਬੂ-ਉਲ-ਫਤਹਿ 'ਗੀਲਾਨੀ' ਤੇ ਹਕੀਮ ਹਮਾਮ, ਜਿਹੜੇ ਮੁਹੰਮਦ ਅਕਬਰ ਬਾਦਸ਼ਾਹ ਦੇ ਪ੍ਰਸਿੱਧ ਵਜ਼ੀਰ ਸਨ, ਦੱਬੇ ਹੋਏ ਹਨ। ਹਸਨ ਅਬਦਾਲ ਤੋਂ ਨੇੜੇ ਹੀ ਦੱਖਣ ਪੂਰਬ ਵੱਲ ਇਕ ਝਰਨਾ ਹੈ। ਝੀਲ, ਜਿਹੜੀ ਇਸ ਝਰਨੇ ਦਾ ਸੋਮਾਂ ਹੈ, ਦੇ ਵਿਚਕਾਰ ਰਾਜਾ ਮਾਨ ਸਿੰਘ ਨੇ ਇਕ ਛੋਟਾ ਜਿਹਾ ਭਵਨ ਬਣਵਾਇਆ ਜੋ ਅੱਜ ਕੱਲ੍ਹ ਢੱਠਾ ਪਿਆ ਹੈ। ਬਾਬਾ ਹਸਨ ਅਬਦਾਲ ਦੇ ਉੱਤਰ ਵੱਲ ਖਦਗੜ੍ਹ ਪਹਾੜ ਹੈ ਜਿਸ ਦਾ ਪੂਰਬੀ ਤੇ ਉੱਤਰੀ ਪਾਸਾ ਹਜ਼ਾਰੇ ਦੇਸ਼ ਨਾਲ ਲਗਦਾ ਹੈ। ਉਸ ਦੀ ਦੱਖਣੀ ਹੱਦ ਨਾਲ ਛੱਛ ਦਾ ਇਲਾਕਾ ਹੈ। ਉਸ ਦੀ ਪੱਛਮੀ ਹੱਦ ਤੇ ਉੱਤਰੀ ਖੂੰਜਾ ਸਿੰਧ ਸਾਗਰ ਦੇ ਕੰਢੇ ਤੇ ਯੂਸਿਫ ਜ਼ਈ ਦੇ ਪਿੰਡਾਂ ਨਾਲ ਲਗਦੇ ਹਨ। ਪਹਾੜ ਦੀ ਘਾਟੀ ਦੀ ਲੰਬਾਈ ਲੱਗ ਭੱਗ ਪੰਜ ਕੋਹ ਜਿੰਨੀ ਤੇ ਚੌੜਾਈ ਚਾਰ ਕੁ ਕੋਹ ਹੈ। ਉਸ ਪਹਾੜ ਵਿਚ ਮਾਰਖੈਲ ਸੱਕਾਬੀ ਤੇ ਮਸਵਾਨੀ ਕੌਮਾਂ ਦੇ ਲੋਕ ਰਹਿੰਦੇ ਹਨ ਅਤੇ ਰਾਹ ਜਾਂਦਿਆਂ ਨੂੰ ਲੁੱਟਣਾ ਉਨ੍ਹਾਂ ਦਾ ਕਿੱਤਾ ਹੈ। ਖਦ ਇਕ ਜਿੰਨ ਦਾ ਨਾਮ ਸੀ ਜਿਹੜਾ ਉਸ ਥਾਂ ਰਹਿੰਦਾ ਸੀ। ਉਹ ਜਿੰਨ ਲੋਕਾਂ ਨੂੰ ਤਸੀਹੇ ਦਿੰਦਾ ਹੁੰਦਾ ਸੀ। ਸਾਲਬ੍ਹਾਨ ਦੇ ਪੁੱਤਰ ਰਾਜਾ ਰਸਾਲੂ ਨੇ ਆਪਣੀ ਹਕੂਮਤ ਦੇ ਸਮੇਂ ਉਸ ਨੂੰ ਸਿਆਣਪ ਨਾਲ ਧਰਤੀ ਵਿਚ ਲਕੋ ਦਿੱਤਾ। ਇਹ ਗੱਲ ਆਮ ਲੋਕਾਂ ਦੀ ਜ਼ਬਾਨ ਉੱਤੇ ਹੈ ਕਿ ਇਸ ਪਹਾੜ ਵਿਚੋਂ, ਜਿਸ ਵਿਚ ਜਿੰਨ ਹੈ, ਸਾਲ ਜਾਂ ਤਿੰਨ ਸਾਲਾਂ ਮਗਰੋਂ ਮੀਂਹ ਝੱਖੜ ਤੋਂ ਬਿਨਾਂ ਹੀ ਸਾਫ ਆਕਾਸ਼ ਵਿਚ ਕੜਕਦੀ ਬਿਜਲੀ ਵਰਗੀ ਆਵਾਜ਼ ਨਿਕਲਦੀ ਹੈ। ਇਸੇ ਕਰਕੇ ਇਸ ਪਹਾੜ ਨੂੰ 'ਗਰਜ' ਭੀ ਕਹਿੰਦੇ ਹਨ। ਆਮ ਲੋਕੀਂ ਕਹਿੰਦੇ ਹਨ ਕਿ ਡੱਕਿਆ ਹੋਇਆ ਜਿੰਨ ਆਵਾਜ਼ ਦਿੰਦਾ ਹੈ ਪਰ ਰੱਬ ਹੀ ਜਾਣਦਾ ਹੈ।

ਹਜ਼ਾਰਾ ਇਕ ਇਲਾਕੇ ਦਾ ਨਾਉ ਹੈ ਜਿਥੋਂ ਨਵੇਂ ਸ਼ਹਿਰ ਪਖਲੀ, ਦੇਸ਼, ਧਮਤੂਰ, ਮੁਜ਼ੱਫਰਾਬਾਦ ਤੇ ਕਸ਼ਮੀਰ ਨੂੰ ਰਾਹ ਜਾਂਦਾ ਹੈ। ਹਜ਼ਾਰੇ ਦੇ ਇਲਾਕੇ ਵਿਚ ਹਰੀ ਪੁਰ ਨਾਮੀ ਇਕ ਸ਼ਹਿਰ ਹੈ ਜਿਸ ਨੂੰ ਸ: ਹਰੀ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ-ਕਾਲ ਵਿਚ ਸੰਮਤ ੧੮੮੦ ਬਿਕਰਮੀ (ਮੁਤਾਬਿਕ ਸੰਨ ੧੮੨੩ ਈਸਵੀ) ਵਿਚ ਉਸਰਵਾ ਕੇ ਉਸ ਇਲਾਕੇ ਦੀ ਰਾਜਧਾਨੀ ਬਣਾਇਆ। ਹਰੀਪੁਰ ਸ਼ਹਿਰ ਦੇ ਨਾਲ ਲਗਦਾ ਕਿਸ਼ਨ ਗੜ੍ਹ ਨਾਮੀਂ ਇਕ ਕਿਲ੍ਹਾ ਹੈ ਜੋ ਸਰਕਾਰੀ ਹਾਕਮਾਂ ਦਾ ਥਾਣਾ ਹੈ। ਉਸਤਤਯੋਗ ਸਰਦਾਰ ਹਰੀ ਸਿੰਘ ਨੇ ਇਸ ਕਿਲ੍ਹੇ ਨੂੰ ਭੀ ਉਸੇ ਸਾਲ ਉਸਰਵਾਇਆ। ਹਜ਼ਾਰੇ ਦੇ ਇਲਾਕੇ ਵਿਚ ਨਾਰਾ ਵਖਲਾਵਤ ਨਾਮੀ ਇਕ ਜ਼ਿਲ੍ਹਾ ਹੈ ਜਿਥੋਂ ਦੀ ਧਰਤੀ ਪਹਾੜਾਂ ਕਰਕੇ ਅਲੰਘ ਹੈ। ਕੋਟ ਨਜੀਬ ਅੱਲਾ ਖਾਂ ਪਠਾਣਾ ਦਾ ਇਕ ਪਿੰਡ ਹੈ। ਉਸਮਾਨ ਖਾਤਰ ਇਕ ਵੱਡਾ ਪਿੰਡ ਹੈ ਜਿਸ ਦੀ ਧਰਤੀ ਚੰਗੀ ਉਪਜਾਊ ਹੈ। ਉਸ ਦੇ ਨੇੜੇ ਇਕ ਬੁਰਜ ਹੈ ਜਿਸ ਥਾਂ 'ਤੇ ਪਿਛਲੇ ਸਮਿਆਂ ਵਿਚ ਰਾਜਾ ਰਸਾਲੂ ਦਾ ਧੌਲਰ ਸੀ। ਉਸ ਦੀ ਪ੍ਰੇਮਕਾ, ਜਿਸ ਦਾ ਨਾਉਂ ਕੋਕਲਾਂ ਸੀ, ਆਮ ਕਰਕੇ ਉਸ ਥਾਂ ਰਹਿੰਦੀ ਹੁੰਦੀ ਸੀ। ਪਿਸ਼ਾਵਰ ਦਾ ਰਾਜਾ ਪਿਆਰ ਦੇ ਵਲਵਲੇ ਸਦਕਾ ਉਸ ਦੇ ਰਾਜ-ਮੰਦਰ ਦੀ ਮਮਟੀ ਉੱਤੇ ਕਮੰਦ ਸੁੱਟ ਕੇ ਉਸ ਦੇ ਕੋਲ ਪੁੱਜ ਜਾਂਦਾ ਹੁੰਦਾ ਸੀ। ਰਾਜਾ ਰਸਾਲੂ ਨੇ ਉਸ ਨੂੰ ਕਤਲ ਕਰ ਦਿੱਤਾ। ਉਸ ਦੀ ਕਹਾਣੀ ਸਾਲਬ੍ਹਾਨ ਦੀਆਂ ਵਾਰਦਾਤਾਂ ਵਿਚ ਲਿਖੀ ਜਾ ਚੁੱਕੀ ਹੈ।

ਸਰਾਏ ਕਾਲਾ ਪਿਸ਼ਾਵਰ ਦੇ ਰਾਹ ਵਿਚ ਹੈ। ਉਸ ਦੇ ਨੇੜੇ ਇਕ ਝੀਲ ਹੈ, ਜਿਸ ਨੂੰ ਕਾਲਾ ਪਾਣੀ ਕਹਿੰਦੇ ਹਨ। ਜਹਾਂਗੀਰ ਬਾਦਸ਼ਾਹ ਦੇ ਰਾਜ ਸਮੇਂ ਸੰਨ ੧੦੧੭ ਹਿਜਰੀ ਵਿਚ ਉਸ ਉੱਤੇ ਪੁਲ

ਬਣਾਇਆ ਗਿਆ ਸੀ। ਸਰਾਏ ਕਾਲਾ ਦੇ ਨੇੜੇ ਸ਼ਾਹ ਫਤਹਿ ਖਾਂ, ਜੋ ਅੱਲਾ-ਲੋਕ ਸੀ, ਦੀ ਢੇਰੀ ਹੈ। ਹਿੰਦੀ (ਅਰਥਾਤ ਪੰਜਾਬੀ) ਭਾਸ਼ਾ ਵਿਚ ਢੇਰੀ ਕਬਰ ਨੂੰ ਕਹਿੰਦੇ ਹਨ। ਮਾਰਕਲਾ ਇਕ ਰਸਤੇ ਦਾ ਨਾਮ ਹੈ। ਸ਼ਾਹ ਜਹਾਨ ਬਾਦਸ਼ਾਹ ਦੀ ਹਕੂਮਤ ਦੇ ਅੰਤਮ ਸਮੇਂ ਸੰਨ ੧੦੬੮ ਹਿਜਰੀ (ਮੁਤਾਬਿਕ ੧੧੫੭-੫੮ ਈ:) ਵਿਚ ਮਿਰਜ਼ਾ ਮੁਹੰਮਦ ਦਰੋਗਾ ਤੇ ਜੋਗੀ ਦਾਸ ਦੀ ਨਿਗਰਾਨੀ ਹੇਠ ਪਹਾੜ ਦੀਆਂ ਉੱਚੀਆਂ ਥਾਵਾਂ ਨੂੰ ਪੁੱਟ ਕੇ ਸਾਫ ਤੇ ਸਜੀਲਾ ਰਸਤਾ ਕੱਢਿਆ ਗਿਆ ਸੀ।

ਜਾਨੀ ਸੰਗ ਇਕ ਜਗ੍ਹਾ ਦਾ ਨਾਉ ਹੈ ਜਿੱਥੇ ਜਾਨੀ ਨਾਮ ਦਰਵੇਸ਼ ਦੀ ਖਾਨਗਾਹ ਸੀ। ਪਿੰਡ ਦੇ ਨੇੜੇ ਪੁਰਾਣੇ ਰਾਹ ਉਤੇ ਟਾਪੂ ਦੀ ਸ਼ਕਲ ਦਾ ਇਕ ਗੁੰਬਦ ਬਣਿਆ ਹੋਇਆ ਹੈ। ਮਾਰਕਲਾ ਤੋਂ ਪੂਰਬ ਵਲ ਰਾਵਲਪਿੰਡੀ ਦਾ ਇਲਾਕਾ ਅਤੇ ਪਹਾੜ ਵਲ ਖੱਖੜਾਂ ਦਾ ਇਲਾਕਾ ਹੈ। ਇਹ ਇਲਾਕਾ ਅਤੀ ਭਿਆਨਕ ਹੈ। ਉਥੋਂ ਪੂਰਬ ਦੱਖਣ ਵਾਲੇ ਪਾਸੇ ਤਖਤ ਪਰੀ ਨੱਗਰ ਹੈ ਜਿਸ ਨੂੰ ਪਰਗਣਾ ਅਕਬਰਾਬਾਦ ਸੱਦਦੇ ਹਨ।

ਅਕਬਰਾਬਾਦ ਦੇ ਇਲਾਕੇ ਵਿਚ ਰਾਵਲਪਿੰਡੀ ਇਕ ਸ਼ਹਿਰ ਦਾ ਨਾਉਂ ਹੈ। ਪਹਿਲਾਂ ਇਹ ਛੋਟਾ ਜਿਹਾ ਪਿੰਡ ਸੀ। ਪਰ ਉੱਥੋਂ ਦੇ ਹਾਕਮ ਸਰਦਾਰ ਮਿਲਖਾ ਸਿੰਘ ਦੀ ਹਕੂਮਤ ਸਮੇਂ ਵੱਡਾ ਨੱਗਰ ਬਣ ਗਿਆ। ਕਿਉਂ ਜੋ ਸਰਦਾਰ ਮਿਲਖਾ ਸਿੰਘ ਨੇ ਉੱਥੋਂ ਦੇ ਵਸਨੀਕਾਂ ਦੇ ਦਿਲਾਂ ਦੀਆਂ ਭਾਵਨਾਂ ਦਾ ਹਰ ਸਮੇਂ ਖਿਆਲ ਰਖਿਆ ਇਸ ਲਈ ਸੌਦਾਗਰ, ਵਿਉਪਾਰੀ ਤੇ ਦੂਜੇ ਲੋਕ ਹਰੇਕ ਥਾਂ ਤੋਂ ਆਕੇ ਉੱਥੇ ਵਸ ਗਏ। ਇਸ ਸਮੇਂ ਸੰਮਤ ੧੯੦੨ ਬਿਕਰਮੀ (ਮੁਤਾਬਿਕ ਸੰਨ ੧੮੪੫ ਈ:) ਵਿਚ ਦੀਵਾਨ ਕਿਸ਼ਨ ਕੌਰ ਅਹਿਲਕਾਰ ਪੁੱਤਰ ਦੀਵਾਨ ਹਾਕਮ ਰਾਏ 'ਪੁਰੀ' ਨੇ ਬਾਜ਼ਾਰ ਦੇ ਨਾਲ ਲਗਦਾ ਇਕ ਨਵਾਂ ਸ਼ਿਵਦਵਾਲਾ (ਮੰਦਰ) ਉਸਰਵਾਇਆ ਹੈ। ਦਸਦੇ ਹਨ ਕਿ ਹਿੰਦੀ (ਪੰਜਾਬੀ) ਭਾਸ਼ਾ ਵਿਚ 'ਰਾਵਲ' ਫ਼ਕੀਰ ਨੂੰ ਕਹਿੰਦੇ ਹਨ। ਸ਼ੁਰੂ ਵਿਚ ਫ਼ਕੀਰ ਉੱਥੇ ਆ ਕੇ ਬੈਠਦੇ ਸਨ ਇਸੇ ਲਈ ਇਸ ਪਿੰਡ ਦਾ ਨਾਉਂ ਰਾਵਲਪਿੰਡੀ ਪੈ ਗਿਆ। ਪਿੰਡੀ ਛੋਟੇ ਪਿੰਡ ਨੂੰ ਕਹਿੰਦੇ ਹਨ। ਇਸ ਥਾਂ ਤੋਂ ਉੱਤਰ ਵਲ ਕੋਰੀ ਨੱਗਰ ਹੈ ਜਿੱਥੇ ਬਹੁਤ ਸਵਾਦਲਾ ਪੌਂਡਾ (ਪੌਨਾ) ਗੰਨਾ ਪੈਦਾ ਹੁੰਦਾ ਹੈ। ਰਾਵਲ ਪਿੰਡੀ ਦੇ ਨਾਲ ਲਗਦੀ ਰਾਹ 'ਚ ਇਕ ਨਦੀ ਵਹਿੰਦੀ ਹੈ। ਉੱਥੇ ਇਕ ਕੁੰਡ ਸੀ ਜਿੱਥੇ ਪਾਣੀ ਇਕੱਠਾ ਹੁੰਦਾ ਰਹਿੰਦਾ ਸੀ। ਅੱਜ ਕੱਲ੍ਹ ਇਹ ਕੁੰਡ ਢੱਠ ਗਈ ਹੈ। ਉਸੇ ਨਦੀ ਉੱਤੇ ਕੁਝ ਬਾਉਲੀਆਂ ਇਕ ਦੂਜੀ ਦੇ ਨਾਲ ਨਾਲ ਸਥਿੱਤ ਹਨ ਜਿਨ੍ਹਾਂ ਨੂੰ ਪੰਜ-ਤੀਰਥੀ ਕਹਿੰਦੇ ਹਨ ਅਤੇ ਉਨ੍ਹਾਂ ਦਾ ਨਾਮ ਰਾਮ ਕੁੰਡ ਤੇ ਸੀਤਾ ਕੁੰਡ ਆਦਿ ਲੈਂਦੇ ਹਨ। ਕਿਸੇ ਬੈਰਾਗੀ ਸਾਧ ਨੇ ਉਸ ਥਾਂ ਬੈਠ ਕੇ ਭਗਤੀ ਕੀਤੀ। ਕਿਉਂ ਜੋ ਉਸ ਦਾ ਅਕੀਦਾ ਰਾਮ ਤੇ ਸੀਤਾ ਉੱਤੇ ਸੀ, ਇਸ ਲਈ ਉਸ ਬੈਰਾਗੀ ਨੇ ਅਸ਼ਨਾਨ ਵਾਲੀ ਥਾਂ ਦਾ ਨਾਉਂ ਉਨ੍ਹਾਂ ਦੇ ਨਾਉਂ 'ਤੇ ਪ੍ਰਸਿੱਧ ਕਰ ਦਿੱਤਾ ਅਤੇ ਇਹ ਜਗ੍ਹਾ ਪੂਜਾ-ਅਸਥਾਨ ਬਣ ਗਈ।

(ਸ਼ਿਅਰ) ਅਸਮਾਨ ਉਸ ਥਾਂ ਨੂੰ ਮੱਥਾ ਟੇਕਦਾ ਹੈ ਜਿਸ ਜ਼ਮੀਨ ਉਤੇ
ਇਕ ਦੋ ਵਿਅੱਕਤੀ ਇਕ ਦੋ ਪਲ ਵਾਸਤੇ ਖ਼ੁਦਾ ਦਾ ਨਾਉਂ
ਲੈਣ ਲਈ ਬੈਠ ਜਾਂਦੇ ਹਨ।

ਰਾਵਲਪਿੰਡੀ ਤੋਂ ਦੱਖਣ ਵਾਲੇ ਪਾਸੇ ਫਤਿਹ ਜੰਗ ਨਾਮੀ ਇਕ ਪ੍ਰਸਿੱਧ ਪਿੰਡ ਹੈ। ਰਾਹ 'ਤੇ ਵੱਸਿਆ ਪਿੰਡ ਹਮਕ ਭੀ ਅਕਬਰਾਬਾਦ ਤਖਤ ਪਰੀ ਦੇ ਪਰਗਣੇ ਦੇ ਪਿੰਡਾਂ ਵਿਚੋਂ ਹੈ।

ਪੋਠੋਹਾਰ ਇਕ ਇਲਾਕੇ ਦਾ ਨਾਉਂ ਹੈ ਜਿਸ ਉੱਤੇ ਪਹਿਲਾਂ ਖੱਖੜ ਕਾਬਿਜ਼ ਸਨ। ਹੁਣ ਇਹ ਸਾਰਾ ਇਲਾਕਾ ਕਾਫੀ ਸਮੇਂ ਤੋਂ ਸਰਦਾਰ ਚਤਰ ਸਿੰਘ ਅਟਾਰੀ ਵਾਲਾ ਆਦਿ ਸਿਖਾਂ ਦੀ ਜਾਗੀਰ ਵਿਚ ਮੁਕੱਰਰ ਹੈ। ਪੋਠੋਹਾਰ ਦਾ ਇਹ ਇਲਾਕਾ ਦੋ ਪਰਗਣਿਆਂ ਵਜੋਂ ਪ੍ਰਸਿੱਧ ਹੈ। ਇਕ ਨੂੰ ਵਾਂਗਲੀ ਤੇ ਦੂਜੇ ਨੂੰ ਭਰਵਾਲਾ (ਬਹਿਰ ਵਾਲਾ) ਕਹਿੰਦੇ ਹਨ। ਇਹ ਦੋਵੇਂ ਅਸਥਾਨ ਪਹਾੜਾਂ ਵਿਚ ਹਨ ਅਤੇ ਇਹਨਾਂ ਨਾਲ ਸੰਬੰਧਤ ਪਿੰਡ ਮੈਦਾਨ ਵਿਚ ਹਨ। ਪਰਗਣਾ ਭਰਵਾਲਾ ਵਿਚ ਚਾਰ ਤਪੇ ਸ਼ਾਮਲ ਹਨ। ਪਹਿਲਾ ਤਪਾ

ਹਵੇਲੀ ਜਿਸ ਵਿਚ ਖਾਸ ਭਰਵਾਲਾ ਆਦਿ ਪਿੰਡ ਸ਼ਾਮਲ ਹਨ। ਦੂਜਾ ਤਪਾ ਗਾਹੜ ਹੈ ਜਿਸ ਦੇ ਸਾਰੇ ਪਿੰਡਾਂ ਵਿਚੋਂ ਪਿੰਡ ਕਹੋਟਾ ਪ੍ਰਸਿੱਧ ਹੈ। ਬਸਾਲੀ ਨਾਮੀਂ ਵੱਡਾ ਪਿੰਡ ਅਤੇ ਪਿੰਡ ਬੋਤਾ, ਜਿੱਥੇ ਸਰਦਾਰ ਚਤਰ ਸਿੰਘ ਤੇ ਸ਼ੇਰ ਸਿੰਘ ਦਾ ਘਰ ਸੀ, ਭੀ ਉਸ ਤਪੇ ਵਿਚ ਪ੍ਰਸਿੱਧ ਹਨ। ਸਰਾਏ ਪਠਾਣ, ਸਰਾਏ ਰਬਾਤ ਤੇ ਟੋਪ ਮਾਣਕਿਆਲਾ ਭੀ ਤਪਾ ਆਰਾ ਵਿਚ ਗਿਣੇ ਜਾਂਦੇ ਹਨ। ਮਾਣਕਿਆਲਾ ਇਕ ਪਿੰਡ ਦਾ ਨਾਮ ਹੈ ਜਿੱਥੇ ਸੁਲਤਾਨ ਸਿਕੰਦਰ ਦੀ ਰਾਜਾ ਪੋਰੋ ਨਾਲ ਜੰਗ ਹੋਈ ਸੀ। ਉੱਥੇ ਸੁਲਤਾਨ ਸਿਕੰਦਰ ਦੀ ਜਿੱਤ ਦੀ ਨਿਸ਼ਾਨੀ ਵਜੋਂ ਮੀਨਾਰ ਬਣਿਆ ਹੋਇਆ ਹੈ। ਉਸ ਨੂੰ ਟੋਪ ਮਾਣਕਿਆਲਾ ਕਹਿੰਦੇ ਹਨ। ਚੌਥਾ ਤਪਾ ਬਰਾਲਾ ਹੈ ਜਿਹੜਾ ਸੁੱਖੋ ਨੱਗਰ ਕਾਰਨ ਪ੍ਰਸਿੱਧ ਹੈ। ਸਮਾਪਤ।

ਪਰਗਣਾ ਵਾਂਗਲੀ ਦੇ ਅੱਠ ਤਪੇ ਹਨ। ਪਹਿਲਾ ਤਪਾ ਹਵੇਲੀ ਹੈ ਜਿਸ ਵਿਚ ਵੱਡਾ ਸ਼ਹਿਰ ਵਾਂਗਲੀ ਸੀ। ਉਹ ਕਾਫੀ ਸਮੇਂ ਤੋਂ ਉਜੜਿਆ ਪਿਆ ਹੈ। ਹਾਕਮ ਦਾ ਹੈਡ ਕੁਆਟਰ ਵਾਂਗਲੀ ਦੀ ਥਾਂ ਕੱਲਰ ਨੱਗਰ ਮੁਕੱਰਰ ਹੋਇਆ ਪਰੰਤੂ ਵਾਂਗਲੀ ਵਿਚ ਭਾਰਤੀ ਦਰਵੇਸ਼, ਦੋਦਹ-ਏ-ਹੱਕਾਨੀ, ਜੋ ਕਰਾਮਾਤਾਂ ਕਾਰਣ ਉੱਘਾ ਸੀ, ਦੀ ਖਾਨਗਾਹ ਕਾਇਮ ਹੈ ਜੋ ਪ੍ਰਸਿੱਧ ਪੂਜਾ-ਅਸਥਾਨ ਹੈ। ਦੂਜਾ ਤਪਾ ਬੇਵਲ ਹੈ ਜੋ ਕੁਝ ਸਮਾਂ ਜੰਮੂ ਦੇ ਹਾਕਮ ਮਹਾਰਾਜਾ ਗੁਲਾਬ ਸਿੰਘ ਦੀ ਜਾਗੀਰ ਵਿਚ ਮੁਕੱਰਰ ਰਿਹਾ। ਉਸ ਥਾਂ ਉਸਤਤ-ਯੋਗ ਮਹਾਰਾਜੇ ਦਾ ਸੰਮਤ ੧੮੯੫ ਬਿਕ੍ਰਮੀ (ਮੁਤਾਬਿਕ ੧੮੪੮ ਈ:) ਵਿਚ ਬਣਾਇਆ ਹੋਇਆ ਇਕ ਸ਼ਿਵਾਲਾ (ਮੰਦਰ) ਹੈ ਅਤੇ ਬੇਵਲ ਦੇ ਇਲਾਕੇ ਵਿਚ ਇਕ ਪੱਕੀ ਸਰਾਂ ਹੈ। ਤੀਜਾ ਤਪਾ ਕਾਹਰ ਵਾਲ ਹੈ। ਚੌਥਾ ਤਪਾ ਕਲਿਆਣਾ ਹੈ। ਨੱਗਰ ਕਲਿਆਣਾ ਵਿਚ ਆਮ ਕਰਕੇ ਖੱਤਰੀਆਂ ਅਤੇ ਬ੍ਰਾਹਮਣਾਂ ਦੇ ਘਰ ਹਨ। ਉੱਥੋਂ ਦੇ ਵੱਡੇ ਆਦਮੀਆਂ 'ਚੋਂ ਰਾਏ ਜ਼ਾਦਾ ਦੁਨੀਚੰਦ ਉਰਫ ਬਾਲੀ ਦੀ ਸੰਤਾਨ ਵਿਚੋਂ ਰਾਏ ਜ਼ਾਦਾ ਨਵਾਬ ਸਿੰਘ ਹੈ। ਦੀਵਾਨ ਭੀਮ ਸੈਨ ਦੱਤ ਦਾ ਘਰ ਭੀ ਉੱਥੇ ਹੀ ਸੀ। ਮਹਾਰਾਜਾ ਗੁਲਾਬ ਸਿੰਘ ਦੇ ਮੁਲਾਜ਼ਿਮ ਬਖਸ਼ੀ ਹਰੀ ਸਿੰਘ ਦਾ ਨਿਵਾਸ-ਅਸਥਾਨ ਭੀ ਪੁਰਾਣੇ ਸਮੇਂ ਤੋਂ ਉੱਥੇ ਹੀ ਹੈ। ਉਹ ਚੰਗਾ ਆਦਮੀ ਹੈ ਅਤੇ ਆਪਣੀ ਯਥਾ ਸ਼ਕਤ ਰੈਣ ਬਸੇਰਾ ਕਰਨ ਵਾਲੇ ਪਾਂਧੀਆਂ ਨੂੰ ਰੋਟੀ ਪਾਣੀ ਦੇਣੋਂ ਸੰਕੋਚ ਨਹੀਂ ਕਰਦਾ ਹੈ।

ਪੰਜਵਾਂ ਤਪਾ ਨਰਾਲੀ ਹੈ ਜਿੱਥੋਂ ਦੇ ਸਾਰੇ ਵਸਨੀਕ ਵਿਉਪਾਰੀ ਹਨ। ਛੇਵਾਂ ਤਪਾ ਲੌਂਡੀ ਪੱਤੀ ਹੈ। ਕਿਲ੍ਹਾ ਦੋਲਤਾਨਾ ਤੇ ਪਿੰਡ ਸਈਅਦ ਕਸਰਾਵਾਂ ਉਸ ਤਪੇ ਵਿਚੋਂ ਹਨ। ਸਤਵਾਂ ਤਪਾ ਬਰਾਲੀ ਹੈ। ਪਿੰਡ ਸੋਰਕ ਵੈਹਨ ਉਸੇ ਇਲਾਕੇ ਵਿਚ ਹੈ। ਅੱਠਵਾਂ ਤਪਾ ਪੱਤੀ ਹੈ। ਨੱਗਰ ਬਿਸ਼ਨ ਪੁਰ, ਪਿੰਡ ਧਮਕ ਤੇ ਪਿੰਡ ਸੁਸਰਾਲ ਜਿੱਥੋਂ ਦਾ ਮੁਕੱਦਮ ਚੌਧਰੀ ਸ਼ਹਿਬਾਜ਼ ਹੈ, ਉੱਪਰ ਦੱਸੇ ਤਪੇ ਦੇ ਇਲਾਕੇ ਵਿੱਚੋਂ ਹਨ। ਪਿੰਡ ਬੈਣਾ ਤੇ ਬੈਲਾ ਉਸ ਪੁਰਾਣੇ ਸ਼ਾਹੀ ਰਸਤੇ ਉਤੇ ਹਨ ਜਿਸ ਰਸਤੇ ਵਿੱਚ ਦਰਿਆ ਦਾ ਵਹਿਣ ਪੈਂਦਾ ਸੀ। ਸਮਾਪਤ।

ਰਾਹਕਸ (?) ਬਕ੍ਰਾਲਾ ਵਾਲਾ ਤੇ ਪਿੰਡ ਬਕਰਾਲਾ ਰੁਹਤਾਸ ਦੇ ਇਲਾਕੇ ਵਿਚੋਂ ਹਨ। ਰੁਹਤਾਸ ਪਰਗਣੇ ਦੇ ਚੌਦਾਂ ਤਪੇ ਹਨ। ਇਸ ਪਰਗਣੇ ਦਾ ਪੁਰਾਣਾ ਸੰਬੰਧ ਬੋਘਾਲਾਂ ਦੀ ਕੌਮ ਨਾਲ ਹੈ ਜੋ ਘਗਰਾਂ ਦੀ ਜੱਦ ਵਿੱਚੋਂ ਹਨ। ਹੁਣ ਇਹ ਤਪੇ ਲਾਹੌਰ ਸਰਕਾਰ ਨਾਲ ਸੰਬੰਧਤ ਹਨ :—

੧. ਹਵੇਲੀ	੨. ਸ਼ਾਹ ਜਹਾਨੀ	੩. ਈਸਾਲਾ	੪. ਫਰੋਜ਼ੀਆਲਾ
੫. ਸੁਲੇਮਾਨ ਸ਼ਾਕਰ	੬. ਸੋਹਲਨ	੭. ਲੁਲਿਆਲਾ	੮. ਅਸਕੰਦਰਾਲਾ
੯. ਰਾਜੂ	੧੦. ਭੈਕਰ	੧੧. ਨਾਰੰਗ	੧੨. ਧੂਰਾਲਾ
੧੩. ਸੈਲੇ	੧੪. ਮਲਿਆਲਾ।		

ਰੁਹਤਾਸ ਦਾ ਕਿਲ੍ਹਾ ਤੇ ਬਾਹਰਲੀ ਸਰਾਂ ਬਾਦਸ਼ਾਹ ਸ਼ੇਰ ਸ਼ਾਹ ਦੇ ਰਾਜ ਸਮੇਂ ੯੪੮ ਹਿਜਰੀ (ਮੁਤਾਬਿਕ ੧੫੪੧ ਈ:) ਵਿਚ ਉਸਾਰੇ ਗਏ। ਕਹਿੰਦੇ ਹਨ ਕਿ ਇਸ ਕਿਲ੍ਹੇ 'ਤੇ ਚਾਲੀ ਲੱਖ, ਪੱਚੀ

ਹਜ਼ਾਰ ਰੁਪਏ (੪੦,੨੫੦੦੦) ਖ਼ਰਚ ਹੋਏ । ਉੱਥੋਂ ਦੇ ਵਸਨੀਕਾਂ ਵਿੱਚੋਂ ਖੱਤਰੀ ਕੌਮ ਦੇ 'ਘਈ' ਲੋਕ ਪ੍ਰਸਿੱਧ ਹਨ। ਉਸ ਪਰਗਣੇ ਦੀ ਕਾਨੂੰਗੋਈ ਭੀ ਉਨ੍ਹਾਂ ਦੇ ਨਾਉਂ ਹੈ । ਭਾਵੇਂ ਕਿਲ੍ਹੇ ਵਿਚਕਾਰ ਦੋ ਡੂੰਘੀਆਂ ਬਾਉਲੀਆਂ ਹਨ ਪਰ ਉਨ੍ਹਾਂ ਵਿਚੋਂ ਪਾਣੀ ਬੜੀ ਔਖ ਨਾਲ ਬਾਹਰ ਨਿਕਲਦਾ ਹੈ । ਇਸੇ ਕਰਕੇ ਕਿਲ੍ਹੇ ਵਿਚ ਰਹਿਣ ਵਾਲੇ ਵਿਅੱਕਤੀ ਪਾਣੀ 'ਖਾਂ' ਨਹਿਰ, ਜਿਹੜੀ ਕਿਲ੍ਹੇ ਦੇ ਹੇਠਾਂ ਵਹਿੰਦੀ ਹੈ, 'ਚੋਂ ਉੱਪਤ ਲੈ ਜਾਂਦੇ ਹਨ। ਕਿਲ੍ਹੇ ਦੇ ਹੇਠਾਂ ਵੱਡੀ ਨਹਿਰ 'ਖਾਂ' ਦੇ ਕੰਢੇ 'ਤੇ ਪਾਣੀ ਦਾ ਇਕ ਚਸ਼ਮਾ ਹੈ ਜਿਸ ਨੂੰ ਚੋਹਾ ਬਾਬਾ ਨਾਨਕ ਕਹਿੰਦੇ ਹਨ ਅਤੇ ਲੋਕੀਂ ਉਸ ਥਾਂ ਅਸ਼ਨਾਨ ਕਰਨ ਨੂੰ ਆਪਣੇ ਗੁਨਾਹਾਂ ਨੂੰ ਦੂਰ ਕਰਨ ਦਾ ਢੰਗ ਮੰਨਦੇ ਹਨ। ਰੁਹਤਾਸ ਦੇ ਕਿਲ੍ਹੇ ਵਿਚ 'ਪੂਜ' ਫਿਰਕੇ ਵਿਚੋਂ ਜੀਤਾ ਰਿੱਖ ਨਾਮੀ ਇੱਕ ਨਜੂਮੀ ਸੀ ਜੋ ਗਣਿਤ ਤੇ ਨਜੂਮ ਵਿਦਿਆ ਵਿਚ ਨਿਪੁੰਨ ਸੀ । ਉਸ ਦੀ ਮੌਤ ਦਾ ਸਾਲ ਸੰਨ ੧੨੨੬ ਹਿਜਰੀ "ਚਰਾਗੇ-ਬੂਦ" (ਦੀਵੇ ਵਾਂਗ ਰੌਸ਼ਨ ਸੀ) ਤੋਂ ਨਿਕਲਦਾ ਹੈ।
(ਸੰਨ ੧੨੨੬ ਹਿਜਰੀ)

ਰੁਹਤਾਸ ਦੇ ਨੇੜੇ ਤਿੰਨ ਕੋਹ ਦੇ ਪੈਂਡੇ 'ਤੇ ਚਾਰ ਕੋਹ ਉੱਚੀ ਇਕ ਪਹਾੜੀ ਹੈ। ਇਸ ਪਹਾੜੀ ਦਾ ਨਾਉਂ ਬਾਲ ਨਾਥ ਕੇ ਨਾਉਂ 'ਤੇ ਹੈ ! ਇਸ ਨੂੰ ਜੋਗੀਆਂ ਦਾ ਟਿੱਲਾ ਕਹਿੰਦੇ ਹਨ । ਉਸ ਥਾਂ ਸ਼ਿਵਰਾਤਰੀ ਦੇ ਦਿਨ ਸਾਲ ਵਿਚ ਇਕ ਵਾਰੀ ਭਾਰੀ ਮੇਲਾ ਲਗਦਾ ਹੈ । ਜੋਗੀ ਆਦਿ ਵਿਅੱਕਤੀ ਉੱਥੇ ਇਕੱਠੇ ਹੁੰਦੇ ਹਨ ਅਤੇ ਭੋਜਨ ਦੇ ਕੇ ਲੋੜਵੰਦਾਂ ਨੂੰ ਹਰ ਪ੍ਰਕਾਰ ਨਾਲ ਪ੍ਰਸੰਨ ਕਰਦੇ ਹਨ । ਸਾਰੇ ਹਿੰਦੂ ਅਤੇ ਮੁਸਲਮਾਨ ਵਿਅੱਕਤੀ ਉਸ ਪਵਿੱਤਰ ਅਸਥਾਨ ਦੇ ਸ਼ਰਧਾਲੂ ਹਨ। ਪਰਗਣਾ ਰੁਹਤਾਸ ਦੇ ਪ੍ਰਬੰਧ ਹੇਠ ਆਏ ਸੁਲੇਮਾਨ ਸ਼ਾਕਰ ਦੇ ਤਪੇ ਵਿਚ ਪਿੰਡ ਕਾਲਾ ਗੁਜਰਾਂ ਹੈ ਜਿੱਥੇ ਖ਼ੁਦਾਸ਼ਨਾਸ ਬਾਬਾ ਬੰਨ ਰਹਿੰਦਾ ਸੀ । ਮਹਾਰਾਜਾ ਰਣਜੀਤ ਸਿੰਘ ਉਸ ਦਾ ਸ਼ਰਧਾਲੂ ਸੀ । ਉਹ ਪੂਰਨ ਬ੍ਰਹਮ ਗਿਆਨੀ ਸੀ ! ਰੁਹਤਾਸ ਦੇ ਇਲਾਕੇ ਦਾ ਜਿਹਲਮ ਨੱਗਰ ਬਹਿਤ ਦਰਿਆ ਦੇ ਕੰਢੇ ਵਸਿਆ ਹੋਇਆ ਹੈ। ਇਹ ਬਹੁਤ ਸੁੰਦਰ ਅਸਥਾਨ ਹੈ । ਉਸ (ਦਰਿਆ ਬਹਿਤ) ਦੇ ਕੰਢੇ 'ਤੇ ਹਿੰਦੂ ਧਰਮ ਦੇ ਫ਼ਕੀਰਾਂ ਦੇ ਬਹੁਤੇ ਪੂਜਾ-ਘਰ ਹਨ । ਹਿੰਦੂ ਧਰਮ ਦੇ ਤਪੱਸਵੀਆਂ ਵਿੱਚੋਂ ਉੱਥੇ ਭਗਤ ਕੇਸਰ ਦਾ ਇਕਾਂਤ-ਅਸਥਾਨ ਸੀ । ਸੂਬਾ ਸਿੰਘ 'ਮੈਨੀ' ਖੱਤਰੀ, ਜੋ ਕਾਫੀ ਸਮਾਂ ਗੁਜਰਾਤ ਦਾ ਹਾਕਮ ਰਿਹਾ, ਦਾ ਘਰ ਉੱਥੋਂ ਦੇ ਪੁਰਾਣੇ ਮਕਾਨਾਂ ਵਿੱਚੋਂ ਹੈ । ਇਸੇ ਲਈ ਉਸ ਨੂੰ ਸੂਬਾ ਸਿੰਘ 'ਜਿਹਲਮੀ' ਕਹਿੰਦੇ ਹਨ । ਵੱਡਾ ਪਿੰਡ ਸਨਕੋਈ ਜਿਹਲਮ ਤੋਂ ਪੱਛਮ ਵੱਲ ਹੈ । ਉੱਚੀ ਸ਼ਾਨ ਵਾਲੀ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਦੇ ਤੋਸ਼ਾਖਾਨੀਏ ਰਾਜਾ ਲਾਲ ਸਿੰਘ ਬ੍ਰਾਹਮਣ ਦਾ ਘਰ ਉਸੇ ਹੀ ਥਾਂ ਹੈ । ਜਲਾਲ ਪੁਰ "ਕੇਕਨਾ" ਇਕ ਵੱਡਾ ਪਿੰਡ ਹੈ। ਉੱਥੇ ਬਹੁਤੇ ਹਿੰਦੂ ਲੋਕ ਰਹਿੰਦੇ ਹਨ । ਸ਼ਮਸਾਬਾਦ ਇਕ ਪਰਗਣੇ ਦਾ ਨਾਉਂ ਹੈ ਜਿਸ ਨੂੰ ਇਸ ਸਮੇਂ ਪਿੰਡ ਦਾਦਨ ਖਾਂ ਕਹਿੰਦੇ ਹਨ । ਦਾਦਨ ਖਾਂ, ਜ਼ਿਮੀਂਦਾਰਾਂ ਵਿੱਚੋਂ ਇਕ ਦਰਵੇਸ਼ ਵਿਅੱਕਤੀ ਸੀ । ਸ਼ੁਰੂ ਵਿਚ ਇਹ ਥਾਂ ਉਸੇ ਦਾ ਵਸਾਇਆ ਹੋਇਆ ਹੈ । ਬ੍ਰਹਮ ਗਿਆਨੀ ਮਹੰਤ ਧਨੀ ਗੀਰ 'ਸਨਾਈ' ਸ਼ਿਵਾਲੇ ਵਾਲਾ ਇਸੇ ਥਾਂ ਹੋਇਆ ਹੈ । ਇਸ ਸਮੇਂ ਤਪੱਸਵੀ ਠਾਕਰ ਮੰਗਲ ਦਾਸ ਉਸ ਪਾਸੇ ਪ੍ਰਸਿੱਧ ਸੀ । ਸੁਣਿਆ ਹੈ ਕਿ ਉਹ ਸੰ: ੧੯੦੮ ਬਿਕ੍ਰਮੀ (ਮੁਤਾਬਿਕ ਸੰਨ ੧੮੫੧ ਈ:) ਦੇ ਮਾਘ ਮਹੀਨੇ ਦੀ ਅੱਠ ਤ੍ਰੀਕ ਨੂੰ ਪ੍ਰਲੋਕ ਸਿਧਾਰ ਗਿਆ । ਸੰਮਤ ੧੮੮੭ ਬਿਕ੍ਰਮੀ (ਮੁਤਾਬਿਕ ਸੰਨ ੧੮੩੦ ਈ:) ਵਿਚ ਮਹਾਰਾਜਾ ਗੁਲਾਬ ਸਿੰਘ ਨੇ ਠਾਕਰਾਂ ਦੀਆਂ ਮੂਰਤੀਆਂ ਸਥਾਪਤ ਕਰਕੇ ਇਸ ਜਗ੍ਹਾ ਨੂੰ ਪੂਜਾ ਅਸਥਾਨ ਤੇ ਤੀਰਥ ਅਸਥਾਨ ਬਣਾ ਦਿੱਤਾ ਹੈ । ਉਸ ਨੇ ਜੰਗਲ ਵਾਲੀ ਜ਼ਮੀਨ ਵਿਚ ਆਪਣੇ ਨਾਉਂ 'ਤੇ ਪਿੰਡ ਗੁਲਾਬ ਗੜ੍ਹ ਵਸਾਇਆ ਅਤੇ ਮੂਰਤੀਆਂ ਦੇ ਪੁਜਾਰੀਆਂ ਦਾ ਗੁਜ਼ਾਰਾ ਉਸੇ ਥਾਂ ਨੀਯਤ ਕੀਤਾ । ਸ਼ਮਸਾਬਾਦ ਦੇ ਨਾਲ ਲੱਗਦਾ ਜੂਦੀ ਪਹਾੜ ਹੈ ਜਿਸ ਵਿਚ ਲੂਣ ਦੀਆਂ ਖਾਨਾਂ ਹਨ । ਇਹ ਪਹਾੜ ਸੌ ਕੋਹ ਲੰਬਾ ਹੈ । ਜੂਦੀ ਇਕ ਕੌਮ ਦਾ ਨਾਉਂ ਹੈ ਜੋ ਨਗਰ ਕਰਜਾਖ, ਮਖਾਲਾ ਤੇ ਪਿੰਡ ਦਾਦਨ ਖਾਂ ਆਦਿ ਵਿਚ ਵੱਸਦੀ ਹੈ ਅਤੇ ਉਸ ਕੌਮ ਦੇ ਲੋਕ ਹੀ ਲੂਣ ਦੀਆਂ ਖਾਨਾਂ ਵਿਚੋਂ ਲੂਣ ਕੱਢਦੇ ਹਨ । ਉਹਨਾਂ ਨੂੰ ਹਿੰਦੀ ਭਾਸ਼ਾ ਵਿਚ ਵਾਂਡਾ ਕਹਿੰਦੇ ਹਨ । ਉਹ

ਲੋਕ ਲੂਣ ਦੇ ਸੋਹਣੇ ਦੀਵੇ, ਥਾਲ ਤੇ ਪਿਆਲੇ ਤਿਆਰ ਕਰਕੇ ਵੇਚਦੇ ਹਨ । ਲੂਣ ਦੀ ਖਾਨ ਨੂੰ ਖਾਵੜਾ ਕਹਿੰਦੇ ਹਨ । ਵਧੀਆ ਲੂਣ ਦੇ ਖਾਵੜੇ ਪੰਜ ਜਗ੍ਹਾ ਹਨ ਜੋ ਇਕ ਦੂਜੇ ਦੇ ਨੇੜੇ ਹੀ ਹਨ । ਲੂਣ ਦੇ ਖਾਵੜੇ ਵਾਲੀ ਇਕ ਜਗ੍ਹਾ ਦਾ ਨਾਉਂ ਖਿਉੜਾ ਹੈ, ਦੂਜੀ ਦਾ ਖੋੜਾ, ਤੀਜੀ ਦਾ ਸਰੋਈ, ਚੌਥੀ ਦਾ ਜੂਟਾਣਾ ਅਤੇ ਪੰਜਵੀਂ ਦਾ ਮਕਰਾਛ ਹੈ। ਹੋਰ ਖੁਸ਼ਾਬ ਦੇ ਇਲਾਕੇ ਦੇ ਪਿੰਡ ਚੋਹਾ ਵਰਛ ਵਿਚੋਂ ਭੀ ਲੂਣ ਨਿਕਲਦਾ ਹੈ । ਪਿਸ਼ਾਵਰ ਦੇ ਇਲਾਕੇ ਵਿਚ ਅਟਕ ਦਰਿਆ ਦੇ ਦੂਜੇ ਪਾਸੇ ਭੀ ਕਈ ਥਾਵਾਂ 'ਤੇ ਬਹੁਤ ਲੂਣ ਨਿਕਲਦਾ ਹੈ ਪਰੰਤੂ ਸ਼ਮਸਾਬਾਦ ਵਿਚ ਸਥਿੱਤ ਜੂਦੀ ਪਹਾੜ ਦੇ ਲੂਣ ਵਰਗਾ ਵਧੀਆ, ਸੁਆਦਲਾ, ਮਨ ਭਾਉਂਦਾ ਤੇ ਸੋਹਣਾ ਲੂਣ ਦੁਨੀਆਂ ਦੇ ਤਖਤੇ 'ਤੇ ਨਹੀਂ ਮਿਲਦਾ । ਹਕੀਮ ਇਸ ਲੂਣ ਨੂੰ ਲਾਹੌਰੀ ਲੂਣ ਕਹਿੰਦੇ ਹਨ । ਖਾਰ ਨਾਮੀਂ ਇਕ ਪਰਗਣਾ ਹੈ । ਮਖਾਲਾ, ਕੋਸ਼ਕ, ਕਰਜਾਖ, ਕੱਚਾ ਕੋਟ ਤੇ ਨੀਲਾ ਦੌਲਾ ਕਿਲ੍ਹਿਆਂ ਦੇ ਨਾਂਮ ਹਨ ਜਿਹੜੇ ਇਨ੍ਹਾਂ ਲੂਣ ਦੀਆਂ ਖਾਨਾਂ ਦੇ ਆਲੇ ਦੁਆਲੇ, ਨੇੜੇ ਨੇੜੇ ਸਥਿੱਤ ਹਨ । ਗੜ੍ਹ ਮਖਾਲਾ ਦੇ ਇਲਾਕੇ ਵਿਚ ਕਰੰਗਲੀ ਨਾਮੀਂ ਇਕ ਪਿੰਡ ਹੈ ਜਿੱਥੇ ਵਧੀਆ ਸੁਰਮਾਂ ਨਿਕਲਦਾ ਹੈ । ਸਿੰਧ ਦਰਿਆ ਵਾਲੇ ਪਾਸੇ ਮਖੱਡ ਇਕ ਸ਼ਹਿਰ ਹੈ ਜਿੱਥੇ ਬੈਰੰਦੀ ਨਾਥ ਜੋਗੀ ਦਾ ਅਸਥਾਨ ਹੈ ਅਤੇ ਸਾਰੰਗ ਕੋਟ ਵਿਖੇ ਭੀ ਜੋਗੀਆਂ ਦਾ ਪਵਿੱਤ੍ਰ ਅਸਥਾਨ ਹੈ ਇਨ੍ਹਾਂ ਸਾਰੇ ਜੋਗੀਆਂ ਦੀ ਲੜੀ ਗੁਰੂ ਗੋਰਖ ਨਾਥ ਨਾਲ ਜਾ ਮਿਲਦੀ ਹੈ । ਘੇਬਾ ਕੌਮ ਦੇ ਨਾਉਂ ਉੱਤੇ ਘੇਪ ਇਕ ਇਲਾਕਾ ਹੈ । ਧਨ ਇਕ ਸ਼ਹਿਰ ਦਾ ਨਾਮ ਹੈ ਤੇ ਇਲਾਕੇ ਦਾ ਭੀ। ਪੁਰਾਣੇ ਰੀਕਾਰਡ ਵਿਚ ਉਸ ਦਾ ਨਾਮ 'ਪਰਗਣਾ ਮਲੂਕੀ ਧਨ' ਲਿਖਿਆ ਹੈ । ਧਨ ਇਲਾਕੇ ਵਿਚ ਚਕਵਾਲ ਨਾਉਂ ਦਾ ਇਕ ਸ਼ਹਿਰ ਹੈ ।

ਕਹਿੰਦੇ ਹਨ ਕਿ ਧਨ ਦੀ ਧਰਤੀ 'ਤੇ ਬਹੁਤ ਘੋੜੇ ਪੈਦਾ ਹੁੰਦੇ ਹਨ । ਖੋਨ ਇਕ ਸ਼ਹਿਰ ਦਾ ਨਾਉਂ ਹੈ ਤੇ ਇਲਾਕੇ ਦਾ ਭੀ । ਖੋਨ ਇਲਾਕੇ ਵਿਚ ਦੇਵਾਲ ਨਾਮੀਂ ਇਕ ਸ਼ਹਿਰ ਹੈ । ਉੱਥੇ ਲਾਹੌਰ ਸਰਕਾਰ ਦੇ ਤੋਸ਼ਾਖਾਨੀਏਂ ਮਿਸਰ ਬੇਲੀ ਰਾਮ ਦਾ ਘਰ ਸੀ । ਖੋਨ ਦੇ ਇਲਾਕੇ ਵਿਚ ਮਖਿਆਲੇ ਵੱਲ ਕਟਾਸ ਨਾਮੀਂ ਇਕ ਤੀਰਥ ਹੈ ਜੋ ਡੂੰਘਾ ਤਲਾ ਹੈ ਅਤੇ ਪੁਰਾਣੇ ਸਮੇਂ ਤੋਂ ਭਾਰਤ ਵਾਸੀਆਂ ਦਾ ਪੂਜਾ ਅਸਥਾਨ ਹੈ। ਕਟਾਸ ਤੋਂ ਦੋ ਕੋਹ 'ਤੇ ਇਕ ਤਲਾ ਹੈ ਜਿਸ ਨੂੰ 'ਚੋਹਾ ਸੈਦਨ ਸ਼ਾਹ' ਸੱਦਦੇ ਹਨ । ਇਹ ਭੀ ਪਵਿੱਤਰ ਅਸਥਾਨ ਹੈ । ਖੱਤਾ ਇਕ ਸ਼ਹਿਰ ਦਾ ਨਾਉਂ ਹੈ ਤੇ ਇਲਾਕੇ ਦਾ ਭੀ । ਉਸ ਦੇ ਨਾਲ ਲੱਗਦਾ ਇਕ ਹੋਰ ਤੀਰਥ ਹੈ ਜਿਸ ਨੂੰ 'ਨਰਸਿੰਘ ਪੁਹਾਰ' ਕਹਿੰਦੇ ਹਨ । ਇੱਥੇ ਝਰਨੇ ਵਾਂਗ ਪਾਣੀ ਉਚਾਈ ਤੋਂ ਡਿੱਗਦਾ ਹੈ ਜੋ ਨਹਿਰ ਦੀ ਸ਼ਕਲ ਵਿਚ ਵਹਿੰਦਾ ਹੋਇਆ ਇਲਾਕੇ ਦੀ ਸਿੰਜਾਈ ਕਰਦਾ ਹੈ । ਉੱਥੇ ਦੀ ਧਰਤੀ ਹਰੀ ਭਰੀ ਤੇ ਉਪਜਾਊ ਹੈ । ਹਿੰਦੂ ਧਰਮ ਦੇ ਤਪੱਸਵੀ ਸਾਧੂ ਕਾਫੀ ਗਿਣਤੀ ਵਿਚ ਉਸ ਥਾਂ ਰਹਿੰਦੇ ਹਨ ਅਤੇ ਭਾਰਤ ਵਾਸੀ ਅਸ਼ਨਾਨ ਤੇ ਦਰਸ਼ਨ ਕਰਨ ਲਈ ਉੱਥੇ ਜਾਂਦੇ ਹਨ ਤੇ ਮੇਲਾ ਲਾਉਂਦੇ ਹਨ । ਕਹਿੰਦੇ ਹਨ ਕਿ ਜੇਕਰ ਕੋਈ ਲੱਕੜੀ ਉਸ ਝਰਨੇ ਦੇ ਪਾਣੀ ਵਿਚ ਇਕ ਸਾਲ ਦੇ ਸਮੇਂ ਲਈ ਪਈ ਰਹੇ ਤਾਂ ਪਾਣੀ ਦੀ ਠੰਢ ਨਾਲ ਪੱਥਰ ਬਣ ਜਾਂਦੀ ਹੈ । ਸਿੰਧ ਦਰਿਆ ਵਾਲੇ ਪਾਸੇ 'ਕੱਛੀ' ਨਾਮੀਂ ਇਕ ਇਲਾਕਾ ਹੈ ਜਿਸ ਵਿਚ ਮੂਸਾ ਖੇਲ, ਦਾਊਦ ਖੇਲ, ਮੌਜ, ਮੀਆਂਵਾਲੀ ਤੇ ਵਾਲ ਸਚਰਾਂ ਆਦਿ ਨੱਗਰ ਸ਼ਾਮਲ ਹਨ । ਸੋਨਕੇਸਰ ਇਕ ਇਲਾਕੇ ਦਾ ਨਾਮ ਹੈ ਜਿਥੇ ਵਧੀਆ ਖਸਲਤ ਦੇ ਤੇਜ਼ਰਫਤਾਰ ਤੇ ਸੋਹਣੇ ਰੰਗਾਂ ਦੇ ਘੋੜੇ ਪੈਦਾ ਹੁੰਦੇ ਹਨ । ਮਹਿਤਾ ਟਿਵਾਣਾ, ਨੂਰ ਪੁਰ ਟਿਵਾਣਾ ਤੇ ਨੂਰ ਪੁਰ ਸਪਥੀ ਭੀ ਪ੍ਰਸਿੱਧ ਅਸਥਾਨ ਹਨ । ਪਿੰਡ ਸੱਥਾਂ ਦੇ ਨਾਲ ਲੱਗਦਾਂ ਬਾਰਾਂ ਸਿੱਧਾਂ ਦਾ ਡੇਰਾ ਹੈ ਜੋ ਕਰਾਮਾਤੀ ਪੁਰਸ਼ ਹੋਏ ਹਨ । ਕਹਿੰਦੇ ਹਨ ਕਿ ਉਹ ਬਾਰਾਂ ਵਿਅੱਕਤੀ 'ਰੰਦੇਵ' ਬ੍ਰਾਹਮਣ ਸਨ ਜਿਨ੍ਹਾਂ ਨੇ ਗਊ ਰੱਖਿਆ ਖਾਤਰ ਸ਼ਹੀਦ ਹੋ ਕੇ ਸਿੱਧਾਂ ਦਾ ਉੱਚਾ ਦਰਜਾ ਪ੍ਰਾਪਤ ਕੀਤਾ । ਜਿਹਲਮ ਦਰਿਆ ਦੇ ਕੰਢੇ 'ਤੇ ਅਹਿਮਦਾਬਾਦ ਇਕ ਸ਼ਹਿਰ ਹੈ ਜਿੱਥੇ ਭਾਈ ਬਾਹਰ ਦੀ ਧਰਮਸ਼ਾਲਾ ਇਕ ਚੰਗਾ ਵਿਸ਼ਰਾਮ-ਘਰ ਹੈ । ਉਥੇ ਭਾਈ ਬਿਸ਼ਨ ਦਾਸ ਇਕ ਖੁਦਾਸ਼ਨਾਸ ਮਹਾਂਪੁਰਸ਼ ਹੈ । ਉਸੇ ਦਰਿਆ ਦੇ ਕੰਢੇ 'ਤੇ ਹੀ ਖੁਸ਼ਾਬ ਨਾਮੀਂ ਇਕ ਸ਼ਹਿਰ ਹੈ । ਖੋਖਰਾਂ ਕੌਮ ਦਾ ਹਰਨ ਪੁਰ ਨਾਮੀਂ ਇਕ ਸ਼ਹਿਰ ਆਬਾਦ ਹੈ ਜੋ ਅੱਜ ਕੱਲ੍ਹ ਹਰਨ ਪੁਰ ਸੋਢੀਆਂ ਦੇ ਨਾਉਂ ਨਾਲ

ਪ੍ਰਸਿੱਧ ਹੈ। ਉੱਥੇ ਮਹਾਂ ਸਿੰਘ 'ਸੋਢੀ' ਬਰਕਤ ਵਾਲਾ ਵਿਅੱਕਤੀ ਹੋਇਆ ਹੈ ਅਤੇ ਉੱਥੋਂ ਦਾ ਹਕੀਮ ਲਾਲਾ ਬਹਾਦੁਰ ਚੰਦ 'ਚੋਪੜਾ' ਖੱਤਰੀ ਹਕੀਮੀ ਤੇ ਹਿਕਮਤ ਦੇ ਗਿਆਨ ਵਿਚ ਆਪਣੇ ਸਮਕਾਲੀ ਹਕੀਮਾਂ 'ਚੋਂ ਸਿਰਕੱਢ ਸੀ। ਉੱਥੇ ਇਕ ਵਿਅੱਕਤੀ ਬਾਬਾ ਕੰਵਲ ਨੈਨ ਬ੍ਰਾਹਮਣ ਸੀ ਜਿਸ ਦਾ ਸਦਾਵਰਤ (ਲੰਗਰ) ਅੱਜ ਤੱਕ ਚਾਲੂ ਹੈ ਅਤੇ ਸੋਢੀ ਸਾਹਿਬਾਨ ਭੀ ਪਾਂਧੀਆਂ ਨੂੰ ਰੋਟੀ ਦਿੰਦੇ ਹਨ। ਪਰਮਾਤਮਾ ਇਨ੍ਹਾਂ ਦੋਹਾਂ ਘਰਾਣਿਆਂ ਨੂੰ ਸਲਾਮਤ ਰੱਖੇ !

ਦੁਆਬਾ ਚੋ-ਬਹਿਤ

ਬਹਿਤ (ਜਿਹਲਮ) ਤੇ ਝਨਾਂ ਦਰਿਆਵਾਂ ਦੇ ਵਿਚਕਾਰ ਸਥਿੱਤ ਦੂਜੇ ਦੁਆਬੇ ਨੂੰ ਚੋ-ਬਹਿਤ ਸੱਦਦੇ ਹਨ। ਇਸ ਸਮੇਂ ਅੰਗਰੇਜ਼ ਸਾਹਿਬਾਨ ਨੇ ਉਸ ਦਾ ਨਾਉਂ ਦੁਆਬਾ ਚੱਜ ਰੱਖਿਆ ਹੈ। ਝਨਾਂ ਦਰਿਆ ਨੂੰ ਹਿੰਦੀ ਭਾਸ਼ਾ ਵਿਚ ਚੰਦਰ ਭਾਗਾ ਕਹਿੰਦੇ ਹਨ। (ਅਸਲ ਵਿਚ) ਇਹ ਦੋ ਦਰਿਆ ਹਨ। ਦੱਸਦੇ ਹਨ ਕਿ ਦਰਿਆ ਚੰਦਰ ਬੁਸ਼ਹਿਰ ਤੇ ਕੁੱਲੂ ਦੇ ਇਲਾਕੇ ਵਿਚੋਂ ਨਿਕਲਦਾ ਹੈ ਅਤੇ ਕਹਿੰਦੇ ਹਨ ਕਿ ਉਸ ਦਾ ਚਸ਼ਮਾਂ ਪਹਾੜ 'ਚ ਪਿੰਡ ਲੋਹਲ (ਲਾਹੌਲ) ਵਿਖੇ ਫੁੱਟਦਾ ਹੈ। ਉਸ ਚਸ਼ਮੇਂ ਨੂੰ ਚੰਦਰ ਕੋਟ ਕਹਿੰਦੇ ਹਨ, ਉਸ ਨੂੰ ਚੰਦਰੌਲ ਭੀ ਸੱਦਦੇ ਹਨ ਅਤੇ ਡੱਲ ਡੌਲ ਭੀ ਲਿਖਦੇ ਹਨ। ਅਜਿਹਾ ਪ੍ਰਸਿੱਧ ਹੈ ਕਿ ਉਸ ਚਸ਼ਮੇਂ ਦਾ ਪਾਣੀ ਚੰਦ ਦੀ ਵੱਧ ਰੌਸ਼ਨੀ ਵਾਲੇ ਦਿਨਾਂ ਵਿਚ ਵੱਧ ਹੋ ਜਾਂਦਾ ਹੈ ਅਤੇ ਚੰਦ ਦੀ ਘੱਟ ਰੌਸ਼ਨੀ ਦੇ ਸਮੇਂ ਵਿਚ ਉੱਤਰ ਜਾਂਦਾ ਹੈ। ਸੋ ਕੁੱਲੂ ਫੋਤੰਤ, ਚਾਠਾਂ, ਚੰਭਾ ਤੇ ਫੱਡੂ ਦੀਆਂ ਹੱਦਾਂ 'ਚੋਂ ਲੰਘਦਾ ਹੋਇਆ ਕਿਸ਼ਤਵਾਰ ਦੇ ਨੇੜੇ ਪੁੱਜਦਾ ਹੈ। ਦਰਿਆ ਭਾਗਾ ਜੱਸਕਾਰ ਇਲਾਕੇ ਵਿਚ ਭਾਗੀ ਕੁੰਡ ਦੇ ਚਸ਼ਮੇਂ 'ਚੋਂ ਪਾਂਦਰ ਵਲ ਨਿਕਲਦਾ ਹੋਇਆ ਕਿਸ਼ਤਵਾਰ ਦੇ ਰਾਜ ਪ੍ਰਬੰਧ 'ਚ ਆਏ ਪਿੰਡ ਭਦਾਰ ਕੋਟ ਦੇ ਨੇੜੇ ਚੰਦਰ ਦਰਿਆ ਵਿਚ ਮਿਲ ਜਾਂਦਾ ਹੈ ਅਤੇ ਚੰਦਰ ਭਾਗਾ ਸਦਵਾਉਂਦਾ ਹੈ। ਇਸੇ ਥਾਂ ਇਕ ਹੋਰ ਪ੍ਰਸਿੱਧ ਦਰਿਆ ਕਾਲੀਫੀ ਦੋ ਪਿੰਡਾਂ ਅਸਰ ਤੇ ਬਕਰ ਦੇ ਨਾਲ ਲਗਦਾ ਇਸ (ਚੰਦਰ ਭਾਗਾ) ਦਰਿਆ ਵਿਚ ਆ ਮਿਲਦਾ ਹੈ। ਬ੍ਰਹਮਾਨੀ ਨਾਮੀ ਇਕ ਹੋਰ ਨਦੀ ਕਿਸ਼ਤਵਾਰ ਦੇ ਇਲਾਕੇ ਵੱਛਨ ਮਰੌ ਦੀ ਧਰਤੀ 'ਤੇ ਸਥਿੱਤ ਬ੍ਰਹਮਸਰ ਦੇ ਚਸ਼ਮੇਂ ਤੋਂ ਨਿਕਲ ਕੇ ਉੱਪਰ ਵਲ ਚੰਦਰ ਭਾਗਾ ਦਰਿਆ ਵਿਚ ਮਿਲ ਜਾਂਦੀ ਹੈ। ਇਨ੍ਹਾਂ ਸਾਰੇ ਦਰਿਆਵਾਂ ਤੇ ਨਦੀ ਨਾਲਿਆਂ ਦਾ ਪਾਣੀ ਇਕੱਠਾ ਹੋ ਕੇ ਸਥਾਲ ਤੇ ਫੋਠਾਲ ਦੀਆਂ ਹੱਦਾਂ ਵਿਚੋਂ ਲੰਘਦਾ ਹੋਇਆ ਜੰਮੂ ਦੇ ਇਲਾਕੇ ਦੇ ਨੱਗਰ ਰਿਆਸੀ ਤੇ ਪਿੰਡ ਫੇਰ ਹੇਠ ਪੁੱਜਦਾ ਹੈ। ਉਥੋਂ ਅੱਖੇਰਾਨ ਤੇ ਅਖਨੂਰ ਨੱਗਰ ਤੋਂ ਅੱਗੇ ਤੱਕ ਵਹਿੰਦਾ ਹੈ। ਬਜਵਾਤ ਦੇ ਇਲਾਕੇ, ਪਿੰਡ ਕੋਰੀ, ਬਹਿਲੋਲਪੁਰ ਨੱਗਰ, ਧਾਰਰ ਮਹੋਟਾ, ਨੌਸ਼ਹਿਰਾ, ਟਿੱਬੀ, ਸਿੰਘਾਂ ਵਾਲਾ, ਕਾਲੇਕੇ, ਕਠਾਲਾ, ਖੋਜੀ ਵਾਲੀ, ਜੋਕਾਲੀ, ਕਾਦਰਾਬਾਦ, ਤਖਤ ਹਜ਼ਾਰਾ ਅਤੇ ਚੰਡਿਓਟ (ਚੰਨਿਓਟ) ਪਹਾੜ, ਜਿਥੇ ਸ਼ਾਹ ਬੁਰਹਾਨ ਦੀ ਖਾਨਗਾਹ ਹੈ, 'ਚੋਂ ਲੰਘਦਾ ਹੋਇਆ ਝੰਗ ਸਿਆਲਾਂ ਦੇ ਨੇੜੇ ਬਹਿਤ ਦਰਿਆ ਨੂੰ ਆਪਣੇ ਵਿਚ ਮਿਲਾਉਂਦਾ ਹੋਇਆ ਸਿੰਧ ਸਾਗਰ ਵਿਚ ਮਿਲ ਜਾਂਦਾ ਹੈ ਅਤੇ ਸਿੰਧ ਨਾਉਂ ਸਦਵਾਉਂਦਾ ਹੋਇਆ ਖਾਰੇ ਸਮੁੰਦਰ ਵਿਚ ਜਾ ਡਿਗਦਾ ਹੈ। ਜਿਹਲਮ ਦਰਿਆ ਦੇ ਕੰਢੇ ਘਾਟ 'ਤੇ ਸਥਿੱਤ ਔਰੰਗਾਬਾਦ ਦੀ ਸਰਾਂ ਤੋਂ ਲੈ ਕੇ ਝਨਾਂ ਦਰਿਆ ਦੇ ਕੰਢੇ 'ਤੇ ਸਥਿੱਤ ਪਿੰਡ ਸਾਅਦਅੱਲ੍ਹਾਪੁਰ ਤੱਕ ਇਸ ਦੁਆਬੇ ਦੀ ਚੌੜਾਈ ਵੀਹ ਕੁ ਕੋਹ ਮੁਕੱਰਰ ਹੈ। ਇਹ ਦੁਆਬਾ ਸਾਰੇ ਦੁਆਬਿਆਂ ਨਾਲੋਂ ਛੋਟਾ ਹੈ।

ਦੁਆਬਾ ਚੱਜ ਦੇ ਪਰਗਣਿਆਂ ਤੇ ਸ਼ਹਿਰਾਂ ਦੇ ਨਾਮਾਂ ਦਾ ਵੇਰਵਾ
(ਪੂਰਬ ਤੋਂ ਪੱਛਮ ਤੱਕ)

ਝਨਾਂ ਦਰਿਆ ਦੇ ਕੰਢੇ ਬਹਿਲੋਲ ਪੁਰ ਨਾਮੀ ਪਰਗਣਾ ਹੈ ਜਿਹੜਾ ਸੁਲਤਾਨ ਬਹਿਲੋਲ ਲੋਧੀ

ਦੇ ਰਾਜ-ਸਮੇਂ ਸੰਨ ੮੬੯ ਹਿਜਰੀ (ਮੁਤਾਬਿਕ ਸੰਨ ੧੪੬੪-੬੫ ਈਸਵੀ) ਵਾਲੇ ਸਾਲ ਆਬਾਦ ਹੋਇਆ। ਉਸ ਵਿਚ ਸੱਤ ਤਪੇ ਸ਼ਾਮਲ ਹਨ। ਪਹਿਲਾ ਤਪਾ ਕਟਾਰੂ ਵਾਲੇ ਪਾਸੇ, ਖਾਸ ਬਹਿਲੋਲ ਪੁਰ ਨੱਗਰ ਹੈ। 'ਕੋਂਦੀ' ਜ਼ਾਤ ਦੇ ਖੱਤਰੀ ਉਸ ਥਾਂ ਦੇ ਮਾਲਕ ਰਹੇ ਹਨ। ਇਸ ਸਾਰੇ ਮਹਾਲ ਦੀ ਕਾਨੂੰਗੋਈ 'ਵਡਹਿਰਾ' ਜ਼ਾਤ ਦੇ ਖੱਤਰੀਆਂ ਦੇ ਨਾਉਂ ਲੱਗੀ ਰਹੀ ਹੈ ਜੋ ਸਾਡੇ ਵੱਡੇ-ਵਡੇਰੇ ਸਨ। ਭਾਵੇਂ ਖੱਤਰੀ ਲੋਕ ਭਾਰਤੀ ਰਾਜਿਆਂ ਦੀ ਨਸਲ ਵਿਚੋਂ ਹਨ ਪ੍ਰੰਤੂ ਪ੍ਰਦੇਸੀਆਂ ਵਾਂਗ ਪੰਜਾਬ ਵਿਚ ਆ ਕੇ ਵਸ ਗਏ। ਉਨ੍ਹਾਂ ਨੇ ਨੌਕਰੀ ਤੇ ਬਿਉਪਾਰ ਆਦਿ ਦੇ ਧੰਧੇ ਅਪਨਾ ਲਏ। ਕਿਉਂ ਜੋ ਇਹ ਲੋਕ ਦੂਜੀਆਂ ਕੌਮਾਂ ਤੋਂ ਆਪਣੀ ਇੱਜ਼ਤ, ਮਾਲ ਤੇ ਜਾਨ ਲਈ ਆਮ ਕਰਕੇ ਬਹੁਤ ਖ਼ਤਰਾ (ਡਰ) ਮੰਨਦੇ ਹਨ, ਇਸ ਲਈ ਉਨ੍ਹਾਂ ਦਾ ਨਾਉਂ 'ਖ਼ੱਤਰੀ' ਪੈ ਗਿਆ। ਇਸ ਲਈ ਇਸ ਪੁਸਤਕ ਦਾ ਲਿਖਾਰੀ ਹਰ ਥਾਂ ਇਸ ਕੌਮ ਦਾ ਨਾਉਂ 'ਖ਼ੱਤਰੀ' ਲਿਖੇਗਾ ਅਤੇ ਜੇਕਰ ਪ੍ਰਮਾਤਮਾ ਨੇ ਚਾਹਿਆ ਤਾਂ ਪੰਜਾਬ ਦੇ ਖ਼ੱਤਰੀਆਂ ਦੀਆਂ ਇਨ੍ਹਾਂ ਕੌਮਾਂ ਦਾ ਵੇਰਵਾ ਲਾਹੌਰ ਰਾਜਧਾਨੀ ਦੇ ਹਾਲਾਤ ਵਿਚ ਦੱਸਿਆ ਜਾਵੇਗਾ।

ਬਾਬਾ ਪੋਹਲੋ ਰਾਮ ਬੈਰਾਗੀ ਨੇ, ਜੋ ਬ੍ਰਹਮ ਗਿਆਨੀ ਸੀ, ਆਪਣੀ ਆਯੂ ਦੇ ਅੰਤਮ ਦਿਨਾਂ ਵਿਚ ਗੁਜਰਾਤ ਨੱਗਰ ਵਿੱਚੋਂ ਆ ਕੇ ਸੰਮਤ ੧੮੫੭ ਬਿਕਰਮੀ (ਮੁਤਾਬਿਕ ਸੰਨ ੧੮੦੦ ਈਸਵੀ) ਵਾਲੇ ਸਾਲ ਬਹਿਲੋਲਪੁਰ ਵਿਖੇ ਪ੍ਰਾਣ ਤਿਆਗੇ। ਉਸ ਦੀ ਸਮਾਧ ਇੱਥੇ ਹੀ ਹੈ। ਦੂਜਾ ਤਪਾ ਬਜਵਾਤ ਹੈ। ਉੱਥੇ ਕਿਲ੍ਹੇ ਦੇ ਨਾਲ ਲੱਗਦੀ ਗੁਜਰਾਤ ਦੇ ਮਾਲਕ ਸ: ਸਾਹਿਬ ਸਿੰਘ ਦੀ ਸਮਾਧ ਮੌਜੂਦ ਹੈ ਜੋ ਸੰਮਤ ੧੮੭੧ ਬਿਕਰਮੀ (ਮੁਤਾਬਿਕ ਸੰ: ੧੮੧੪ ਈਸਵੀ) ਵਿਚ ਕੁਦਰਤੀ ਮੌਤ ਮਰਿਆ। ਹੁਣ ਬਜਵਾਤ ਦਾ ਇਲਾਕਾ ਰਾਜਾ ਤੇਜ ਸਿੰਘ ਦੀ ਜਾਗੀਰ ਵਿਚ ਲੱਗਿਆ ਹੋਇਆ ਹੈ। ਤੀਜਾ ਤਪਾ ਗੰਗਵਾਲ ਹੈ ਜੋ 'ਮਿਨਹਾਸ' ਕੌਮ ਦੇ ਲੋਕਾਂ ਦਾ ਵੱਡਾ ਪਿੰਡ ਹੈ। ਚੌਥਾ ਤਪਾ ਮਨਾਵਰ ਹੈ, ਪੰਜਵਾਂ ਤਪਾ ਅਖਾਨੂਰ ਹੈ। ਇਹ ਦੋਵੇਂ ਤਪੇ ਜੰਮੂ ਰਾਜ ਵਿਚ ਸ਼ਾਮਲ ਹੋ ਗਏ ਹਨ। ਛੇਵਾਂ ਤਪਾ ਲੱਖੂ ਹੈ ਜੋ ਜਲਾਲਪੁਰ ਸੋਬਤੀਆਂ ਵਜੋਂ ਪ੍ਰਸਿਧ ਹੈ। ਪੁਰਾਣੇ ਸਮੇਂ ਤੋਂ ਉਸ ਥਾਂ ਦੇ ਮਾਲਕ 'ਸੋਬਤੀ' ਖੱਤਰੀ ਹਨ। ਪਿੰਡ ਕਾਸਮਪੁਰ ਲੱਖੂ ਉਰਫ਼ ਰੰਘਾਂ ਵਾਲਾ ਦੇ ਮਾਲਿਕ ਤੇ ਵਾਰਸ ਭੀ 'ਸੋਬਤੀ' ਹਨ ਜੋ ਉੱਪਰ ਦੱਸੇ ਲੱਖੂ ਦੀ ਸੰਤਾਨ ਵਿੱਚੋਂ ਹਨ। ਰੰਘਾ ਵਾਲਾ ਦਾ ਮਾਲਿਕ, ਚੋਧਰੀ ਦੀਵਾਨ ਸਿੰਘ ਭਲਾ ਪੁਰਸ਼ ਸੀ। ਉਹ ਰਾਹੀਆਂ ਤੇ ਪਾਂਧੀਆਂ ਨੂੰ ਬੜੀ ਆਉ ਭਗਤ ਨਾਲ ਰੋਟੀ ਪਾਣੀ ਦਿੰਦਾ ਹੁੰਦਾ ਸੀ। ਉਸ ਦੇ ਤਿੰਨ ਬੇਟੇ ਸਨ, ਬਹਾਦੁਰ ਸਿੰਘ, ਗੰਡਾ ਮੱਲ ਤੇ ਚੌਧਰੀ ਅਨੋਖ ਰਾਏ ਜਿਸ ਦੀ ਭਾਗਵਾਨ ਬੇਟੀ ਗੁਜਰਾਤ ਦੇ ਕਾਨੂੰਗੋ ਮਹਿਤਾ ਹਾਕਮ ਰਾਏ ਨਾਲ ਵਿਆਹੀ ਹੋਈ ਹੈ। ਸੱਤਵਾਂ ਤਪਾ ਧਾਰਰ ਮਹੋਟਾ ਹੈ। ਪਿੰਡ ਨਾਨੋਵਾਲ, ਨੌਸ਼ਹਿਰਾ ਮੁਗਲਾਂ ਤੇ ਨੌਸ਼ਹਿਰਾ ਮਿਆਨਾ ਇਸ ਤਪੇ ਦੇ ਪ੍ਰਬੰਧ ਹੇਠ ਹਨ। ਪੀਰ ਮੁਹੰਮਦ ਸਚਿਆਰ ਔਲੀਆ ਦੀ ਖ਼ਾਨਗਾਹ ਨੌਸ਼ਹਿਰੇ ਦੀ ਧਰਤੀ ਵਿਚ ਤੀਰਥ ਅਸਥਾਨ ਹੈ। ਉਸ ਨੇ ਹਜ਼ਰਤ ਨੌਸ਼ਾ ਹਾਜੀ ਗੰਜ ਬਖਸ਼ ਔਲੀਆ ਤੋਂ ਜਿਸ ਦਾ ਮਕਬਰਾ ਚੱਕ ਸਿਹਨਪਾਲ ਵਿਚ ਹੈ, ਤੋਂ ਫ਼ਕੀਰੀ ਦੀ ਦਾਤ ਪ੍ਰਾਪਤ ਕੀਤੀ ਸੀ। ਜ਼ਿਲਾ ਕੁਲੀਬਾ; ਮੰਗਲਾਂ, ਦੀਵਾ ਵਟਾਲਾ ਛੱਬਾਂ, ਪਰਗਣਾ ਭਿੰਬਰ, ਨੌਸ਼ਹਿਰਾ, ਰਾਜੌਰ, ਪੁਣਛ ਅਤੇ ਮੀਰ ਪੁਰ ਚੌਮੱਖ ਜਿਸ ਨੂੰ ਇੰਦਰ ਵੋਲ ਕਹਿੰਦੇ ਹਨ, ਆਦਿ ਅਤੇ ਗੁਜਰਾਤ ਦੇ ਉੱਤਰ ਵਾਲੇ ਪਾਸੇ ਦੇ ਸਾਰੇ ਪਹਾੜੀ ਇਲਾਕੇ ਜੰਮੂ ਰਾਜ ਵਿਚ ਸ਼ਾਮਲ ਹਨ। ਪਰਗਣਾ ਭਿੰਬਰ ਦੇ ਇਲਾਕੇ ਦਾ ਜ਼ਿਲਾ ਕੋਟਲਾ ਕਕਰਾਲੀ ਉਸ ਨਾਲੋਂ ਵੱਖਰਾ ਹੋ ਕੇ ਗੁਜਰਾਤ ਦੇ ਇਲਾਕੇ ਵਿਚ ਸ਼ਾਮਲ ਹੋ ਗਿਆ। ਖਰੀ ਖਰਿਆਲੀ ਦੋਵੇਂ ਪਰਗਣੇ ਛੋਟੇ ਹਨ ਜੋ ਜਿਹਲਮ ਦਰਿਆ ਦੇ ਕੰਢੇ 'ਤੇ ਸਥਿੱਤ ਹਨ। ਔਰੰਗਾਬਾਦ ਦੀ ਸਰਾਂ ਇਸੇ ਇਲਾਕੇ ਵਿਚੋਂ ਹੈ। ਗੁਜਰਾਤ ਦੇ ਇਲਾਕੇ ਨੂੰ ਚਕਲਾ-ਏ-ਗੁਜਰਾਤ ਲਿਖਦੇ ਹਨ। ਇਸ ਚਕਲੇ ਦੇ ਤਿੰਨ ਪਰਗਣੇ ਹਨ ਪਰਗਣਾ ਗੁਜਰਾਤ ਖਾਸ, ਪਰਗਣਾ ਹੈਰਾਤ ਤੇ ਪਰਗਣਾ ਸ਼ਾਹਜਹਾਨਪੁਰ। ਗੁੱਜਰਾਂ ਵਾਲੇ ਪਾਸੇ ਨੂੰ ਪਰਗਣਾ ਗੁਜਰਾਤ ਕਹਿੰਦੇ ਹਨ ਅਤੇ ਵੜਾਇਚ ਵਾਲੇ ਪਾਸੇ ਜਾਟ ਕੌਮ ਦੇ ਪਿੰਡਾਂ ਨੂੰ ਪਰਗਣਾ ਹੈਰਾਤ ਸੱਦਦੇ ਹਨ। ਉਸ ਸ਼ਹਿਰ (ਹੈਰਾਤ) ਦੇ ਨਾਮ ਰੱਖਣ ਦਾ ਕਾਰਨ ਇਹ ਹੈ ਕਿ ਜਦੋਂ ਕੁੰਜਾਹ ਨੱਗਰ ਦੇ ਆਸ ਪਾਸ ਹਜ਼ਰਤ ਮੁਹੰਮਦ ਅਕਬਰ ਬਾਦਸ਼ਾਹ

ਨੇ ਕਸਤੂਰੀ ਵਾਲੇ ਹਿਰਨ ਦਾ ਸ਼ਿਕਾਰ ਕੀਤਾ, ਜਿਸ ਨੂੰ ਹਿੰਦੀ ਭਾਸ਼ਾ ਵਿਚ ਹੀਰਾ ਹਰਨ ਕਹਿੰਦੇ ਹਨ, ਤਾਂ ਬਾਦਸ਼ਾਹ ਦੇ ਮੂੰਹੋਂ ਨਿਕਲਿਆ ਕਿ "ਈਰਾਨ ਮੁਲਕ ਦੇ ਹੈਰਾਤ (ਇਲਾਕਾ) ਵਿਚ ਲਾਸਾਨੀ ਘੋੜੇ ਪੈਦਾ ਹੁੰਦੇ ਹਨ, ਇਸੇ ਤਰ੍ਹਾਂ ਇਸ ਖਿੱਤੇ ਵਿਚ ਬੇਮਿਸਾਲ ਹੀਰੇ ਹਰਨ ਮਿਲਦੇ ਹਨ।" ਇਸੇ ਕਾਰਨ ਇਸ ਜ਼ਿਲ੍ਹੇ ਦਾ ਨਾਉਂ ਹੈਰਾਤ ਰੱਖ ਕੇ ਵੱਖਰਾ ਪਰਗਣਾ ਬਣਾ ਦਿੱਤਾ। ਪਰਗਣਾ ਸ਼ਾਹਜਹਾਨਪੁਰ ਵਿਚ ਕੁਝ ਪਿੰਡ ਹਨ ਜਿਨ੍ਹਾਂ ਨੂੰ ਸ਼ਾਹਜਹਾਨ ਬਾਦਸ਼ਾਹ ਦੇ ਰਾਜ-ਕਾਲ ਵਿਚ ਗੁਜਰਾਤ ਤੇ ਹੈਰਾਤ ਪਰਗਣਿਆਂ 'ਚੋਂ ਕੱਟ ਕੇ ਇਕ ਵੱਖਰਾ ਪਰਗਣਾ ਬਣਾ ਦਿੱਤਾ। ਸੋ ਗੁਜਰਾਤ ਖਾਸ ਪਰਗਣੇ ਵਿਚ ਅੱਠ ਤਪੇ ਹਨ ਅਤੇ ਉਨ੍ਹਾਂ ਦੇ ਇਹ ਨਾਉਂ ਹਨ:—

੧. ਤਪਾ ਆਕਿਆ	੨. ਬਾਲਾ
੩. ਕੰਦੂ	੪. ਹਾਂਡੂ
੫. ਛੱਛਾਂ	੬. ਚੌਹਾਨ
੭. ਆਲਮਗੀਰ ਗੁਜਰਾਂ ਤੇ	੮. ਤਪਾ ਆਲਮਗੀਰੀ, ਜਿਸ ਵਿਚ ਇਕੋ ਪਿੰਡ ਹੈ।

ਤਪਾ ਆਕਿਆ ਵਿਚ ਪੰਜ ਟੋਪ ਸ਼ਾਮਲ ਹਨ: —

ਪਹਿਲਾ ਟੋਪ, ਕਾਨੂੰਗੋਆਂ ਦੀ ਮਾਲਕੀ ਦਾ ਨੱਗਰ ਜਿਸ ਦਾ ਹਾਲ ਅੱਗੇ ਲਿਖਿਆ ਜਾਵੇਗਾ।

ਦੂਜਾ ਟੋਪ, ਸਾਬੋਵਾਲ ਜਿਸ ਨੂੰ ਚੱਕਰੀ ਦੇ ਪਿੰਡ ਭੀ ਕਹਿੰਦੇ ਹਨ।

ਤੀਜਾ ਟੋਪ, ਛੰਦੀਵਾਲਾ। ਪਿੰਡ ਦੱਤਾ ਵਾਲ ਆਦਿ ਇਸੇ ਦੇ ਪ੍ਰਬੰਧ ਹੇਠ ਹੈ।

ਚੌਥਾ ਟੋਪ ਨਾਗਰਿਆਂ ਵਾਲਾ, ਇਸ ਦੇ ਸਾਰੇ ਪਿੰਡਾਂ ਵਿਚੋਂ ਪਿੰਡ ਮਛਿਆਣਾ ਪ੍ਰਸਿੱਧ ਹੈ। ਉੱਥੇ ਚੌਧਰੀ ਅਹਿਮਦ, ਅੱਲ੍ਹਾ ਦੀਨ ਤੇ ਚੌਧਰੀ ਕਲੀਮ ਅੱਲ੍ਹਾ ਰਹਿੰਦੇ ਸਨ।

ਪੰਜਵਾਂ ਟੋਪ ਕਾਘੜਾ ਜੋ ਕਿਲ੍ਹਾ ਥੋਥਿਆਂਵਾਲਾ ਦੇ ਨਾਲ ਲੱਗਦਾ ਤੇ ਪ੍ਰਸਿੱਧ ਹੈ। ਰਾਜਾ ਸੁਚੇਤ ਸਿੰਘ ਨੇ ਉਸ ਕਿਲ੍ਹੇ ਦਾ ਨਾਉਂ ਕੌਲਾਂ ਵਾਲਾ ਰਖਿਆ। ਸਾਹਿਬ ਸਿੰਘ ਤੇ ਉਸ ਦੇ ਬੇਟੇ ਗੁਲਾਬ ਸਿੰਘ ਦੇ ਰਾਜ-ਸਮੇਂ ਉਸ ਕਿਲ੍ਹੇ ਦਾ ਨਾਉਂ ਕਿਲ੍ਹਾ ਫਤਹਿਗੜ੍ਹ ਸੀ। ਟੋਪ ਕਾਘੜਾ ਵੱਡਾ ਇਲਾਕਾ ਸੀ। ਇਸ ਪੁਸਤਕ ਦੇ ਲੇਖਕ ਦੇ ਪਿਤਾ ਲਾਲਾ ਸ਼ਿਵ ਦਿਆਲ ਉਮਰ ਭਰ ਉਸ ਇਲਾਕੇ ਦੇ ਹਾਕਿਮ ਤੇ ਪ੍ਰਬੰਧਕ ਰਹੇ।

ਤਪਾ ਬਾਲਾ ਵਿਚ ਤਿੰਨ ਟੋਪ ਹਨ:—

ਪਹਿਲਾ ਟੋਪ ਜੌਰੀ ਜੋ ਵੱਡਾ ਭਾਰੀ ਪਿੰਡ ਹੈ।

ਦੂਜਾ ਟੋਪ ਬੇਗੁਣਾ ਵਾਲਾ।

ਤੀਜਾ ਟੋਪ ਮਟਵਾਂ ਵਾਲਾ ਜਿਸ ਦੇ ਪ੍ਰਬੰਧ ਹੇਠ ਡਿੰਗਾ ਨੱਗਰ ਹੈ।

ਤਪਾ ਕੰਦੂ ਨਾਲ ਛੇ ਟੋਪ ਸੰਬੰਧਤ ਹਨ:—

ਪਹਿਲਾ ਟੋਪ ਅਮੀਨਪੁਰ ਇਬਰਾਹੀਮ ਉਰਫ ਸੂਈ ਪਿਸਵਾਲ। ਪਿੰਡ ਚੱਕ ਸਿਕੰਦਰ ਤੇ ਕੋਟਲਾ ਚੌਧਰੀ ਫੀਰੋਜ਼ ਖਾਂ ਉਸੇ ਟੋਪ ਵਿਚੋਂ ਹਨ।

ਦੂਜਾ ਟੋਪ ਉਧੋ ਕੋਰਸੀ ਹੈ ਜਿਹੜਾ ਧੂਰੀਆਂ ਦੇ ਨਾਉਂ ਨਾਲ ਪ੍ਰਸਿਧ ਹੈ। ਸ: ਕਮਰ ਸਿੰਘ ਵਾਲਾ, ਪਿੰਡ ਭਾਗੋ ਵਢਾਲਾ ਤੇ ਬਰਨਾਲੀ ਭਾਈ ਮੱਜਾ ਸਿੰਘ ਵਾਲੀ ਇਸ ਟੋਪ ਦੇ ਇਲਾਕੇ ਵਿਚੋਂ ਹਨ।

ਤੀਜਾ ਟੋਪ ਰਣਧੀਰ ਹੈ। ਪਿੰਡ ਚੇਲਿਆਂ ਵਾਲੀ ਇਸ ਟੋਪ ਨਾਲ ਸੰਬੰਧਤ ਪਿੰਡਾਂ ਵਿਚੋਂ ਹੈ।

ਚੌਥਾ ਟੋਪ ਖ਼ਵਾਸਪੁਰ ਹੈ ਜੋ ਪਿਸ਼ਾਵਰ ਦੇ ਰਾਹ ਉਤੇ ਇਕ ਸਰਾਂ ਹੈ। ਪਿੰਡ ਨੰਦੂ ਵਾਲ ਉਸ ਵਿਚ ਸ਼ਾਮਲ ਹੈ।

ਪੰਜਵਾਂ ਟੋਪ ਦੌਲਤਾਨਗਰ ਹੈ। ਪੁਰਾਣੇ ਸਮੇਂ ਵਿਚ ਇਹ ਧਨਵਾਨਾਂ ਦਾ ਸ਼ਹਿਰ ਸੀ। ਖੱਤਰੀਆਂ

ਦੀਆਂ ਬਹੁਤੀਆਂ ਜ਼ਾਤਾਂ ਦੇ ਲੋਕ ਉੱਥੇ ਰਹਿੰਦੇ ਸਨ। ਮੁਹੰਮਦ ਅਕਬਰ ਬਾਦਸ਼ਾਹ ਦੇ ਰਾਜ ਕਾਲ ਵਿਚ ਬਹੁਤ ਸਾਰੇ ਲੋਕ ਉੱਥੋਂ ਉੱਠ ਕੇ ਗੁਜਰਾਤ ਸ਼ਹਿਰ ਵਿਚ ਆ ਕੇ ਆਬਾਦ ਹੋ ਗਏ ਅਤੇ ਦੌਲਤਾਨਗਰ ਦੀ ਰੌਣਕ ਜਾਂਦੀ ਰਹੀ। ਇਸ ਵੇਲੇ ਉੱਥੇ ਖੱਤਰੀਆਂ ਦੀਆਂ ਦੋ ਜ਼ਾਤਾਂ ਹੋਰਾਂ ਨਾਲੋਂ ਅੱਗੇ ਹਨ ਜਿਨ੍ਹਾਂ ਵਿਚੋਂ ਇਕ ਜ਼ਾਤ 'ਹਾਂਡਾ' ਹੈ। ਦੌਲਤਾਨਗਰ ਖਾਸ ਦੀ ਜਿਮੀਂਦਾਰੀ ਉਨ੍ਹਾਂ ਦੇ ਨਾਉਂ ਹੈ। ਦੂਜੀ 'ਦੁੱਗਲ' ਜਿਹੜੇ ਪਿੰਡ ਆਲਮਗੀਰ ਪੁਰ ਖੁਮਾਂ ਦੇ ਜ਼ਿਮੀਂਦਾਰ ਹਨ। ਆਲਮ ਪੁਰ ਖੁਮਾਂ ਇਸ ਸਮੇਂ ਦੌਲਤਾਨਗਰ ਵਿਚ ਸ਼ਾਮਲ ਹੈ। ਇਸ ਵੇਲੇ ਉਸ ਥਾਂ ਦੇ ਵੱਡੇ ਆਦਮੀਆਂ ਵਿਚੋਂ ਲਾਲਾ ਜੱਤਾ ਮੱਲ 'ਹਾਂਡਾ' ਹੈ ਜੋ ਮਿਲਣਸਾਰ ਵਿਅੱਕਤੀ ਹੈ। ਤਪਾ ਕੰਦੂ ਦੇ ਦੌਲਤਾਨਗਰ ਇਲਾਕੇ ਵਿਚ ਚੌਧਰੀਆਂ ਦਾ ਵੱਡਾ ਪਿੰਡ ਫਤਹਿਪੁਰ ਹੈ।

ਛੇਵਾਂ ਟੋਪ ਮੁਰੀਦਾ ਮਕਿਆਣਾ ਹੈ ਜਿਸ ਦੇ ਇਲਾਕੇ ਵਿਚ ਪਿੰਡ ਦਿਉਣਾ ਤੇ ਪਿੰਡ ਸਧੜੀ ਹਨ। ਕਹਿੰਦੇ ਹਨ ਕਿ ਪਿਛਲੇ ਸਮੇਂ ਵਿਚ ਸਧੜੀ ਭੀ ਨੱਗਰ ਸੀ। ਅੱਜ ਕੱਲ੍ਹ ਇਹ ਛੋਟਾ ਜਿਹਾ ਪਿੰਡ ਹੈ। ਪਰੰਤੂ ਖੱਤਰੀਆਂ ਦੀ ਵਿਰਾਸਤ ਪਿੰਡ ਸ਼ਾਹ ਬੇਗਮਪੁਰ ਕੇਸਰੀ, ਉਸ ਇਲਾਕੇ 'ਚ ਖੱਤਰੀਆਂ ਦੀ ਰਿਹਾਇਸ਼ ਦੀ ਨਿਸ਼ਾਨੀ ਹੈ। ਗੁਜਰਾਤ ਸ਼ਹਿਰ ਦੇ ਆਮ ਵਸਨੀਕ ਦੱਸਦੇ ਹਨ ਕਿ ਸਾਡੇ ਵੱਡੇ ਵਡੇਰੇ ਸਧੜੀ ਤੋਂ ਆ ਕੇ ਇਸ ਥਾਂ ਵੱਸ ਗਏ ਹਨ। ਸਮਾਪਤ।

ਚੌਥੇ ਤਪੇ ਹਾਂਡੂ ਵਿਚ ਤਿੰਨ ਟੋਪ ਹਨ :—

ਪਹਿਲਾ ਟੋਪ ਦੜਕਰੀ। ਉਥੇ ਚੌਧਰੀ ਹਾਂਡੇ ਦੀ ਸਮਾਧ ਹੈ। ਕਸ਼ਮੀਰ ਦੇ ਰਾਹ 'ਚ 'ਲੁਬਾਣਾ' ਕ਼ੌਮ ਦੇ ਵਸਨੀਕਾਂ ਦਾ ਪਿੰਡ ਬਜ਼ੁਰਗਵਾਲ ਇਸ ਟੋਪ ਦੇ ਇਲਾਕੇ 'ਚੋਂ ਹੈ। ਮੁਸਾਫਿਰਾਂ ਦੇ ਸੇਵਕ ਸੰਤ ਭਾਈ ਦਿਆਲ ਸਿੰਘ ਦੀ ਰਿਹਾਇਸ਼ ਇਸੇ ਪਿੰਡ ਵਿਚ ਸੀ।

ਦੂਜਾ ਟੋਪ ਚੱਕ ਅਹਿਮਦ ਉਰਫ ਖਰੀੜਾ ਹੈ ਜਿਥੋਂ ਦੇ ਵਾਸੀਆਂ ਵਿਚੋਂ ਚੌਧਰੀ ਫਤਿਹ ਅਲੀ ਸਿਰ-ਕੱਢ ਹੋਇਆ ਹੈ। ਪਿੰਡ ਦਿਲਾਵਰਪੁਰ ਸ਼ਾਦੀ ਉਸੇ ਦੇ ਇਲਾਕੇ ਵਿਚੋਂ ਹੈ ਜਿਸ ਦਾ ਮੁਖਤਿਆਰ ਚੌਧਰੀ ਮੁਹੰਮਦ ਯਾਰ ਹੈ।

ਤੀਜਾ ਟੋਪ ਕੜਿਆਂ ਵਾਲਾ ਹੈ। ਪੁਰਾਣੇ ਸਮੇਂ ਤੋਂ 'ਭੱਲੇ' ਖੱਤਰੀ ਉਸ ਥਾਂ ਦੇ ਵਾਰਿਸ ਚਲੇ ਆਉਂਦੇ ਹਨ। ਪਿੰਡ ਅਕਬਰਾਬਾਦ ਭੀ ਟੋਪ ਕੜਿਆਂ ਵਾਲਾ ਵਿਚ ਸ਼ਾਮਲ ਹੈ। ਪਿੰਡ ਹਾਜੀ ਵਾਲਾ ਵੱਡਾ ਪਿੰਡ ਹੈ ਜਿੱਥੇ ਬਹੁਤੇ ਖੱਤਰੀ ਰਹਿੰਦੇ ਹਨ। ਪਿੰਡ ਪੀਰੂ ਸ਼ਾਹ, ਚੰਦ ਨਾਡਾ ਤੇ ਦਾਖਲੀ ਭੀ ਸੁੰਦਰ ਅਸਥਾਨ ਹਨ। ਦਾਖਲੀ ਵਿਖੇ ਚੌਧਰੀ ਲਾਲ ਖਾਂ ਦਾ ਘਰ ਹੈ ਅਤੇ ਪਿੰਡ ਲੱਖੂ ਹਾਂਡਾ ਟੋਪ ਕੜਿਆਂ ਵਾਲਾ ਦੇ ਇਲਾਕੇ ਵਿਚੋਂ ਹੈ।

ਪੰਜਵਾਂ ਤਪਾ ਛੱਛਾਂ ਹੈ। ਪਿੰਡ ਨੱਥੂਵਾਲ ਉਸ ਦੇ ਇਲਾਕੇ ਵਿੱਚੋਂ ਹੈ।

ਛੇਵਾਂ ਤਪਾ ਚੌਹਾਨ ਹੈ। ਪਿੰਡ ਚੌਧੋਵਾਲ ਤੇ ਪਿੰਡ ਘਣਸੀਆ ਇਸੇ ਤਪੇ ਵਿਚ ਹਨ। ਕਸ਼ਮੀਰ ਦੇ ਹਾਕਿਮ ਰਾਜਾ ਸੁੱਖ ਜੀਵਨ ਦੀ ਸੰਤਾਨ ਵਿਚੋਂ ਰਾਜਾ ਸੋਭਾ ਸਿੰਘ ਦੀ ਜਾਗੀਰ ਸਦਕਾ ਇਹ ਪਿੰਡ ਪ੍ਰਸਿੱਧ ਤੇ ਸੰਘਣੀ ਆਬਾਦੀ ਵਾਲਾ ਹੋ ਗਿਆ ਹੈ।

ਸੱਤਵਾਂ ਤਪਾ ਆਲਮਗੀਰਪੁਰ ਗੁਜਰਾਂ ਹੈ। ਕਲਿਆਣਾ ਤੇ ਸਰਾਏ ਖਾਰੀ ਇਸ ਇਲਾਕੇ 'ਚ ਸ਼ਾਮਲ ਹਨ। ਖਾਰੀਆਂ ਪਿੰਡ ਦੇ ਮਾਲਿਕ 'ਗੁੱਜਰ' ਕੌਮ ਦੇ ਲੋਕੀਂ ਹਨ। ਉੱਥੋਂ ਦੇ ਵੱਡੇ ਆਦਮੀਆਂ ਵਿਚੋਂ 'ਛਿੱਬਰ' ਬ੍ਰਾਹਮਣ ਹਨ। ਖਾਰੀਆਂ ਦੇ ਨੇੜੇ ਇਕ ਪਿੰਡ ਬਾਦਸ਼ਾਹ ਪੁਰ ਗੰਗਾ ਰਾਮ ਉਨ੍ਹਾਂ ਦੀ ਜ਼ਰਖਰੀਦ ਵਿਰਾਸਤ ਹੈ। ਕਲਿਆਣਾ ਦੇ ਇਲਾਕੇ ਵਿਚ ਇਕ ਪਿੰਡ ਸ਼ਾਹਜਹਾਨ ਪੁਰ ਗੰਗਾ ਰਾਮ 'ਵਧਾਵਨ' ਖੱਤਰੀਆਂ ਦੀ ਵਿਰਾਸਤ ਹੈ। ਪਿੰਡ ਫਰੁਖਸੀਅਰ ਪੁਰ ਗੁਲਾਬ ਉਰਫ ਪਿੰਡ ਬਾਠ ਮੁਹੰਮਦ ਫਰੁਖਸੀਅਰ ਬਾਦਸ਼ਾਹ ਦੇ ਰਾਜ ਸਮੇਂ ਤੋਂ ਗੁਲਾਬ ਰਾਏ 'ਵਧਾਵਨ' ਦੀ ਜ਼ਰਖਰੀਦ ਹੈ। ਪਿੰਡ ਆਰਾ ਪੁਰਾਣੇ ਸਮਿਆਂ ਤੋਂ 'ਵਧਾਵਨ' ਖੱਤਰੀਆਂ ਦੀ ਵਿਰਾਸਤ ਹੈ ਅਤੇ ਪਰਗਣਾ ਗੜ੍ਹੀ ਦੇ ਪ੍ਰਬੰਧ ਵਿਚੋਂ

ਨਿਕਲਕੇ ਕਾਫੀ ਸਮੇਂ ਤੋਂ ਆਲਮਗੀਰ ਪੁਰ ਦੇ ਤਪੇ ਵਿਚ ਸ਼ਾਮਲ ਹੈ।

ਅੱਠਵਾਂ ਤਪਾ ਆਲਮਗੀਰੀ ਹੈ ਜਿਸ ਵਿਚ ਕੇਵਲ ਬਾਦਸ਼ਾਹ ਪੁਰ ਮਸਤ ਨਾਮੀਂ ਇਕ ਪਿੰਡ ਹੈ ਜੋ ਦੌਲਤਾਨਗਰ ਦੇ ਰਾਹ ਵਿਚ ਖੱਤਰੀਆਂ ਦੀ ਬਾਉਲੀ ਦੇ ਨਾਲ ਲੱਗਦਾ ਹੈ।

ਇਸੇ ਤਰ੍ਹਾਂ ਪਰਗਣਾ ਸ਼ਾਹਜਹਾਨਪੁਰ ਦੇ ਅੱਠ ਤਪੇ ਹਨ ਜਿਨ੍ਹਾਂ ਦਾ ਵੇਰਵਾ ਇਹ ਹੈ :—

੧. ਔਰੰਗ ਸ਼ਾਹ ਪੁਰ 'ਜ਼ਰ ਬਖਸ਼' ਉਰਫ ਗੰਜਾ।
੨. ਤਪਾ ਹਾਜੀ।
੩. ਦੌਲਤ ਦਰਿਆ, ਜੋ ਚੌਧਰੀ ਮਹਿਮੂਦ ਦੀ ਵਿਰਾਸਤ ਪਿੰਡ ਵੜਾਇਚਾਂ ਵਾਲਾ ਹੈ।
੪. ਅਲੀ ਮਰਦਾਂ ਪੁਰ ਦਰਿਆ।
੫. ਦਿਆਨਤ ਰਾਏ ਸੋਈ।
੬. ਤਪਾ ਸ਼ੇਖੂ ਇਬਰਾਹੀਮ।
੭. ਤਪਾ ਅਲੀ, ਸੋਕ ਅਹਿਮਦ ਦੇ ਨਾਲ ਲਗਦਾ।
੮. ਤਪਾ ਸ਼ਾਹਜਹਾਨਪੁਰ ਬੰਦਾਲ, ਇਕ ਪਿੰਡ।

ਪਰੰਤੂ ਪਰਗਣਾ ਹੈਰਾਤ ਦੇ ਸੱਤ ਤਪੇ ਹਨ ਅਤੇ ਹਰੇਕ ਤਪੇ ਵਿਚ ਕੁਝ ਟੋਪ ਤੇ ਚੱਕਲੇ ਹਨ :—

੧. ਤਪਾ ਅਬੂ ਵੜਾਇਚ ਸਮੇਤ } ਦੋ ਤਪੇ
੨. ਬਹਾਦੁਰ ਸ਼ਾਹਪੁਰ ਮੁਸਤਫਾ }
੩. ਜੀਉ ਵੜਾਇਚ ਜ਼ਿਲਾ ਬਾਰ।
੪. ਹੇਲਾਂ।
੫. ਆਲਮਗੀਰ ਪੁਰ ਵੜਾਇਚ।
੬. ਮੀਰ ਖਾਨ ਪੁਰ ਚੂਚਕ।
੭. ਮੀਰ ਖਾਨਪੁਰ ਕੋਂਦਲ ਘੀਵਾ।

ਤਪਾ ਅਬੂ ਵੜਾਇਚ ਤੇ ਬਹਾਦੁਰ ਸ਼ਾਹਪੁਰ ਵਿਚ ਚੌਦਾਂ ਟੋਪ ਹਨ :—

੧. ਕਸਬਾ ਕੁੰਜਾਹ।
੨. ਠੱਟਾ ਢੂੰਡਾ।
੩. ਮੂਣਕ।
੪. ਧੋਥਰਾਂ।
੫. ਝੀਵਰਾਂ ਵਾਲੀ।
੬. ਸ਼ਾਦੀ ਵਾਲ।
੭. ਕਠਾਲਾ, ਉਸ ਥਾਂ ਚੌਧਰੀ ਅਬੂ ਦੇ ਘਰ ਸਨ।
੮. ਸ਼ਹਿਦਾਦ ਪੁਰ ਸਾਰਾ।
੯. ਸ਼ੇਖ ਪੁਰ ਅਬੂ।
੧੦. ਸੋਕ ਅਹਿਮਦ।
੧੧. ਠੱਟਾ ਮੂਸਾ।
੧੨. ਰਾਜਾ ਖੋਮਣ।
੧੩. ਜੱਕੂ ਭਗਵੰਤ।
੧੪. ਟੋਪ ਮੁਤਫੱਰਕਾ। (ਫੁਟਕਲ ਟੋਪ)

ਤਪਾ ਜੀਉ ਵੜਾਇਚ ਦੇ ਅਠਾਰਾਂ ਚੱਕਲੇ ਭਾਵ ਟੋਪ ਹਨ :-

੧. ਕਸਬਾ ਰਲਿਆਲਾ ।
੨. ਆਦਮ ਕੇ ।
੩. ਅੱਠ ਕਾਲਵਾ ।
੪. ਰਾਮ ਕੇ ।
੫. ਕਰੌਲਾਂ ।
੬. ਸੁੰਦਰਾ ਬਨ ਪੁਰ ਸੱਖਾ ।
੭. ਜਾਗੜੀਆਂ ।
੮. ਕੋਠਾਲਾ ।
੯. ਮੋਹਲਾ ਪ੍ਰੋਇਆ ।
੧੦. ਧੌਲਾਂ ।
੧੧. ਪਾਹਰੀ ਵਾਲ ।
੧੨. ਖੰਜੀਵਾਲ ।
੧੩. ਮੇਥਲ ।
੧੪. ਕੀਰਾਂ ਵਾਲਾ ।
੧੫. ਸੋਹਾਵਾ ।
੧੬. ਮਖੂਵਾਲ ।
੧੭. ਸਾਹਿਬ ਪੁਰ ਰਾਜਾ ।
੧੮. ਮੋਰਾਲਾ ।

ਇਸੇ ਤਰ੍ਹਾਂ ਰਸੂਲਪੁਰ ਹੇਲਾਂ ਦੇ ਤਪੇ ਵਿਚ ਅੱਠ ਚੱਕਲੇ ਭਾਵ ਟੱਪ ਸ਼ਾਮਲ ਹਨ :—

੧. ਚੱਕਲਾ ਕਸਬਾ ਹੇਲਾਂ ।
੨. ਬਲਵੰਤ ਫ੍ਰਸਿਆਲੀ ।
੩. ਠੱਟਾ ਸੁਲੇਮਾਨ ਸ਼ਾਦੀਆਂ ।
੪. ਜੋਕਾਲ ।
੫. ਧਰੇਕ ।
੬. ਢਾਕ ।
੭. ਚੱਕਲਾ ਖੋਖਰ ।
੮. ਸੂਰ ਦਿੱਤੂ ।

ਵੜਾਇਚਾਂ ਦਾ ਤਪਾ ਆਲਮਗੀਰ :—ਗੁਜਰਾਤ ਇਲਾਕੇ ਦੇ ਫੁਟਕਲ ਪਿੰਡ ਕੱਢ ਕੇ ਇਸ ਦਾ ਨਾਉਂ ਤਪਾ ਆਲਮਗੀਰ ਪੁਰ ਰੱਖਿਆ ਤੇ ਔਰੰਗਜ਼ੇਬ ਆਲਮਗੀਰ ਦੀ ਹਕੂਮਤ ਦੇ ਸਮੇਂ ਪਰਗਣਾ ਹੈਰਾਤ ਵਿਚ ਸ਼ਾਮਲ ਕੀਤਾ ਗਿਆ ਹੈ। ਤਪਾ ਮੀਰਖਾਨਪੁਰ ਚੂਚਕ ਤੇ ਮੀਰਖਾਨਪੁਰ ਖੀਵਾ ਖੌਂਦਲ ਦੇ ਦੋਵੇਂ ਤਪਿਆਂ ਨੂੰ ਜ਼ਿਲਾ ਬਾਰ ਕਹਿੰਦੇ ਹਨ। ਸਮਾਪਤ।

ਪਰਗਣਾ ਗੁਜਰਾਤ ਦਾ ਖਾਸ ਨੱਗਰ ਇਕ ਸ਼ਹਿਰ ਹੈ ਜਿਸ ਦਾ ਨਾਉਂ ਗੁਜਰਾਤ ਅਕਬਰਾਬਾਦ ਹੈ ਜੋ ਹਜ਼ਰਤ ਅਕਬਰ ਬਾਦਸ਼ਾਹ ਨੇ ਸੰਮਤ ੧੬੩੮ ਬਿਕਰਮੀ ਦੇ ਕੱਤਕ ਮਹੀਨੇ (ਸੰਨ ੯੯੬ ਹਿਜਰੀ) ਵਿਚ ਉਜਾੜ ਜੰਗਲ ਵਿਚ ਵਸਾਇਆ ਹੈ। ਕਹਿੰਦੇ ਹਨ ਕਿ ਇਸ ਥਾਂ 'ਤੇ ਪੁਰਾਤਨ ਸਮਿਆਂ ਵਿਚ ਭੀ ਆਬਾਦੀ ਸੀ। ਰਾਜਾ ਬਚਨ ਪਾਲ ਨੇ ਇਕ ਛੋਟੇ ਨੱਗਰ ਅਵਧ ਨੱਗਰੀ ਨਾਮੀਂ ਦੀ ਨੀਂਹ ਰੱਖੀ ਸੀ ਜੋ ਲੱਗਭਗ ਸੁਲਤਾਨ ਸਿਕੰਦਰ ਰੂਮੀ ਦੇ ਲਸ਼ਕਰ ਦੇ ਆਉਣ ਦੇ ਸਮੇਂ ਤਬਾਹ ਹੋਣਾ ਸ਼ੁਰੂ ਹੋ ਗਿਆ।

ਕੁਝ ਸਮੇਂ ਮਗਰੋਂ ਰਾਜਾ ਭੱਦਰ ਸੈਨ ਪੁੱਤਰ ਰਸਾਲੂ ਦੀ ਪਤਨੀ ਰਾਣੀ ਗੌਰਜਾਂ ਨਾਮੀਂ ਨੇ ਸਾਕਾ ਸਾਲਬ੍ਰਾਨ ਤੋਂ ਇਕ ਸੌ ਚਾਲੀਵੇਂ ਸਾਲ ਤੇ ਸੰਮਤ ੧੭੫ ਬਿਕਰਮੀ ਵਿਚ ਉਸ ਨੂੰ ਆਬਾਦ ਕਰਕੇ ਗੌਰਜਾਂ ਨਗਰੀ ਨਾਮ ਰੱਖਿਆ। ਆਮ ਲੋਕੀਂ ਉਸ ਨੂੰ ਗੌਰਾਂ ਨਗਰੀ ਭੀ ਕਹਿੰਦੇ ਸਨ। ਇਹ ਨੱਗਰ ਮਹਿਮੂਦ ਗਜ਼ਨਵੀ ਦੇ ਹਮਲੇ ਵਿਚ ਬਰਬਾਦ ਹੋ ਗਿਆ। ਜਿਵੇਂ ਕਿ ਗੁਜਰਾਤ ਕਿਲ੍ਹੇ ਦੇ ਥੇਹ ਤੋਂ ਪਤਾ ਲਗਦਾ ਹੈ ਕਿ ਇੱਥੇ ਆਬਾਦੀ ਸੀ। ਇਸੇ ਸਮੇਂ ਬਾਬਾ ਭਗਵੰਤ ਦਾਸ ਨੇ ਕਿਲ੍ਹੇ ਵਿਚ ਨਵਾਂ ਖੂਹ ਬਣਵਾਇਆ ਤਾਂ ਧਰਤੀ ਹੇਠੋਂ ਪਾਣੀ ਦੇ ਨਾਲ ਨਾਲ ਵੱਡੀਆਂ ਇੱਟਾਂ ਤੇ ਚੁੱਲ੍ਹਿਆਂ ਦੇ ਕੋਲੇ ਬਾਹਰ ਨਿਕਲੇ। ਜਦੋਂ ਗੌਰਾਂ ਨੱਗਰੀ ਦੀ ਆਬਾਦੀ ਕੁਦਰਤੀ ਦੁਰਘਟਨਾਵਾਂ ਦੇ ਵਾਪਰਨ ਸਦਕਾ ਬਰਬਾਦ ਹੋ ਕੇ ਮਿੱਟੀ ਦਾ ਢੇਰ ਰਹਿ ਗਈ ਤਾਂ ਉਸ ਥੇਹ ਦੇ ਆਲੇ ਦੁਆਲੇ ਘਾਹ ਤੇ ਸਰਕੰਡੇ ਦਾ ਜੰਗਲ ਵੱਧਦਾ ਗਿਆ। ਆਮ ਤੌਰ 'ਤੇ ਮੁਸਾਫਿਰਾਂ ਦੇ ਕਤਲ ਇੱਥੇ ਹੀ ਹੁੰਦੇ ਸਨ। ਵੜਾਇਚ ਗੁੱਜਰ ਕੌਮ ਦੇ ਲੋਕ ਇਸ ਦੇ ਨਾਲ ਸੰਬੰਧਤ ਪਿੰਡਾਂ 'ਤੇ ਕਾਬਿਜ਼ ਹੋ ਗਏ ਅਤੇ ਇਸ ਜੰਗਲ ਦੇ ਬਾਲਣ ਦੀ ਲੱਕੜੀ ਤੇ ਘਾਹ ਪਿੱਛੇ ਉਨ੍ਹਾਂ ਵਿਚ ਝਗੜਾ ਰਹਿੰਦਾ ਸੀ। ਅਕਬਰ ਬਾਦਸ਼ਾਹ ਨੇ ਸਰਕਾਰੀ ਥਾਨੇ ਲਈ ਕਿਲ੍ਹੇ ਅਤੇ ਹਰ ਪ੍ਰਕਾਰ ਦੇ ਹਿਸਾਬ ਕਿਤਾਬ ਦੀ ਪੜਤਾਲ ਕਰਨ ਵਾਲੇ ਆਦਮੀਆਂ ਦੇ ਠਹਿਰਨ ਲਈ ਇਕ ਨਵੇਂ ਨੱਗਰ ਦੀ ਉਸਾਰੀ ਕਰਵਾਈ। ਗੁਜਰਾਤ ਟੱਪ ਤੇ ਨੱਗਰ ਦੀ ਜ਼ਿਮੀਂਦਾਰੀ ਅਤੇ ਗੁਜਰਾਤ ਤੇ ਹੈਰਾਤ ਪਰਗਣਿਆਂ ਦੀ ਕਾਨੂੰਗੋਈ ਸਿਆਲਕੋਟ ਦੇ ਕਾਨੂੰਗੋਆਂ ਨੰਦ ਲਾਲ ਤੇ ਸਦਾ ਰੰਗ ਨੂੰ, ਜੋ ਮਲਕ ਜੇਠਾ 'ਵਡਹਿਰਾ' ਖੱਤਰੀ ਦੇ ਪੁੱਤਰ ਸਨ, ਬਖਸ਼ ਦਿੱਤੀ। ਉੱਪਰ ਦੱਸੇ ਦੋਵੇਂ ਵਿਅਕੱਤੀ (ਨੰਦ ਲਾਲ ਤੇ ਸਦਾ ਰੰਗ) ਸਿਆਲਕੋਟ ਤੋਂ ਆ ਕੇ ਗੁਜਰਾਤ ਵਿਚ ਆ ਟਿਕੇ। ਉਨ੍ਹਾਂ ਦੀ ਸੰਤਾਨ ਅੱਜ ਤੱਕ ਚਲੀ ਆਉਂਦੀ ਹੈ। ਰਾਜ-ਦਰਬਾਰ ਦਾ ਇਹ ਦਾਸ (ਲੇਖਕ) ਗਣੇਸ਼ ਦਾਸ ਪੁੱਤਰ ਸ਼ਿਵ ਦਿਆਲ ਪੁੱਤਰ ਭਵਾਨੀ ਦਾਸ ਪੁੱਤਰ ਬਾਲਕ ਰਾਮ ਪੁੱਤਰ ਗੁਰਦਿੱਤ ਮੱਲ ਪੁੱਤਰ ਅਟੱਲ ਰਾਏ ਪੁੱਤਰ ਬਖਤ ਮੱਲ ਪੁੱਤਰ ਬਾਲਾ ਸਿੰਘ ਪੁੱਤਰ ਨੰਦ ਲਾਲ ਪੁੱਤਰ ਮਲਕ ਜੇਠਾ, ਜਿਸ ਦਾ ਉਪਰ ਜ਼ਿਕਰ ਕੀਤਾ ਗਿਆ ਹੈ, ਮੌਜੂਦ ਹੈ। ਉਸ ਦੀ ਨਸਲ ਵਿਚੋਂ ਹੋਰ ਵਿਅੱਕਤੀ ਭੀ ਹਨ ਅਤੇ ਹਮੇਸ਼ਾਂ ਸਰਕਾਰੀ ਸੇਵਾਵਾਂ ਕਰਨ ਦੀ ਮਾਣ ਵਡਿਆਈ ਪ੍ਰਾਪਤ ਕਰਦੇ ਰਹੇ ਹਨ। 'ਵਡਹਿਰਾ' ਵਜੋਂ ਪ੍ਰਸਿੱਧ ਕੌਮ ਦੇ ਵਿਅੱਕਤੀਆਂ ਵਿਚੋਂ ਹਰੇਕ ਆਪਣੇ ਕਿੱਤੇ ਵਿਚ ਨਿਪੁੰਨ ਹੋਇਆ ਹੈ ਜਿਵੇਂ ਕਿ ਉਨ੍ਹਾਂ ਵਿਚੋਂ ਨਵੇਂ ਬਣੇ ਮੁਸਲਮਾਨ ਇਕਬਾਲ ਤੇ ਅਬਦੁੱਲ ਬਾਰੀ ਸੁੰਦਰ ਲਿਖਾਈ ਕਰਨ ਵਿਚ ਪ੍ਰਸਿੱਧ ਸਨ। ਗੁਰਦਿੱਤ ਮੱਲ ਗਣਿਤ-ਗਿਆਨ ਵਿਚ ਤੇ ਬਾਮੀ ਰਾਮ ਅਲੰਕ੍ਰਿਤ ਗਦ ਲਿਖਣ ਵਿਚ ਪ੍ਰਬੀਨ ਸੀ। ਨੁਸਰਤਮੰਦ ਕਵਿਤਾ ਤੇ ਸੰਗੀਤ ਵਿਦਿਆ ਅਤੇ ਹਰ ਨਰੈਣ ਇਤਿਹਾਸ ਲਿਖਣ ਵਿਚ ਹੁਸ਼ਿਆਰ ਸੀ।

ਖੱਤਰੀਆਂ ਦੀਆਂ ਦੂਜੀਆਂ ਜਾਤਾਂ ਵਿਚੋਂ ਦੀਵਾਨ ਠਾਕਰ 'ਵੋਹਰਾ', ਲਾਲਾ ਜਸਵੰਤ ਰਾਏ 'ਧੂਰੀ' ਤੇ ਕਰੋੜੀ ਮੱਲ 'ਘਈ' ਦੂਜਿਆਂ ਦੀ ਨਿੰਦਾ ਕਰਨ ਤੇ ਨੁਕਸ ਕੱਢਣ ਵਿਚ ਲਾਸਾਨੀ ਸਨ। ਨੱਥਾ ਮੱਲ 'ਮਰਵਾਹਾ', ਰਾਮ ਭਗਤ 'ਉੱਤਮ' ਤੇ ਬੇਲੀ ਰਾਮ 'ਕਪੂਰ' ਗੁਜਰਾਤ ਦੀ ਕਚਹਿਰੀ ਵਿਚ ਪ੍ਰਸਿੱਧ ਵਿਅੱਕਤੀ ਸਨ। ਇਨ੍ਹਾਂ ਸਾਰਿਆਂ ਵਿਚੋਂ ਠਾਕਰ ਦਾਸ ਮਿਲਣਸਾਰ ਸੀ। ਤਪਾ ਜੀਉ ਵੜਾਇਚ ਦਾ ਪਿੰਡ ਧੀਰਕੇ ਉਸੇ ਨੇ ਖਰੀਦ ਕੇ ਇਸ ਦਾ ਨਾਮ ਆਪਣੇ ਪੁੱਤਰ ਗੰਗਾ ਰਾਮ ਦੇ ਨਾਉਂ 'ਤੇ ਮੁਹੰਮਦਸ਼ਾਹਪੁਰ-ਗੰਗਾ ਰਾਮ ਰੱਖਿਆ ਜੋ ਰਚਨਾਬ ਦੁਆਬੇ ਵਿਚ ਸਥਿੱਤ ਔਰੰਗਾਬਾਦ ਪਰਗਣੇ ਵਿਚ ਸ਼ਾਮਲ ਹੋਇਆ। ਗੁਜਰਾਤ ਨੱਗਰ 'ਚ ਤਰੂੰਕ ਦੀ ਜ਼ਮੀਨ ਵਿੱਚ ਇਕ ਛੋਟਾ ਜਿਹਾ ਬਾਗ ਉਸੇ ਦਾ ਹੀ ਵੇਚਿਆ ਹੋਇਆ ਹੈ ਜੋ ਅੱਜ ਕੱਲ੍ਹ 'ਮੜ੍ਹੀ ਠਾਕਰ ਦਾਸ' ਦੇ ਨਾਉਂ ਨਾਲ ਪ੍ਰਸਿੱਧ ਹੈ। ਸ਼ਹਿਰ ਦੇ ਵੱਡੇ ਆਦਮੀਆਂ ਵਿੱਚੋਂ ਹੋਰ ਨੰਦ ਘਣ 'ਹਾਂਡਾ', ਜਿੱਤੋ ਧੇਰੀ, ਗੁਲਾਬ ਰਾਏ 'ਵਡਹਿਰਾ', ਹਰ ਦਿਆਲ 'ਮਰਵਾਹਾ', ਸੱਈਅਦ ਫ਼ੈਜ਼ਅੱਲ੍ਹਾ, ਸੱਈਅਦ ਮਾਸੂਮ, ਫ਼ਤਹਿ ਖਾਂ ਪੰਚ, ਖ਼ੁਦਾ ਦਾਦ ਖਾਂ ਅਫ਼ਗਾਨ, ਕਾਜ਼ੀ ਗੁਲਾਮ ਅਲੀ, ਕਾਜ਼ੀ ਰਜ਼ੀ-ਉੱਦੀਨ, ਮੀਰਾਂ ਮੁਹੰਮਦ ਫ਼ਾਜ਼ਿਲ, ਤੇਗ ਸਿੰਘ 'ਵਾਸਨ', ਹਕੂਮਤ ਰਾਏ 'ਬਾਣੀਆਂ' ਆਦਿ ਭੀ ਮੁਗ਼ਲ ਹਕੂਮਤ ਦੇ

ਸਮੇਂ ਆਪਣੇ ਗੁਣਾਂ ਸਦਕਾ ਬੇਮਿਸਾਲ ਸਨ।

ਜਦੋਂ ਸ਼ਹਿਰ ਬਰਬਾਦ ਹੋ ਗਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਦੁਰਘਟਨਾਵਾਂ ਦੇ ਹੜ੍ਹ ਹੂੰਝ ਕੇ ਲੈ ਗਏ ਤਾਂ ਫਿਰ ਸਰਦਾਰ ਗੁੱਜਰ ਸਿੰਘ ਦਾ ਸਮਾਂ ਆਇਆ ਜਿਸ ਨੇ ਗੁਜਰਾਤ ਨੂੰ ਦੁਬਾਰਾ ਨਵੇਂ ਸਿਰਿਉਂ ਉਸਰਵਾਇਆ। ਹਰੇਕ ਇਲਾਕੇ ਤੋਂ ਬੇਘਰ ਵਿਅੱਕਤੀਆਂ ਨੂੰ ਬੜੇ ਆਦਰ ਮਾਣ ਨਾਲ ਬੁਲਾ ਕੇ ਸ਼ਹਿਰ ਨੂੰ ਆਬਾਦ ਕੀਤਾ। ਉਸ ਸਮੇਂ ਹਕੂਮਤ ਦੇ ਅਮੀਰਾਂ ਵਜ਼ੀਰਾਂ ਵਿੱਚੋਂ ਦੀਵਾਨ ਦਿਲਬਾਗ ਸਿੰਘ 'ਸਿਆਲ' ਬੜਾ ਭਾਗਵਾਨ ਵਿਅੱਕਤੀ ਸੀ। ਲਾਲਾ ਰਾਮ ਗੁਰ 'ਕਾਕੜਾ', ਮਹਿਤਾ ਭਵਾਨੀ ਦਾਸ 'ਵਡਹਿਰਾ', ਮੀਆਂ ਮੁਹੰਮਦ 'ਸਾਲਹਿ', ਮਹਿਤਾ ਚੇਤ ਰਾਮ, ਮਹਿਤਾ ਦੇਵੀ ਸਹਾਏ ਅਤੇ ਅਸਮਤ ਅੱਲ੍ਹਾ ਕਾਨੂੰਗੋ ਚੰਗੇ ਉੱਘੇ ਵਿਅੱਕਰੀ ਸਨ। ਲਾਲਾ ਦੇਵੀ ਸਹਾਏ ਬ੍ਰਾਹਮਣ, ਜਿਸ ਦੀ ਅੱਲ 'ਮਹਿਰ' ਸੀ, ਅਰਬੀ ਤੇ ਫ਼ਾਰਸੀ ਗੱਦ ਰਚਨਾਂ ਤੇ ਸ਼ਬਦਾਵਲੀ ਦੇ ਗਿਆਨ ਅਤੇ ਵਾਰਤਕ ਵਿਚ ਰਵਾਨਗੀ ਦੇ ਨਿਯਮਾਂ ਦਾ ਚੰਗਾ ਮਾਹਿਰ ਤੇ ਲਾਇਕ ਵਿਅੱਕਤੀ ਸੀ। ਨੱਗਰ ਦੇ ਪੰਚਾਂ ਵਿੱਚੋਂ ਸਹਿਜ ਸਿੰਘ 'ਵੋਹਰਾ' ਤੋਲਾ ਰਾਮ 'ਚੋਪੜਾ', ਮਨਸਾ ਰਾਮ 'ਭਲਨਨ', ਮਿਲਖੀ ਰਾਮ 'ਨਈਅਰ', ਧਨ ਦਹੇੜੀ ਅਤੇ ਕਾਜ਼ੀ ਹਾਜੀ ਆਦਿ ਸਾਰੇ ਕਾਫੀ ਠਾਠ ਬਾਠ ਰੱਖਦੇ ਸਨ। ਅੱਜ ਕੱਲ੍ਹ, ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਦੇ ਸਮੇਂ ਦੇਸ਼ ਦੇ ਚੌਧਰੀਆਂ ਵਿੱਚੋਂ ਖ਼ੁਦਾ ਯਾਰ 'ਵੜਾਇਚ', ਖ਼ਲਾਸ ਖਾਂ, ਮੁਹੰਮਦ ਯਾਰ 'ਗੁੱਜਰ', ਫ਼ਤਹਿਅਲੀ ਅਤੇ ਕਾਨੂੰਗੋਆਂ ਵਿੱਚੋਂ ਲਾਲਾ ਕਿਸ਼ਨ ਰੂਪ, ਸੇਵਕ ਗਣੇਸ਼ ਦਾਸ (ਲੇਖਕ), ਮੀਆਂ ਖ਼ੁਦਾਯਾਰ ਅਤੇ ਰਹੀਮ ਬਖਸ਼ ਉੱਚੀ ਸ਼ਾਨ ਵਾਲੇ ਮਹਾਰਾਜੇ ਦੇ ਵਾਕਿਫਕਾਰ ਤੇ ਸੇਵਾਦਾਰ ਹੋਏ ਹਨ। ਸ਼ਹਿਰ ਦੇ ਸਾਰੇ ਪੰਚਾਂ ਵਿਚੋਂ ਲਾਲਾ ਗੰਡਾ ਮੱਲ 'ਸ਼ੋਬਤੀ' ਤੇ ਬਾਰੀਮਲ 'ਨਈਅਰ' ਸਿਰ-ਕੱਢ ਹੋਏ ਹਨ। ਇਹ ਦੋਵੇਂ ਵਿਅੱਕਤੀ ਬੜੇ ਜ਼ਮਾਨਾ-ਸਾਜ਼ (ਚੱਤਰ) ਸਨ। ਨੱਗਰ ਦੇ ਸ਼ਾਹੂਕਾਰਾਂ ਵਿੱਚੋਂ ਅੱਜ ਕੱਲ੍ਹ ਲਾਲਾ ਭਾਗ ਮੱਲ 'ਬਸ਼ੰਭੂ' ਸਿਰਕੱਢ ਹੈ। ਸ਼ਹਿਰ ਦੇ ਲਾਗੇ ਉੱਤਰ ਵਲ ਇਕ ਪੱਕਾ ਤਲਾ ਸੰਮਤ ੧੯੦੦ ਬਿਕਰਮੀ (ਮੁਤਾਤਿਕ ਸੰਨ ੧੮੪੩ ਈਸਵੀ) ਵਿਚ ਉਸੇ ਦਾ ਬਣਾਇਆ ਹੋਇਆ ਹੈ। ਮੂਸਾ ਕਮਾਲਾ ਦੇ ਨਾਲ ਲਗਦਾ ਪਿਸ਼ਾਵਰ ਦੇ ਰਸਤੇ ਵਿਚ ਇਕ ਪੌੜੀਆਂ ਵਾਲਾ ਖੂਹ (ਬਾਉਲੀ) ਭੀ ਉਸ ਦੇ ਨੇਕ ਕਾਰਜਾਂ ਵਿਚੋਂ ਹੈ ਜਿਹੜਾ ਸੰਮਤ ੧੯੮੫ ਬਿਕਰਮੀ (ਮੁਤਾਬਿਕ ਸੰਨ ੧੯੨੮ ਈਸਵੀ) ਵਿਚ ਮੁੜ ਪੁਟਵਾ ਕੇ ਤਿਆਰ ਤੇ ਠੀਕ ਕਰਵਾਇਆ ਗਿਆ ਹੈ। ਇਸੇ ਤਰ੍ਹਾਂ ਉਸ ਦੇ ਭਰਾ ਜੁਆਲਾ ਦਾਸ 'ਬਸ਼ੰਭੂ' ਨੇ ਸ਼ਹਿਰ ਦੇ ਨੇੜੇ ਦੱਖਣ ਵਾਲੇ ਪਾਸੇ ਇਕ ਕੱਚਾ ਤਲਾ ਆਮ ਲੋਕਾਂ ਦੇ ਅਸ਼ਨਾਨ ਕਰਨ ਲਈ ਪੁਟਵਾਇਆ ਹੈ। ਘਨੱਈਆ ਮੱਲ 'ਪਨੋਲ' ਨੇ ਗੁਜਰਾਤ ਦੇ ਉੱਤਰ ਵਲ ਮੂੰਦੋਵਾਲ ਤੇ ਚੱਕ ਮੁਹੰਮਦ ਹੁਸੈਨ 'ਮੋਰਖੇ' ਦੇ ਨਾਲ ਲੱਗਦਾ ਇਕ ਤਲਾ ਤੇ ਦਰੱਖਤਾਂ ਦੀ ਝੰਗੀ ਆਪਣੀ ਹਿੰਮਤ ਨਾਲ ਤਿਆਰ ਕਰਵਾਈ ਹੈ। ਆਮ ਕਰਕੇ ਪਸ਼ੂ ਅਤੇ ਸ਼ਿਕਾਰੀ ਲੋਕ ਉਸ ਪਾਣੀ ਤੋਂ ਲਾਭ ਉਠਾਉਂਦੇ ਹਨ। ਲਾਲਾ ਦੇਵੀ ਦਾਸ 'ਰੰਗ' ਵਜ਼ੀਰਾਬਾਦ ਦੇ ਰਾਹ 'ਤੇ ਬੁਰਜ ਨੰਦ ਲਾਲ ਦੇ ਨਾਲ ਪਿੰਡ ਕਾਲੜਾ ਖਾਸਾ ਦੀ ਜ਼ਮੀਨ ਵਿਚ ਇਕ ਬਾਉਲੀ ਸੰਮਤ ੧੮੭੭ ਬਿਕਰਮੀ ਨੂੰ ਤਿਆਰ ਕਰਵਾਕੇ ਆਪਣੇ ਨਾਉਂ ਨਾਲ ਆਪਣੀ ਯਾਦਗਾਰ ਛੱਡ ਗਿਆ ਹੈ। ਲਾਲਾ ਅਮਰੀਕ ਰਾਏ 'ਝੱਬਰ' ਸੋਕ ਅਹਿਮਦ ਦੇ ਰਾਹ 'ਚ ਸੰਮਤ ੧੮੯੭ ਬਿਕਰਮੀ (ਮੁਤਾਇਕ ਸੰਨ ੧੮੪੦ ਈਸਵੀ) ਵਿਚ ਮਹਾਂ ਦੇਵ ਦਾ ਇਕ ਮੰਦਰ, ਬਾਉਲੀ ਤੇ ਇਕ ਛੋਟਾ ਕੱਚੀ ਚਾਰ ਦੀਵਾਰੀ ਵਾਲਾ ਬਾਗ ਤਿਆਰ ਕਰਵਾ ਕੇ ਆਪਣੀ ਨਿਸ਼ਾਨੀ ਵਜੋਂ ਛੱਡ ਗਿਆ।

ਇਸੇ ਤਰ੍ਹਾਂ ਗੁਜਰਾਤ ਵਿਚ ਪਿਛਲੇ ਜ਼ਮਾਨਿਆਂ ਵਿਚ ਬਣਿਆ ਇਕ ਪੁਲ, ਖੂਹ ਤੇ ਮਸੀਤ ਰੱਬ ਦੇ ਵਲੀ ਹਜ਼ਰਤ ਸ਼ਾਹ ਦੌਲਾ ਦੀਆਂ ਨਿਸ਼ਾਨੀਆਂ ਹਨ। ਕਹਿੰਦੇ ਹਨ ਕਿ ਸ਼ੁਰੂ ਵਿਚ ਸ਼ਾਹ ਦੌਲਾ ਸਿਆਲਕੋਟ ਵਾਲੇ ਮਹਿਤਾ ਖੇਮ ਕਰਨ ਉਰਫ ਖੇਮਾਂ ਪੁੱਤ੍ਰ ਮੁਰਾਰ ਦਾਸ 'ਵਡਹਿਰਾ' ਦਾ ਜ਼ਰਖਰੀਦ ਗੁਲਾਮ ਸੀ। ਮਗਰੋਂ ਉਸ ਨੇ ਖੁਦਾ ਦੇ ਪੁਜਾਰੀ ਤੇ ਮਸਤ ਫ਼ਕੀਰ ਸੈਦਨ ਨਾਦਰ ਦੀ ਵਾ ਸੇਕਰਕੇ ਬਰਕਤ ਪ੍ਰਾਪਤ ਕੀਤੀ ਤੇ ਪੂਰਣ ਖੁਦਾਸ਼ਨਾਸੀ ਦਾ ਰੁਤਬਾ ਪਾ ਲਿਆ। ਉਸ ਨੇ ਬਹੁਤ ਸਾਰੀਆਂ ਕਰਾਮਾਤਾਂ ਵਿਖਾਈਆਂ

ਹਨ। ਉਸ ਨੇ ਅਕਬਰ, ਜਹਾਂਗੀਰ ਤੋ ਸ਼ਾਹ ਜਹਾਨ ਦੇ ਰਾਜ-ਕਾਲ ਆਪਣੀਆਂ ਅੱਖਾਂ ਨਾਲ ਵੇਖੇ ਤੇ ਸੰਨ ੧੦੮੬ ਹਿਜਰੀ (ਮੁਤਾਬਿਕ ਸੰਨ ੧੬੭੫ ਈਸਵੀ) ਵਿਚ ਔਰੰਗਜ਼ੇਬ ਆਲਮਗੀਰ ਦੇ ਰਾਜ-ਗੱਦੀ 'ਤੇ ਸ਼ਸ਼ੋਭਤ ਹੋਣ ਤੋਂ ਸਤਾਰ੍ਹਵੇਂ ਸਾਲ ਪ੍ਰਲੋਕ ਸਿਧਾਰ ਗਿਆ। ਉਸ ਦੇ ਦੇਹਾਂਤ ਦਾ ਸਾਲ "ਬਾ ਖ਼ੁਦਾ ਪੈਵਸਤ"
ਸੰਨ ੧੦੮੬ ਹਿਜਰੀ
(ਰੱਬ ਨਾਲ ਮਿਲ ਗਿਆ) ਵਿਚੋਂ ਨਿਕਲਦਾ ਹੈ। ਉਸ ਦਾ ਸਕਾ ਤੇ ਖ਼ੁਦਾਸ਼ਨਾਸ ਪੁੱਤਰ ਬਹਾਵਲ ਸ਼ਾਹ ਕਾਫੀ ਸਮਾਂ ਉਸ ਦੀ ਗੱਦੀ 'ਤੇ ਸਸ਼ੋਭਤ ਰਿਹਾ ਸੀ। ਉਹ ਸੰਨ ੧੧੦੮ ਹਿਜਰੀ (ਮੁਤਾਬਿਕ ਸੰਨ੧੧੯੬ ਈ:) ਵਿਚ ਸੁਰਗਵਾਸ ਹੋਇਆ।

ਹਜ਼ਰਤ ਬਹਾਵਲ ਸ਼ਾਹ ਦੀਆਂ ਦੋ ਪਤਨੀਆਂ ਵਿੱਚੋਂ ਪੰਜ ਬੇਟੇ ਪੈਦਾ ਹੋਏ। ਪਹਿਲੀ ਇਸਤਰੀ ਵਿੱਚੋਂ ਮੁਰਾਦ ਬਖਸ਼ ਤੇ ਕਾਮ ਬਖਸ਼ ਸਨ। ਦੂਜੀ ਪਤਨੀ ਵਿਚੋਂ ਤਿੰਨ ਬੇਟੇ ਈਜ਼ਦ ਬਖਸ਼, ਹਯਾਤ ਬਖਸ਼ ਤੇ ਕਰੀਮ ਬਖਸ਼ ਸਨ। ਇਹ ਪੰਜ ਜਣੇ ਪੰਜਾਂ ਪੀਰਾਂ ਵਾਂਗ ਛੋਟੇ ਵੱਡੇ ਲੋਕਾਂ ਉੱਤੇ ਮਿਹਰ ਕਰਨ ਵਾਲੇ ਸਨ। ਸੋ ਵਾਰੀ ਵਾਰੀ ਖ਼ੁਦਾਪ੍ਰਸਤੀ ਦਾ ਧੌਂਸਾ ਵਜਾਉਂਦੇ ਹੋਏ ਇਸ ਅਸਾਰ ਸੰਸਾਰ ਤੋਂ ਚਲ ਵਸੇ। ਉਹਨਾਂ ਦੀ ਸੰਤਾਨ ਵਿਚੋਂ ਮੀਆਂ ਮਨੱਵਰ ਸ਼ਾਹ ਤੇ ਮੋਦੀ ਸ਼ਾਹ ਲਾਇਕ ਵਿਅੱਕਤੀ ਸਨ। ਇਸ ਵੇਲੇ ਮੀਆਂ ਹਸਨ ਸ਼ਾਹ, ਫ਼ਜ਼ਲ ਸ਼ਾਹ ਤੇ ਜੀਵਨ ਸ਼ਾਹ ਆਦਿ ਹਜ਼ਰਤ ਸ਼ਾਹ ਦੌਲਾ ਦੀ ਕੁਲ ਵਿਚੋਂ ਮੌਜੂਦ ਹਨ।

ਇਸੇ ਤਰ੍ਹਾਂ ਮਸਤ ਦਰਵੇਸ਼ ਸ਼ਾਹ ਜਹਾਂਗੀਰ ਹੋਇਆ ਹੈ ਜੋ ਹਜ਼ਰਤ ਸ਼ਾਹ ਦੌਲਾ ਦਾ ਸਮਕਾਲੀ ਸੀ। ਉਸ ਦੀ ਖ਼ਾਨਗਾਹ ਪਿੰਡ ਵਜ਼ੀਰ ਪੁਰ, ਜੋ ਸੱਈਅਦ ਅੱਲ੍ਹਾ ਦਾਦ ਵਜੋਂ ਪ੍ਰਸਿੱਧ ਹੈ, ਦੀ ਜ਼ਮੀਨ ਵਿਚ ਝੰਗੀ ਸ਼ਾਹ ਜਹਾਂਗੀਰ ਦੇ ਨਾਉਂ ਨਾਲ ਮਸ਼ਹੂਰ ਹੈ। ਸ਼ਾਹ ਜਹਾਨ ਦੇ ਰਾਜ ਸਮੇਂ ਸੰਨ ੧੦੫੦ ਹਿਜਰੀ (ਮੁਤਾਬਿਕ ਸੰਨ ੧੬੪੦ ਈ:) ਵਿਚ ਗੁਜਰਾਤ ਵਿਖੇ ਮੀਆਂ ਲਾਲ ਕਰਾਮਾਤਾਂ ਵਿਖਾਉਣ ਵਿਚ ਉੱਘਾ ਸੀ। ਉਹ ਕਿਸੇ ਜਾਨਵਰ ਦਾ ਮਾਸ ਨਹੀਂ ਖਾਂਦਾ ਸੀ ਅਤੇ ਬੈਰਾਗੀਆਂ ਵਾਂਗ ਜੀਵਨ ਬਤੀਤ ਕਰਦਾ ਸੀ। ਸੰਨ ੧੦੫੫ ਹਿਜਰੀ (ਮੁਤਾਬਿਕ ਸੰਨ ੧੬੪੫ ਈ:) ਵਿਚ ਮੋਹੀਆ ਨੰਦ ਤੇ ਸਦਾ ਨੰਦ ਹੋਏ ਹਨ ਜੋ ਦੋਵੇਂ ਅਗੰਮੀ ਕਿਰਿਆ ਦੇ ਪੂਰਨ ਜਾਣੂ ਸਨ (ਅਰਥਾਤ ਤੰਤਰ ਮੰਤਰ ਦੇ ਜਾਣੂ ਸਨ) ਪਰੰਤੂ ਉਹਨਾਂ ਦੇ ਧਰਮ ਦਾ ਬਿਆਨ ਨਾ ਕਰਨਾ ਹੀ ਠੀਕ ਹੈ ਕਿਉਂਕਿ ਉਹਨਾਂ ਦੇ ਵਿਧਾਨ ਅਨੁਸਾਰ ਸ਼ਰਾਬ ਤੇ ਮਾਸ ਖਾਣਾ ਅਤੇ ਭੋਗ ਕਰਨਾ ਉਹਨਾਂ ਦੇ ਫਰਜ਼ਾਂ ਵਿੱਚੋਂ ਹਨ। ਪਿਛਲੇ ਸਮਿਆਂ ਵਿਚ ਹਿੰਦੂ ਫਕੀਰਾਂ ਵਿੱਚੋਂ ਹੋਰ ਗੋਸਾਂਈਂ ਨਰ ਸਿੰਘ ਦਾਸ, ਗੋਸਾਂਈਂ ਮੁਰਾਰ ਦਾਸ, ਮਿਹਰ ਚੰਦ ਜ਼ਰਗਰ (ਸੁਨਿਆਰਾ) ਤੇ ਬਾਬਾ ਬਲਭੱਦਰ ਕਰਾਮਾਤਾਂ ਵਾਲੇ ਫ਼ਕੀਰ ਸਨ। ਸੱਈਅਦ ਮੀਰਾਂ ਫ਼ਾਜ਼ਿਲ, ਜੋ ਕੱਟੜ ਮੁਸਲਮਾਨ ਸੀ, ਹਰੇਕ ਫ਼ਿਰਕੇ ਦੇ ਦਰਵੇਸ਼ਾਂ ਨਾਲ ਵੈਰ ਭਾਵ ਨਾਲ ਵਾਦ-ਵਿਵਾਦ ਕਰਦਾ ਹੁੰਦਾ ਸੀ। ਹਜ਼ਰਤ ਮੁਹੰਮਦ ਦਾ ਕਲਮਾ ਨਾ ਪੜ੍ਹਨ ਤੇ ਮੁਸਲਮਾਨ ਨਾ ਬਣਨ ਕਾਰਨ ਬਲਭੱਦਰ ਦੀ ਜ਼ਬਾਨ ਕੱਟ ਦਿਤੀ। ਉਸ ਨੇ ਕਾਨੂੰਗੋਆਂ ਅਤੇ ਕਾਰੀਗਰਾਂ ਦੇ ਫਿਰਕਿਆਂ ਵਿੱਚੋਂ ਬਹੁਤਿਆਂ ਨੂੰ ਪ੍ਰੇਰਣਾ ਅਤੇ ਦੁੱਖ ਦੇ ਕੇ ਮੁਸਲਮਾਨ ਬਣਾਇਆ। ਉਹ ਸ਼ਰੀਅਤ ਅਤੇ ਇਸਲਾਮੀ ਕਾਨੂੰਨ ਦਾ ਪੂਰਾ ਮਾਹਿਰ ਸੀ। ਇਨ੍ਹਾਂ ਦਿਨਾਂ ਵਿਚ ਨੇਕ ਨਾਮ ਸ੍ਰ: ਸਾਹਿਬ ਸਿੰਘ ਦੇ ਰਾਜ ਪ੍ਰਬੰਧ ਵਿਚ ਵੱਡੇ ਵਿਦਵਾਨਾਂ ਵਿੱਚੋਂ ਇਕ ਵਿਦਵਾਨ ਮੁਹੰਮਦ ਸਾਲਹਿ ਹੈ। ਬਹੁਤੇ ਮੁਸਲਮਾਨ ਵਿਅੱਕਤੀਆਂ ਨੇ ਉਸ ਪਾਸੋਂ ਵਿਦਿਆ ਪਾਈ ਹੈ। ਸੰਨ ੧੨੨੪ ਹਿਜਰੀ ਵਿਚ ਉਹ ਅਦਭੁੱਤ ਫ਼ਕੀਰ ਸੁਰਗਵਾਸ ਹੋ ਗਿਆ। ਉਸ ਦੇ ਮਰਨ ਦਾ ਸਾਲ 'ਗ਼ਰੀਬ ਬੂਦ' (ਲਾਸਾਨੀ ਸੀ) ਵਿਚੋਂ ਨਿਕਲਦਾ
ਸੰਨ ੧੨੨੪ ਹਿਜਰੀ
ਹੈ। ਕਵਿਤਾ ਅਤੇ ਗੱਦ ਰਦਨਾ ਦੇ ਗਿਆਨ ਵਿਚ ਮੀਆਂ ਮੁਹੰਮਦ ਤੁਫੈਲ ਅਤੇ ਉਸ ਦਾ ਬੇਟਾ ਮੁਹੰਮਦ ਅਸ਼ਰਫ ਸਰਵੋਤਮ ਸਨ। ਅੱਜ ਕੱਲ੍ਹ ਮੀਆਂ ਮੁਹੰਮਦ ਅਲੀ ਤੇ ਉਸ ਦਾ ਪੁੱਤਰ ਮੁਹੰਮਦ ਸਲੀਮ ਸਤਿਕਾਰ ਯੋਗ ਵਿਅੱਕਤੀ ਹਨ। ਮੁਹੰਮਦ ਅਲੀ ਸੱਈਅਦ, ਜਿਸ ਦਾ ਤਖ਼ੱਲੁਸ (ਉਪਨਾਮ)

'ਮਰਗ' ਸੀ, ਫ਼ਾਰਸੀ ਕਵਿਤਾ ਕਹਿਣ ਦੇ ਗਿਆਨ ਵਿਚ ਕੁੱਝ ਕੁ ਮਾਹਰ ਸੀ। ਹਕੀਮ ਮੁਹੰਮਦ ਕਾਸਿਮ ਹਿਕਮਤ ਅਤੇ ਰੋਗ ਨੂੰ ਜਾਚਣ ਵਿਚ ਬੇਮਿਸਾਲ ਹੋਇਆ ਹੈ। ਅੱਖਾਂ ਤੋਂ ਅੰਨ੍ਹਾਂ ਤੇ ਨਿਗ੍ਹਾ ਦੇ ਨਾ ਹੁੰਦੇ ਹੋਏ ਭੀ ਉਹ ਹਿਕਮਤ ਵਿਚ ਹਜ਼ਾਰਾਂ ਸੁਜਾਖੇ ਦਾਨਿਆ ਨਾਲੋਂ ਉੱਤਮ ਸੀ।

ਇਸ ਸ਼ਹਿਰ ਦੇ ਵਾਸੀਆਂ ਦੇ ਗਿਆਨ ਅਤੇ ਯੋਗਤਾ ਦੀ ਕੀ ਗੱਲ ਤੋਰੀ ਜਾਵੇ ? ਪੁਰਸ਼ਾਂ ਦੇ ਫਿਰਕੇ ਤੋਂ ਨਿਗਾਹ ਹਟਾ ਕੇ ਇਕ ਇਸਤ੍ਰੀ ਦੀ ਤਬੀਅਤ ਦੇ ਉਪਜ ਦਾ ਥੋੜ੍ਹਾ ਜਿਹਾ ਜ਼ਿਕਰ ਕੀਤਾ ਜਾਂਦਾ ਹੈ। ਸਾਡੇ ਸਮੇਂ ਜਦੋਂ ਕਿ ਇਲਮ ਦਾ ਨਿਸ਼ਾਨ ਤਕ ਨਹੀਂ ਰਿਹਾ, ਇਕ ਇਸਤ੍ਰੀ ਹੋਈ ਹੈ ਜਿਸ ਦਾ ਨਾਉਂ ਸਾਹਿਬ ਦੇਵੀ ਤੇ ਤਖੱਲੁਸ 'ਅਰੋੜੀ' ਸੀ। ਉਹ ਹਿੰਦੀ (ਪੰਜਾਬੀ) ਭਾਸ਼ਾ ਵਿਚ ਤੁਕਾਂਤ ਵਾਲੀ ਕਵਿਤਾ ਬਿਨਾ ਸੋਚੇ ਸੁਤੇ ਸਿਧ ਕਹਿ ਦਿੰਦੀ ਸੀ। ਗੱਲ ਬਾਤ ਕਰਨ ਸਮੇਂ ਉਸ ਦੀ ਜ਼ਬਾਨ 'ਚੋਂ ਇਕ ਵਾਕ ਭੀ ਤੁਕਾਂਤ-ਰਹਿਤ ਨਹੀਂ ਨਿਕਲਦਾ ਸੀ। ਉਸ ਦੀਆਂ ਰਚੀਆਂ ਰਦੀਫਾਂ (ਵਧਾਇਆ ਹੋਇਆ ਤੁਕਾਂਤ) ਦੇ ਸਾਹਮਣੇ ਹੋਰ ਕਵੀ ਦਮ ਨਹੀਂ ਮਾਰਦੇ ਸਨ।

ਸ਼ਾਸਤਰ ਪੜ੍ਹਨ ਵਾਲੇ ਬ੍ਰਾਹਮਣਾਂ ਦੇ ਸਮੂਹ ਵਿਚੋਂ ਮਿਸਰ ਬਾਹਰ ਮੱਲ, ਮਿਸਰ ਭੋਗੀ ਰਾਮ, ਨਵਾਹੂ ਰਾਮ, ਮਿਸਰ ਵਿਦਿਆਧਰ ਅਤੇ ਦਿਲਬਾਗ ਰਾਏ ਨਜੂਮੀ ਪੂਰੇ ਪ੍ਰਸਿੱਧ ਵਿਅੱਕਤੀ ਸਨ। ਕਰਾਮਾਤੀ ਖ਼ੁਦਾਸ਼ਨਾਸਾਂ ਵਿਚੋਂ ਸਨਿਆਸੀ ਬੁੱਧਗਿਰ ਪ੍ਰਸਿੱਧ ਸੀ। ਬਾਬਾ ਲੱਛਮਣ ਦਾਸ ਬੈਰਾਗੀ ਅੰਦਰੂਨੀ (ਦਿਲ ਦੀ) ਸਫਾਈ ਕਾਰਨ ਪੂਰਾ ਆਤਮ-ਦਰਸ਼ੀ ਸੀ। ਭਗਤ ਪਰਮਲ ਭੀ ਅਭਿਆਸੀ ਸਾਧੂ ਸੀ। ਪੂਰਣ ਤਿਆਗੀਆਂ ਅਤੇ ਬ੍ਰਹਮ ਗਿਆਨੀਆਂ ਵਿਚੋਂ ਬਾਬਾ ਰਾਮ ਕਮਾਨ ਖੱਤਰੀ, ਗੁਸਾਈਂ ਸ਼ਿਵ ਰਾਮ, ਮਹਿਮਾਂ ਨੰਦ 'ਬਾਹਰੀ' ਸਾਧੂ ਰਾਮ 'ਸੋਂਧੀ' ਤੇ ਰਾਮ ਪ੍ਰਕਾਸ਼ 'ਵਡਹਿਰਾ', ਜੋ ਗੁਜਰਾਤ ਦੇ ਸਾਊ ਘਰਾਣਿਆਂ ਵਿਚੋਂ ਹਨ, ਤਿਆਗੀ ਹੋ ਕੇ ਬਨਾਰਸ ਵਲ ਖੁਲ੍ਹੇ ਰਮਦੇ ਹਨ ਅਤੇ ਕਦੇ ਕਦਾਈਂ ਪੰਜਾਬ ਦੇਸ਼ ਵਿਖੇ ਆ ਕੇ ਜਗਿਆਸੂਆਂ ਦੀ ਅਗਵਾਈ ਕਰਦੇ ਹਨ। ਪਾਂਡੀ ਸ਼ਾਹ ਸਾਈਂ ਲੋਕ ਨੇ ਆਪਣੀ ਬਿਰਧ ਮਾਂ ਦੀ ਸੇਵਾ ਕਰਕੇ ਵਡਿਆਈ ਪ੍ਰਾਪਤ ਕੀਤੀ। ਉਸ ਦਾ ਮਕਬਰਾ ਗੁਜਰਾਤ ਵਿਚ ਸੰਮਤ ੧੮੬੪ ਬਿਕਰਮੀ (ਮੁਤਾਬਿਕ ਸੰਨ ੧੮੦੭ ਈ:) ਵਿਚ ਉਸਾਰਿਆ ਗਿਆ। ਹੁਸੈਨ ਸ਼ਾਹ ਪਹੁੰਚਿਆ ਫਕੀਰ ਸੰ: ੧੨੫੩ ਹਿਜਰੀ (ਮੁਤਾਬਿਕ ਸੰਨ ੧੮੩੭ ਈ:) ਵਿਚ ਪੂਰਾ ਹੋਇਆ। ਉਸ ਦੀ ਕਬਰ ਮੁਹੰਮਦ ਹੁਸੈਨ ਕਾਨੂੰਗੋ ਦੀ ਮਸੀਤ ਦੇ ਕੋਲ ਬਣਾਈ ਗਈ ਹੈ। ਫ਼ਕੀਰ ਕਰਮ ਸ਼ਾਹ ਮਿੱਠੀ ਜ਼ਬਾਨ ਤੇ ਸੁੰਦਰ ਆਚਰਣ ਵਾਲਾ ਵਿਅੱਕਤੀ ਆਪਣੇ ਤਕੀਏ 'ਤੇ ਸ਼ਸ਼ੋਭਤ ਹੈ। ਭਾਈ ਮਨਸਾ ਰਾਮ ਉਦਾਸੀ, ਬਾਬਾ ਸਾਧੂ ਰਾਮ 'ਸੋਬਤੀ' ਅਤੇ ਭਾਈ ਰਾਮ ਜੀ ਦਰਵੇਸ਼ੀ ਦੇ ਕੰਮ ਵਿਚ ਹਰ ਇਕ ਨਾਲ ਸਾਂਝ ਰੱਖਦੇ ਹਨ। ਗੁਜਰਾਤ ਦੇ ਪੱਛਮੀ ਦਰਵਾਜ਼ੇ ਵਲ ਭਾਈ ਰਾਮ ਜੀ ਦਾ ਪੱਕਾ ਤਲਾ ਅਜੇ ਤੱਕ ਕਾਇਮ ਹੈ ਜੋ ਉਸ ਦੇ ਗੁਰੂ ਬਾਬਾ ਪਹੂ ਰਾਮ ਦੇ ਨਾਉਂ ਉੱਤੇ ਇਕ ਛੋਟਾ ਤਲਾ ਸੀ। ਉਸ ਨੇ ਸੰਮਤ ੧੮੬੩ ਬਿਕਰਮੀ (ਮੁਤਾਬਿਕ ੧੮੦੬ ਈਸਵੀ) ਵਿਚ ਇਸ ਤਲਾ ਨੂੰ ਪੱਕਾ ਬਣਵਾਇਆ। ਬਾਬਾ ਰਾਮ ਜੀ ਤੇ ਬਾਬਾ ਲੱਛਮਣ ਦਾਸ ਬੈਰਾਗੀ ਦੀਆਂ ਸਮਾਧਾਂ ਇਸੇ ਤਲਾ ਉੱਤੇ ਹੀ ਸਥਿੱਤ ਹਨ। ਉਦਾਸੀ ਸਾਧੂਆਂ 'ਚੋਂ ਬਾਬਾ ਸੰਤੋਖ ਦਾਸ ਜੋ ਬਾਬਾ ਪਿਤਾਹਮ ਕਰਕੇ ਪ੍ਰਸਿੱਧ ਹੈ ਇਕ ਉੱਘਾ ਸਾਧੂ ਸੀ। ਗੁਜਰਾਤ ਦੇ ਕਿਲ੍ਹੇ ਵਿਚ ਧਰਮਸਾਲ ਤੇ ਨਵਾਂ ਖੂਹ ਉਸੇ ਦੇ ਬਣਵਾਏ ਹੋਏ ਹਨ। ਮਹਾਂ ਪੁਰਸ਼ ਬਾਬਾ ਭਗਵੰਤ ਦਾਸ ਬੈਰਾਗੀ ਨੇ ਭੀ ਇਕ ਨਵਾਂ ਖੂਹ ਗੁਜਰਾਤ ਦੇ ਕਿਲ੍ਹੇ ਵਿਚ ਸੰਮਤ ੧੯੦੮ ਬਿਕਰਮੀ (ਮੁਤਾਬਿਕ ਸੰਨ ੧੮੫੧ ਈ:) ਵਿਚ ਬਣਵਾਇਆ ਹੈ। ਸਮਾਪਤ।

ਭਾਵੇਂ ਇਸ ਸ਼ਹਿਰ ਵਿਚ ਬਹੁਤ ਸਾਰੀਆਂ ਧਰਮਸਾਲਾਂ ਹਨ ਪਰੰਤੂ ਇਨ੍ਹਾਂ ਵਿਚੋਂ ਦੋ ਅਜੇ ਤੱਕ ਕਾਇਮ ਹਨ ਤੇ ਪੁਰਾਣੇ ਸਮਿਆਂ ਤੋਂ ਪੂਜਾ ਅਸਥਾਨ ਹਨ। ਇਨ੍ਹਾਂ ਵਿਚੋਂ ਇਕ ਭਾਈ ਕੰਧਾਰਾ ਸਿੰਘ ਦੀ ਧਰਮਸਾਲ ਹੈ ਜੋ ਇਕਾਂਤ ਵਾਸੀ ਤੇ ਭਗਤੀ ਕਰਨ ਵਾਲਾ ਵਿਅੱਕਤੀ ਸੀ ਅਤੇ ਉਹ ਹਰੇਕ ਸਖੀ ਦੀ ਵਧ ਚੜ੍ਹ ਕੇ ਉਸਤਤ ਕਰਦਾ ਸੀ। ਕਹਿੰਦੇ ਹਨ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਭੀ ਇਸ ਧਰਮਸਾਲ

ਵਿਚ ਰੈਣ ਬਸੇਰਾ ਕੀਤਾ ਸੀ। ਦੂਜੀ ਧਰਮਸਾਲ ਭਾਈ ਕੇਸਰ ਸਿੰਘ ਦੀ ਹੈ ਜੋ ਵੱਡਾ ਧਰਮ-ਪਾਲਕ ਸੀ। ਖ਼ਾਲਸਾ ਰਾਜ ਦੇ ਸ਼ੁਰੂ ਤੋਂ ਹੀ ਕਿਲ੍ਹੇ ਵਿਚ ਦੋ ਦੇਵੀ ਦੁਆਰੇ ਅਤੇ ਇਕ ਮੁਰਲੀ ਮਨੋਹਰ (ਕ੍ਰਿਸ਼ਨ) ਦਾ ਮੰਦਰ ਉਸ ਦੇ ਬਣਾਏ ਹੋਏ ਹਨ। ਉਹ ਸ਼ਿਵ ਦੁਆਰਾ ਭੀ, ਜੋ ਮਹਾਰਾਜਾ ਗੁਲਾਬ ਸਿੰਘ ਜੰਮਵਾਲ ਨੇ ਆਪਣੇ ਰਾਜ-ਕਾਲ ਵਿਚ ਪੁਰਾਣੇ ਠਾਕਰ ਦੁਆਰੇ ਨੂੰ ਢੁਹਾ ਕੇ ਸ਼ਹਿਰ ਵਿਚ ਸੰਮਤ ੧੮੯੬ ਬਿਕਰਮੀ (ਮੁਤਾਬਿਕ ੧੮੩੯ ਈ:) ਵਿਚ ਨਵੇਂ ਸਿਰਿਉਂ ਉਸਰਵਾਇਆ ਹੈ, ਇਕ ਸੁੰਦਰ ਅਸਥਾਨ ਹੈ। ਗੁਜਰਾਤ ਦੇ ਕਾਰੀਗਰ ਹਰ ਪ੍ਰਕਾਰ ਦੀ ਦਸਤਕਾਰੀ ਵਿਚ ਬਹੁਤ ਮਾਹਿਰ ਸਨ। ਲੁਹਾਰ ਤੇਜ਼ ਧਾਰ ਵਾਲੀਆਂ ਤਲਵਾਰਾਂ ਤਿਆਰ ਕਰਦੇ ਸਨ। ਇਸ ਕੰਮ ਵਿਚ ਦੋਸਤ ਮੁਹੰਮਦ ਲੁਹਾਰ ਸਾਰਿਆਂ ਦਾ ਉਸਤਾਦ ਸੀ। ਉਸ ਦੀ ਸੰਤਾਨ ਅੱਜ ਕੱਲ੍ਹ ਜਲਾਲ ਪੁਰ ਵਿਖੇ ਵਸ ਰਹੀ ਹੈ ਅਤੇ ਤਲਵਾਰਾਂ ਬਣਾਉਣ ਦਾ ਧੰਧਾ ਕਰਦੀ ਹੈ। ਮੁੱਕਦੀ ਗੱਲ ਗੁਜਰਾਤ ਦੇ ਵਸਨੀਕ ਹਰ ਹੁਨਰ ਵਿਚ ਮਾਹਿਰ ਹਨ। ਉਹ ਮਸਖ਼ਰੀ ਕਰਨ ਵਿਚ ਭੀ ਚਤਰ ਹਨ ਇਸ ਤਰ੍ਹਾਂ ਦਸਦੇ ਹਨ ਕਿ ਗੁਰੂ ਹਰਗੋਬਿੰਦ ਸਾਹਿਬ ਘੋੜੇ 'ਤੇ ਸਵਾਰ ਹੋ ਕੇ ਬਜ਼ਾਰ ਵਿਚੋਂ ਲੰਘ ਰਹੇ ਸਨ। ਕਿਸੇ ਵਿਅੱਕਤੀ ਨੇ ਉਨ੍ਹਾਂ ਦੀ ਮੁਨਾਸਿਬ ਆਉਭਗਤ ਤੇ ਸਵਾਗਤ ਨਾ ਕੀਤਾ। ਇਕ ਦੁਕਾਨਦਾਰ ਨੇ ਠੱਠਾ ਮਖੌਲ ਕਰਨਾ ਅਰੰਭ ਦਿਤਾ ਤੇ ਕਹਿਣ ਲੱਗਿਆ ਕਿ ਘੋੜਾ ਕਿੰਨਾ ਤੇਜ਼ ਰਫਤਾਰ ਹੈ। ਦੂਜਾ ਬੋਲਿਆ ਕਿ ਸਵਾਰ ਭੀ ਦਰਸ਼ਨੀ ਹੈ। ਇਕ ਹੋਰ ਬੋਲਿਆ ਕਿ ਘੋੜਾ ਭਾਵੇਂ ਤੇਜ਼ ਰਫਤਾਰ ਹੈ ਪਰ ਬਿਨਾ ਮਸਾਲੇ (ਸਾਜ਼) ਦੇ ਕਿਸ ਕੰਮ ਹੈ। ਪਹਿਲੇ ਨੇ ਕਿਹਾ ਕਿ ਘੋੜੇ ਨੂੰ ਮਸਾਲੇ (ਸਾਜ਼) ਦੀ ਕੀ ਲੋੜ ਕਿਉਂਕਿ ਉਸ ਦਾ ਸਵਾਰ ਤਾਂ ਮਸਾਲੇਦਾਰ ਹੈ। ਇਸ ਦੌਰਾਨ ਜਾਣੀ ਜਾਣ ਸ਼ਾਹ ਹਜ਼ਰਤ ਦੌਲਾ ਤੇਜ਼ੀ ਨਾਲ ਭੱਜਿਆ ਆਇਆ ਤੇ ਉਸ ਨੇ ਆ ਕੇ ਘੋੜੇ ਦੀ ਵਾਗ ਫੜ ਲਈ। ਉਸ ਨੇ ਗੁਰੂ ਸਾਹਿਬ ਦਾ ਉਚਿਤ ਸਵਾਗਤ ਤੇ ਆਦਰ ਮਾਣ ਕੀਤਾ, ਭੇਟ ਪੇਸ਼ ਕੀਤੀ ਅਤੇ ਗੁਜਰਾਤ ਦੇ ਲੋਕਾਂ ਦੀਆਂ ਭੁੱਲਾਂ ਦੀ ਖਿਮਾਂ ਮੰਗੀ। ਅੰਤ ਵਿਚ ਗੁਰੂ ਸਾਹਿਬ ਨੇ ਮਿਹਰਬਾਨ ਹੋ ਕੇ ਮੁਬਾਰਿਕ ਮੁਖਾਬਿੰਦ 'ਚੋਂ ਉਚਰਿਆ ਕਿ ਸ਼ਾਹ ਦੌਲਾ ਰੱਬ ਨੂੰ ਪਹੁੰਚਿਆ ਹੋਇਆ ਹੈ ਅਤੇ ਗੁਜਰਾਤ ਵਾਸੀ ਮਖੌਲੀ ਤੇ ਨੁਕਤਾ ਚੀਨੀਆਂ ਕਰਨ ਵਾਲੇ ਹਨ। ਉਸ ਦਿਨ ਤੋਂ ਗੁਜਰਾਤ ਦੇ ਲੋਕ ਮਸਖ਼ਰਿਆਂ ਵਜੋਂ ਪ੍ਰਸਿੱਧ ਹੋ ਗਏ ਫਿਰ ਭੀ ਸਾਰੇ ਲੋਕਾਂ ਨੇ ਇਨ੍ਹਾਂ ਬੇਹੂਦਾ ਗੱਲਾਂ ਦੇ ਹੋਛੇ ਪੁਣੇ ਨੂੰ ਨਹੀਂ ਅਪਣਾਇਆ ਹੈ ਬਲਕਿ ਸ਼ਹਿਰ ਦੇ ਬਾਹਲੇ ਵਸਨੀਕ ਚੰਗੇ ਵਿਸ਼ਵਾਸ ਪਾਤਰ ਹਨ ਤੇ ਪਿਆਰ ਕਰਨ ਵਿਚ ਦ੍ਰਿੜ ਤੇ ਪੱਕੇ ਹਨ। ਇਥੋਂ ਤੱਕ ਕਿ ਸੋਹਣੀ ਦੇ ਹੁਸਨ ਤੇ ਮਾਹੀਵਾਲ ਦੇ ਇਸ਼ਕ ਦੀ ਕਹਾਣੀ ਇਸ ਗੱਲ ਦੀ ਸ਼ਹਾਦਤ ਹੈ ਜੋ ਮੁਹੰਮਦ ਸ਼ਾਹ ਬਾਦਸ਼ਾਹ ਦੇ ਰਾਜ-ਕਾਲ ਵਿਚ ਸੰਨ ੧੧੪੫ ਹਿਜਰੀ (ਮੁਤਾਬਿਕ ਸੰਨ ੧੭੩੨ ਈ.) ਵਿਚ ਵਾਪਰੀ ਹੈ।

ਸੋਹਣੀ ਤੇ ਮਾਹੀਵਾਲ ਦੀ ਕਹਾਣੀ

ਕਹਿੰਦੇ ਹਨ ਕਿ ਇਕ ਵਿਉਪਾਰੀ ਦਾ ਬੇਟਾ ਸਮਰਕੰਦ ਦੇ ਇਲਾਕੇ ਤੋਂ ਵਿਉਪਾਰ ਕਰਨ ਦੇ ਇਰਾਦੇ ਨਾਲ ਭਾਰਤ ਆਇਆ। ਉਸ ਦੀ ਕੌਮ ਮੁਗਲ ਤੇ ਨਾਮ ਮਾਹਵਾਰ (ਚੰਨ ਵਰਗਾ) ਸੀ। ਉਸ ਦਾ ਇੱਜ਼ਤ ਮਾਣ ਬਹੁਤ ਜ਼ਿਆਦਾ ਸੀ ਇਸ ਲਈ ਆਮ ਲੋਕੀਂ ਉਸ ਨੂੰ ਇੱਜ਼ਤ ਬਖਸ਼ ਬੇਗ ਕਰਕੇ ਸੱਦਦੇ ਸਨ। ਸਬੱਬ ਨਾਲ ਉਸ ਦਾ ਸ਼ਹਿਰ ਗੁਜਰਾਤ ਵਿਚੋਂ ਲੰਘਣਾ ਹੋਇਆ। ਉਹ ਬਾਜ਼ਾਰ ਵਿਚ ਘੋੜੇ 'ਤੇ ਸਵਾਰ ਹੋਇਆ ਰੌਣਕ ਵੇਖਦਾ ਜਾਂਦਾ ਸੀ। ਉਸ ਨੂੰ ਹਰ ਪਾਸੇ ਵਧੀਆ ਪ੍ਰਕਾਰ ਦਾ ਸਾਮਾਨ ਤੇ ਚੰਗੇ ਗਾਹਕ ਦਿਖਾਈ ਦਿੰਦੇ ਸਨ।

(ਸ਼ਿਅਰ) ਇਸ ਬਾਜ਼ਾਰ ਵਿਚ ਹਰ ਇਨਸਾਨ ਕਿਸੇ ਨਾ ਕਿਸੇ ਧੁੰਨ ਵਿਚ ਮਗਨ ਹੈ,
ਇਸ ਬਾਜ਼ਾਰ ਦਾ ਹਰ ਵਿਅੱਕਤੀ ਆਪਣੇ ਢੰਗ ਨਾਲ ਪੱਗ ਬੰਨ੍ਹਦਾ ਹੈ।

ਸੰਜੋਗ ਨਾਲ ਉਸ ਨੇ ਇਕ ਘੁਮਿਆਰ ਦੀ ਦੁਕਾਨ ਵੇਖੀ ਜਿਸ ਨੇ ਸਾਫ ਤੇ ਰੰਗ ਦਾਰ ਮਿੱਟੀ ਦੇ ਭਾਂਡੇ, ਸੱਤ ਮਹੇਲੀਆਂ (ਸਿਤਾਰੇ) ਦੇ ਝੁਮਕੇ ਦੀ ਲੜੀ ਵਾਂਗ ਚਿਣ ਕੇ ਆਪਣੀ ਆਪਣੀ ਥਾਂ 'ਤੇ ਰੱਖੇ ਹੋਏ

ਸਨ। ਚਮਕਦਾਰ ਢੱਕਣ ਵਾਲਾ ਲੋਟਾ ਸੂਰਜ ਨੂੰ ਤਾਹਨਾ ਦਿੰਦਾ ਸੀ। ਫੁੱਲ-ਲਾਲਹ ਵਰਗਾ ਪਿਆਲਾ ਚੰਦ ਦੇ ਨੂਰ ਨੂੰ ਤੁੱਛ ਸਮਝਦਾ ਸੀ। ਸੌਦਾਗਰ-ਜ਼ਾਦੇ ਨੇ ਕੁੱਝ ਭਾਂਡਿਆਂ ਦਾ ਗਾਹਕ ਬਣ ਕੇ ਪਹਿਲੀ ਰਾਤ ਦੇ ਚੰਦ ਵਰਗੀ ਰਕਾਬ 'ਚੋਂ ਪੈਰ ਕੱਢਿਆ ਤੇ ਸਾਫ ਸੁਥਰੀ ਰਕਾਬੀ (ਤਸ਼ਤਰੀ, ਪਲੇਟ) ਖਰੀਦਣ ਲਈ ਉਸ ਦੀ ਦੁਕਾਨ 'ਤੇ ਜਾ ਖੜਾ ਹੋਇਆ। ਇਸੇ ਦੌਰਾਨ ਉਸ ਦੀ ਚੰਦ ਤੇ ਜ਼ੁਹਰਾ ਸਿਤਾਰੇ ਵਰਗੀ ਸੁੰਦਰ ਬੇਟੀ ਸੁਭਾਗੇ ਥਾਂ ਤੋਂ ਪ੍ਰਗਟ ਹੋਈ। ਉਹ ਦੁਕਾਨ 'ਤੇ ਇਕ ਘੜੀ ਜਲਵਾ ਵਿਖਾ ਕੇ ਖੜੇ ਪੈਰੀਂ ਮੁੜ ਗਈ ਤੇ ਮਾਹਵਾਰ ਦੇ ਦਿਲ ਨੂੰ ਸੀਨੇ 'ਚੋਂ ਧੂਹ ਕੇ ਲੈ ਗਈ। ਵਿਚਾਰਾ ਪਾਂਧੀ ਇਕ ਝਲਕ ਨਾਲ ਹੀ ਉਸ ਦੀ ਜ਼ੁਲਫ ਵਾਂਗ ਬੇਚੈਨ ਹੋ ਗਿਆ ਅਤੇ ਉਸ ਨੂੰ ਗਸ਼ ਪੈ ਗਈ। ਉਸ ਦੇ ਸਾਥੀਆਂ ਨੇ ਕਸਤੂਰੀ ਤੇ ਗੁਲਾਬ ਉਸ ਦੇ ਸਿਰ 'ਤੇ ਛਿੜਕ ਕੇ ਉਸ ਨੂੰ ਹੋਸ਼ ਵਿਚ ਲਿਆਂਦਾ ਅਤੇ ਆਪਣੇ ਤੰਬੂ ਵਿਚ ਲੈ ਗਏ। ਉਸ ਦੇ ਸਾਥੀਆਂ ਨੇ ਭੋਜਨ ਪਾਣੀ ਲਿਆ ਕੇ ਉਸ ਦੇ ਅੱਗੇ ਰੱਖਿਆ ਪਰੰਤੂ ਉਹ ਦਸਤਰਖਾਨ ਵਲ ਮੂੰਹ ਨਹੀਂ ਕਰਦਾ ਸੀ ਅਤੇ ਉਸ ਨੂੰ ਆਪਣੇ ਪਿਆਰੇ ਦੇ ਨਾਉਂ ਦਾ ਪਤਾ ਕਰਨ ਦੀ ਚਿੰਤਾ ਲੱਗੀ ਹੋਈ ਸੀ। ਉਹ ਹਰ ਕਿਸੇ ਤੋਂ ਉਸ ਦਾ ਨਾਮ ਤੇ ਪਤਾ ਪੁੱਛਦਾ ਸੀ। ਅੰਤ ਨੂੰ ਸ਼ਹਿਰ ਦੇ ਵਸਨੀਕਾਂ ਤੋਂ ਪਤਾ ਲੱਗਿਆ ਕਿ ਉਸ ਮਨਮੋਹਣੀ ਤੇ ਸੁੰਦਰ ਇਸਤਰੀ ਦਾ ਨਾਉਂ ਸੋਹਣੀ ਹੈ ਤੇ ਭਾਗਵਾਨ ਤੁਲਾ ਨਾਮੀ ਘੁਮਿਆਰ ਦੀ ਸਕੀ ਬੇਟੀ ਹੈ। ਹੇਠ ਲਿਖੇ ਕਥਨ ਉਸ ਅਤੀ ਸੁੰਦਰ ਪ੍ਰੇਮਕਾ 'ਤੇ ਢੁਕਦੇ ਹਨ:—

(ਸ਼ਿਅਰ) ਉਸ ਬਾਂਕੀ ਦਾ ਦਿਮਾਗ਼ ਇੰਨਾ ਨਾਜ਼ੁਕ ਹੈ ਕਿ ਫੁੱਲ ਦੀ ਖੁਸ਼ਬੂ ਭੀ ਉਸ ਨੂੰ
ਦੀਵੇ ਦੇ ਧੂੰਏਂ ਵਾਂਗ ਲੱਗਦੀ ਹੈ।
ਜੇਕਰ ਉਹ ਬੁਲਬੁਲ ਦੀ ਅੱਖ ਵਿਚ ਪੈਰ ਭੀ ਪਾ ਦੇਂਦੀ ਹੈ ਤਾਂ ਬੁਲਬੁਲ ਉਸ
ਦੇ ਪੈਰ ਨੂੰ ਖਿੜੇ ਫੁੱਲ ਦਾ ਹਾਸਾ ਖਿਆਲ ਕਰਦੀ ਹੈ।

ਮਾਹਵਾਰ ਸਾਰੀ ਰਾਤ ਜਾਗਦਾ ਤੇ ਤਰਲੋ ਮੱਛੀ ਹੁੰਦਾ ਰਿਹਾ। ਤੜਕੇ ਵੇਲੇ ਸੌਣ ਵਾਲੀ ਥਾਂ ਤੋਂ ਉੱਠ ਕੇ ਘੁਮਿਆਰ ਦੇ ਘਰ ਆਇਆ ਅਤੇ ਬੇਨਤੀ ਕੀਤੀ ਕਿ, "ਐ ਮੇਰੇ ਉਸਤਾਦ! ਮੈਂ ਤੇਰੇ ਧੰਧੇ 'ਤੇ ਮੋਹਿਤ ਹੋ ਗਿਆ ਹਾਂ। ਮੈਨੂੰ ਆਪਣਾ ਧੰਧਾ ਸਿਖਾ ਤਾਂ ਕਿ ਮੈਂ ਤੇਰਾ ਸ਼ਗਿਰਦ ਬਣ ਜਾਵਾਂ"। ਬਾਪ ਦੇ ਕੋਲ ਖੜੀ ਭਾਗਵਾਨ ਬੇਟੀ ਨੇ ਸੌਦਾਗਰ ਨੂੰ ਕਿਹਾ ਕਿ "ਐ ਸੂਝਵਾਨ ਵਿਅੱਕਤੀ! ਤੂੰ ਵੱਡਾ ਮਾਲਦਾਰ ਤੇ ਸਾਊ ਪੁਰਸ਼ ਹੈਂ ਅਤੇ ਸ਼ਕਲ ਤੇ ਸੁਭਾ ਦਾ ਧਨੀ ਹੈਂ ਤੂੰ ਕਿਸ ਘਟੀਆ ਪੇਸ਼ੇ ਤੇ ਕਮੀਨੇ ਧੰਧੇ ਨੂੰ ਕਿਉਂ ਅਪਣਾ ਰਿਹਾ ਹੈਂ?" ਮਾਹਵਾਰ, ਜੋ ਮੱਛੀ ਦੀ ਨਿਆਈਂ ਉਸ ਦੀ ਜ਼ੁਲਫ ਦੇ ਜਾਲ ਵਿਚ ਫੱਸਿਆ ਹੋਇਆ ਸੀ, ਨੇ ਉਸ ਨੂੰ ਉੱਤਰ ਦਿਤਾ ਕਿ "ਐ ਮਿਹਰਵਾਨ ਪਿਆਰੀ! ਮੈਂ ਤੈਥੋਂ ਸਦਕੇ ਜਾਵਾਂ। ਮੈਂ ਆਪਣੀ ਵਡੱਤਣ ਨੂੰ ਤੇਰੇ ਦਰ ਦੀ ਮਿੱਟੀ 'ਤੇ ਝਾੜਦਾ ਹਾਂ। ਜੇਕਰ ਤੇਰਾ ਪਿਤਾ ਮੇਰੀ ਬੇਨਤੀ ਪਰਵਾਨ ਕਰ ਲਵੇ ਤਾਂ ਮੈਂ ਤੇਰੇ ਪਿਤਾ ਦਾ ਗੁਲਾਮ ਬਣਦਾ ਹਾਂ।

(ਸ਼ਿਅਰ) ਮੈਂ ਜਾਨ ਛਿੜਕਣ ਵਾਲੇ ਦਾਸਾਂ ਵਿੱਚੋਂ ਹਾਂ,
ਮੈਂ ਕੀ ਆਖਾਂ? ਮੈਂ ਤਾਂ ਇਸ ਦਰ ਦਾ ਕੁੱਤਾ ਹਾਂ।

ਸੱਚੇ ਇਸ਼ਕ ਦੇ ਵਲਵਲੇ ਸਦਕਾ ਪ੍ਰੇਮਕਾ ਦਾ ਦਿਲ ਭੀ ਪ੍ਰੇਮੀ ਵਲ ਖਿੱਚਿਆ ਗਿਆ ਅਤੇ ਸਮਝ ਗਈ ਕਿ ਉਹ ਕੀ ਚਾਹੁੰਦਾ ਹੈ।

(ਸ਼ਿਅਰ) ਪ੍ਰੇਮੀ ਅਤੇ ਪ੍ਰੇਮਿਕਾ ਵਿਚਕਾਰ ਇਕ ਰਮਜ਼ ਹੁੰਦੀ ਹੈ ਜਿਸ ਦੀ ਖਬਰ ਮੁਨਕਰ
ਨਕੀਰ (ਚਿੱਤਰ ਗੁਪਤ) ਫਰਿਸ਼ਤਿਆਂ ਨੂੰ ਭੀ ਨਹੀਂ।

ਉਸ ਦੇ ਪਿਤਾ ਨੇ, ਜੋ ਇਸ ਰਮਜ਼ ਨੂੰ ਨਹੀਂ ਸਮਝਦਾ ਸੀ, ਜਵਾਨ ਨੂੰ ਕਿਹਾ ਕਿ "ਐ ਬੇਟੇ! ਇਹ ਕੀ ਠੱਠਾ ਮਖੌਲ ਹੈ ਜੋ ਤੇਰੇ ਦਿਲ ਵਿਚ ਆਇਆ ਹੈ? ਅਤੇ ਤੂੰ ਮੈਨੂੰ ਕਹਿੰਦਾ ਹੈਂ ਕਿ ਮੈਨੂੰ ਭਾਂਡੇ ਬਣਾਉਣ ਦਾ ਧੰਧਾ ਸਿਖਾ।

(ਮਿਸਰਾ) ਨਿਮਾਣੀ ਖਾਕ ਦਾ ਉੱਚੇ ਆਕਾਸ਼ਾਂ ਨਾਲ ਕੀ ਜੋੜ?"
(ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ)

ਮੁੱਕਦੀ ਗੱਲ ਉਸ ਦੀ ਘੁਮਿਆਰ ਨਾਲ ਹਰ ਰੋਜ਼ ਇਹੋ ਵਾਰਤਾਲਾਪ ਹੁੰਦੀ ਸੀ ਅਤੇ ਉਹ ਇਸੇ ਬਹਾਨੇ ਆਪਣੀ ਬੇਮਿਸਾਲ ਪ੍ਰੇਮਕਾ ਦੇ ਘਰ ਜਾਂਦਾ ਸੀ ਅਤੇ ਉਸ ਦੇ ਦਰਸ਼ਨਾਂ ਦੀ ਬਹਾਰ ਮਾਣਦਾ ਸੀ। ਇੱਥੋਂ ਤੱਕ ਕਿ ਗੁੱਝਾ ਭੇਦ ਖੁਲ੍ਹ ਗਿਆ ਅਤੇ ਉਨ੍ਹਾਂ ਦੋਹਾਂ ਦੇ ਇਸ਼ਕ ਦੀ ਚਰਚਾ ਧੁੰਮ ਗਈ। ਭੇਤੀਆਂ ਨੇ ਵਿਚ ਵਿਚਾਲੇ ਪੈ ਕੇ ਸੁੰਦਰੀ ਨੂੰ ਪਾਉਣ ਲਈ, ਚਾਹਵਾਨ ਸੌਦਾਗਰ ਵਲੋਂ ਘੁਮਿਆਰ ਨੂੰ ਬਹੁਤ ਸਾਰਾ ਧੰਨ ਤੇ ਕੀਮਤੀ ਸਾਮਾਨ ਪੇਸ਼ ਕੀਤਾ ਪਰੰਤੂ ਉਹ ਪੱਥਰ-ਦਿਲ (ਘੁਮਿਆਰ) ਨਾ ਪਿਘਲਿਆ ਤੇ ਸਗੋਂ ਨਾਰਾਜ਼ ਹੋ ਗਿਆ। ਉਸ ਨੇ ਆਪਣੀ ਬੇਟੀ ਦੀ ਮੰਗਣੀ ਰਲਿਆਲਾ ਨੱਗਰ ਵਿਚ ਵਸ ਰਹੇ ਆਪਣੇ ਭਤੀਜੇ ਨਾਲ ਕਰ ਦਿੱਤੀ। ਸੌਦਾਗਰ ਇਸ ਕੱਚੀ ਧੁੰਨ ਕਾਰਨ ਪਾਗਲ ਹੋ ਗਿਆ ਅਤੇ ਧੰਨ ਤੇ ਵਸਤਾਂ, ਜਿਹੜੀਆਂ ਵਿਉਪਾਰ ਦੇ ਲਾਭ ਲਈ ਆਪਣੇ ਨਾਲ ਲਿਆਇਆ ਸੀ, ਲੁਟਾ ਦਿੱਤੀਆਂ।

(ਸ਼ਿਅਰ) ਜਦੋਂ ਤੇਰਾ ਧਨ ਪ੍ਰੇਮਕਾ ਦੀ ਨਿਗਾਹ ਵਿਚ ਨਹੀਂ ਜਚਦਾ ਤਾਂ
ਤੇਰੇ ਲਈ ਧਨ ਤੇ ਮਿੱਟੀ ਇਕ ਸਾਰ ਹੈ।

ਜਦੋਂ ਉਸ ਨੂੰ ਪ੍ਰੇਮਕਾ ਦਾ ਦੀਦਾਰ ਪ੍ਰਾਪਤ ਨਾ ਹੁੰਦਾ ਤਾਂ ਉਹ ਬੇਚੈਨ ਹੋ ਉੱਠਦਾ ਸੀ ਅਤੇ ਪਾਗਲਾਂ ਵਾਂਗ ਭੌਂਦਾ ਫਿਰਦਾ ਸੀ। ਸੋਹਣੀ ਦਾ ਨਾਉਂ ਹਰ ਸਮੇਂ ਉਸ ਦੀ ਜ਼ਬਾਨ 'ਤੇ ਰਹਿੰਦਾ ਸੀ। ਉਹ ਕਹਿੰਦਾ ਸੀ ਕਿ "ਮੈਂ ਮੱਛੀ ਵਾਂਗ ਯਾਰ ਦੀ ਕੁੰਡੀ ਵਿਚ ਫਸਿਆ ਹੋਇਆ ਹਾਂ ਅਤੇ ਸੋਹਣੀ ਚੰਦ ਵਾਂਗ ਅਸਮਾਨ ਵਿਚ ਖੂਬ ਚਮਕ ਰਹੀ ਹੈ"। ਬਾਜ਼ਾਰ ਤੇ ਗਲੀ ਤੇ ਬੱਚੇ ਉਸ ਦਾ ਅਪਮਾਨ ਕਰਦੇ ਸਨ ਅਤੇ ਬੱਚਿਆਂ ਨੇ ਬਾਰ ਬਾਰ ਉਸ ਦਾ ਨਾਉਂ ਲੈ ਕੇ ਮਾਹੀਵਾਰ ਤੋਂ ਮਾਹੀਵਾਲ ਪ੍ਰਸਿੱਧ ਕਰ ਦਿਤਾ। ਕਹਿੰਦੇ ਹਨ ਕਿ ਇਕ ਦਿਨ ਸੋਹਣੀ ਉਸ ਦੀਵਾਨੇ ਨੂੰ ਮਹੱਲੇ ਦੇ ਬਾਗ ਵਿਚ ਦਿਸ ਪਈ। ਉਹ ਤੇਜ਼ ਦੌੜਿਆ ਤੇ ਸਿਰ ਉਸ ਦੇ ਪੈਰਾਂ 'ਤੇ ਰੱਖ ਦਿਤਾ। ਕਵੀ ਨੇ ਸੱਚ ਕਿਹਾ ਹੈ:—

(ਸ਼ਿਅਰ) ਉਸ (ਸੋਹਣੀ) ਦੀ ਜ਼ੁਲਫ ਵਾਂਗ ਉਸ ਦੇ ਅੱਗੇ ਸਿਰ ਸੁਟਿਆ
ਅਤੇ ਬੇਵਸ ਹੋ ਕੇ ਖਿੱਦੋ ਵਾਂਗ ਉਸ ਦੇ ਪੈਰ ਚੁੰਮੇ।
ਜਦੋਂ ਉਸ ਅਦਾ ਨੂੰ ਪਛਾਨਣ ਵਾਲੀ ਤੇ ਹਾਨਣ ਪ੍ਰੇਮਕਾ ਨੇ
ਉਸ ਦੇ ਚਿਹਰੇ ਦੇ ਪੰਨੇ ਤੋਂ ਇਹ ਹਾਲ ਪੜ੍ਹਿਆ।
ਤਾਂ ਉਸ ਨੂੰ ਹਥੋਂ ਫੜਿਆ ਤੇ ਉਸ ਨੂੰ 'ਜੀ ਆਇਆਂ' ਆਖਿਆ,
"ਕਿ ਪੈਰਾਂ 'ਤੇ ਸਿਰ ਰੱਖਣਾ ਕੇਵਲ ਉਸ ਦੀ ਮਿਹਰਬਾਨੀ ਸੀ
ਜਾਂ ਕਿਸੇ ਹੋਰ ਮਨੋਰਥ ਲਈ ਸੀ"?
ਉਸ ਨੇ ਉੱਤਰ ਦਿਤਾ, "ਮੈਂ ਮਤਲਿਬ ਕਰਕੇ ਹੀ ਖੁਲ੍ਹੇ ਤੌਰ 'ਤੇ ਇਥੇ ਪੁੱਜਿਆ ਹਾਂ।
ਤੈਨੂੰ ਵੇਖ ਲਿਆ ਤੇ ਮੇਰੇ ਸਾਰੇ ਮਨੋਰਥ ਪੂਰੇ ਹੋ ਗਏ।
ਮੇਰੇ ਪਾਸ ਦਿਲ ਹੈ ਜੋ ਤੇਰੀ ਮਰਜ਼ੀ ਦੇ ਅਧੀਨ ਹੈ,
ਮੇਰੇ ਕੋਲ ਇਕ ਸਿਰ ਹੈ ਜੇ ਤੂੰ ਚਾਹੇਂ ਤਾਂ ਤੈਥੋਂ ਵਾਰ ਦਿਆਂ"।

ਸੋਹਣੀ ਨੇ ਮਿੱਠੇ ਬੋਲਾਂ ਨਾਲ ਉਸ ਦੀ ਦਿਲਜੋਈ ਕੀਤੀ ਤੇ ਦਿਆਲ ਹੋ ਕੇ ਕਿਹਾ:–

(ਸ਼ਿਅਰ) "ਜੇਕਰ ਮੇਰੇ ਕਾਰਨ ਤੇਰਾ ਸੀਨਾ ਜ਼ਖਮੀ ਹੈ ਤੂੰ ਇਹ ਨਾ ਸਮਝ ਕਿ ਮੈਂ ਉਸ ਜ਼ਖਮ ਤੋਂ
ਅਣਜਾਣ ਹਾਂ।"

ਕਿਉਂਜੋ ਮੈਨੂੰ ਅਧਿਕਾਰ ਨਹੀਂ ਹੈ, ਇਸ ਲਈ ਬੇਵਸ ਹਾਂ", ਉਸ ਨੇ ਇਹ ਕਹਿ ਕੇ, ਅੱਖਾਂ 'ਚੋਂ ਅੱਥਰੂ ਕੇਰੇ ਤੇ ਚਲੀ ਗਈ। ਸੋ ਭੈੜੇ ਹਾਲ ਵਾਲਾ ਮਾਹੀਵਾਲ ਰੋਂਦਾ ਪਿੱਟਦਾ ਤੇ ਹੌਕੇ ਭਰਦਾ ਜੰਗਲ ਨੂੰ

ਤੁਰ ਗਿਆ। ਉਹ ਮਜਨੂੰ ਵਾਂਗ ਲੈਲਾ ਦੀ ਯਾਦ ਵਿਚ ਬੈਠ ਗਿਆ। ਕੁਝ ਦਿਨਾਂ ਮਗਰੋਂ ਸੋਹਣੀ ਨੂੰ ਵਿਆਹੁਣ ਲਈ ਰਲਿਆਲਾ ਨੱਗਰ ਤੋਂ ਸੈਂਕੜੇ ਡੱਫਾਂ, ਵਾਜਿਆਂ ਗਾਜਿਆਂ ਤੇ ਧੂਮ ਧਾਮ ਨਾਲ ਜੰਞ ਗੁਜਰਾਤ ਵਿਖੇ ਆਈ। ਜਦੋਂ ਸੋਹਣੀ ਨੂੰ ਮਹਿੰਦੀ ਲਾਉਣ ਦਾ ਸਮਾਂ ਆਇਆ ਤਾਂ ਉਹ ਹਾਇ ਹਾਇ ਕਰਕੇ ਰੋਈ ਤੇ ਕਹਿਣ ਲੱਗੀ ਕਿ, "ਮੇਰੇ ਹੱਥਾਂ ਪੈਰਾਂ 'ਤੇ ਮਹਿੰਦੀ ਨਹੀਂ ਲਾਈ ਗਈ ਬਲਕਿ ਮੈਨੂੰ ਮਾਰਨ ਦੀ ਤਿਆਰੀ ਕੀਤੀ ਹੈ। ਉਨ੍ਹਾਂ ਨੇ ਬਰਾਤ ਨਹੀਂ ਮੰਗਵਾਈ ਬਲਕਿ ਮੇਰੀ ਮੌਤ ਦਾ ਪਰਵਾਨਾ ਲਿਖਿਆ ਹੈ"।

ਜਦੋਂ ਮਾਹੀਵਾਲ ਨੂੰ ਪਤਾ ਲੱਗਿਆ ਕਿ ਸੋਹਣੀ ਅੱਜ ਰਾਤ ਨੂੰ ਵਿਆਹ ਵਾਲੀ ਚੌਂਕੀ 'ਤੇ ਬੈਠੇਗੀ ਅਤੇ ਲਾੜੇ ਦੇ ਘਰ ਚਲੀ ਜਾਵੇਗੀ ਤਾਂ ਪ੍ਰਾਰਥਨਾ ਕਰਨ ਲਈ ਉੱਠਿਆ ਅਤੇ ਖ਼ੁਦਾ ਤੋਂ ਨਿਆਂ ਮੰਗਿਆ ਕਿ,

(ਸ਼ਿਅਰ) "ਐ ਬਖਸ਼ਣਹਾਰ! ਸਾਡੇ ਹਾਲ 'ਤੇ ਰਹਿਮ ਕਰ,
ਮੈਂ ਲਾਲਸਾ ਦੇ ਫੰਦੇ ਵਿਚ ਫਸਿਆ ਹੋਇਆ ਹਾਂ।
ਤੈਥੋਂ ਬਿਨਾਂ ਸਾਡੀ ਦਾਦ ਫਰਿਆਦ ਸੁਣਨ ਵਾਲਾ ਕੋਈ ਨਹੀਂ ਹੈ,
ਗੁਨਾਹਗਾਰਾਂ ਦੀਆਂ ਭੁੱਲਾਂ ਬਖਸ਼ਣਵਾਲਾ ਤੂੰ ਹੀ ਹੈਂ, ਹੋਰ ਕੋਈ ਨਹੀਂ ਹੈ।"

ਉਸ ਨੇ ਸੈਂਕੜੇ ਵੱਟ ਖਾਧੇ ਅਤੇ ਬਹੁਤ ਦੁੱਖ ਤੇ ਦਿਲੀ ਜੋਸ਼ ਵਿਚ ਆ ਕੇ ਸ਼ਹਿਰ ਵਲ ਮੂੰਹ ਕੀਤਾ। ਉਹ ਉਸ ਲਾਸਾਨੀ ਮੋਤੀ (ਸੋਹਣੀ) ਦੀ ਗੁਆਂਢਣ ਦੇ ਘਰ ਆਇਆ ਅਤੇ ਕਿਸੇ ਬਹਾਨੇ ਸੋਹਣੀ ਨੂੰ ਲਿਆਉਣ ਲਈ ਬੇਨਤੀ ਕੀਤੀ। ਗੁਆਂਢਣ ਤਰਸ ਖਾ ਕੇ ਉੱਠੀ ਅਤੇ ਉਸ ਅੱਖ ਦੀ ਪੁਤਲੀ (ਸੋਹਣੀ) ਨੂੰ ਅੱਖ ਦੇ ਇਸ਼ਾਰੇ ਨਾਲ ਬੁਲਾ ਲਿਆਈ। ਜਦੋਂ ਅੱਖਾਂ ਨਾਲ ਅੱਖਾਂ ਮਿਲੀਆਂ ਤਾਂ ਉਹ ਦੋਵੇਂ ਦਿਲੋਂ ਰੋਏ। ਆਖਿਰ ਉਸ ਸੁੰਦਰੀ ਨੇ ਆਪਣੇ ਹੰਝੂ ਬੁਰਕੇ ਦੇ ਲੜ ਨਾਲ ਪੂੰਝੇ, ਉਹ ਬੋਲੀ ਅਤੇ ਉਸ ਨੇ ਆਪਣੇ ਪਿਤਾ ਬਾਰੇ ਸ਼ਿਕਾਇਤ ਕੀਤੀ।

(ਸ਼ਿਅਰ) ਆਪਣੇ ਪਿਆਰ ਦੀ ਕੈਦ ਵਿਚ ਫਸੇ ਹੋਏ ਆਪਣੇ ਪ੍ਰੇਮੀ ਨੂੰ ਕਹਿਣ ਲੱਗੀ ਕਿ,
"ਜੋ ਸਲੂਕ ਮੇਰੇ ਪਿਤਾ ਨੇ ਮੇਰੇ ਨਾਲ ਕੀਤਾ ਹੈ, ਇਸ ਨਾਲੋਂ ਵੱਧ ਭੈੜਾ
ਸਲੂਕ ਕਿਸੇ ਆਦਮੀ ਨੇ ਆਪਣੇ ਵੈਰੀ ਨਾਲ ਭੀ ਨਹੀਂ ਕੀਤਾ ਹੋਵੇਗਾ।

ਪਰੰਤੂ ਅੱਲ੍ਹਾ ਦਾ ਸ਼ੁਕਰ ਤੇ ਅਹਿਸਾਨ ਹੈ ਕਿ ਤੁਸੀਂ ਇਸ ਸਮੇਂ ਆ ਕੇ ਮੇਰੇ 'ਤੇ ਅਹਿਸਾਨ ਕੀਤਾ ਹੈ"। ਉਹ ਇਹ ਕਹਿਕੇ ਆਪਣੀ ਥਾਂ ਤੋਂ ਉੱਠੀ ਅਤੇ ਉਸ ਦੀ ਬਗਲ 'ਚ ਬੈਠ ਗਈ ਅਤੇ ਦਿਲ ਤੇ ਜਾਨ ਨਾਲ ਉਸ ਦੇ ਨਾਲ ਨਿਕਾਹ (ਸ਼ਾਦੀ) ਪੱਕਾ ਕਰ ਲਿਆ ਅਤੇ ਉਨ੍ਹਾਂ ਨੇ ਮਨਜ਼ੂਰੀ ਤੇ ਕਬੂਲੀ ਦੀਆਂ ਸ਼ਰਤਾਂ ਭੀ ਪੂਰੀਆਂ ਕਰ ਲਈਆਂ।

(ਸ਼ਿਅਰ) ਉਹ ਇੱਕ ਦੂਜੇ ਨਾਲ ਨਿਕਾਹ ਕਰਕੇ ਰਾਜ਼ੀ ਹੋ ਗਏ,
ਨਾ ਉਨ੍ਹਾਂ ਨੂੰ ਕੋਤਵਾਲ ਦਾ ਡਰ ਸੀ ਤੇ ਨਾ ਕਾਜ਼ੀ ਦਾ।

ਸੋ ਉਸ ਨੇ ਆਪਣੇ ਮਨ-ਚਾਹੇ ਪਤੀ ਨੂੰ ਵਲਵਲੇ ਦੇ ਜੋਸ਼ ਨਾਲ ਗਲਵੱਕੜੀ ਪਾ ਕੇ ਵਿਦਾ ਕੀਤਾ ਅਤੇ ਆਪ ਪਿਤਾ ਦੇ ਘਰ ਨੂੰ ਚਲੀ ਗਈ। ਉਸੇ ਰਾਤ ਨੂੰ ਕਾਜ਼ੀ ਨੇ ਆ ਕੇ ਰਿਸ਼ਤੇਦਾਰਾਂ ਦੇ ਟੋਲੇ ਸਾਹਮਣੇ ਉਸ ਵਿਚਾਰੀ ਦਾ ਵਿਖਾਵੇ ਦੇ ਲਾੜੇ ਨਾਲ ਨਿਕਾਹ ਕਰ ਦਿੱਤਾ। ਉਹ ਬਥੇਰੀ ਦਾਦ ਫਰਿਆਦ ਕਰਦੀ ਸੀ ਪਰੰਤੂ ਕੋਈ ਸੁਣਦਾ ਨਹੀਂ ਸੀ। ਮਾਂ ਤੇ ਬਾਪ ਨੇ ਸਵੇਰ ਸਾਰ ਉਸ ਨੂੰ ਡੋਲੀ ਵਿਚ ਬਿਠਾ ਕੇ ਖਸਮ ਨਾਲ ਤੋਰ ਦਿੱਤਾ। ਦੀਵਾਨਾ ਪ੍ਰੇਮੀ ਭੀ ਵਾਵੇਲਾ ਤੇ ਫਰਿਆਦ ਕਰਦਾ ਹੋਇਆ ਡੋਲੀ ਦੇ ਨਾਲ ਨਾਲ ਤੁਰ ਪਿਆ। ਜਦੋਂ ਉਹ ਰਲਿਆਲਾ ਨੱਗਰ ਪੁੱਜੇ ਤਾਂ ਸੋਹਣੀ ਦੀ ਸੱਸ ਅਤੇ ਸੱਸ ਵਰਗੀਆਂ ਹੋਰ ਇਸਤ੍ਰੀਆਂ ਅੱਗੇ ਆਈਆਂ ਅਤੇ ਖ਼ੁਸ਼ੀ ਮਨਾਉਂਦੀਆਂ ਨੇ ਨੱਚਦੀਆਂ ਟੱਪਦੀਆਂ ਛੋਟੀ ਉਮਰ ਦੀ ਲਾੜੀ ਨੂੰ ਘਰ ਲੈ ਗਈਆਂ। ਸੋਹਣੀ ਨੇ ਰੋਂਦਿਆਂ ਧੋਂਦਿਆਂ ਘਰ ਵਿਚ ਪ੍ਰਵੇਸ਼ ਕੀਤਾ।

ਉਹ ਉਸ ਨੂੰ ਜੋ ਕੁਝ ਮਿਠਾਈਆਂ ਆਦਿ ਖਾਣ ਨੂੰ ਦਿੰਦੀਆਂ ਸਨ ਸੋਹਣੀ ਮੂੰਹ ਤੇ ਨਹੀਂ ਧਰਦੀ ਸੀ। ਉਹ ਕਿਸੇ ਨਾਲ ਗੱਲ ਨਹੀਂ ਕਰਦੀ ਸੀ ਤੇ ਕੰਧ ਵਲ ਮੂੰਹ ਕਰਕੇ ਬੈਠੀ ਰਹਿੰਦੀ ਸੀ। ਉਹ ਬੀਮਾਰਾਂ ਵਾਂਗ ਜੀਵਨ ਬਤੀਤ ਕਰਦੀ ਸੀ ਪਰੰਤੂ ਜਦੋਂ ਅਚਣਚੇਤ ਪਰੇਸ਼ਾਨ-ਦਿਲ-ਦੀਵਾਨਾ ਦਰਵਾਜ਼ੇ ਰਾਹੀਂ ਅੰਦਰ ਆ ਜਾਂਦਾ ਸੀ (ਤਾਂ) ਉਸ ਦੇ ਮੂੰਹ ਵਲ ਤੱਕਦੀ ਹੁੰਦੀ ਸੀ। ਜੇਕਰ ਉਹ ਖਾਣ ਵਾਲੀ ਕੋਈ ਸ਼ੈ ਉਸ ਨੂੰ ਦਿੰਦਾ ਸੀ ਤਾਂ ਖਾ ਲੈਂਦੀ ਸੀ। ਰਲਿਆਲਾ ਦੇ ਵਸਨੀਕਾਂ ਨੂੰ ਇਹ ਵਹਿਮ ਹੋ ਗਿਆ ਕਿ ਪਰੀ ਉਤੇ ਦੀਵਾਨੇ ਦਾ ਜਾਦੂ ਹੋ ਗਿਆ ਹੈ ਜਦ ਤਕ ਉਸ ਨੂੰ ਸ਼ਹਿਰ ਤੋਂ ਬਾਹਰ ਨਹੀਂ ਕੱਢਿਆ ਜਾਂਦਾ ਉਸ ਦੇ ਰਾਜ਼ੀ ਹੋਣ ਦੀ ਕੋਈ ਆਸ ਨਹੀਂ ਰੱਖਣੀ ਚਾਹੀਦੀ।

(ਸ਼ਿਅਰ) ਉਨ੍ਹਾਂ ਕਿਹਾ, ਕਿ ਉਹ ਸ਼ਹਿਰ 'ਚੋਂ ਕੱਢ ਦੇਣਾ ਚਾਹੀਦਾ ਹੈ,
ਉਹ ਬਲਾ ਹੈ, ਬਲਾ ਤੋਂ ਬਚਣਾ ਚਾਹੀਦਾ ਹੈ।
ਜ਼ਮਾਨੇ ਦੇ ਹਾਕਮ ਦੇ ਹੁਕਮ ਨਾਲ ਸਿਪਾਹੀਆਂ ਵਾਂਗ
ਉਸ ਨੂੰ ਸ਼ਹਿਰ ਦੇ ਦਰਵਾਜ਼ੇ ਤੋਂ ਬਾਹਰ ਕਰ ਦਿੱਤਾ।
ਇਕ ਪਿਆਰੇ ਨੇ ਉਸ ਦੀ ਸੁੰਦਰਤਾ ਤੇ ਬਲ ਨੂੰ ਤਬਾਹ ਕਰ ਦਿੱਤਾ
ਉਸ ਦੇ ਦਿਲ ਦੇ ਜ਼ਖਮ ਫਰਿਆਦ ਕਰਨ ਲਗ ਪਏ।

ਉਨ੍ਹਾਂ ਨੇ ਉਸ ਨੂੰ ਸ਼ਹਿਰ ਦੇ ਬਾਹਰ ਭੀ ਨਾ ਛੱਡਿਆ ਬਲਕਿ ਕਿਸ਼ਤੀ ਵਿਚ ਬਿਠਾ ਕੇ ਦਰਿਆ ਦੇ ਦੂਜੇ ਪਾਸੇ ਛੱਡ ਆਏ। ਉਨ੍ਹਾਂ ਨੇ ਮਲਾਹਾਂ ਨੂੰ ਤਾਕੀਦ ਕਰ ਦਿਤੀ ਕਿ ਉਹ ਕ੍ਹਹਿਰ ਦਾ ਭਾਗੀ ਮੁੜ ਕੇ ਦਰਿਆ ਦੇ ਇਕ ਪਾਸੇ ਟੱਪ ਨਾ ਆਵੇ। ਮਾਹੀਵਾਲ ਨੇ ਜਦੋਂ ਵੇਖਿਆ ਕਿ ਨੱਠ ਭੱਜ ਕਰਨ ਦਾ ਕੋਈ ਲਾਭ ਨਹੀਂ ਹੈ ਤਾਂ ਦਰਿਆ ਦੇ ਕੰਢੇ ਦੂਜੇ ਪਾਸੇ ਰਲਿਆਲਾ ਪਿੰਡ ਦੇ ਸਾਹਮਣੇ ਟਿਕਾਣਾ ਬਣਾ ਲਿਆ ਅਤੇ ਕੱਖਾਂ ਦੀ ਕੁੱਲੀ ਬਣਾ ਕੇ ਬੈਠ ਗਿਆ। ਉਸ ਨੇ ਸ਼ਿਕਾਰ ਖੇਡਣ ਦੀ ਆਦਤ ਬਣਾ ਲਈ, ਮਛੇਰਿਆਂ ਨਾਲ ਦੋਸਤੀ ਗੰਢ ਲਈ ਅਤੇ ਮੱਛੀਆਂ ਨੂੰ ਕੁੰਡੀ ਲਾਉਣੀ ਸਿੱਖ ਲਈ। ਉਹ ਦਿਨ ਨੂੰ ਸ਼ਿਕਾਰ ਕਰਨ ਅਤੇ ਰਾਤ ਨੂੰ ਪ੍ਰੇਮਕਾ ਦੀ ਯਾਦ ਵਿਚ ਮਗਨ ਰਹਿੰਦਾ ਸੀ। ਦੂਜੇ ਪਾਸੇ ਸੋਹਣੀ ਜਲ-ਬਿਨ-ਮੱਛੀ ਵੀ ਤਰ੍ਹਾਂ ਗਰਮੀ ਨਾਲ ਤੱਪਦੀ ਰਹਿੰਦੀ ਸੀ। ਇਕ ਦਿਨ ਚਿੰਤਾਤੁਰ ਪ੍ਰੇਮੀ ਦੇ ਦਿਲ ਵਿਚ ਆਇਆ ਕਿ "ਅਜਿਹਾ ਨਾ ਹੋਵੇ ਕਿ ਪ੍ਰੇਮਕਾ ਭੋਜਨ ਤੇ ਦੀਦਾਰ ਤੋਂ ਬਿਨਾਂ ਇਸ ਨਾਸ਼ਵਾਨ ਦੁਨੀਆਂ ਤੋਂ ਕੂਚ ਕਰ ਜਾਵੇ। ਕਿਸੇ ਨਾ ਕਿਸੇ ਬਹਾਨੇ ਉਸ ਕੋਲ ਪੁੱਜਣਾ ਤੇ ਆਪਣੇ ਹੱਥ ਨਾਲ ਭੋਜਨ ਖਵਾਉਣਾ ਬਹਾਦਰੀ ਹੈ"। ਸੋ ਉਹ ਹਰ ਰਾਤ ਦਰਿਆ ਨੂੰ ਤੈਰ ਕੇ ਪਾਰ ਕਰਦਾ ਤੇ ਆਪਣੀ ਪ੍ਰੇਮਕਾ ਕੋਲ ਪੁੱਜਦਾ ਸੀ ਅਤੇ ਕਬਾਬ ਤੇ ਸ਼ਰਾਬ ਪਹੁੰਚਾਉਂਦਾ ਸੀ। ਜਦੋਂ ਸੋਹਣੀ ਨੂੰ ਖਾਣਾ ਤੇ ਮਿੱਤਰ ਦੇ ਦਰਸ਼ਨਾਂ ਦੀ ਦਵਾਈ ਮਿਲ ਗਈ ਤਾਂ ਉਹ ਸੰਭਲ ਗਈ ਅਤੇ ਪ੍ਰਸੰਨ-ਚਿੱਤ ਹੋ ਗਈ। ਆਪਣੇ ਸੰਬੰਧੀਆਂ ਤੇ ਪਤੀ ਦੀ ਜ਼ਾਹਰੀ ਆਉਭਗਤ ਕਰਨ ਲਗ ਪਈ ਤੇ ਥੋੜ੍ਹਾ ਸਮਾਂ ਘਰ ਦੇ ਕੰਮ ਧੰਧੇ ਵਿਚ ਭੀ ਰੁੱਝੀ ਰਹਿੰਦੀ ਪਰੰਤੂ ਰਾਤ ਨੂੰ ਇਕੱਲੀ ਇਕਾਂਤ ਵਿਚ ਰਹਿੰਦੀ ਸੀ ਬਲਕਿ ਉਸ ਨੇ ਇਕ ਦਿਨ ਪਤੀ ਨੂੰ ਜਾਦੂ ਟੂਣੇ ਨਾਲ ਆਪਣੀ ਡਰਾਉਣੀ ਸ਼ਕਲ ਬਣਾ ਕੇ ਭੀ ਡਰਾਇਆ। ਕਿਸੇ ਸਮੇਂ ਅੱਖ ਦੇ ਇਸ਼ਾਰੇ ਨਾਲ ਪਤੀ ਨੂੰ ਇਕ ਕੋਨੇ 'ਚ ਬੁਲਾ ਕੇ ਨਰਮੀ ਨਾਲ ਕਹਿਣ ਲਗੀ ਕਿ, "ਮੈਂ ਆਪਣਾ ਭੇਦ ਤੈਨੂੰ ਦਸਦੀ ਹਾਂ, ਤੂੰ ਕਿਸੇ ਨੂੰ ਨਾ ਦਸੀਂ ਕਿਉਂਕਿ ਉਸ ਵਿਚ ਤੇਰੀ ਜਾਨ ਨੂੰ ਖਤਰਾ ਹੈ ਅਤੇ ਮੇਰਾ ਨੁਕਸਾਨ ਹੈ। ਮੇਰੀ ਤੇਰੇ ਨਾਲ ਘਿਰਣਾ ਦਾ ਇਹ ਕਾਰਨ ਹੈ ਕਿ ਇਕ ਡਰਾਉਣਾ ਜਿੰਨ ਮੇਰੇ ਉੱਤੇ ਆਸ਼ਿਕ ਹੈ। ਉਹ ਕਾਲੇ ਸੱਪ ਦੀ ਸ਼ਕਲ ਧਾਰ ਕੇ ਮੇਰੇ ਢਿੱਡ ਵਿਚ ਰਹਿੰਦਾ ਹੈ ਅਤੇ ਰਾਤ ਦੇ ਹਨ੍ਹੇਰੇ ਵਿਚ ਮੇਰੇ ਅੰਦਰੋਂ ਬਾਹਰ ਨਿਕਲਕੇ ਮੈਨੂੰ ਗਲਵੱਕੜੀ ਪਾ ਲੈਂਦਾ ਹੈ। ਉਸ ਦੇ ਡਰ ਕਾਰਨ ਮੇਰਾ ਰੰਗ ਫੱਕ ਹੋਇਆ ਹੋਇਆ ਹੈ। ਜੇਕਰ ਉਹ ਰਾਤ ਨੂੰ ਕਿਸੇ ਹੋਰ ਨੂੰ ਮੇਰੇ ਕੋਲ ਬੈਠਾ ਵੇਖ ਲਵੇ ਤਾਂ ਉਸ ਨੂੰ ਜਾਨੋਂ ਮਾਰ ਦੇਵੇ। ਇਸ ਲਈ ਮੈਂ ਤੇਰੇ ਨੇੜੇ ਨਹੀਂ ਲਗਦੀ ਅਤੇ ਸਾਰੀ ਰਾਤ ਇਕਾਂਤ ਵਿਚ ਰਹਿੰਦੀ ਹਾਂ ਪਰੰਤੂ ਤੈਨੂੰ ਖੁਸ਼ਖਬਰੀ ਦੱਸਦੀ ਹਾਂ ਕਿ ਉਸ ਨੇ ਕੱਲ੍ਹ ਰਾਤ ਮੈਨੂੰ ਵਚਨ

ਦਿੱਤਾ ਹੈ ਕਿ ਉਹ ਮੈਨੂੰ ਦੋ ਤਿੰਨ ਸਾਲ ਮਗਰੋਂ ਛੱਡ ਜਾਵੇਗਾ। ਮੈਂ ਇਸੇ ਆਸ 'ਤੇ ਖੁਸ਼ ਹੋ ਗਈ ਹਾਂ ਤੂੰ ਤਿੰਨ ਸਾਲ ਦੇ ਸਮੇਂ ਲਈ ਸਬਰ ਕਰ, ਬਾਅਦ ਵਿਚ ਮੈਂ ਤੇਰੀ ਹੀ ਹਾਂ''।

ਉਹ ਪਤੀ ਨੂੰ ਮਕਰ ਨਾਲ ਆਪਣੇ ਕੋਲੋਂ ਪਰੇ ਅਤੇ ਪ੍ਰਹੇਜ਼ ਰੱਖੀ ਰਖਦੀ ਸੀ। ਪ੍ਰੇਮੀ ਨਾਲ ਐਸ਼ ਕਰਦੀ ਸੀ ਤੇ ਉਸ ਨਾਲ ਖਾਂਦੀ ਪੀਂਦੀ ਸੀ।

ਕਹਿੰਦੇ ਹਨ ਕਿ ਇਕ ਦਿਨ ਦਰਿਆ ਵਿਚ ਹੜ੍ਹ ਆਇਆ ਹੋਇਆ ਸੀ। ਮੀਂਹ ਪੈ ਰਿਹਾ ਸੀ ਤੇ ਬਿਜਲੀ ਕੜਕ ਰਹੀ ਸੀ। ਮਾਹੀਵਾਲ ਨੂੰ ਮੱਛੀ ਦਾ ਸ਼ਿਕਾਰ ਹੱਥ ਨਾ ਲੱਗਿਆ। ਪਿਆਰੇ ਕੋਲ ਖਾਲੀ ਹੱਥ ਜਾਣ ਲਈ ਉਸ ਦਾ ਦਿਲ ਨਾ ਮੰਨਿਆ। ਉਸ ਨੇ ਚਾਕੂ ਨਾਲ ਆਪਣੇ ਪੱਟ ਵਿੱਚੋਂ ਮਾਸ ਦਾ ਇਕ ਟੁਕੜਾ ਕੱਟਿਆ, ਉਸ ਉਤੇ ਮਸਾਲਾ ਤੇ ਲੂਣ ਧੂੜ ਕੇ ਵਧੀਆ ਕਬਾਬ ਬਣਾ ਲਿਆ ਅਤੇ ਭੇਟ ਯਾਰ ਦੇ ਕੋਲ ਲੈ ਗਿਆ। ਪ੍ਰੇਮਕਾ ਨੇ ਜਦੋਂ ਭੋਜਨ ਨੂੰ ਹੱਥ ਪਾਇਆ ਤਾਂ ਕਬਾਬ 'ਚੋਂ ਉਸ ਨੂੰ ਇਸ਼ਕ ਦੀ ਬੂ ਆਈ। ਉਸ ਨੇ ਪੁੱਛਿਆ ਕਿ, "ਇਹ ਕਿਸ ਜਾਨਵਰ ਦਾ ਮਾਸ ਹੈ ਜਿਸ ਦੇ ਭੁੰਨੇ ਹੋਏ ਮਾਸ 'ਚੋਂ ਜਾਨ ਨੂੰ ਪਿਆਰ ਦੀ ਸੁਗੰਧੀ ਪੁਜਦੀ ਹੈ?" ਪ੍ਰੇਮੀ ਇਸ ਭੇਦ ਨੂੰ ਬਥੇਰਾ ਲੁਕਾਉਂਦਾ ਰਿਹਾ ਪਰੰਤੂ ਯਾਰ ਦੇ ਹਠ ਨੇ ਉਸ ਭੇਦ ਨੂੰ ਪੜਦੇ ਵਿਚ ਨ ਰਹਿਣ ਦਿੱਤਾ। ਮਾਹੀਵਾਲ ਨੇ ਮਜਬੂਰ ਹੋ ਕੇ ਸ਼ਿਕਾਰ ਦੇ ਨਾ ਮਿਲਣ ਅਤੇ ਪੱਟ ਨੂੰ ਕੱਟਣ ਬਾਰੇ ਦੱਸ ਦਿੱਤਾ। ਇਹ ਗਲ ਸੁਣ ਕੇ ਪ੍ਰੇਮਕਾ ਦਾ ਦਿਲ ਦੁਖੀ ਹੋਇਆ ਅਤੇ ਉਸ ਨੇ ਹੌਕਾ ਲਿਆ ਕਿ "ਤੂੰ ਮੇਰੇ ਲਈ ਆਪਣੇ ਸਰੀਰ ਦਾ ਬਚਾਉ ਭੀ ਨਹੀਂ ਕਰਦਾ ਹੈਂ। ਮੈਂ ਤੈਥੋਂ ਆਪਣੀ ਜਾਨ ਦੀ ਕਿਵੇਂ ਪਰਵਾਹ ਕਰਾਂ। ਹੁਣ ਤੇਰਾ ਪ੍ਰੇਮ ਪੁੱਗ ਗਿਆ ਹੈ ਅਤੇ ਤੇਰਾ ਪਿਆਰ ਆਪਣੇ ਟਿਕਾਣੇ 'ਤੇ ਪੁੱਜ ਗਿਆ ਹੈ। ਅੱਜ ਤੋਂ ਮਗਰੋਂ ਆਪਣੀ ਕੁੱਲੀ 'ਚ ਟਿਕਿਆ ਰਹਿ ਅਤੇ ਆਪਣੇ ਅਸਥਾਨ 'ਤੇ ਆਰਾਮ ਕਰ, ਮੈਂ ਆਪ ਹਰ ਰੋਜ਼ ਰਾਤ ਨੂੰ ਦਰਿਆ ਪਾਰ ਕਰਕੇ ਤੇਰੇ ਪਾਸ ਆ ਜਾਵਾਂਗੀ ਅਤੇ ਉਸੇ ਟਿਕਾਣੇ 'ਤੇ ਹੀ ਦਿਲੀ ਚਾਹ ਨਾਲ ਮਿਲਾਪ ਦੀ ਦਾਤ ਪ੍ਰਾਪਤ ਕਰਾਂਗੀ।"

ਮੁੱਕਦੀ ਗੱਲ ਅਤੀ ਸੁੰਦਰ ਸੋਹਣੀ ਨੇ ਆਪਣਾ ਵਚਨ ਨਿਭਾਇਆ: ਉਹ ਆਈ ਰਾਤ ਆਪਣੀ ਬਹਾਦਰੀ ਦੇ ਸਹਾਰੇ ਘੜੇ ਦੀ ਪਿੱਠ 'ਤੇ ਦਰਿਆ ਨੂੰ ਤੈਰ ਕੇ ਯਾਰ ਦੇ ਕੋਲ ਪੁੱਜਦੀ ਸੀ ਅਤੇ ਪ੍ਰੇਮੀ ਨੂੰ ਬਗਲ ਵਿਚ ਲੈਂਦੀ ਸੀ। ਉਸੇ ਢੰਗ ਨਾਲ ਤੜਕੇ ਮੁੜ ਆਉਂਦੀ ਤੇ ਘੜੇ ਨੂੰ ਰੇਤੇ 'ਚ ਲਕੋ ਕੇ ਘਰ ਆ ਜਾਂਦੀ ਸੀ। ਉਹ ਕਾਫੀ ਸਮਾਂ ਇਸ ਢੰਗ ਨਾਲ ਮੌਜਾਂ ਮਾਰਦੇ ਅਤੇ ਐਸ਼ ਕਰਦੇ ਰਹੇ। ਰੱਬ ਸਬੱਬੀਂ ਉਸ ਦੀ ਨਨਾਣ ਨੂੰ ਪਤਾ ਲੱਗ ਗਿਆ ਕਿ ਸੋਹਣੀ ਅੱਧੀ ਰਾਤ ਸਮੇਂ ਆਪਣੇ ਬਿਸਤਰੇ 'ਚ ਨਹੀਂ ਹੁੰਦੀ ਹੈ ਅਤੇ ਕਿਸੇ ਹੋਰ ਥਾਂ ਜਾ ਕੇ ਬੇਪਤੀ ਕਰਾਉਂਦੀ ਹੈ। ਉਸ ਨੇ ਉਸ ਦਾ ਪਿੱਛਾ ਕਰਕੇ ਉਸ ਦੀ ਦਲਾਕੀ ਦਾ ਪਤਾ ਲਾ ਲਿਆ। ਸੋ ਉਸ ਦੀ ਨਨਾਣ ਨੇ ਸੋਹਣੀ ਦੇ ਚਾਹੀਤੇ ਘੜੇ ਨੂੰ, ਜਿਹੜਾ ਬਹੁਤ ਪੱਕਾ ਸੀ, ਰੇਤ ਵਿੱਚੋਂ ਕੱਢ ਕੇ ਉਸ ਦੀ ਥਾਂ ਕੱਚਾ ਘੜਾ ਰੱਖ ਦਿਤਾ ਤਾਂ ਜੋ ਇਹ ਬਲਾ (ਸੋਹਣੀ) ਦਰਿਆ ਵਿਚ ਡੁੱਬ ਜਾਵੇ ਅਤੇ ਉਸ ਦੇ ਭਰਾ ਦੀ ਬੇਇੱਜ਼ਤੀ ਨਾ ਹੋਵੇ।

ਰਾਤ ਨੂੰ ਉਹ ਬਾਂਕੀ ਇਸਤਰੀ (ਸੋਹਣੀ) ਪੁਰਾਣੀ ਆਦਤ ਅਨੁਸਾਰ ਮਿਥੇ ਸਮੇਂ 'ਤੇ ਜਦੋਂ ਬਿਸਤਰੇ 'ਚੋਂ ਉੱਠੀ ਅਤੇ ਪੈਰ ਦੋਸਤ ਵੱਲ ਪੁੱਟੇ ਤਾਂ ਵੇਖਿਆ ਕਿ ਝੱਖੜ ਤੇ ਮੀਂਹ ਬਹੁਤ ਤੇਜ਼ ਹੈ। ਦਰਿਆ ਵਿਚ ਹੜ੍ਹ ਆਇਆ ਹੋਇਆ ਹੈ ਅਤੇ ਮਗਰਮੱਛ ਤੇ ਮੱਛੀਆਂ ਆਦਿ ਪਰੇਸ਼ਾਨ ਹੋ ਰਹੀਆਂ ਹਨ। ਉਸ ਦੀ ਸਮਝ ਆਗਿਆ ਨਹੀਂ ਦਿੰਦੀ ਸੀ ਕਿ ਉਹ (ਸੋਹਣੀ) ਆਦਮੀ ਨੂੰ ਰੋੜ੍ਹ ਕੇ ਲੈ ਜਾਣ ਵਾਲੇ ਠਾਠਾਂ ਮਾਰਦੇ ਦਰਿਆ ਵਿਚ ਕੁੱਦ ਪਵੇ ਪਰੰਤੂ ਇਸ਼ਕ ਦੇ ਕੋਤਵਾਲ ਨੇ ਉਸ ਦੇ ਕੰਨ ਖਿੱਚੇ ਅਤੇ ਵਾਲਾਂ ਤੋਂ ਖਿੱਚਦੇ ਹੋਏ ਨੇ ਉਸ ਨੂੰ ਤਾੜਨਾ ਕੀਤੀ ਕਿ ਪਿਆਰ ਦੇ ਮਾਮਲਿਆਂ ਵਿਚ ਜਾਨ ਦੀ ਸੰਭਾਲ ਕਰਨਾ ਕੱਚਾ ਪਣ ਹੈ, ਸਿਆਣਪ ਨਹੀਂ ਹੈ।

(ਸ਼ਿਅਰ) ਐ ਦਿਲ! ਆਸ਼ਕੀ ਖੇਡ ਨਹੀਂ ਹੈ, ਸਿਰ ਨਾਲ ਖੇਡ, ਕਿਉਂਕਿ ਇਸ਼ਕ ਦੀ
ਗੇਂਦ ਲਾਲਚ ਦੇ ਬੱਲੇ ਨਾਲ ਨਹੀਂ ਖੇਡੀ ਜਾ ਸਕਦੀ।

ਚਾਹ ਦੇ ਵਲਵਲੇ ਸਦਕਾ ਸੋਹਣੀ ਨੇ ਨੱਠ ਭੱਜ ਕੀਤੀ ਤੇ ਘੜੇ ਨੂੰ ਰੇਤ ਵਿਚੋਂ ਕੱਢ ਕੇ ਲੈ ਆਈ ਅਤੇ ਤੈਰਨ ਲਈ ਹੱਥ ਪੈਰ ਮਾਰਨ ਲੱਗੀ। ਜਦੋਂ ਦਰਿਆ ਦਾ ਕੁਝ ਹਿੱਸਾ ਲੰਘੀ ਤਾਂ ਕੱਚਾ ਘੜਾ ਟੁਕੜੇ ਟੁਕੜੇ ਹੋ ਗਿਆ ਅਤੇ ਠੀਕਰੀਆਂ ਵਾਂਗ ਖਿੰਡ ਪੁੰਡ ਗਿਆ। ਸੋਹਣੀ ਨੇ ਫ਼ਰਿਆਦ ਦਾ ਨਾਅਰਾ ਮਾਰਿਆ ਅਤੇ ਕਿਹਾ ਕਿ "ਕਿਸੇ ਨੇ ਮੇਰੀ ਜਾਨ ਨਾਲ ਧੋਖਾ ਕੀਤਾ ਹੈ ਅਤੇ ਮੇਰਾ ਪੱਕਾ ਘੜਾ ਲੈ ਗਿਆ। ਰੱਬ ਉਸ ਦੇ ਕਬੀਲੇ ਦੀ ਜ਼ਿੰਦਗੀ ਦੇ ਭਾਂਡੇ ਨੂੰ ਖੋਹ ਕੇ ਲੈ ਜਾਵੇ! ਮੈਨੂੰ ਆਪਣੀ ਜਾਨ ਦੀ ਚਿੰਤਾ ਨਹੀਂ ਹੈ ਬਲਕਿ ਪਿਆਰੇ ਦੇ ਦੀਦਾਰ ਦਾ ਗ਼ਮ ਹੈ:–

(ਮਿਸਰਾ) ਅਫਸੋਸ! ਪਿਆਰੇ ਦੇ ਦੀਦਾਰ ਤੋਂ ਵਾਂਝੇ ਰਹਿਣ
ਦਾ ਦੁੱਖ ਸਭ ਤੋਂ ਵੱਡਾ ਹੈ।"

ਜਿੱਥੋਂ ਤੱਕ ਉਸ ਵਿਚ ਸ਼ਕਤੀ ਸੀ, ਉਹ ਦਰਿਆ ਵਿਚ ਤੈਰਦੀ ਰਹੀ। ਜਦੋਂ ਉਸ ਦੇ ਅੰਗ ਢਿੱਲੇ ਪੈ ਗਏ ਤਾਂ ਘੁੰਮਣਘੇਰੀ ਵਿਚ ਫਸ ਗਈ ਤੇ ਗੋਤੇ ਖਾਣ ਲੱਗ ਪਈ ਤਾਂ ਮਾਹੀਵਾਲ ਨੂੰ ਉੱਚੀ ਦੇ ਕੇ ਹਾਕ ਮਾਰੀ ਅਤੇ ਹਾਫ਼ਿਜ਼ ਦਾ ਇਹ ਸ਼ਿਅਰ ਪੜ੍ਹਿਆ:—

(ਸ਼ਿਅਰ) ਰਾਤ ਹਨ੍ਹੇਰੀ ਹੈ, ਲਹਿਰਾਂ ਦਾ ਡਰ ਹੈ ਅਤੇ ਘੁੰਮਣ ਘੇਰੀ
ਨੇ ਕਾਬੂ ਪਾਇਆ ਹੋਇਆ ਹੈ,
ਕੰਢਿਆਂ 'ਤੇ ਵਿਚਰਨ ਵਾਲੇ ਬੇਪਰਵਾਹ ਲੋਕ ਸਾਡਾ ਹਾਲ ਕਿੱਥੇ ਜਾਣਦੇ ਹਨ।

ਦਰਿਆ ਦੇ ਕੰਢੇ ਉਸ ਦੀ ਉਡੀਕ ਕਰ ਰਹੇ ਮਾਹੀਵਾਲ ਨੇ ਉਸ ਦੀ ਆਵਾਜ਼ ਸੁਣਦੇ ਹੀ ਬੇਤਹਾਸ਼ਾ ਦਰਿਆ ਵਿਚ ਛਾਲ ਮਾਰੀ ਤੇ ਸੋਹਣੀ ਦੇ ਕੋਲ ਜਾ ਪੁੱਜਿਆ। ਅਜੇ ਸੋਹਣੀ ਵਿਚ ਜਾਨ ਬਾਕੀ ਸੀ ਕਿ ਮਾਹੀਵਾਲ ਨੇ ਉਸ ਨੂੰ ਜੱਫੀ 'ਚ ਲੈ ਲਿਆ। ਸੋਹਣੀ ਨੇ ਇਕ ਵਾਰੀ ਅੱਖ ਖੋਲ੍ਹੀ, ਯਾਰ ਦਾ ਮੁੱਖੜਾ ਵੇਖਿਆ ਅਤੇ ਉਸ ਦੀ ਬਗਲ ਵਿਚ ਜਾਨ ਦੇ ਦਿੱਤੀ।

(ਸ਼ਿਅਰ) ਤੂੰ ਇਹ ਨਾ ਸਮਝ ਕਿ ਐਵੇਂ ਜ਼ਾਨ ਦੇ ਦਿੱਤੀ ਹੈ,
ਯਾਰ ਦਾ ਜਮਾਲ ਪ੍ਰਤੱਖ ਦੇਖਿਆ ਤੇ ਜਾਨ ਦੇ ਦਿੱਤੀ।

ਮਾਹੀਵਾਲ ਨੇ ਉਸ ਦੇ ਮੁਰਦੇ ਸਰੀਰ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਹੌਕਾ ਭਰਿਆ ਅਤੇ ਉਸ (ਮਾਹੀਵਾਲ) ਦੀ ਜਾਨ ਭੀ ਉਸ (ਸੋਹਣੀ) ਦੇ ਨਾਲ ਹੀ ਨਿਕਲ ਗਈ। ਦੋਵੇਂ ਆਪਸ ਵਿਚ ਗਲਵੱਕੜੀ ਪਾਈ ਦਰਿਆ ਦੇ ਹੇਠਾਂ ਚਲੇ ਗਏ।

ਕਹਿੰਦੇ ਹਨ ਕਿ ਮਿਰਤਕ ਸਰੀਰ ਦਰਿਆ ਦੇ ਹੇਠ ਨਹੀਂ ਠਹਿਰਦਾ ਹੁੰਦਾ ਪਰੰਤੂ ਇਨ੍ਹਾਂ ਦੋਹਾਂ ਦੀਆਂ ਲਾਸ਼ਾਂ ਕਿਸੇ ਵਿਅੱਕਤੀ ਨੂੰ ਦਰਿਆ ਦੇ ਬਾਹਰ ਕਿਸੇ ਥਾਂ 'ਤੇ ਦਿਖਾਈ ਨਹੀਂ ਦਿੱਤੀਆਂ। ਸੱਚੀ ਗੱਲ ਇਹ ਹੈ ਕਿ ਇਸ਼ਕ ਦੇ ਸਮੁੰਦਰ ਵਿਚ ਇਸ ਤਰ੍ਹਾਂ ਵਾਪਰਦਾ ਦਸਦੇ ਹਨ।

(ਸ਼ਿਅਰ) ਇਸ ਇਸ਼ਕ ਦੀ ਘੁੰਮਣਘੇਰੀ ਵਿਚ ਹਜ਼ਾਰਾਂ ਕਿਸ਼ਤੀਆਂ ਡੁੱਬ ਗਈਆਂ ਪਰ
ਉਨ੍ਹਾਂ ਵਿਚੋਂ ਇਕ ਫੱਟਾ ਭੀ ਕਿਨਾਰੇ ਤੇ ਨਹੀਂ ਨਿਕਲਿਆ।

ਪ੍ਰਤੱਖ ਹੈ ਕਿ ਸੋਹਣੀ ਦੀ ਦੁਰਅਸੀਸ ਦੇ ਅਸਰ ਨਾਲ ਉਸ ਦੀ ਕੌਮ ਵਿਚ ਕਿਸੇ ਵਬਾ ਦੀ ਬੀਮਾਰੀ ਫੈਲ ਗਈ। ਉਸ ਦੇ ਪਤੀ ਦਾ ਸਾਰਾ ਕਬੀਲਾ ਅਣਿਆਈਂ ਮੌਤ ਨਾਲ ਮਰ ਗਿਆ ਅਤੇ ਰਲਿਆਲਾ ਨਗਰ ਨੂੰ ਭੀ ਦਰਿਆ ਰੋੜ੍ਹ ਕੇ ਲੈ ਗਿਆ ਤੇ ਉਸ ਪਿੰਡ ਦੀ ਅਜਿਹੀ ਜੜ੍ਹ ਪੁੱਟੀ ਕਿ ਉਸ ਦਾ ਕੋਈ ਨਿਸ਼ਾਨ ਨਹੀਂ ਰਿਹਾ। ਘਰ ਬਰਬਾਦ ਕਰਨ ਵਾਲੇ ਇਸ ਇਸ਼ਕ ਨੇ ਹਜ਼ਾਰਾਂ ਘਰ ਤਬਾਹ ਕੀਤੇ ਹਨ।

(ਸ਼ਿਅਰ) ਇਹ ਇਸ਼ਕ ਪਤਾ ਨਹੀਂ ਕਿੱਥੋਂ ਉੱਠਿਆ?
ਮੇਰੇ ਰਗ ਰਗ ਵਿਚੋਂ ਪੀੜ ਉੱਠੀ ਹੈ,
ਇਸ਼ਕ ਵਿਚ ਪਿਘਲਣਾ ਹੀ ਪਿਘਲਣਾ ਹੈ,
ਇਹ ਜਲਨਾ ਹੈ, ਸੰਭਲਣਾ ਨਹੀ।

ਇਸੇ ਵਾਸਤੇ ਹਕੀਮ ਇਸ ਪਿਆਰ ਨੂੰ "ਸੌਦਾ" (ਪਾਗਲਪਣ) ਕਹਿੰਦੇ ਹਨ ਅਤੇ ਇਸ ਨੂੰ ਘਾਤਕ ਰੋਗ ਸੱਦਦੇ ਹਨ। ਦਾਨੇ ਪੁਰਸ਼ ਇਸ ਤੋਂ ਮੁਕੰਮਲ ਪ੍ਰਹੇਜ਼ ਕਰਨਾ ਠੀਕ ਸਮਝਦੇ ਹਠ।

ਇਹ ਲਿਖੀ ਕਹਾਣੀ ਬਹੁਤ ਪੁਰਾਣੀ ਹੈ। ਸਮਾਪਤ।

ਰਾਧੀ ਦੇ ਸਤੀ ਹੋਣ ਦੀ ਕਹਾਣੀ

ਹੁਣ ਮੈਂ ਇਕ ਵਫ਼ਾਦਾਰ (ਸਤਵੰਤੀ) ਇਸਤਰੀ ਦੇ ਸੁੰਦਰ ਚਿਤਰ ਦੀ ਤਾਜ਼ਾ ਵਾਪਰੀ ਕਹਾਣੀ ਲਿਖਦਾ ਹਾਂ ਅਰਥਾਤ ਅਲਾਪਦਾ ਹਾਂ ਅਤੇ ਇਕ ਹਿੰਦੂ ਇਸਤਰੀ ਦੇ ਸੱਚੇ ਇਸ਼ਕ ਦਾ ਹੋਕਾ ਦੇਂਦਾ ਹਾਂ।

(ਸ਼ਿਅਰ) ਮੈਂ ਆਪਣੇ ਧਰਮ ਸੰਬੰਧੀ ਸੰਖ ਵਜਾਉਂਦਾ ਹਾਂ,
ਆਪਣੇ ਬੁਲ੍ਹਾਂ ਨੂੰ ਖੂਨ ਵਿਚ ਸੈਂਕੜੇ ਵਾਰ ਡੋਬਦਾ ਹਾਂ।
ਮੈਂ ਆਪਣੇ ਮੂੰਹ ਨੂੰ ਭੱਠੀ ਬਣਾਉਂਦਾ ਹਾਂ,
ਦਿਲ ਦੀ ਅੱਗ ਵਿਚ ਜੀਭ ਨੂੰ ਖਿੱਚਦਾ ਹਾਂ।

ਸੂਰਜ ਦੇ ਸੁਭਾ ਵਰਗੇ ਸੂਝਵਾਨ ਵਿਅੱਕਤੀਆਂ ਨੂੰ ਇਸ ਗੱਲ ਦਾ ਗਿਆਨ ਹੋ ਜਾਵੇ ਕਿ ਗੁਜਰਾਤ ਨੱਗਰ ਵਿਚ ਸੋਹਣਾ ਰਾਮ ਉਰਫ ਹਸਤੀਰ ਨਾਮੀਂ ਇਕ ਬ੍ਰਾਹਮਣ ਰਹਿੰਦਾ ਸੀ। ਉਹ ਮਿਲਣਸਾਰ, ਸੁੰਦਰ, ਸਾਧੂ-ਸੁਭਾ ਤੇ ਸੰਤੋਖੀ ਸੀ।

(ਸ਼ਿਅਰ) ਉਹ ਸੰਤੋਖ ਦੇ ਪੱਲੇ ਵਿਚ ਪੈਰ ਰਖਦਾ ਸੀ ਅਤੇ ਲੋਕਾਂ ਦੇ ਦਿਲਾਂ ਨੂੰ ਭਾਉਂਦਾ ਸੀ।
ਉਸ ਦੀ ਵਿਆਹੁਤਾ ਇਸਤਰੀ ਬੜੀ ਰਾਜ਼ਦਾਰ ਸੀ ਤੇ ਸਮਾਂ ਉਸ ਦਾ
ਚੰਗੀ ਤਰ੍ਹਾਂ ਸਾਥ ਦੇ ਰਿਹਾ ਸੀ।
ਉਸ ਦੀ ਉਪਜ ਸ਼ਕਤੀ ਹੋਂਦ ਵਿਚ ਆਈ
ਤੇ ਉਸ ਦੀ ਪਤਨੀ ਦੀ ਕੁੱਖ ਦੀ ਸਿੱਪੀ ਵਿਚ ਮੋਤੀ ਪੈ ਗਿਆ।

ਨੌਂ ਮਹੀਨੇ ਪੂਰੇ ਹੋਣ ਮਗਰੋਂ ਉਸ ਨੇ ਪਰੀ ਵਰਗੀ ਇਕ ਬੇਟੀ ਨੂੰ ਜਨਮ ਦਿਤਾ। ਉਹ ਬੱਚੀ ਹੂਰ ਜਿਹੀ ਸੁੰਦਰ ਸੀ ਅਤੇ ਉਸ ਦਾ ਚਿਹਰਾ ਨੂਰਾਨੀ ਸੀ। ਉਹਨਾਂ ਨੇ ਉਸ ਮਿੱਠ-ਬੋਲੀ ਕੁੜੀ ਦਾ ਨਾਉਂ ਰਾਧੀ ਰੱਖਿਆ ਤੇ ਉਸ ਨੂੰ ਲਾਡਾਂ ਨਾਲ ਪਾਲਿਆ। ਜਦੋਂ ਉਹ ਮੁਟਿਆਰ ਹੋ ਗਈ ਤਾਂ ਵਿਸ਼ੇਸ਼ ਸੁੰਦਰਤਾ ਤੇ ਆਚਰਣ ਦੀ ਮਾਲਕ ਬਣ ਗਈ। ਅਚਣਚੇਤ ਨਵੀਂ ਉਮਰ ਦਾ ਦਰਸ਼ਣੀ, ਸੋਹਣਾ ਤੇ ਸਜੀਲਾ ਇਕ ਮੁੰਡਾ, ਜਿਸ ਦਾ ਨਾਉਂ ਭਗਵਾਨ ਦਾਸ ਸੀ, ਭਿੰਬਰ ਨੱਗਰ ਤੋਂ ਆਪਣੀ ਭੈਣ ਨੂੰ, ਜੋ ਰਾਮ ਕੌਰ 'ਫਟੇਲੀ' ਬ੍ਰਾਹਮਣ ਦੇ ਘਰ ਸੀ, ਮਿਲਣ ਲਈ ਗੁਜਰਾਤ ਆਇਆ। ਛੋਟੀ ਉਮਰ ਦਾ ਹੋਣ ਕਰਕੇ ਗਲੀਆਂ ਮੁਹੱਲਿਆਂ ਦੀ ਸੈਰ ਲਈ ਘੁੰਮਦਾ ਫਿਰਦਾ ਰਹਿੰਦਾ ਸੀ। ਇਕ ਦਿਨ ਉਸ ਨੂੰ ਉਸ ਮੁਹੱਲੇ ਵਿਚੋਂ ਲੰਘਣ ਦਾ ਮੌਕਾ ਬਣਿਆਂ ਜਿੱਥੇ ਉਹ ਪਰੀ ਵਰਗੀ ਕੁੜੀ ਆਪਣੇ ਹਾਣ ਦੀਆਂ ਕੁੜੀਆਂ ਨਾਲ ਬੜੇ ਸ਼ੌਕ ਨਾਲ ਖੇਡ ਰਹੀ ਸੀ। ਉਹ ਉਸ ਪਰੀ-ਜ਼ਾਦੀ ਨੂੰ ਵੇਖ ਕੇ ਜਾਦੂ ਵਿਚ ਗਰੱਸਿਆ ਗਿਆ। ਅਚੰਭੇ ਵਾਲੀ ਗੱਲ ਇਹ ਹੈ ਕਿ ਪਰੀ ਉਤੇ ਭੀ ਉਸ ਮੁੰਡੇ ਦਾ ਅਸਰ ਹੋ ਗਿਆ। ਹਰ ਰੋਜ਼ ਦੋਵੇਂ ਇਕ ਦੂਜੇ ਦੀ ਖਿੱਚ ਸਦਕਾ ਬੱਚਿਆਂ ਵਾਂਗ ਖੇਡਣ ਦੇ ਬਹਾਨੇ ਆਪਸ ਵਿਚ ਇਕ ਦੂਜੇ ਦੇ ਦਰਸ਼ਨ ਕਰਦੇ ਸਨ ਅਤੇ ਖੁਸ਼ ਹੁੰਦੇ ਸਨ। ਵਿਛੋੜੇ ਅਤੇ ਹਿਜਰ ਦੇ ਦਿਨਾਂ ਵਿਚ ਉਦਾਸ-ਚਿੱਤ ਹੋ ਕੇ ਦਿਨ ਬਤੀਤ ਕਰਦੇ ਸਨ ਅਤੇ ਮਿਲਣ ਲਈ ਪ੍ਰਮਾਤਮਾ ਅੱਗੇ ਅਰਜ਼ੋਈ ਕਰਦੇ ਸਨ ਕਿ ਅਸੀਂ ਆਪਣੇ ਮਨੋਰਥ ਵਿਚ ਸਫਲ ਹੋ ਜਾਈਏ!

ਵਿਗੜੀਆਂ ਬਣਾਉਣ ਵਾਲੇ ਸੱਚੇ ਪ੍ਰਮਾਤਮਾ ਦੇ ਹੁਕਮ ਅਨੁਸਾਰ ਉਸ ਦੇ ਮਾਪਿਆਂ ਨੇ ਆਪਣੀ ਰਜ਼ਾਮੰਦੀ ਨਾਲ ਹੀ ਵਡਭਾਗੀ ਬੇਟੀ ਦੀ ਉਸੇ ਉੱਚੀ ਕੁਲ ਦੇ ਮੁੰਡੇ ਨਾਲ ਮੰਗਣੀ ਕਰ ਦਿਤੀ। ਨੀਯਤ ਸਮੇਂ ਅਤੇ ਮੁਬਾਰਕ ਘੜੀ 'ਤੇ ਵਿਆਹ ਕਰਨ ਲਈ ਖੁਸ਼ੀ ਖੁਸ਼ੀ ਜੰਞ ਮੰਗਵਾਈ।

(ਸ਼ਿਅਰ) ਦਿਲ ਨੂੰ ਖੁਸ਼ ਕਰਨ ਵਾਲੀ ਜੰਞ ਆਈ,
ਹਵਾ ਵਿਚ ਆਤਿਸ਼ਬਾਜ਼ੀ ਛੱਡਣ ਨਾਲ ਦੁਨੀਆਂ ਚਮਕ ਉੱਠੀ।
ਗੀਤ ਗਾਉਣ ਵਾਲੇ ਸੁਰੀਲੇ ਗਵਈਆਂ ਨੇ ਵਧਾਈ ਦੇ ਇਸ ਸਮੇਂ
ਹੋਰ ਭੀ ਸੁਰੀਲੀ ਆਵਾਜ਼ ਬਣਾ ਲਈ ਸੀ।
ਗਵੀਏ ਨੇ ਖੁਸ਼ੀ ਦੇ ਵਾਜੇ ਵਜਾਉਣੇ ਤੇ ਖੁਸ਼ੀ ਭਰੀ ਆਵਾਜ਼ ਕੱਢਣੀ ਆਰੰਭ ਦਿੱਤੀ।
ਬਾਂਸਰੀ ਦੀ ਆਵਾਜ਼ ਨੇ ਮਿਲਾਪ ਦੀ ਖੁਸ਼ਖਬਰੀ ਦਿਤੀ,
ਅਤੇ ਉਸ ਆਵਾਜ਼ ਵਿੱਚੋਂ ਪਿਆਰੇ ਨਾਲ ਮਿਲਾਪ ਹੋਣ ਦੀ ਆਸ ਬੱਝ ਗਈ।

ਸੋ ਸਿਤਾਰਿਆਂ ਦੇ ਪੁਜਾਰੀ, ਬ੍ਰਾਹਮਣਾਂ ਤੇ ਵੱਡੇ ਸੂਝਵਾਨ ਜੋਤਸ਼ੀਆਂ ਦੀ ਰੀਤੀ ਅਨੁਸਾਰ ਭਾਗ ਜਗਾਉਣ ਵਾਲੀ ਤੁਲਾ ਰਾਸ ਵਿਚ, ਜੋ ਸਿਆਣਿਆਂ ਦੀ ਨਿਗਾਹ ਵਿਚ ਸਭ ਨਾਲੋਂ ਸ਼ੁਭ ਸਮਾਂ ਹੈ, ਜ਼ੁਹਰਾ (ਇੱਕ ਸਿਤਾਰਾ ਜੋ ਤੀਜੇ ਆਸਮਾਨ 'ਤੇ ਹੈ) ਨੂੰ ਮੁਸ਼ਤਰੀ (ਸਿਤਾਰਾ ਜੋ ਛੇਵੇਂ ਆਸਮਾਨ 'ਤੇ ਹੈ) ਨਾਲ ਮੇਲ ਦਿੱਤਾ ਤੇ ਦੋਨਾਂ ਸਿਤਾਰਿਆਂ ਨੂੰ ਇਕੋ ਬੁਰਜ ਵਿਚ ਕਰ ਦਿੱਤਾ (ਭਾਵ ਦੋਹਾਂ ਦੀ ਸ਼ਾਦੀ ਕਰ ਦਿਤੀ)। ਵਧਾਈ ਦੇ ਗੀਤ ਗਾਏ ਜਾਣ ਲੱਗੇ ਤੇ ਖੁਸ਼ੀ ਦੀ ਮਨਮੋਹਣੀ ਮਹਿਫਲ ਜੰਮ ਗਈ। ਇਸ ਖੁਸ਼ੀ ਦੇ ਸਮੇਂ ਲਾੜਾ ਜਾਮੇਂ ਵਿਚ ਫੁੱਲਿਆ ਨਹੀਂ ਸਮਾਉਂਦਾ ਸੀ ਤੇ ਕਹਿੰਦਾ ਸੀ। ਹਾਫ਼ਿਜ਼ ਸ਼ੀਰਾਜ਼ੀ :—

(ਸ਼ਿਅਰ) ਐ ਸਾਕੀ! ਸਾਡੇ ਜਾਮ ਨੂੰ ਸ਼ਰਾਬ ਦੇ ਨੂਰ ਨਾਲ ਚਮਕਾ ਦੇ,
ਐ ਗਵੱਈਏ! ਤੂੰ ਕਹਿ ਕਿ ਦੁਨੀਆਂ ਦਾ ਕੰਮ ਸਾਡੀ ਮਰਜ਼ੀ ਅਨੁਸਾਰ ਹੋ ਗਿਆ।

ਰਾਧੀ, ਜਿਸ ਨੇ ਘੁੰਡ ਕੱਢਿਆ ਹੋਇਆ ਸੀ, ਬੁਲ੍ਹਾਂ ਵਿਚ ਗਾਉਂਦੀ ਸੀ :—

(ਸ਼ਿਅਰ) ਮੈਂ ਆਪਣੇ ਛੈਲ ਛਬੀਲੇ ਦੀ ਸਾਥਣ ਬਣ ਗਈ ਹਾਂ,
ਹੁਣ ਮੇਰੇ ਲਈ ਅਸਮਾਨ 'ਤੇ ਹਮਲਾ ਕਰਨਾ ਭੀ ਜਾਇਜ਼ ਹੈ।

ਪ੍ਰਸੰਨ-ਚਿੱਤ ਲਾੜਾ ਵਹੁਟੀ ਨੂੰ ਸੁਹਾਗ-ਸੇਜ 'ਤੇ ਲੈ ਗਿਆ ਤੇ ਮਨ ਦੀ ਮੁਰਾਦ ਪੂਰੀ ਕੀਤੀ। ਉਸ ਦੀ ਪ੍ਰੇਮਕਾ (ਪਤਨੀ) ਦਾ ਮਨੋਰਥ ਭੀ ਪੂਰਾ ਹੋ ਗਿਆ ਤੇ ਉਸ ਨੇ ਇਹ ਗੀਤ ਗਾਇਆ :—

(ਸ਼ਿਅਰ) ਰੱਬ ਦਾ ਸ਼ੁਕਰ ਹੈ ਕਿ ਚੰਗੇ ਭਾਗਾਂ ਦੀ ਸਹਾਇਤਾ ਨਾਲ
ਪ੍ਰਮਾਤਮਾ ਨੇ ਮੇਰਾ ਮਨੋਰਥ ਪੂਰਾ ਕਰ ਦਿੱਤਾ।

ਕਾਫੀ ਸਮਾਂ ਦੋਹਾਂ ਨੇ ਖੁਸ਼ੀ ਨਾਲ ਦਿਨ ਕੱਟੇ। ਉਹ ਫੁੱਲ ਤੇ ਬੁਲਬੁਲ ਦੀ ਤਰ੍ਹਾਂ ਖੁਸ਼ੀ ਮਨਾਉਂਦੇ ਸਨ। ਚੰਗਾ ਸੁਭਾ ਹੋਣ ਕਰਕੇ ਉਹ ਸੁੰਦਰੀ ਪਤੀ ਦੀ ਸੇਵਾ ਕਰਨ ਨੂੰ ਮਹਾਨ ਖੁਸ਼ਕਿਸਮਤੀ ਸਮਝਦੀ ਸੀ। ਉਸ ਨੇ ਪਤੀ ਦੀ ਚਾਕਰੀ ਕਰਨ ਦੀ ਨੱਥ ਨਾਲ ਆਪਣੇ ਨੱਕ ਨੂੰ ਅਤੇ ਪਤੀ ਦੀ ਬੰਦਗੀ ਕਰਨ ਦੀਆਂ ਵਾਲੀਆਂ ਨਾਲ ਆਪਣੇ ਕੰਨਾਂ ਨੂੰ ਪੂਰੀ ਤਰ੍ਹਾਂ ਸਜਾਈ ਰਖਿਆ।

(ਸ਼ਿਅਰ) ਉਸ ਦੇ ਇਸ ਚੰਗੇਰੇ ਪੁਣੇ, ਚੰਚਲ ਪੁਣੇ ਤੇ ਲਾਡ ਸਕਦਾ ਉਸ ਦੇ ਸਾਥੀ ਨੂੰ ਹੋਰ
ਕਿਸੇ ਪ੍ਰਕਾਰ ਦੀ ਲੋੜ ਨਾ ਰਹੀ।
ਜਦੋਂ ਉਹ ਝਟਪਟ ਯੋਗ ਹੁਕਮ ਦਿੰਦਾ ਤਾਂ ਉਹ ਪਤੀ ਦੀ ਸੇਵਾ ਵਿਚ ਲੱਗ ਜਾਂਦੀ।
ਜੇ ਪਤੀ ਦੇ ਪੈਰ ਵਿਚ ਕੰਡਾ ਚੁਭ ਜਾਂਦਾ ਤਾਂ ਉਹ ਸੈਂਕੜੇ ਖੁਸ਼ਾਮਦਾਂ ਕਰਕੇ
ਆਪਣੀਆਂ ਪਲਕਾਂ ਨਾਲ ਕੰਡਾ ਕੱਢ ਦਿੰਦੀ।
ਜੇਕਰ ਕਿਸੇ ਰਾਤ ਪਤੀ ਨੂੰ ਨੀਂਦ ਨਾ ਆਉਂਦੀ ਤਾਂ ਉਹ ਉਸ ਦੇ ਪੈਰਾਂ ਵਲ ਖੜੀ
ਬੱਤੀ ਵਾਂਗ ਜਲ ਰਹੀ ਹੁੰਦੀ ਸੀ।
ਪਤੀ ਦੇ ਦਰਸ਼ਨ ਕੀਤੇ ਬਿਨਾਂ ਉਸ ਨੂੰ ਇਕ ਪਲ ਵੀ ਚੈਨ ਨਹੀਂ ਆਉਂਦਾ ਸੀ,
ਉਸ ਦਾ ਵਿਛੋੜਾ ਉਸ ਨੂੰ ਸੜਨ ਦੀ ਹੱਦ ਤੱਕ ਪਹੁੰਚਾ ਦਿੰਦਾ ਸੀ।

ਇਸੇ ਤਰ੍ਹਾਂ ਉਹ ਪਿਆਰ ਨੂੰ ਪਾਲਣ ਵਾਲਾ ਜੁਆਨ ਭੀ ਉਸ ਚੰਗੀ ਦਿਆਲੂ ਪ੍ਰੇਮਕਾ
ਉੱਤੇ ਉਸ ਨਾਲੋਂ ਭੀ ਦਿਆਲ ਸੀ ।
ਉਹ ਬੁਲਬੁਲ ਵਾਂਗ ਉਸ ਦੇ ਮੁਖੜੇ ਨੂੰ ਵੇਖਦਾ ਸੀ ਅਤੇ ਪਤਨੀ ਦੇ ਦਰਸ਼ਨ ਕਰਕੇ
ਆਪਣੇ ਨਿਤਾਣੇ ਦਿਲ ਨੂੰ ਢਾਰਸ ਦਿੰਦਾ ਸੀ ।

ਜਦੋਂ ਇਕ ਸਮਾਂ ਇਸੇ ਤਰ੍ਹਾਂ ਬੀਤ ਗਿਆ ਤਾਂ ਕਠੋਰ-ਚਿੱਤ ਆਸਮਾਨ ਨੇ ਉਨ੍ਹਾਂ ਦੋਹਾਂ ਵਫ਼ਾਦਾਰਾਂ ਦੀ ਜਾਨ ਦੇ ਖਲਵਾੜ 'ਤੇ ਕ਼ਹਿਰ ਦਾ ਅੰਗਿਆਰ ਦੇ ਮਾਰਿਆ । ਜਿਸ ਸਮੇਂ ਉਹ ਸੁੰਦਰੀ ਭਿੰਬਰ ਤੋਂ ਆਪਣੇ ਮਾਪਿਆਂ ਦੇ ਘਰ ਗੁਜਰਾਤ ਆਈ ਤਾਂ ਉੱਚੀ ਕੁਲ ਵਾਲਾ ਉਸ ਦਾ ਪਤੀ ਭੀ ਉਸ ਦੇ ਪਿਛੇ ਹੀ ਪੁੱਜ ਗਿਆ । ਰੱਬ ਸਬੱਬੀਂ ਗੁਜਰਾਤ ਵਿਖੇ ਰਾਮ ਕੌਰ ਫਟੇਲੀ ਦਾ ਬੱਚਾ, ਜੋ ਉਸ ਜਵਾਨ ਦਾ ਭਣੇਵਾਂ ਸੀ, ਵਬਾ ਦੇ ਰੋਗ ਵਿਚ ਗ੍ਰੱਸਿਆ ਗਿਆ । ਜਵਾਨ ਭਗਵਾਨ ਦਾਸ ਹਰ ਵੇਲੇ ਉਸ ਦੇ ਇਲਾਜ ਵਿਚ ਲਗਾ ਰਹਿੰਦਾ ਅਤੇ ਉਸ ਦੇ ਸਿਰ ਦੇ ਦੁਆਲੇ ਘੁੰਮਦਾ ਰਹਿੰਦਾ ਸੀ । ਦਵਾਈ ਦੇਣ ਸਮੇਂ ਉਹ ਪ੍ਰਾਰਥਨਾ ਕਰਦਾ ਸੀ ਕਿ "ਪਰਮਾਤਮਾ ਉਸ ਨੂੰ ਅਰੋਗਤਾ ਬਖਸ਼ੇ ਤੇ ਉਸ ਦੇ ਬਦਲੇ ਮੈਨੂੰ ਲੈ ਲਵੇ !" ਕਿਉਂਕਿ ਸੱਚੀ ਲਗਨ ਵਾਲੇ ਵਿਅਕਤੀ ਦੀ ਪ੍ਰਾਰਥਨਾ ਕਬੂਲ ਹੋ ਜਾਂਦੀ ਹੈ ਇਸ ਲਈ ਬੱਚੇ ਦੀ ਸਿਹਤ ਛੇਤੀ ਠੀਕ ਤੇ ਅਰੋਗ ਹੋ ਗਈ ਅਤੇ ਉਸ ਜਵਾਨ ਦੇ ਦਿਲ 'ਤੇ ਇਕ ਅਜੀਬ ਗਰਮੀ ਭੜਕ ਉਠੀ । ਉਸ ਨੂੰ ਮਿਆਦੀ ਬੁਖ਼ਾਰ ਨੇ ਅਜਿਹਾ ਘੇਰਿਆ ਕਿ ਬੁਖਾਰ ਰੀ ਗਰਮੀ ਨਾਲ ਉਸ ਦੀਆਂ ਹੱਡੀਆਂ ਵਿਚ ਭੇਜਾ ਭੀ ਜਲ ਉੱਠਿਆ ।

(ਸ਼ਿਅਰ) ਲਾਲਹ ਦੇ ਫੁੱਲ ਵਾਂਗ ਉਸ ਦਾ ਚਿਹਰਾ ਲਾਲ ਹੋ ਗਿਆ ਤੇ ਆਪਣੀ ਨਵ-ਵਿਆਹੀ
ਪਤਨੀ ਦੀ ਅੱਖ ਵਾਂਗ ਬੀਮਾਰ ਪੈ ਗਿਆ ।
ਬੁਖਾਰ ਦੀ ਫ਼ੌਜ ਤੇਜ਼ੀ ਤੇ ਜੋਸ਼ ਨਾਲ ਆਈ ਅਤੇ ਬੁਖਾਰ ਦੀ ਫ਼ੌਜ ਨੇ ਉਸ ਦੇ ਸਰੀਰ
ਦੇ ਦੇਸ਼ ਵਿਚ ਅੱਗ ਲਾ ਦਿਤੀ ।
ਹੱਡੀਆਂ ਵਿਚ ਬੁਖਾਰ ਨੇ ਇਸ ਤਰ੍ਹਾਂ ਬਗਾਵਤ ਕੀਤੀ ਕਿ ਤੂੰ ਕਹੇਂਗਾ ਕਿ ਸਰਕੰਡੇ ਦੇ
ਜੰਗਲ ਵਿਚ ਅਗ ਲੱਗ ਗਈ ਹੈ ।

ਹਰ ਪਾਸਿਉਂ ਹਕੀਮ ਇਕੱਠੇ ਹੋ ਗਏ ਤੇ ਸਾਰੇ ਭਮੱਕੜਾਂ ਵਾਂਗ ਉਸ ਬੱਤੀ ਦੇ ਆਲੇ ਦੁਆਲੇ ਫਿਰਨ ਲੱਗ ਪਏ । ਹਕੀਮਾਂ ਨੇ ਬਥੇਰੀ ਦਵਾ ਦਾਰੂ ਕੀਤੀ ਪਰ ਉਸ ਦਾ ਕੋਈ ਇਲਾਜ ਨਾ ਲੱਭ ਸਕੇ । ਹਾਰ ਕੇ ਉਸ ਦੇ ਸਰਹਾਣਿਉਂ ਉਠ ਖਲੋਏ ਤੇ ਉਨ੍ਹਾਂ ਨੇ ਉਸ ਦੇ ਸਿਰ 'ਤੇ ਵਾਰ ਕੇ ਚੀਜ਼ਾਂ ਦਾਨ ਪੁੰਨ ਕਰਨ ਦਾ ਹੁਕਮ ਦਿੱਤਾ । ਹਰ ਪ੍ਰਕਾਰ ਦਾ ਦਾਨ ਪੁੰਨ ਤੇ ਖਰਚ ਕੀਤਾ ਗਿਆ । ਜਦੋਂ ਉਹ ਮਰਨ ਲੱਗਿਆ ਤੇ ਦੀਵਾ ਲਾਉਣ ਦੀ ਨੌਬਤ ਆ ਗਈ ਤਾਂ ਉਸ ਘਰ ਦੇ ਚਰਾਗ (ਰਾਧੀ) ਨੂੰ ਪਤਾ ਲਗਿਆ ਕਿ ਮੇਰੀ ਮੁਰਾਦ ਦੀ ਬੱਤੀ ਗੁਲ ਹੋ ਰਹੀ ਹੈ ਅਤੇ ਚਿੱਟਾ ਦਿਨ ਮੇਰੇ ਲਈ ਹਨ੍ਹੇਰਾ ਹੋ ਰਿਹਾ ਹੈ । ਉਹ ਮੋਮ ਬੱਤੀ ਵਾਂਗ ਪਿਘਲਦੀ (ਹੰਝੂ ਕੇਰਦੀ) ਸਭਾ ਵਿਚ ਆਈ ।

(ਸ਼ਿਅਰ) ਜਦੋਂ ਉਸ ਸੁੰਦਰੀ ਨੂੰ ਪਤਾ ਲੱਗਿਆ ਕਿ ਉਸ ਦੇ ਚਿੱਟੇ ਦਿਨ ਕਾਲੀ ਰਾਤ ਬਣ ਗਏ
ਤਾਂ ਉਹ ਇਕਾਂਤ ਅਸਥਾਨ 'ਚੋਂ ਬਾਹਰ ਨਿਕਲੀ, ਉਸ ਨੇ ਕੱਪੜੇ ਪਾੜ ਸੁੱਟੇ ਤੇ ਉਹ
ਵਾਲ ਖਿੰਡਾ ਕੇ ਸਿਰ 'ਚ ਘੱਟਾ ਪਾ ਰਹੀ ਸੀ ।
ਉਸ ਨੇ ਅੱਖਾਂ 'ਚੋਂ ਖ਼ੂਨ ਦੇ ਬਹੁਤ ਅੱਥਰੂ ਕੇਰੇ ਤੇ ਸਿਰ 'ਚੋਂ ਮੁੱਠੀਆਂ ਭਰ ਭਰ ਵਾਲ
ਪੁੱਟ ਸੁੱਟੇ ।
ਉਹ ਮਜ਼ਲੂਮਾਂ ਵਾਂਗ ਉਸ ਦੇ ਸਰਾਹਣਿਉਂ ਲੰਘੀ ਤੇ ਰੀਝ ਨਾਲ ਉਸ ਦੇ ਸਿਰ ਤੋਂ
ਪੈਰਾਂ ਤੱਕ ਨਿਗਾਹ ਮਾਰੀ ।

ਜਦੋਂ ਉਸ ਨੇ ਉਸ ਦੇ ਮੂੰਹ ਦਾ ਰੰਗ ਸੋਨੇ ਨਾਲੋਂ ਭੀ ਪੀਲਾ ਦੇਖਿਆ ਤਾਂ ਉਸ ਦਾ
ਚਾਂਦੀ ਵਰਗਾ ਸਰੀਰ ਪਾਰੇ ਵਾਂਗ ਕੰਬਿਆ ।
ਉਸ ਨੇ ਕਿਹਾ ਕਿ, "ਐ ਮੇਰੀ ਆਸ ਦੀ ਬਹਾਰ ਦੇ ਬੱਦਲ ਤੇ ਮੇਰੀ ਉਮੀਦ ਦੇ ਬਾਗ਼
ਦੀ ਕਿਆਰੀ ! ਤੂੰ ਮੇਰੇ ਕੋਲ ਰਹਿ, ਜਦ ਤੱਕ ਛਾਂ ਤੇ ਧੁੱਪ ਨਾਲ ਨਾਲ ਹਨ,
ਕਦੀ ਤੇਰੀ ਛਾਂ ਮੇਰੇ ਸਿਰ ਤੋਂ ਦੂਰ ਨਾ ਹੋਵੇ !
ਕਿਸ ਤੇਜ਼ ਹਵਾ ਨੇ ਅੱਤਿਆਚਾਰ ਕੀਤਾ ਕਿ ਤੇਰੇ ਸ਼ਮਸਾਦ ਰੁੱਖ ਵਰਗੇ ਲੰਮੇ ਕੱਦ ਨੂੰ
ਬੈਂਤ ਦੀ ਤਰ੍ਹਾਂ ਝੁਕਾ ਦਿਤਾ ।
ਕਿਸ ਠੰਢੇ ਹੌਕੇ ਨੇ ਇਹ ਅੱਗ ਭੜਕਾਈ ਜੋ ਤੇਰੇ ਮਲੂਕ ਸਰੀਰ ਨੂੰ ਮੇਰੇ ਦਿਲ ਵਾਂਗ
ਜਲਾ ਗਈ ।
ਮੈਂ ਹੌਕੇ ਨਾਲ ਦੁਨੀਆਂ ਨੂੰ ਇਸ ਤਰ੍ਹਾਂ ਕਾਲੀ ਕਰ ਦਿਆਂਗੀ ਜਿਵੇਂ ਕਿਆਮਤ ਦੇ
ਦਿਨ ਸਵੇਰੇ ਸਵੇਰੇ ਸੂਰ (ਬਿਗਲ) ਫੂਕਿਆ ਜਾਵੇਗਾ ।
ਮੈਂ ਆਪਣੇ ਗਲੇ ਨੂੰ ਵਾਲਾਂ ਦੇ ਪਟੇ ਨਾਲ ਘੁੱਟ ਦਿਆਂ ਮੈਨੂੰ ਆਪਣੇ 'ਤੇ ਰੱਤੀ ਭਰ ਭੀ
ਤਰਸ ਨਹੀਂ ਆਉਂਦਾ ।
ਮੈਂ ਦੁਖੀ ਦਿਲ ਨਾਲ ਫਰਿਆਦ ਕਰਦੀ ਹਾਂ ਤੇ ਲੋਕਾਂ ਨੂੰ ਕਿਆਮਤ ਦੇ ਬਿਗਲ ਦੀ
ਯਾਦ ਦਿਵਾਉਂਦੀ ਹਾਂ ।
ਮੈਂ ਫਰਹਾਦ ਦੀ ਤਰ੍ਹਾਂ ਸਖਤੀ ਨਾਲ ਸਿਰ 'ਤੇ ਪੱਥਰ ਮਾਰਦੀ ਹਾਂ ਅਤੇ ਸ਼ੀਰੀਂ ਵਾਂਗ
ਆਪਣੀ ਜਾਨ ਨਾਲ ਖੇਡਦੀ ਹਾਂ" ।

ਇਸ ਹਾਲਤ ਵਿਚ ਜਾਨ ਤੋਂ ਵਿਛੜੇ ਹੋਏ ਰੋਗੀ ਨੇ ਉਸ ਸੁੰਦਰੀ ਦੇ ਚਿਹਰੇ ਵੱਲ ਤੱਕਿਆ ਅਤੇ ਅੱਖਾਂ ਵਿਚੋਂ ਅੱਥਰੂ ਕੇਰੇ ਅਤੇ ਦਰਦ ਭਰੇ ਸੀਨੇ ਵਿਚੋਂ ਠੰਢਾ ਹੌਕਾ ਲਿਆ । ਮਰਨ ਸਮੇਂ ਉਸ ਦੇ ਖ਼ੂਨੀ ਅੱਥਰੂ ਨਿਕਲਣ ਕਾਰਨ ਉਹ ਸੁੰਦਰੀ ਦਿਲੋਂ ਉਦਾਸ ਹੋ ਗਈ । ਉਸ ਨੇ ਉਸ ਦੁਖੀ ਨੂੰ ਤਸੱਲੀ ਦੇਣ ਲਈ ਜ਼ਬਾਨ ਖੋਲ੍ਹੀ ਅਤੇ ਕਿਹਾ,

"ਐ ਮੇਰੀ ਜ਼ਾਨ ਤੋਂ ਪਿਆਰੇ ਪਤੀ ! ਇਹ ਰੋਣਾ ਕਿਸ ਵਾਸਤੇ ਹੈ ? ਜੇਕਰ ਇਹ ਰੋਣਾ ਮੌਤ ਕਾਰਨ ਹੈ ਤਾਂ ਮੌਤ ਤੇਰੇ ਲਈ ਨਹੀਂ । ਹਾਫ਼ਿਜ਼ ਸ਼ੀਰਾਜ਼ ਦੇ ਕਥਨ ਅਨੁਸਾਰ :—

(ਸ਼ਿਅਰ) ਜਿਸ ਦਾ ਦਿਲ ਇਸ਼ਕ ਨਾਲ ਜਿਉਂਦਾ ਹੋ ਗਿਆ ਉਹ ਕਦੇ ਨਹੀਂ ਮਰਦਾ ।
ਦੁਨੀਆਂ ਦੀ ਕਿਤਾਬ 'ਤੇ ਸਾਡੀ ਸਦੀਵਤਾ ਦੀ ਮੋਹਰ ਉੱਕਰੀ ਹੋਈ ਹੈ ।

ਹੋਰ ਮੌਤ ਦਾ ਡਰ ਉਸ ਨੂੰ ਹੁੰਦਾ ਹੈ ਜਿਹੜਾ ਨਹੀਂ ਜਾਣਦਾ ਹੈ ਕਿ ਮੌਤ ਕਿਸ ਨੂੰ ਕਹਿੰਦੇ ਹਨ ਜਾਂ ਜਿਹੜਾ ਇਹ ਖਿਆਲ ਕਰਦਾ ਹੈ ਕਿ ਸਰੀਰਾਂ ਦੇ ਨਾਸ਼ ਹੋ ਜਾਣ ਨਾਲ ਇਨਸਾਨ ਦੀ ਹਸਤੀ ਅਵੱਸ਼ ਖਤਮ ਹੋ ਜਾਂਦੀ ਹੈ । ਇਸ ਲਈ ਤੂੰ ਸਮਝ ਲੈ ਕਿ ਮੌਤ ਤੋਂ ਭਾਵ ਆਤਮਾ ਦਾ ਕੇਵਲ ਸਰੀਰਕ ਅੰਗਾਂ ਨੂੰ ਨਾ ਵਰਤਣਾ ਹੈ ਜਿਵੇਂ ਕੋਈ ਕਾਰੀਗਰ ਆਪਣੇ ਸੰਦਾ ਤੇ ਹਥਿਆਰਾਂ ਨੂੰ ਵਰਤੋਂ ਵਿਚ ਨਹੀਂ ਲਿਆਉਂਦਾ ਹੈ । ਇਨਸਾਨ ਦੀ ਜ਼ਾਤ ਆਪਣੇ ਆਪ ਵਿਚ ਇਕ ਸਥਿਰ ਜੌਹਰ (ਤੱਤ) ਹੈ ਤੇ ਫਲਫਸੇ ਦੇ ਗਿਆਨੀਆਂ ਅਨੁਸਾਰ ਆਤਮਾ ਕਦੇ ਨਾਸ਼ ਨਹੀਂ ਹੁੰਦੀ ਪਰ ਸਰੀਰ ਨੇ ਜ਼ਰੂਰ ਨਾਸ਼ ਹੋਣਾ ਹੈ ਕਿਉਂਕਿ ਸਰੀਰ ਆਤਮਾ ਦੇ ਨਮਿੱਤ ਹੈ ਅਤੇ ਆਤਮਾ ਨੂੰ ਸਰੀਰ ਨਾਲ ਕੀ ਗਰਜ਼ ਹੈ ?

(ਸ਼ਿਅਰ) ਇਸ ਵਿਚ ਕੋਈ ਸ਼ੱਕ ਨਹੀਂ ਕਿ ਜਦੋਂ ਤੇਰੀ ਜ਼ਾਤ ਆਕਾਸ਼ ਤੋਂ
ਪ੍ਰਾਪਤ ਹੋਈ ਹੈ ਤੂੰ ਆਕਾਸ਼ ਵਲ ਜਾਣਾ ਹੈ ।
ਆਤਮਾ ਆਸਮਾਨ 'ਤੇ ਵਿਚਰਦੀ ਹੈ ਪਰ ਹੱਡੀਆਂ (ਸਰੀਰ) ਦਾ
ਅਸਮਾਨ 'ਤੇ ਕੀ ਕੰਮ ਹੈ ?

ਇਕ ਪਲ ਲਈ ਦਿਲ ਦੀ ਅੱਖ ਖੋਲ੍ਹ, ਆਪਣੇ ਆਪ ਨੂੰ ਵੇਖ ਕਿ ਤੇਰੇ ਇਸ ਸਰੀਰ 'ਚ ਕੀ ਅਸਲੀਅਤ ਹੈ ?

(ਸ਼ਿਅਰ) ਤੂੰ ਆਪਣੀ ਹਕੀਕਤ ਨੂੰ ਪਛਾਣ ਤਾ ਕਿ ਤੈਨੂੰ
ਆਪਣੇ ਆਪ ਦਾ ਪਤਾ ਲਗ ਜਾਵੇ ।

ਜੇਕਰ ਤੇਰਾ ਰੋਣਾ ਧੋਣਾ ਮੇਰੇ ਪਿੱਛੇ ਰਹਿ ਜਾਣ ਤੇ ਮੈਥੋਂ ਵਿੱਛੜ ਜਾਣ ਕਾਰਨ ਹੈ ਤਾਂ ਤੂੰ ਚਿੰਤਾ ਨਾ ਕਰ ਕਿਉਂਕਿ ਮੈਂ ਤੇਰੇ ਨਾਲ ਹਾਂ ਮੈਂ ਉਹ ਜੋਟਾ ਨਹੀਂ ਹਾਂ ਜੋ ਤੈਨੂੰ ਇਕੱਲੇ ਨੂੰ ਛੱਡ ਦਿਆਂ ਅਤੇ ਮੈਂ ਉਹ ਸਾਥੀ ਨਹੀਂ ਹਾਂ ਜੋ ਪ੍ਰਲੋਕ ਦੇ ਰਾਹ ਵਿਚ ਤੇਰਾ ਸਾਥ ਨਾ ਦੇਵਾਂ ।"

ਜਦੋਂ ਇਹ ਥੋੜ੍ਹੇ ਜਿਹੇ ਵਾਕ ਉਸ ਦੇ ਕੰਨੀ ਪਏ ਤਾਂ ਉਸ ਦਾ ਚਿਹਰਾ ਚਮਕ ਉੱਠਿਆ । ਉਹ ਬੁਲ੍ਹਾਂ ਨਾਲ ਮੁਸਕਰਾਇਆ ਅਤੇ ਪਤਨੀ ਦੇ ਹੱਥ ਨੂੰ ਕਈ ਵਾਰੀ ਚੁੰਮਿਆਂ । ਉਸ ਨੇ ਅੱਖਾਂ ਮੀਟ ਲਈਆਂ ਤੇ ਸਦਾ ਲਈ ਗੂੜ੍ਹੀ ਨੀਂਦ ਸੌਂ ਗਿਆ ।

ਉਸ ਨੇ ਹੌਲੀ ਜਿਹੇ ਮਿੱਠੀ ਨੀਂਦ ਕਾਰਣ ਅੱਖਾਂ ਬੰਦ ਕਰ ਲਈਆਂ ਅਤੇ ਸੰਸਾਰ ਦੇ ਦੁੱਖਾਂ ਦੀ ਸਖਤੀ ਤੋਂ ਛੁੱਟ ਗਿਆ । ਹਰ ਪਾਸੇ ਮਾਤਮ ਦਾ ਸ਼ੋਰ ਪੈ ਗਿਆ ਅਤੇ ਬਹੁਤ ਜ਼ਿਆਦਾ ਰੋਣਾ ਪਿੱਟਣਾ ਸ਼ੁਰੂ ਹੋ ਗਿਆ ।

(ਸ਼ਿਅਰ) ਸਾਰਿਆਂ ਨੇ ਦੁਖੀ ਹੋ ਕੇ ਸਿਰ 'ਚ ਮਿੱਟੀ ਪਾ ਲਈ,
ਸਾਰਿਆਂ ਨੇ ਕੱਪੜੇ ਵਾਂਗ ਸੀਨੇ ਪਾੜ ਲਏ ।

ਅਫਸੋਸ ! ਅਫਸੋਸ ! ਅਫਸੋਸ ! ਕਿ ਅਜਿਹਾ ਚੰਦ ਬੱਦਲ ਹੇਠ ਅਲੋਪ ਹੋ ਗਿਆ । ਜਦੋਂ ਉਨ੍ਹਾਂ ਨੇ ਜਨਾਜ਼ੇ ਦੀ ਤਿਆਰੀ ਕੀਤੀ ਤਾਂ ਰਾਧੀ ਕੱਪੜੇ ਪਾੜਦੀ ਹੋਈ ਪੜਦੇ 'ਚੋਂ ਬਾਹਰ ਆਈ ਅਤੇ ਦੁਹੱਥੜ ਮਾਰਦੀ ਹੋਈ ਬੋਲੀ ਕਿ, "ਮੇਰੇ ਸਰੀਰ ਤੋਂ ਕੱਪੜੇ ਲਾਹ ਦਿਉ । ਮੇਰੀ ਬੇਜਾਨ ਚਮੜੀ ਤੇ ਕਮਜ਼ੋਰ ਹੱਡੀਆਂ ਨੂੰ ਮੇਰੇ ਪਤੀ ਦੇ ਸਰੀਰ ਨਾਲ ਜਲਾ ਦਿਉ ਕਿਉਂਕਿ ਮੈਂ ਪਿਆਰੇ ਦੇ ਨਾਲ ਜਾਣ ਲਈ ਕਮਰ ਕਸਾ ਕੀਤਾ ਹੋਇਆ ਹੈ ।

(ਸ਼ਿਅਰ) ਮੇਰਾ ਪਿਆਰਾ ਸੰਸਾਰ 'ਚੋਂ ਕੂਚ ਕਰ ਗਿਆ,
ਮੈਂ ਉਸ ਦੇ ਸਾਥ ਵਿਚ ਜਾਨ ਵਾਰ ਦਿਆਂਗੀ ।"

ਇਸ ਘਟਨਾ ਨਾਲ ਘਰ ਵਿਚ ਨਵਾਂ ਸਿਆਪਾ ਪੈ ਗਿਆ ਅਤੇ ਸ਼ਹਿਰ ਵਿਚ ਹਾਹਾਕਾਰ ਮੱਚ ਗਈ । ਉਸ ਦੇ ਮਾਂ ਤੇ ਬਾਪ ਨੇ ਉੱਠ ਕੇ ਕਿਹਾ, "ਜੇ ਤੇਰੇ ਸਿਰ ਤੋਂ ਪਤੀ ਦਾ ਤਾਜ ਲੱਥ ਗਿਆ ਤਾਂ ਅਸੀਂ ਤੇਰੇ ਸਿਰ 'ਤੇ ਹੱਥ ਰੱਖਦੇ ਹਾਂ । ਤੂੰ ਚਿੰਤਾ ਨਾ ਕਰ । ਅਸੀਂ ਤੇਰਾ ਦੁੱਖ ਦਰਦ ਵੰਡਾਉਣ ਵਾਲੇ ਹਾਂ" । ਉਸ ਨੇ ਉੱਤਰ ਦਿੱਤਾ, "ਐ ਨਾਮੀਂ ਪਿਤਾ ! ਤੂੰ ਜਾਣਦਾ ਹੈਂ ! ਕਿ ਤੁਹਾਡੇ ਧਰਮ ਅਨੁਸਾਰ ਪਤੀ ਤੋਂ ਬਿਨਾਂ ਇਸਤਰੀ, ਸਿਰ ਤੋਂ ਬਿਨਾਂ ਧੜ ਦੀ ਨਿਆਈਂ ਹੈ । ਸੋ ਮੁਰਦਾ ਸਰੀਰ ਘਰ ਵਿੱਚ ਰੱਖਣ ਤੋਂ ਨਾਲੋਂ ਜਲਾ ਦੇਣਾ ਹੀ ਚੰਗੇਰਾ ਹੈ । ਤੁਸੀਂ ਮੇਰੇ ਰਾਹ ਦਾ ਰੋੜਾ ਨਾ ਬਣੋ ਕਿਉਂਕਿ ਮੈਂ ਛਾਤੀ 'ਤੇ ਪੱਥਰ ਰੱਖਿਆ ਹੋਇਆ ਹੈ ।

(ਸ਼ਿਅਰ) ਮੈਂ ਉਸਦੇ ਜੋਬਨ ਤੋਂ ਬਿਨਾਂ ਜ਼ਿੰਦਗੀ ਨਹੀਂ ਲੋੜਦੀ,
ਨਾ ਮੈਂ ਸਥਿਰਤਾ ਤੇ ਹਮੇਸ਼ਾਂ ਰਹਿਣ ਵਾਲਾ ਮੁਲਕ ਲੋੜਦੀ ਹਾਂ ।
ਉਸ ਤੋਂ ਬਿਨਾਂ ਮੇਰੀ ਆਯੂ ਦਾ ਰੁੱਖ ਪੱਤਿਆਂ ਤੋਂ ਬਿਨਾ ਹੈ,
ਉਸ ਤੋਂ ਬਿਨਾ ਹਮੇਸ਼ਾਂ ਰਹਿਣ ਵਾਲਾ ਸੰਸਾਰ ਮੇਰੇ ਲਈ ਮੌਤ ਹੈ ।
ਵਫ਼ਾ ਦੇ ਕਾਨੂੰਨ ਅਨੁਸਾਰ ਇਹ ਗੱਲ ਚੰਗੀ ਨਹੀਂ ਹੈ ਕਿ ਮੈਂ ਸੰਸਾਰ ਵਿੱਚ ਰਵ੍ਹਾਂ,
ਤੇ ਉਹ ਨਾ ਹੋਵੇ" ।

ਦਿਲਾਂ ਨੂੰ ਹਿਲਾ ਦੇਣ ਦਾ ਅਸਰ ਰੱਖਣ ਵਾਲੀ ਖ਼ਬਰ ਦੇ ਫੈਲਣ ਸਾਰ ਸ਼ਹਿਰ ਦੇ ਚੌਧਰੀ ਤੇ ਸਮੇਂ ਦੇ ਹਾਕਮ ਇਕੱਠੇ ਹੋ ਗਏ । ਉਸ ਦੇ ਆਲੇ ਦੁਆਲੇ ਘੇਰਾ ਪਾ ਕੇ ਉਨ੍ਹਾਂ ਨੇ ਉਪਦੇਸ਼ ਦਿੱਤੇ ਅਤੇ ਉਸ ਦੇ ਗੁਜ਼ਾਰੇ ਲਈ ਧੰਨ ਦੌਲਤ, ਮਾਲ, ਜਾਗੀਰ ਤੇ ਭੋਜਨ ਦੇਣ ਦੀ ਜ਼ਿਮੇਵਾਰੀ ਲਈ ।

(ਸ਼ਿਅਰ) ਉਨ੍ਹਾਂ ਨੇ ਉਸ ਨੂੰ ਕਿਹਾ ਕਿ, "ਐ ਦੁਖੀ ਇਸਤਰੀ !
ਤੂੰ ਗਮ ਨਾਲ ਜਿਗਰ ਦਾ ਖ਼ੂਨ ਕੀਤਾ ਤੇ ਪੱਥਰ ਨਾਲ ਸੀਨਾ ਫੋੜਿਆ ਹੈ ।
ਤੂੰ ਸਬਰ ਕਰ, ਇਸ ਕੰਮ ਤੋਂ ਬਾਜ਼ ਆ ਜਾ,
ਦਿਲ ਨੂੰ ਨਾ ਤੜਫਾ ਅਤੇ ਇਸ ਠੰਢੇ ਲੋਹੇ ਨੂੰ ਨਾ ਕੁੱਟ ।
ਐ ਪਰੀ ਵਰਗੀ ਸੁੰਦਰੀ ।
ਤੂੰ ਆਪਣੀ ਜਾਨ ਨੂੰ ਇਨਸਾਨ ਦੀ ਮੁੱਠੀ ਭਰ ਮਿੱਟੀ ਲਈ ਅੱਗ ਵਿੱਚ ਨਾ ਜਲਾ ।
ਜੇਕਰ ਤੇਰਾ ਦਿਲ ਪ੍ਰੀਤਮ ਲਈ ਜ਼ਖਮੀ ਹੈ ਤਾਂ ਇੱਕ ਨੂੰ ਛੱਡਦੇ
'ਹਜ਼ਾਰਾਂ ਤੇਰਾ ਦੁੱਖ ਵੰਡਾਉਣ ਵਾਲੇ ਹਨ' ।
ਅਸੀਂ ਤੇਰੇ ਲਈ ਸਾਰੇ ਜਾਨਾਂ ਦੀ ਬਾਜ਼ੀ ਲਗਾਉਂਦੇ ਹਾਂ,
ਮਾਲ ਅਸਬਾਬ, ਧੰਨ ਤੇ ਸਾਰੇ ਗਹਿਣਿਆਂ ਵਿੱਚੋਂ ਜੋ ਕੁੱਝ ਚਾਹੀਦਾ ਹੈ,
ਉਹੋ ਉਪਲਬਧ ਕਰਦੇ ਹਾਂ" ।
ਇਸੇ ਤਰ੍ਹਾਂ ਹਰ ਇੱਕ ਨੇ ਮਿਹਰਬਾਨੀ ਨਾਲ ਉਸ ਨੂੰ ਸਮਝਾਇਆ,
ਕਿਸੇ ਨੇ ਦਿਲੋਂ ਤੇ ਕਿਸੇ ਨੇ ਜ਼ਬਾਨੀ ਉਸ ਨੂੰ ਤਸੱਲੀ ਦਿੱਤੀ ।
ਪਰੰਤੂ ਉਹ ਸਬਰ ਨਹੀਂ ਕਰਦੀ ਸੀ,
ਲੋਕੀਂ ਉਸ ਬਾਰੇ ਚਿੰਤਾ ਕਰਦੇ ਸਨ ਪਰ ਉਸ 'ਤੇ ਕੋਈ ਅਸਰ ਨਹੀਂ ਸੀ ।

ਸੋ ਉਸ ਪਰੀ ਨੇ ਦਰਦ ਭਰਿਆ ਹੌਕਾ ਲਿਆ ਤੇ ਕਿਹਾ :–

(ਸ਼ਿਅਰ) "ਮੈਂ ਇਸ ਸੋਹਣੇ ਦਿਲਦਾਰ ਦੇ ਇਸ਼ਕ ਵਿੱਚ ਹਾਂ,
ਮੇਰਾ ਦਿਲ ਮੇਰੀ ਆਪਣੀ ਅੱਖ ਜਿੰਨਾ ਛੋਟਾ ਹੈ ।
ਇਸ ਦਿਲ ਵਿੱਚ ਸਬਰ ਤੇ ਚੈਨ ਨਹੀਂ ਸਮਾਉਂਦਾ ਹੈ,
ਪਿਆਰੇ ਤੋਂ ਬਿਨਾ ਚੈਨ ਆਉਣਾ ਅਤੀ ਕਠਿਨ ਹੁੰਦਾ ਹੈ" ।

ਇਸੇ ਦੌਰਾਨ ਪੰਡਤ ਰਾਧੇ ਕਿਸ਼ਨ ਪੁਤ੍ਰ ਮਿਸਰ ਵਿਦਿਆ ਧਰ, ਜੋ ਸ਼ਾਸਤਰ ਗਿਆਨ ਵਿੱਚ ਲਾਸਾਨੀ ਸੀ, ਹਿੰਦੂਆਂ ਦੀਆਂ ਕਿਤਾਬਾਂ ਵਿਚੋਂ ਕੁੱਝ ਪੱਤਰ ਬਗਲ ਵਿੱਚ ਮਾਰੀ ਉਸ ਨੂੰ ਉਪਦੇਸ਼ ਦੇਣ ਲਈ ਅੱਗੇ ਆਇਆ ਅਤੇ ਉਸ ਨੇ ਜਾਨ ਨੂੰ ਮਾਰਨ ਤੇ ਆਪਣੇ ਆਪ ਨੂੰ ਜਲਾਨ ਤੋਂ ਰੋਕਣ ਲਈ ਮਸਲੇ ਬਿਆਨ ਕਰਨੇ ਸ਼ੁਰੂ ਕੀਤੇ ।

(ਸ਼ਿਅਰ) ਉਸ ਦੇ (ਪੰਡਤ) ਸ਼ਬਦਾਂ ਨਾਲ ਗਰਮ ਅਗਨੀ ਭੀ ਮੋਮ ਹੋ ਜਾਂਦੀ ਸੀ ਅਤੇ ਲੋਹਾ
ਭੀ ਸੋਨੇ ਵਾਂਗ ਨਰਮ ਹੋ ਜਾਂਦਾ ਸੀ ।
ਉਸ ਨੇ ਬਹੁਤ ਨਰਮੀ, ਕ੍ਰਿਪਾਲਤਾ ਤੇ ਮਿੱਠੀ ਜ਼ਬਾਨ ਤੇ ਸੈਂਕੜੇ ਖ਼ੁਸ਼ਾਮਦਾਂ ਨਾਲ
ਉਸ ਨੂੰ ਸਮਝਾਇਆ ਕਿ ਆਸਮਾਨ ਦੇ ਧੋਖੇ ਤੋਂ ਬਚ
ਕਿਉਂਕਿ ਤੇਰਾ ਦੇਵਤਾ ਲੁਟੇਰਾ ਬਣ ਗਿਆ ਹੈ ।
ਤੂੰ ਉਸ ਤੋਂ ਪੂਰਾ ਖਤਰਾ ਮੰਨ ।
ਤੂੰ ਰੱਬੀ ਹੁਕਮ ਵਿੱਚ ਰਾਜ਼ੀ ਰਹਿ, ਕੁੱਝ ਨਾ ਸੋਚ ਤੇ ਬੇਚੈਨ ਨਾ ਹੋ,
ਸਬਰ ਕਰਨ ਦੀ ਕੋਸ਼ਿਸ਼ ਕਰ ।

ਇਸ ਘਬਰਾਹਟ ਨੂੰ ਛੱਡ ਦੇਹ ਕਿਉਂਕਿ ਇਹ ਔਖੀ ਗੱਲ ਹੈ,
ਤੇਰਾ ਆਪਣੇ ਆਪ ਨੂੰ ਜਾਲਣਾ ਕੌਮ ਲਈ ਦੁੱਭਰ ਹੈ।
ਇਸ ਤਰ੍ਹਾਂ ਬੇਚੈਨ ਤੇ ਸੋਗੀ ਹੋਣਾ,
ਧਰਮ ਤੇ ਸ਼ਰਮ ਤੋਂ ਆਕੀ ਹੋਣਾ ਹੈ''।
ਅਜਿਹੀਆਂ ਕੀਮਤੀ ਨਸੀਹਤਾਂ ਉਸ ਨੂੰ ਸੁਣਾਈਆਂ ਅਤੇ ਇਨ੍ਹਾਂ ਵਰਨਣ ਯੋਗ ਗੱਲਾਂ
ਵਿੱਚੋਂ ਪੰਡਤ ਨੇ ਬਹੁਤ ਸਾਰੀਆਂ ਗੱਲਾਂ ਉਸ ਨੂੰ ਦੁਬਾਰਾ ਦੱਸੀਆਂ।

ਜਦੋਂ ਉਸ ਪਵਿੱਤਰ-ਨਸਲ ਰਾਧੀ ਨੇ ਉਪਦੇਸ਼ ਕਰਨ ਵਾਲੇ ਪੰਡਤ ਦੀਆਂ ਕੀਮਤੀ ਨਸੀਹਤਾਂ ਸੁਣੀਆਂ ਤਾਂ ਉਸ ਨੇ ਉੱਤਰ ਦਿੱਤਾ ਕਿ "ਐ ਬ੍ਰਾਹਮਣ ਗੁਰੂ! ਤੁਸੀਂ ਹਰ ਢੰਗ ਨਾਲ ਦੱਸਿਆ ਕਿ ਆਪਣੀ ਜ਼ਾਨ ਨੂੰ ਨਾ ਮਾਰ। ਤੂੰ ਕਿਸ ਸ਼ਾਸਤਰ ਵਿਚ ਪੜ੍ਹਿਆ ਹੈ ਕਿ ਜਾਨ ਮਰ ਜਾਂਦੀ ਹੈ ਤੇ ਅੱਗ ਵਿਚ ਜਲ ਜਾਂਦੀ ਹੈ? ਜਾਨ ਇਕ ਬੇਮਿਸਾਲ ਜੌਹਰ ਹੈ ਜੋ ਟੁਕੜੇ ਟੁਕੜੇ ਨਹੀਂ ਕੀਤਾ ਜਾ ਸਕਦਾ। ਹਕੀਮ ਉਸ ਨੂੰ ਨਫ਼ਸ ਅਤੇ ਵਿਦਵਾਨ ਆਤਮਾ ਕਹਿੰਦੇ ਹਨ। ਸੋ ਆਤਮਾ ਰੱਬ ਦੇ ਵਿਅਕਤਤ੍ਰਿ ਦਾ ਪ੍ਰਛਾਵਾਂ ਹੈ। ਜਿਸ ਨੂੰ ਇਨਸਾਨੀ ਵਿਅਕਤਤ੍ਰਿ ਕਹਿੰਦੇ ਹਨ ਉਹ ਨਾ ਸਰੀਰ ਹੈ ਅਤੇ ਨਾ ਸਰੀਰ ਨਾਲ ਸੰਬੰਧਤ ਕੋਈ ਸ਼ੈ। ਕਿਸੇ ਦੀ ਆਤਮਾ ਨਾਸ਼ਵਾਨ ਨਹੀਂ ਹੈ ਬਲਕਿ ਸਰੀਰ, ਜੋ ਪਦਾਰਥਕ ਤੱਤਾਂ ਦਾ ਬਣਿਆ ਹੋਇਆ ਹੈ, ਭੀ ਨਾਸ਼ਵਾਨ ਨਹੀਂ ਹੈ ਕਿਉਂਕਿ ਨਾਸ਼ਵਾਨ ਦੁਨੀਆਂ ਦੇ ਗਿਆਨ ਵਿਚ ਪੂਰਨ ਤੌਰ ਤੇ ਪਰਗਟ ਹੈ ਕਿ ਤੱਤ ਦੂਜੇ ਤੱਤ ਵਿਚ ਸ਼ਕਲ ਬਦਲ ਲੈਂਦਾ ਹੈ। ਕਿਸੇ ਸਮੇਂ ਤੱਤ ਵਧੀਆ ਮਿੱਟੀ ਹੁੰਦਾ ਹੈ, ਕਦੇ ਉਸ ਦੀ ਖੁਸ਼ਕੀ ਨਮੀਂ ਵਿਚ ਬਦਲ ਜਾਂਦੀ ਹੈ ਤਾਂ ਉਹ ਪਾਣੀ ਬਣ ਜਾਂਦਾ ਹੈ ਇਸੇ ਤਰ੍ਹਾਂ ਪਾਣੀ ਹਵਾ ਅਤੇ ਹਵਾ ਅੱਗ ਬਣ ਜਾਂਦੀ ਹੈ। ਅਸਲ ਵਿਚ ਇਨ੍ਹਾਂ ਚਾਰਾਂ ਤੱਤਾਂ ਦਾ ਮੂਲ ਤੱਤ ਇਕ ਹੈ ਅਤੇ ਸਰੀਰ ਦੀ ਸ਼ਕਲ ਉਨ੍ਹਾਂ ਸਦਕਾ ਕਾਇਮ ਹੈ। ਸੋ ਸਰੀਰ ਕਦੇ ਭੀ ਨਾਸ਼ ਨਹੀਂ ਹੁੰਦੇ। ਇਨਸਾਨ ਦੀ ਸ਼ਖ਼ਸੀਅਤ ਜਿਹੜੀ ਰੱਬੀ ਤੱਤਾਂ ਵਿੱਚੋਂ ਹੈ ਨਾਸ਼ ਹੋਣਾ ਕਿਵੇਂ ਮੰਨੇਗੀ? ਇਸ ਤੋਂ ਸਾਬਤ ਹੋਇਆ ਕਿ ਆਤਮਾ ਹਮੇਸ਼ਾਂ ਜਿਉਂਦੀ ਰਹਿੰਦੀ ਹੈ। ਇਸ ਪੰਜ-ਭੌਤਕ ਸਰੀਰ ਦੀ ਤਬਦੀਲੀ ਅਵੱਸ਼ ਹੈ। ਸੋ ਤੂੰ ਉਸ ਦੀ ਹੋਂਦ 'ਤੇ ਕੀ ਖੁਸ਼ ਹੋ ਰਿਹਾ ਹੈਂ?

ਕਵਿਤਾ :– ਤੂੰ ਇਹ ਜਾਣ ਲੈ ਕਿ ਅਸਥਿਰ ਸ਼ੈ ਨਾਲ ਪਿਆਰ ਪਾਉਣ ਵਾਲਾ ਦਿਲ ਜੀਵਤ ਨਹੀਂ।
ਲੋਕ ਪਰਲੋਕ ਇੱਕ ਜਾਦੂ ਤੋਂ ਵੱਧ ਕੁਝ ਨਹੀਂ ਹਨ,
ਪਰਮਾਤਮਾ ਕਾਇਮ ਹੈ, ਬਾਕੀ ਸਭ ਕੁਝ ਨਾਂ-ਮਾਤਰ ਹੈ।
ਸਾਰਿਆਂ ਦੀ ਜ਼ਾਤ ਇੱਕ ਹੈ ਪਰੰਤੂ ਗੁਣ ਵੱਖਰੇ ਵੱਖਰੇ ਹਨ,
ਸਾਰੇ ਅੱਖਰ ਇੱਕੋ ਹਨ ਪਰੰਤੂ ਇੱਕ ਦੂਜੇ ਨਾਲ ਮਿਲਦੇ ਨਹੀਂ।
ਦੋਹਾਂ ਜਹਾਨਾਂ ਦਾ ਕਣ ਕਣ ਕੇਵਲ ਤੇਰੇ ਖ਼ਿਆਲ ਵਿਚ ਹੈ,
ਜੋ ਕੁਝ ਤੂੰ ਰੱਬ ਤੋਂ ਇਲਾਵਾ ਦੇਖਦਾ ਹੈਂ ਉਹ ਤੇਰਾ ਵਹਿਮ ਹੈ।

ਸੱਚ ਗੱਲ ਤਾਂ ਇਹ ਹੈ ਕਿ ਮੈਂ ਪਰਮਾਤਮਾ ਨੂੰ ਪਤੀ ਦੇ ਵਜੂਦ ਵਿਚ ਪਾਇਆ ਅਤੇ ਉਸ ਇਕੱਲੇ ਤੋਂ ਬਿਨਾਂ ਕਿਸੇ ਹੋਰ 'ਤੇ ਨਿਗਾਹ ਨਹੀਂ ਪਾਈ। ਹਕੀਮ ਕਹਿੰਦੇ ਹਨ ਕਿ ਆਤਮਾ ਸੂਖਮ ਤਪ ਵਾਲਾ ਇਕ ਸਰੀਰ ਹੈ ਜੋ ਦਿਲ ਵਿਚ ਤਬੀਅਤ ਦੇ ਮੁਤਾਬਿਕ ਚਾਰੇ ਖਿਲਤਾਂ (ਖ਼ੂਨ, ਬਲਗਮ, ਸੌਦਾ ਤੇ ਸਫਰਾ) ਦੇ ਮੇਲ ਜੋਲ ਨਾਲ ਵਜੂਦ ਵਿਚ ਆਉਂਦਾ ਹੈ ਤੇ ਮਗਰੋਂ ਖਿਲਰਨ ਨਾਲ ਰੂਹ ਭੀ ਖਿਲਰ ਜਾਂਦੀ ਹੈ ਜਿਵੇਂ ਪਾਣੀ ਦਾ ਬੁਲਬੁਲਾ ਜੋ ਪਾਣੀ ਵਿਚੋਂ ਨਿਕਲਦਾ ਹੈ ਤੇ ਦੁਬਾਰਾ ਉਸ ਵਿਚ ਮਿਲ ਜਾਂਦਾ ਹੈ। ਇਸ ਸੰਬੰਧ ਵਿਚ ਘਬਰਾਹਟ ਦੀ ਕਿਹੜੀ ਗੱਲ ਹੈ? "ਹਰ ਸ਼ੈ ਆਪਣੀ ਅਸਲ ਵਲ ਪਰਤਦੀ ਹੈ" ਦਾ ਅਰਬੀ ਕਥਨ ਸਹੀ ਸਿੱਧ ਹੋਇਆ। ਇਨ੍ਹਾਂ ਸਾਰੀਆਂ ਦਲੀਲਾਂ ਤੋਂ ਬਿਨਾਂ ਭੀ ਸਰੀਰ ਵਿਚ ਜਾਨ ਨੂੰ ਕੋਈ ਕਾਰੀਗਰ ਡੱਕ ਨਹੀਂ ਸਕਿਆ। ਭਾਵੇਂ ਬੀਮਾਰੀ ਕਾਰਨ ਭਾਵੇਂ ਮੌਤ ਕਾਰਨ, ਜਾਨ ਤਾ ਚਲੀ ਜਾਵੇਗੀ। ਸੋ ਚੰਗਾ ਤਾਂ ਇਹੋ ਹੈ ਕਿ ਹਾਫ਼ਿਜ਼ ਦੇ ਕਥਨ

ਅਨੁਸਾਰ ਅਮਲ ਕੀਤਾ ਜਾਵੇ :–

(ਸ਼ਿਅਰ) ਤੂੰ ਆਪਣੀ ਜਾਨ ਪਿਆਰੇ ਖ਼ਾਤਰ ਦੇ ਦੇ ਨਹੀਂ ਤਾਂ ਤੇਥੋਂ ਮੌਤ ਖੋਹ ਕੇ ਲੈ ਜਾਵੇਗੀ,
ਐ ਹਾਫ਼ਿਜ਼! ਤੂੰ ਆਪ ਨਿਆਂ ਕਰ ਤੇ ਦੱਸ ਕਿ ਇਹ ਚੰਗਾ ਹੈ ਜਾਂ ਉਹ ਚੰਗਾ ਹੈ?

ਤੁਸੀਂ ਇਨ੍ਹਾਂ ਮਸਲਿਆਂ ਦੀ ਵਿਆਖਿਆ ਬੰਦ ਕਰੋ ਕਿਉਂਕਿ ਇਹ ਵੇਦ ਦਾ ਸਾਰੰਸ਼ ਹੈ। ਮੈਂ ਸੁਣਿਆ ਹੈ ਕਿ ਮਰਦ ਤੇ ਇਸਤਰੀ ਦੀ ਸ਼ਕਲ ਛੋਲਿਆਂ ਦੇ ਦਾਣੇ ਵਰਗੀ ਹੁੰਦੀ ਹੈ। ਜਦੋਂ ਛੋਲਿਆਂ ਦਾ ਦਾਣਾ ਦੋ ਟੁਕੜੇ ਹੋ ਜਾਂਦਾ ਹੈ ਤਾਂ ਉਸ ਦਾ ਬੀਜ ਫਲ ਦੇਣ ਦੇ ਲਾਇਕ ਨਹੀਂ ਰਹਿੰਦਾ। ਫਲ-ਰਹਿਤ ਦਾਣੇ ਨੂੰ ਭੁੰਨ ਦੇਣਾ ਹੀ ਚੰਗੇਰਾ ਕੰਮ ਹੈ। ਇਸ਼ਕ ਦੇ ਮਾਰੇ ਨੂੰ ਜਿਉਂਦਾ ਰੱਖਣਾ ਕਤਲ ਕਰਨ ਦੇ ਬਰਾਬਰ ਹੈ।

(ਸ਼ਿਅਰ) ਐ ਈਸਾ! ਤੂੰ ਸਾਥੋਂ ਇਸ਼ਕ ਵਿਚ ਮੋਇਆ ਤੋਂ ਪਰ੍ਹੇ ਲੰਘ ਜਾ,
ਤੇਰਾ ਇੱਕ ਵਾਰੀ ਜਿਉਂਦਾ ਕਰਨਾ ਸੌ ਵਾਰ ਕਤਲ ਕਰਨ ਦੇ ਬਰਾਬਰ ਹੈ।

ਸੋ ਇਸ ਸਾਰੇ ਬਿਆਨ ਤੋਂ ਮੇਰਾ ਅਸਲੀ ਭਾਵ ਹੈ ਕਿ ਵਿਧਵਾ ਇਸਤਰੀ ਭਾਵੇਂ ਸਾਰੀ ਉਮਰ ਦਰ ਬੰਦ ਕਰਕੇ ਤੇ ਪੜਦੇ ਵਿਚ ਰਹਿ ਕੇ ਕੱਟਦੀ ਹੈ ਅਤੇ ਪੂਰਨ ਸਤਵੰਤੀ ਬਣ ਦੇ ਦੁਨੀਆਂ ਦੀ ਲਾਲਸਾ ਤੋਂ ਬਚੀ ਰਹਿੰਦੀ ਹੈ ਪਰੰਤੂ ਚੁਗਲਾਂ ਦੀ ਜ਼ਬਾਨ ਦੀਆਂ ਲਾਨ੍ਹਤਾਂ ਤੋਂ ਨਹੀਂ ਬਚਦੀ।

(ਸ਼ਿਅਰ) ਦੁਨੀਆਂ ਹਿਰਨ ਫੜਨ ਵਿਚ ਸ਼ੇਰ ਵਾਂਗ ਹੈ
ਪਰ ਕਿਸੇ ਬਘਿਆੜ ਤੋਂ ਹਿਰਨ ਖੋਹਣਾ ਅਤੀ ਔਖਾ ਕੰਮ ਹੈ।
ਪਵਿੱਤਰ-ਜ਼ਾਤ ਮਰੀਅਮ ਵਲ ਦੇਖ,
ਖ਼ੁਦਾ ਸਭ ਤੋਂ ਵੱਡਾ ਹੈ, ਉਹ ਕਿੰਨੀ ਸ਼ਰਮਿੰਦਗੀ ਉਠਾਉਂਦੀ ਸੀ।
ਇਹੋ ਚੰਗਾ ਹੈ ਕਿ ਇਸ ਡਰਾਉਣੇ ਸਮੁੰਦਰ 'ਚੋਂ
ਮੈਂ ਆਪਣੀ ਕਿਸ਼ਤੀ ਨੂੰ ਕੰਢੇ 'ਤੇ ਲੈ ਜਾਵਾਂ।
ਮੈਂ ਆਪਣੇ ਆਤਮਕ ਮੋਤੀ ਨੂੰ ਅੱਗ ਵਿਚ ਪਾ ਕੇ ਚਮਕਾਉਂਦੀ ਹਾਂ
ਤੇ ਬਹਾਦਰਾਂ ਨੂੰ ਆਪਣਾ ਜੌਹਰ ਵਿਖਾਉਂਦੀ ਹਾਂ।
ਮੈਂ ਆਪਣੀ ਬੁਲਬੁਲ ਨਾਲ ਖ਼ੁਸ਼ੀ ਖ਼ੁਸ਼ੀ ਅੱਗ ਦੀ ਬਹਾਰ ਵਾਲੇ ਬਾਗ਼ ਨੂੰ ਤੱਕਦੀ ਹਾਂ।
ਕੰਡਿਆਂ ਤੋਂ ਬਿਨਾਂ ਫੁਲਵਾੜੀ ਵਿਚ ਯਾਰ ਦੇ ਸਿਰਹਾਣੇ 'ਤੇ
ਯਾਰ ਤੋਂ ਬਿਨਾ ਸਿਰ ਰੱਖਣਾ ਜਾਇਜ਼ ਨਹੀਂ ਹੈ।
ਮੇਰਾ ਦਿਲ ਅੱਗ ਤੋਂ ਘਬਰਾਉਂਦਾ ਨਹੀਂ ਹੈ,
ਖਰਾ ਸੋਨਾ ਅੱਗ ਨਾਲ ਚਮਕ ਉੱਠਦਾ ਹੈ ਮੈਂ ਆਪਣੇ ਮਿੱਟੀ ਨਾਲੋਂ ਘਟੀਆ ਤਾਂਬੇ ਨੂੰ
ਇਸ ਲਾਲ ਗੰਧਕ ਨਾਲ ਸੋਨਾ ਬਣਾਉਂਦੀ ਹਾਂ।
ਉਸ ਪ੍ਰਮਾਤਮਾ ਦੀ ਕਸਮ!
ਜਿਸ ਦੀ ਕਿਰਪਾ ਨਾਲ ਸਰੀਰ ਦੀ ਮਹਿਫਲ ਵਿਚ ਆਤਮਾ
ਦਾ ਦੀਵਾ ਰੌਸ਼ਨ ਹੋਇਆ ਅਤੇ ਉਸ ਚਮਕੀਲੇ ਜਮਾਲ ਦੇ ਨੂਰ ਦੀ ਕਸਮ!
ਜਿਸ ਤੋਂ ਸੂਰਜ ਤੇ ਚੰਦ ਨੇ ਰੌਸ਼ਨੀ ਲਈ।
ਮੈਂ ਪਰਣ ਕਰਦੀ ਹਾਂ ਕਿ ਉਸ ਪ੍ਰੇਮੀ ਦੀ ਅੱਗ ਹਰ
ਵੇਲੇ ਮੇਰੇ ਸੀਨੇ ਵਿਚ ਲਾਟ ਵਾਂਗ ਹੋਰ ਉੱਚੀ ਉੱਠਦੀ ਹੈ।
ਜਿੰਨਾ ਚਿਰ ਮੈਂ ਆਪਣੇ ਸਰੀਰ ਨੂੰ ਨਹੀਂ ਜਲਾਉਂਦੀ, ਮੈਨੂੰ ਚੈਨ ਨਹੀਂ,
ਜਿੰਨਾ ਚਿਰ ਮੈਂ ਆਪਣੇ ਪਿਆਰੇ ਨੂੰ ਨਹੀਂ ਪਾ ਲੈਂਦੀ, ਮੈਂ ਸੌਂ ਨਹੀਂ ਸਕਦੀ।
ਅੱਗ ਦੇ ਕੀੜੇ ਵਾਂਗ ਮੈਂ ਅਗਨੀ ਤੋਂ ਮੂੰਹ ਨਹੀਂ ਮੋੜਦੀ,
ਮੈਂ ਪਿਆਰੇ ਦੇ ਵਿਛੋੜੇ ਦੀ ਤਪਸ਼ ਤੋਂ ਸਿਰ ਨਹੀਂ ਫੇਰਦੀ।"

ਜਦੋਂ ਉਸ ਸੁੰਦਰੀ ਨੇ ਇਹ ਗੱਲ ਆਖੀ ਤਾਂ ਉਸ ਨੇ
ਜੋਸ਼ ਨਾਲ ਦਿਲ ਵਿਚੋਂ ਜਹਾਨ ਨੂੰ ਫੂਕ ਦੇਣ ਵਾਲਾ ਇਕ ਹੌਕਾ ਭਰਿਆ।
ਹਰ ਪਾਸਿਉਂ ਬ੍ਰਾਹਮਣ ਦੇ ਸੰਖ ਵਾਂਗ ਮਾਤਮ ਤੇ ਰੋਣ ਧੋਣ ਦੀ ਅਵਾਜ਼ ਉੱਠ ਖੜੋਤੀ।
ਲਾਲ ਅੱਥਰੂਆਂ ਨਾਲ ਧਰਤੀ ਰੰਗੀ ਗਈ,
ਉਸ ਦੇ ਡੂੰਘੇ ਹੌਕੇ ਨਾਲ ਹਵਾ ਗਰਮ ਭੱਠੀ ਬਣ ਗਈ।

ਜਦੋਂ ਫਲਾਸਫਰ ਪੰਡਤ ਨੇ ਉਸ ਅਪੱਸਰਾ ਤੋਂ ਦੁਨਿਆਈ ਤੇ ਅਧਿਆਤਮਕ ਅਸਲੀਅਤਾਂ ਬਾਰੇ ਗੱਲਾਂ ਸੁਣੀਆਂ ਤਾਂ ਉਸ ਨੇ ਆਗਿਆ ਦੇ ਦਿਤੀ ਕਿ "ਬੇਸ਼ਕ ਤੂੰ ਅੱਗ ਦੇ ਗੋਲੇ 'ਚੋਂ ਲੰਘ ਜਾ ਅਤੇ ਆਪਣੇ ਪਤੀ ਪਾਸ ਪ੍ਰਲੋਕ ਨੂੰ ਚਲੀ ਜਾਹ ਕਿਉਂਕਿ ਤੇਰੇ ਲਈ ਪਾਣੀ ਤੇ ਅੱਗ ਬਰਾਬਰ ਹਨ। ਸਤੀ ਹੋਣਾ ਰੱਬ ਨੂੰ ਮਿਲਣਾ ਹੈ ਅਤੇ ਇਸ ਸਤੀ ਹੋਣ ਦੀ ਅਸਲੀਅਤ ਤੇਰੇ ਅੰਦਰੋਂ ਚੰਗੀ ਤਰ੍ਹਾਂ ਪਰਗਟ ਹੁੰਦੀ ਹੈ।

(ਸ਼ਿਅਰ) ਤੈਨੂੰ ਕੋਈ ਰੁਕਾਵਟ ਨਹੀਂ, ਤੂੰ ਜੋ ਕੁਝ ਚਾਹੁੰਦੀ ਹੈ, ਕਰ,
ਪਰ ਥੋੜ੍ਹਾ ਜਿਹਾ ਵਿਖਾਵੇ ਦੀ ਪੁਰਾਣੀ ਰਸਮ ਅਨੁਸਾਰ ਚਲ।

ਸ਼ਾਸਤਰ ਅਨੁਸਾਰ ਸਤੀ ਮਹਾਤਮ ਬਾਰੇ ਸੁਣ", ਸੋ ਬ੍ਰਾਹਮਣ ਨੇ ਉਸ ਸਭਾ ਦੀ ਪ੍ਰਧਾਨ (ਰਾਧੀ) ਦੇ ਇਸ਼ਾਰਾ ਕਰਨ 'ਤੇ ਇਕ ਕਿਤਾਬ ਬਗਲ 'ਚੋਂ ਕੱਢੀ ਅਤੇ ਸਤੀ ਦੇ ਦਰਜੇ (ਰੁਤਬੇ) ਉੱਚੀ ਆਵਾਜ਼ 'ਚ ਚੰਗੀ ਤਰ੍ਹਾਂ ਵੇਰਵੇ ਨਾਲ ਪੜ੍ਹੇ ਅਤੇ ਸਤੀ ਹੋਣ ਦੇ ਗੁਣ ਦਲੀਲਾਂ ਨਾਲ ਖੋਲ੍ਹ ਕੇ ਬਿਆਨ ਕੀਤੇ। ਉਨ੍ਹਾਂ ਸਾਰੀਆਂ ਦਾ ਸਾਰੰਸ਼ ਇਹ ਹੈ ਕਿ, ਸਤੀ ਉਹ ਹੈ ਜੋ ਪਰਮਾਤਮਾ ਨੂੰ ਪਛਾਣਦੀ ਹੈ, ਜਿਹੜੀ ਆਪਣੇ ਪਤੀ ਨੂੰ ਆਪਣਾ ਸੁਆਮੀ ਜਾਣਦੀ ਹੈ, ਉਸ ਦੀ ਸੇਵਾ ਨੂੰ ਬੰਦਗੀ ਸਮਝਦੀ ਹੈ, ਉਸ ਦੇ ਹੁਕਮ ਨੂੰ ਯੋਗ ਹੁਕਮ ਗਿਣਦੀ ਹੈ, ਪਤੀ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਤੱਕਦੀ, ਪ੍ਰਹੇਜ਼ਗਾਰੀ ਨੂੰ ਅਪਣਾਉਂਦੀ ਹੈ ਅਤੇ ਜਤ ਸਤ ਕਾਇਮ ਰੱਖਦੀ ਹੈ। ਜੇਕਰ ਉਸ ਦਾ ਪਤੀ ਉਸ ਦੇ ਜਿਉਂਦੇ ਜੀਅ ਮਰ ਜਾਂਦਾ ਹੈ ਤਾਂ ਉਸ ਦੇ ਮੁਰਦੇ ਨਾਲ ਆਪਣੇ ਆਪ ਨੂੰ ਜਲਾਉਂਦੀ ਹੈ। ਇਸ ਪ੍ਰਕਾਰ ਦੀ ਇਸਤ੍ਰੀ ਉਸ ਉੱਚੀ ਪੱਦਵੀ 'ਤੇ ਪੁੱਜ ਜਾਂਦੀ ਹੈ ਜਿਥੇ ਤਪੱਸਵੀ ਨਹੀਂ ਪਹੁੰਚਦੇ। ਉਹ ਸੁਰਗ ਵਿਚ ਸਦਾ ਆਪਣੇ ਪਤੀ ਦੇ ਗਲੇ ਲੱਗੀ ਰਹਿੰਦੀ ਹੈ। ਇਸ ਨਾਸ਼ਵਾਨ ਸੰਸਾਰ ਨੂੰ ਛੱਡ ਕੇ ਪ੍ਰਲੋਕ ਜਾਣ ਵਾਲੇ ਚਾਰ ਵਿਅਕਤੀ ਉੱਥੇ ਜਾ ਕੇ ਵੱਡਾ ਰੁਤਬਾ ਪਾਉਂਦੇ ਹਨ।

ਪਹਿਲਾ, ਉਹ ਬ੍ਰਹਮ ਗਿਆਨੀ ਜੋ ਪ੍ਰਮਾਤਮਾ 'ਚ ਲੀਨ ਰਹਿੰਦਾ ਹੈ।
ਦੂਜਾ, ਬਹਾਦੁਰ, ਜੋ ਰਣਭੂਮੀ ਵਿਚ ਸ਼ਹੀਦ ਹੁੰਦਾ ਹੈ।
ਤੀਜਾ, ਉਹ ਵਿਅੱਕਤੀ ਜੋ ਗਊ-ਰਖਸ਼ਾ ਵਿਚ ਜੁੱਟਿਆ ਰਹਿੰਦਾ ਹੈ।
ਚੌਥੇ, ਉਹ ਇਸਤਰੀ ਜੋ ਆਪਣੇ ਪਤੀ ਨਾਲ ਚਿਤਾ ਵਿਚ ਜਲਦੀ ਹੈ।

ਸੋ ਸਤੀ ਨਾਮੀ ਇਸਤਰੀ ਦਾ ਰੁਤਬਾ ਸਾਰਿਆਂ ਨਾਲੋਂ ਉੱਚਤਮ ਹੈ। ਜੇਕਰ ਉਸ ਦਾ ਪਤੀ ਨਰਕਵਾਸੀ ਤੇ ਗੁਨਾਹਗਾਰ ਭੀ ਹੋਵੇ, ਉਹ ਉਸ ਨੂੰ ਸੱਪ ਵਾਂਗ ਨਰਕ ਦੀ ਖੁੱਡ 'ਚੋਂ ਕੱਢ ਕੇ ਸੁਰਗ ਵਿਚ ਲੈ ਜਾਂਦੀ ਹੈ ਅਤੇ ਉਸ ਨਾਲ ਸਦੀਵੀ ਮੇਲ ਪ੍ਰਾਪਤ ਕਰਦੀ ਹੈ।"

(ਸ਼ਿਅਰ) ਅਪੱਸਰਾ (ਰਾਧੀ) ਨੇ ਜਦੋਂ ਮਿਲਾਪ ਦਾ ਅੱਖਰ ਸੁਣਿਆਂ ਤਾਂ ਉਸ ਦਾ ਚਿਹਰਾ
ਲਾਲਹ ਦੇ ਫੁੱਲ ਪੱਤੇ ਵਾਂਗ ਖਿੜ ਗਿਆ।
ਉਸ ਨੇ ਧਾਰਮਕ ਆਗੂਆਂ ਨੂੰ ਕਿਹਾ ਕਿ,
"ਮੇਰੇ ਪਿਆਰੇ ਦੇ ਦੀਦਾਰ ਕਰਨ ਦੀ ਛੇਤੀ ਤਿਆਰੀ ਕਰੋ।
ਮੇਰੇ (ਪਾਕ) ਪੱਲੇ ਦੀ ਤਰ੍ਹਾਂ ਪਵਿੱਤਰ ਥਾਂ ਲੱਭੋ ਅਤੇ ਉਸ ਦੇ ਸਾਰੇ ਸਰੀਰ ਨੂੰ
ਗੁਲਾਬ ਨਾਲ ਧੋਵੋ।

ਉਸ ਨੂੰ ਬਾਦਸ਼ਾਹੀ ਤਖਤ 'ਤੇ ਬੈਠਾਉ
ਅਤੇ ਉਸ ਦੇ ਚਿਹਰੇ 'ਤੋਂ ਬਹੁਤ ਸਾਰੇ ਮੋਤੀ ਵਾਰੋ।
ਤੁਸੀਂ ਇਸ ਨੂੰ ਸਜਾਣ ਦੀ ਸ਼ਾਹਾਨਾ ਤਿਆਰੀ ਕਰੋ
ਅਤੇ ਮੈਂ ਵਹੁਟੀ ਬਣਨ ਦੇ ਸਾਮਾਨ ਦੀ ਤਿਆਰੀ ਕਰਦੀ ਹਾਂ।"

ਸੋ ਉਸ ਦੇ ਸਾਰੇ ਸੰਬੰਧੀ ਮੁਰਦੇ ਨੂੰ ਅਸ਼ਨਾਨ ਕਰਾਉਣ ਤੇ ਕੱਫਣ ਆਦਿ ਦੇਣ ਦੀ ਤਿਆਰੀ ਕਰਨ ਲੱਗ ਪਏ। ਪਰੀ ਜਿਹੀ ਸੁੰਦਰੀ ਅੰਦਰ ਜਾ ਕੇ ਆਪਣੇ ਸਪਤ ਸ਼ਿੰਗਾਰ ਕਰਨ ਲਗ ਪਈ।

(ਸ਼ਿਅਰ) ਉਸ ਨੇ ਆਪਣੇ ਚੰਨ ਵਰਗੇ ਚਿਹਰੇ 'ਤੇ ਕਸਤੂਰੀ ਮਲੀ ਅਤੇ ਅੱਖਾਂ ਨੂੰ ਕਟਾਖਸ਼ ਦਾ
ਜਾਦੂ ਧੂੜਿਆ।
ਉਸ ਨੇ ਅੱਖ ਵਿੱਚ ਫਰੇਬ ਦਾ ਸੁਰਮਾ ਪਾਇਆ ਤੇ ਨਖਰੇ ਨੇ ਰੋਹ ਦੀ ਪਾਣ ਚਾੜ੍ਹੀ।
ਉਸ ਨੇ ਗੱਲ੍ਹਾਂ ਉੱਤੇ ਗੁਲਾਲ ਲਾਇਆ ਅਤੇ ਸਰੂ ਵਰਗੇ
ਕੱਦ ਨੂੰ ਹੋਰ ਉੱਚਾ ਕੀਤਾ।
ਉਸਨੇ, ਚਾਂਦੀ ਵਰਗੇ ਸਰੂ (ਕੱਦ) ਨੂੰ ਸੰਵਾਰਿਆ
ਅਤੇ ਸਤ ਸਹੇਲੀਆਂ ਦੇ ਝੁਮਕੇ ਵਰਗਾ ਹਾਰ ਪਾਇਆ।
ਉਸ ਨੇ ਸਿਰ ਤੇ ਮੋਢਿਆਂ 'ਤੇ ਖੁਸ਼ਬੂ ਦਾ ਤਾਜ ਰੱਖਿਆ,
ਅਤੇ ਠੋਡੀ ਦੇ ਟੋਏ ਨੂੰ ਕੰਨਾਂ ਤੱਕ ਵਧਾਇਆ।

ਉਹ ਲਾੜੀਆਂ ਵਾਲੀ ਪੁਸ਼ਾਕ ਤੇ ਕੱਪੜੇ ਪਾ ਕੇ ਅਤੇ ਸਿਰ ਉੱਤੇ ਪਤੀ ਦੀ ਰੰਗਦਾਰ ਪਗੜੀ ਬੰਨ੍ਹ ਕੇ ਨੰਗੇ ਮੂੰਹ ਇਸ ਤਰ੍ਹਾਂ ਬਾਹਰ ਨਿਕਲੀ ਜਿਵੇਂ ਬੱਦਲ ਹੇਠੋਂ ਸੂਰਜ ਨਿਕਲਦਾ ਹੈ :—

(ਸ਼ਿਅਰ) ਉਹ ਚਮਕਦੇ ਚੰਦ ਵਾਂਗ ਦਰਵਾਜ਼ੇ 'ਚੋਂ ਬਾਹਰ ਨਿਕਲੀ
ਉਸ ਦੇ ਦਿਮਾਗ ਵਿੱਚ ਪਤੀ ਦੇ ਮਿਲਾਪ ਦੀ ਧੁੰਨ ਸਮਾਈ ਹੋਈ ਸੀ।
ਵੇਖਣ ਵਾਲਿਆਂ ਨੇ ਹੈਰਾਨੀ ਨਾਲ ਤਾੜੀਆਂ ਮਾਰਦੇ ਹੋਏ
ਹਰ ਪਾਸਿਉਂ ਸ਼ੋਰ ਉਠਾਇਆ।
ਅਰਥਾਤ "ਹੇ ਰੱਬਾ!
ਇਹ ਨੇਕ ਸਿਤਾਰੇ ਵਾਲੀ ਕੌਣ ਹੈ ਜਿਸ ਦੇ ਸਾਹਮਣੇ
ਚੰਦ ਤੇ ਸੂਰਜ ਭੀ ਮਾਤ ਪੈ ਗਏ"।

ਉਨੀ ਕੱਪੜੇ ਪਾਉਣ ਵਾਲੇ ਅੱਗ ਦੇ ਪੁਜਾਰੀ ਹਿੰਦੂ ਤੁਰੰਤ ਮੁਰਦੇ ਦੀ ਅਰਥੀ ਅਤੇ ਜੀਵਤ ਲਾੜੀ ਦੇ ਤਖਤ ਨੂੰ ਮੋਢਿਆਂ 'ਤੇ ਚੁੱਕ ਕੇ ਮਰਘਟ ਵੱਲ ਤੁਰ ਪਏ। ਉਸ ਸਮੇਂ ਇੱਕ ਅਜੀਬ ਸ਼ੋਰ ਉੱਠ ਖੜੋਇਆ। ਹਰ ਖੂੰਜਿਉਂ ਨਵੇਂ ਸਾਜ਼ ਵੱਜਣ ਲੱਗੇ। ਢੋਲ ਤੇ ਨਗਾਰੇ ਫਰਿਆਦ ਕਰਨ ਲੱਗ ਪਏ ਅਤੇ ਸੰਖ ਉੱਚੀ ਉੱਚੀ ਕੂਕ ਉੱਠੇ।

(ਸ਼ਿਅਰ) ਪਿੱਤਲ ਨਾਲ ਮੜ੍ਹੇ ਢੋਲ ਦੇ ਸ਼ੋਰ ਨੇ ਸੁਣਨ ਵਾਲਿਆਂ ਦੀ ਜਾਨ ਨੂੰ ਡਰਾ ਦਿੱਤਾ।
ਘੰਟੀਆਂ ਦੇ ਘੁੰਗਰੂਆਂ ਦੀਆਂ ਆਵਾਜ਼ਾਂ ਨੇ ਪੱਥਰਾਂ ਨੂੰ ਰੁਆ ਦਿੱਤਾ।
ਅਸਮਾਨ ਨੂੰ ਚੀਰਨ ਵਾਲੀ ਨਫੀਰੀ ਦੇ ਸ਼ੋਰ ਨੇ ਜ਼ੁਹਰਾ ਸਿਤਾਰੇ ਦੀ ਧੁੰਨੀ ਨੂੰ
ਚੀਰ ਦਿੱਤਾ।

ਉਸ ਦੇ ਸਕੇ ਸੰਬੰਧੀ ਰੋਂਦੇ ਪਿੱਟਦੇ, ਇਸਤਰੀਆਂ ਸਿਰਾਂ ਦੇ ਵਾਲ ਪੁੱਟਦੀਆਂ, ਬ੍ਰਾਹਮਣ ਸੰਖ ਵਜਾਉਂਦੇ ਹੋਏ ਅਤੇ ਲੋਕੀਂ ਉਸ ਦੀ ਹਿੰਮਤ 'ਤੇ ਹੈਰਾਨ ਹੁੰਦੇ ਹੋਏ ਅਰਥੀ ਨਾਲ ਚਲ ਪਏ। ਸ਼ਹਿਰ ਦੇ ਵਸਨੀਕ ਤੇ ਸਾਰੇ ਵੱਡੇ ਆਦਮੀ ਉਸ ਦੇ ਗੱਲ ਵਿੱਚ ਫੁੱਲਾਂ ਦੇ ਹਾਰ ਪਾਉਂਦੇ ਸਨ,

ਸਾਮਾਨ ਤੇ ਪੈਸੇ ਨਜ਼ਰਾਨੇ ਵਜੋਂ ਉਸ ਨੂੰ ਭੇਟ ਕਰਦੇ ਸਨ ਅਤੇ ਮੱਥਾ ਟੇਕਦੇ ਸਨ । ਉਹ ਸੂਰਜ-ਸਰੂਪ ਇਸਤਰੀ (ਰਾਧੀ) ਆਪਣੇ ਪਿਤਾ ਤੇ ਪਤੀ ਦੀ ਦੌਲਤ ਅਤੇ ਭੇਟ ਵਿਚ ਮਿਲੇ ਧੰਨ ਵਿੱਚੋਂ ਜ਼ੇਵਰ ਤੇ ਨਕਦੀ ਬੱਦਲ ਦੀ ਬਰਖਾ ਵਾਂਗ ਬਾਜ਼ਾਰ ਤੇ ਗਲੀਆਂ ਦੇ ਰਸਤਿਆਂ ਵਿੱਚ ਲੋੜਵੰਦ ਮੰਗਤਿਆਂ ਦੀਆਂ ਝੋਲੀਆਂ ਵਿੱਚ ਆਪਣੇ ਹੱਥ ਨਾਲ ਸੁੱਟੀ ਜਾਂਦੀ ਸੀ ।

(ਕਵਿਤਾ) ਸੰਸਾਰ ਦੇ ਬਜ਼ੁਰਗ ਛੇਤੀ ਛੇਤੀ ਨਾਲ ਟੁਰੇ ਜਾਂਦੇ ਸਨ ਅਤੇ ਉਸ ਬਹਾਦੁਰ ਇਸਤਰੀ
ਦੀ ਉਪਮਾਂ ਕਰਦੇ ਜਾਂਦੇ ਸਨ ।
ਉਸ ਦਾ ਪਿਤਾ ਨਿਮਾਣਿਆਂ ਵਾਂਗ ਰੋ ਕੁਰਲਾ ਰਿਹਾ ਸੀ ਅਤੇ ਉਸ ਦਾ ਭਰਾ
ਗਰੇਵਾਨ ਤੇ ਦਾਮਨ ਨੂੰ ਫਾੜ ਰਿਹਾ ਸੀ ।
ਉਸ ਦੀਆਂ ਭੈਣਾਂ ਇਕੋ ਜਿਹਾ ਰੋਣਾ ਰੋ ਰਹੀਆਂ ਸਨ,
ਉਨ੍ਹਾਂ ਦੇ ਦਿਲਾਂ ਵਿੱਚੋਂ ਇੱਕੋ ਜਿਹੀ ਆਵਾਜ਼ ਨਿਕਲ ਰਹੀ ਸੀ ।
ਸੀਨਿਆਂ ਵਿੱਚੋਂ ਅਜਿਹੇ ਠੰਢੇ ਹੌਕੇ ਨਿਕਲੇ,
ਤੂੰ ਕਹੇਂਗਾ ਕਿ ਕਿਆਮਤ ਦਾ ਬਾਜ਼ਾਰ ਗਰਮ ਹੋ ਗਿਆ ।
ਸੋਹਣੀ (ਰਾਧੀ) ਬੇਫਿਕਰ ਹੋਈ,
ਟਹਿਲਦੀ ਜਾ ਰਹੀ ਸੀ ਜਿਵੇਂ ਸੁਲੇਮਾਨ ਦੇ ਤਖਤ ਨਾਲ ਪਰੀ ।
ਉਸ ਦਾ ਕੱਦ ਸਰੂ ਵਰਗਾ ਲੰਮਾ ਸੀ
ਅਤੇ ਮੁਖੜਾ ਕਿਆਮਤ ਦੇ ਸੂਰਜ ਵਾਂਗ ਭੱਖ ਰਿਹਾ ਸੀ ।
ਸੂਰਜ ਨੂੰ ਮਾਤ ਕਰਨ ਵਾਲੇ ਉਸ ਦੇ ਚੰਦ ਵਰਗੇ ਚਿਹਰੇ ਨੇ ਕਾਲੀ ਜ਼ੁਲਫ ਨੂੰ
ਸਿਤਾਰਿਆਂ ਨਾਲ ਸਜਾ ਦਿੱਤਾ ।
ਸੂਰਜ ਨਾਲੋਂ ਵਧ ਚਮਕੇ ਚਿਹਰੇ ਦੀਆਂ ਰਿਸ਼ਮਾਂ ਦੂਰੋਂ ਲੋਕਾਂ ਦੀਆਂ
ਅੱਖਾਂ ਵਿਚ ਨੇਜ਼ੇ ਵਾਂਗ ਵੱਜਦੀਆਂ ਸਨ ।
ਉਸ ਸੋਹਣੀ ਦੀ ਉਮਰ ਦੇ ਦਿਨਾਂ ਵਾਂਗ ਮੜ੍ਹੀਆਂ ਦਾ ਰਾਹੀ ਭੀ
ਹੌਲੀ ਹੌਲੀ ਘਟ ਹੋ ਗਿਆ ।

ਜਦੋਂ ਲੋਕੀਂ ਉਸ ਸੁੰਦਰੀ ਦੀ ਚਿਤਾ, ਜਿਸ ਦੇ ਵਾਸਤੇ ਭਾਗਮੱਲ ਦੇ ਤਲਾ ਵਾਲੀ ਮਨਮੋਹਣੀ ਥਾਂ ਨੀਯਤ ਕੀਤੀ ਗਈ ਸੀ, ਦੇ ਕੋਲ ਪੁੱਜੇ ਤਾਂ ਉਨ੍ਹਾਂ ਨੇ ਲਾੜੇ ਤੇ ਲਾੜੀ ਵਾਸਤੇ ਸੰਦਲ ਤੇ ਚੰਦਨ ਦੀਆਂ ਲੱਕੜਾਂ ਦੀ ਇੱਕ ਖੁਲ੍ਹੀ ਡੁੱਲ੍ਹੀ ਚਿਖਾ ਚੰਗੀ ਤਰ੍ਹਾਂ ਬਣਾਈ ਹੋਈ ਵੇਖੀ । ਉਸ ਚਿਖਾ ਵਿਚੋਂ ਅੱਗ ਦੀਆਂ ਲਾਟਾਂ ਉੱਠ ਰਹੀਆਂ ਸਨ । ਚਿਖਾ ਦੀਆਂ ਲਾਟਾਂ ਨੂੰ ਵੇਖ ਕੇ ਉਹ ਸੁੰਦਰੀ ਖੁਸ਼ ਹੋ ਗਈ । ਉਸ ਨੇ 'ਨੂਰ ਜਲਾਲੀ' ਨਾਮੀ ਉਸ ਥਾਂ ਵਿਖੇ ਸੰਮਤ ੧੯੦੨ ਬਿਕਰਮੀ (ਮੁਤਾਬਿਕ ਸੰਨ ੧੮੪੫ ਈ:) ਵਾਲੇ ਸਾਲ ਨਿਵਾਸ ਕੀਤਾ ਜਿਵੇਂ ਕਿ ਕਵੀ ਨੇ ਉਸ ਦੇ ਹਾਲਾਤ ਲਿਖ ਕੇ ਪੂਰੇ ਕੀਤੇ :—

(ਸ਼ਿਅਰ) ਉਨ੍ਹਾਂ ਨੇ ਚੰਦਨ ਦੀ ਲੱਕੜੀ ਦੀ ਬਣੀ ਚਿਖਾ ਨੂੰ ਅੱਗ ਲਾ ਦਿੱਤੀ,
ਉਸ ਵਿਚੋਂ ਧੂੰਆਂ ਤੇ ਅੱਗ ਦੀਆਂ ਲਾਟਾਂ ਉੱਠ ਰਹੀਆਂ ਸਨ ।
ਜਦੋਂ ਉਸ ਲਾਲ ਚਿਹਰੇ ਵਾਲੀ ਵਫਾਦਾਰ ਸਤਵੰਤੀ ਅਤੇ ਪਰੀ ਵਰਗੀ
ਚਮਕਦੀ ਪ੍ਰੇਮਕਾ ਨੇ ਅੱਗ ਦੀਆਂ ਬਹੁਤ ਵੱਡੀਆਂ ਲਾਟਾਂ ਨੂੰ ਹਸਦੇ ਵੇਖਿਆ,
ਮੈਂ ਗਲਤ ਕਹਿ ਗਿਆ,
ਪਿਆਰੇ ਦੇ ਮਿਲਾਪ ਦੀ ਬਸੰਤ ਰੁੱਤ ਵੇਖੀ ਤਾਂ ਉਸ ਨੇ ਸੋਚਿਆ
ਕਿ ਪਵਿੱਤਰ ਅੱਗ ਵਿੱਚ ਮਿੱਟੀ ਘੱਟੇ ਨਾਲ ਲਿਬੜੇ ਹੋਏ

ਸਰੀਰ ਨਾਲ ਜਾਣਾ ਠੀਕ ਨਹੀਂ ।
ਫੁਰਤੀ ਨਾਲ ਪਾਣੀ ਦੇ ਕੰਢੇ ਚਲੀ ਗਈ ਤਾਂ ਕਿ
ਆਪਣੇ ਅੰਦਰ ਲੱਗੀ ਅੱਗ ਨੂੰ ਪਾਣੀ ਨਾਲ ਚਮਕਾਵੇ ।
ਉਸ ਸੁੰਦਰੀ ਨੇ ਪਾਣੀ ਵਿੱਚ ਪੈਰ ਪਾਏ
ਤੂੰ ਕਹੇਂਗਾ ਕਿ ਪਾਣੀ ਦੇ ਅੰਦਰ ਅੱਗ ਡਿੱਗ ਪਈ ।
ਉਸ ਨੇ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਪਾਣੀ ਨਾਲ ਤਰ ਕੀਤਾ
ਅਤੇ ਸੂਰਜਮੁਖੀ ਫੁੱਲ ਵਾਂਗ ਪਾਣੀ 'ਚੋਂ ਬਾਹਰ ਨਿਕਲ ਆਈ ।
ਇਸ ਤੋਂ ਮਗਰੋਂ ਉਸ ਨੇ ਅੱਗ ਦਾ ਸਤਿਕਾਰ ਕਰਨ ਲਈ
ਬਹੁਤ ਤੇਜ਼ੀ ਨਾਲ ਝੁੱਕ ਕੇ ਮੱਥਾ ਟੇਕਿਆ ।
ਉਹ ਅੱਗ ਦੇ ਕੀੜੇ ਵਾਂਗ ਅੱਗ ਵਿੱਚ ਪੈ ਗਈ, ਤੂੰ ਕਹੇਂਗਾ
ਕਿ ਨਿਰਧਨ ਨੂੰ ਸੋਨੇ ਦੀ ਖਾਨ ਮਿਲ ਗਈ ।
ਉਹ ਇਸ ਤਰ੍ਹਾਂ ਮਸਤ ਹੋ ਕੇ ਅੱਗ 'ਚ ਜਾ ਪਈ ਕਿ ਉਸ ਦੀ ਮਸਤੀ ਨੂੰ
ਵੇਖ ਕੇ ਅੱਗ ਡਰ ਗਈ ।
ਉਸ ਨੇ ਪ੍ਰੇਮੀ ਦਾ ਸਿਰ ਗੋਡੇ 'ਤੇ ਧਰਿਆ,
ਉਸ ਦੇ ਹੋਠ ਚੁੰਮੇ ਤੇ ਮੂੰਹ 'ਤੇ ਮੂੰਹ ਰੱਖਿਆ ।
ਉਸ ਨੇ ਪ੍ਰੇਮ ਸਦਕਾ ਪਤੀ ਨੂੰ ਇਸ ਤਰ੍ਹਾਂ ਗਲਵਕੜੀ ਵਿੱਚ ਲਿਆ
ਜਿਵੇਂ ਆਪਣੇ ਸਰੀਰ ਵਿਚੋਂ ਜਾਨ ਕੱਢ ਕੇ ਉਸ ਦੇ ਤਨ ਵਿੱਚ ਪਾ ਦੇਵੇ ।
ਜਦੋਂ ਉਸ ਨੇ ਗਲਵਕੜੀ ਪਾ ਕੇ ਆਪਣਾ ਮਨੋਰਥ ਪੂਰਾ ਕਰ ਲਿਆ
ਤਾਂ ਉਸ ਨੇ ਜ਼ਬਾਨ ਖੋਲ੍ਹ ਕੇ ਲੋਕਾਂ ਲਈ ਜੋਸ਼ ਨਾਲ ਅਰਦਾਸ ਕੀਤੀ ।
"ਐ ਪਰਮਾਤਮਾ !
ਇਨ੍ਹਾਂ ਹਨ੍ਹੇਰੇ ਦਿਨਾਂ ਦੀ ਸ਼ਾਮ ਨੂੰ ਮੇਰੇ ਮਿਲਾਪ ਦੇ
ਦਿਨਾਂ ਦੀ ਸਵੇਰ ਵਾਂਗ ਚਮਕਾ ਦੇਹ ।
ਹਰੇਕ ਸੋਗੀ ਦੀ ਰਾਤ ਨੂੰ ਖਿੜਾ ਦੇ ਅਤੇ ਢੱਠੇ ਦਿਲ ਵਾਲੇ
ਹਰ ਵਿਅਕਤੀ ਨੂੰ ਵੱਧ ਤੋਂ ਵੱਧ ਖੁਸ਼ੀ ਬਖ਼ਸ਼" ।
ਉਸ ਨੇ ਉਸ ਸਮੇਂ ਅੱਗ ਨੂੰ ਕਿਹਾ ਕਿ,
"ਐ ਜਿਗਰ ਨੂੰ ਜਲਾਉਣ ਵਾਲੀ !
ਕ੍ਰਿਪਾ ਕਰਕੇ ਮੇਰੇ ਚਿਹਰੇ ਵਾਂਗ ਭੜਕ ।
ਐਮਨ ਦੀ ਘਾਟੀ ਦਾ ਪੈਂਡਾ ਬਹੁਤ ਲੰਮਾ ਹੈ
ਇਸ ਲਈ ਮੈਨੂੰ ਅੱਗ ਦੀ ਲਾਟ ਦੇ ਖੰਭਾਂ ਦੀ ਥੋੜ੍ਹੀ ਜਿਹੀ ਲੋੜ ਹੈ" ।
ਉਸ ਦੀ ਅਰਦਾਸ ਸਦਕਾ ਅੱਗ ਅਜਿਹੀ ਤੇਜ਼ ਹੋਈ ਕਿ ਅੱਖ ਦੇ ਫੋਰੇ
ਵਿੱਚ ਉਸ ਦੇ ਸਰੀਰ ਨੂੰ ਸਾੜ ਕੇ ਸੁਆਹ ਕਰ ਦਿੱਤਾ ।

ਜਦੋਂ ਉਨ੍ਹਾਂ ਦਾ ਸਿਵਾ ਜਲ ਕੇ ਸੁਆਹ ਦਾ ਢੇਰ ਬਣ ਗਿਆ ਤਾਂ ਉਸ ਦੀ ਸੁਆਹ ਨੂੰ ਗੰਗਾ ਦਰਿਆ ਵਿਖੇ ਲਿਜਾ ਕੇ ਜਲ ਪਰਵਾਹ ਕਰ ਦਿੱਤਾ । ਉਨ੍ਹਾਂ ਦੀ ਮੜ੍ਹੀ ਉੱਤੇ ਛੋਟਾ ਜਿਹਾ ਗੁੰਬਦ ਉਸਰਵਾ ਕੇ ਪੂਜਾ-ਸਥਾਨ ਬਣਾ ਦਿੱਤਾ ਗਿਆ ਹੈ । ਆਮ ਲੋਕੀ ਉੱਥੇ ਜਾ ਕੇ ਰਾਧੀ ਭਗਵਾਨ ਦੇ ਨਾਉਂ 'ਤੇ ਸੁੱਖਾਂ ਸੁਖਦੇ ਹਨ ਅਤੇ ਸਰਬਸ਼ਕਤੀਮਾਨ ਪਰਮਾਤਮਾ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਆਸਾਨ ਬਣਾ ਦਿੰਦਾ ਹੈ । ਸਮਾਪਤ ।

ਗੁਜਰਾਤ ਦੇ ਹਾਕਿਮ

ਗੁਜਰਾਤ ਨਗਰ ਦੇ ਹਾਲਾਤ ਲਿਖਣ ਤੋਂ ਵੇਹਲੇ ਹੋ ਕੇ ਹੁਣ ਇਸ ਚੱਕਲੇ ਦੇ ਹਾਕਮਾਂ ਦੇ ਨਾਉਂ, ਜੋ ਅਕਬਰ ਬਾਦਸ਼ਾਹ ਦੇ ਰਾਜ-ਕਾਲ ਤੋਂ ਇਸ ਸਮੇਂ ਤੱਕ ਹਕੂਮਤ ਦੀ ਗੱਦੀ 'ਤੇ ਸਸ਼ੋਭਤ ਰਹੇ ਹਨ, ਲਿਖਦੇ ਹਾਂ। ਵੇਰਵਾ ਇਸ ਪ੍ਰਕਾਰ ਹੈ :—

ਬਾਦਸ਼ਾਹ ਜਲਾਲ-ਉੱਦੀਨ ਅਕਬਰ ਦੇ ਰਾਜ-ਕਾਲ ਵਿਚ ਸੰਨ ੯੯੭ ਹਿਜਰੀ (ਮੁਤਾਬਿਕ ਸੰਨ ੧੫੮੮-੮੯ ਈ:) ਤੋਂ ਸ਼ੁਰੂ ਕਰਕੇ :—

ਤ੍ਰੈ ਵਿਅੱਕਤੀ ੧੭ ਸਾਲ

੧. ਕਾਸਮ ਖਾਂ ਅਮੀਰ ਕਲਾਂ	੫ ਸਾਲ	
੨. ਕਬੀਰ ਦਾਸ ਖੱਤਰੀ	੧੦ ਸਾਲ	
੩. ਅਬੂ-ਉਲ ਕਾਸਮ ਖਾਜਾ ਸਰਾ	੨ ਸਾਲ	

ਬਾਦਸ਼ਾਹ ਨੂਰਉੱਦੀਨ ਜਹਾਂਗੀਰ ਦੇ ਰਾਜ-ਕਾਲ ਵਿਚ :—

੫ ਵਿਅੱਕਤੀ-੨੧ ਸਾਲ

੧. ਉੱਪਰ ਦੱਸਿਆ ਅਬੂ-ਉਲ ਕਾਸਮ ਖਾਜਾ ਸਰਾ	੩ ਸਾਲ	
੨. ਹਰਬੰਸ ਰਾਏ ਖੱਤਰੀ	੬ ਸਾਲ	
੩. ਅਮਾਨਤ ਰਾਏ ਖੱਤਰੀ	੫ ਸਾਲ	
੪. ਤਖਤ ਮਲ ਖੱਤਰੀ	੪ ਸਾਲ	
੫. ਦਿਲਾਵਰ ਬੇਗ ਮੁਗਲ	੩ ਸਾਲ	

ਸ਼ਾਹ ਜਹਾਨ ਬਾਦਸ਼ਾਹ ਦੇ ਰਾਜ-ਕਾਲ ਵਿਚ :—

੬ ਵਿਅੱਕਤੀ—੩੪ ਸਾਲ ੩ ਮਹੀਨੇ

੧. ਨਵਾਬ ਅਲੀ ਮਰਦਾਨ ਖਾਂ ਦਾ ਗੁਮਾਸ਼ਤਾ ਲਾਲ ਚੰਦ	੪ ਸਾਲ	੩ ਮਹੀਨੇ
੨. ਮੁਰਲੀ ਰਾਮ ਦੀਵਾਨ	੪ ਸਾਲ	
੩. ਮੀਰ ਖਾਂ	੩ ਸਾਲ	
੪. ਰਾਏ ਹਰ ਨਰੈਣ ਕਾਨੂੰਗੋ	੧੦ ਸਾਲ	
੫. ਬਦੀਅ ਜ਼ਮਾ	੬ ਸਾਲ	
੬. ਚੰਦਰ ਸੈਨ ਖੱਤਰੀ	੭ ਸਾਲ	

ਔਰੰਗਜ਼ੇਬ 'ਆਲਮਗੀਰ' ਬਾਦਸ਼ਾਹ ਦੇ ਰਾਜ-ਕਾਲ ਵਿਚ :—

੫੧ ਸਾਲ

੧. ਮੁਹੰਮਦ ਇਸਹਾਕ	੩ ਸਾਲ	
੨. ਮੁਹੰਮਦ ਰਜ਼ਾ	੩ ਸਾਲ	
੩. ਮੁਹੰਮਦ ਤਕੀ	੨ ਸਾਲ	੨ ਮਹੀਨੇ
੪. ਅਮੀਨ ਬੇਗ	੨ ਸਾਲ	
੫. ਸੱਈਅਦ ਜਵਾਦ ਅਤੇ ਸ਼ੇਖ ਮੁਹੰਮਦ ਅੱਲ੍ਹਾ ਦਾਦ (੨ ਵਿਅੱਕਤੀ)	੪ ਸਾਲ	
੬. ਦਿਲਾਵਰ ਬੇਗ	੧ ਸਾਲ	
੭. ਬਹਾਦੁਰ ਖਾਂ ਤੇ ਸ਼ੇਖ ਮੁਹੰਮਦ ਸਰਾਜ (੨ ਵਿਅੱਕਤੀ)	੩ ਸਾਲ	
੮. ਅਬੂ-ਉਲ ਫਤਹਿ	੬ ਸਾਲ	

੯. ਤਕੀ ਬੇਗ	੧ ਸਾਲ	
੧੦. ਜਾਦੂ ਰਾਏ ਖੱਤਰੀ	੫ ਸਾਲ	
੧੧. ਰਜ਼ੀ ਉੱਦੀਨ	੨ ਸਾਲ	
੧੨. ਮੁਹੰਮਦ ਰੁਸਤਮ ਖਾਂ	੯ ਸਾਲ	
੧੩. ਉੱਤਮ ਸਿੰਘ	੩ ਸਾਲ	
੧੪. ਈਜ਼ਦ ਬਖਸ਼	੩ ਸਾਲ	੫ ਮਹੀਨੇ

ਬਹਾਦੁਰ ਸ਼ਾਹ ਬਾਦਸ਼ਾਹ ਦੇ ਰਾਜ-ਕਾਲ ਵਿਚ :—

੧. ਮੁਨਇਮ ਖਾਂ ਗੁਮਾਸ਼ਤਾ	੫ ਸਾਲ	

ਫਰੁਖਸੀਅਰ ਬਾਦਸ਼ਾਹ ਦੇ ਰਾਜ-ਕਾਲ ਵਿਚ :—

੨ ਵਿਅੱਕਤੀ ੬ ਸਾਲ ੬ ਮਹੀਨੇ

੧. ਸੱਈਅਦ ਜਲਾਲ	੨ ਸਾਲ	੬ ਮਹੀਨੇ
੨. ਮੀਰ ਅਹਿਮਦ ਖਾਂ ਤੇ ਰਾਏ ਹਰਕਰਨ ਦਾਸ	੪ ਸਾਲ	

ਮੁਹੰਮਦ ਸ਼ਾਹ ਬਾਦਸ਼ਾਹ ਤੇ ਉਸ ਦੇ ਬੇਟੇ ਅਹਿਮਦ ਸ਼ਾਹ ਦੇ ਰਾਜ-ਕਾਲ ਵਿਚ :—

੧੨ ਸਾਲ ਤੇ ੩੨ ਸਾਲ

੧. ਉਮਰ ਖਾਂ ਤੇ ਸੁੰਦਰ ਦਾਸ	੨ ਸਾਲ	
੨. ਮੀਆਂ ਮੁਸਾਹਿਬ ਬੇਗ	੧ ਸਾਲ	
੩. ਮੁਹੰਮਦ ਅਮੀਨ	੧ ਸਾਲ	
੪. ਸ਼ੇਖ ਫਾਜ਼ਿਲ	—	੬ ਮਹੀਨੇ
੫. ਖਿਰਦਮੰਦ ਖਾਂ	੧ ਸਾਲ	
੬. ਬਖਸ਼ੀ ਰਾਮ ਸਹਾਏ	੯ ਸਾਲ	
੭. ਰਾਜਾ ਗੁਰਦਿੱਤ ਮੱਲ	੭ ਸਾਲ	
੮. ਰਾਏ ਸਾਹਨੀ ਮੱਲ	੧ ਸਾਲ	
੯. ਦਿਆ ਰਾਮ, ਕ੍ਰਿਪਾ ਰਾਮ ਤੇ ਦਿਆਨਤ ਰਾਏ ਖੱਤਰੀ	੧ ਸਾਲ	
੧੦. ਲਾਲਾ ਅਮੀਰ ਸਿੰਘ ਤੇ	੪ ਸਾਲ	
ਲਾਲਾ ਸ਼ਾਮ ਸਿੰਘ	੪ ਸਾਲ	

ਅਹਿਮਦ ਸ਼ਾਹ ਦੁੱਰਾਨੀ ਦੇ ਰਾਜ-ਕਾਲ ਵਿਚ :—

੧੧ ਸਾਲ ੬ ਮਹੀਨੇ

੧. ਯਾਰ ਜੰਗ ਖਾਂ	੧ ਸਾਲ	
੨. ਮੁਹੰਮਦ ਜ਼ੈਨ ਖਾਂ	੧ ਸਾਲ	
੩. ਖੋਜਾ ਮਿਰਜ਼ਾ ਖਾਂ	੧ ਸਾਲ	
੪. ਨੂਰ ਉੱਦੀਨ ਖਾਂ	—	੬ ਮਹੀਨੇ
੫. ਚੌਧਰੀ ਰਹਿਮਤ ਖਾਂ ਵੜਾਇਚ ਅਤੇ ਅੱਲ੍ਹਾ ਦਾਦ ਖਾਂ	੨ ਸਾਲ	
੬. ਰੁਸਤਮ ਖਾਂ	੧ ਸਾਲ	
੭. ਮਨਸਾ ਰਾਮ	—	੬ ਮਹੀਨੇ
੮. ਜੰਗ ਅਲੀ ਖਾਂ	—	੬ ਮਹੀਨੇ
੯. ਜ਼ਅਫਰਾਨ ਖਾਂ	—	੧ ਮਹੀਨਾ

੧੦. ਰਾਏ ਆਤਮ ਰਾਮ 'ਪੁਰੀ'	੨ ਸਾਲ	
੧੧. ਮਕੱਰਬ ਖਾਂ	—	੬ ਮਹੀਨੇ
੧੨. ਪੰਡਤ ਜੀਵਾ ਰਾਮ	—	੬ ਮਹੀਨੇ

ਸ੍ਰ: ਗੁੱਜਰ ਸਿੰਘ ਦੇ ਰਾਜ-ਕਾਲ ਵਿਚ :— ੨੪ ਸਾਲ

੧. ਦੀਵਾਨ ਸੋਭਾ ਰਾਮ 'ਹਾਂਡਾ'	—
੨. ਦੀਵਾਨ ਦਿਲਬਾਗ ਸਿੰਘ	੩ ਸਾਲ
੩. ਦੀਵਾਨ ਸਰਧਾ ਰਾਮ	—

ਸ੍ਰ: ਸਾਹਿਬ ਸਿੰਘ ਪੁੱਤਰ ਸ੍ਰ: ਗੁੱਜਰ ਸਿੰਘ ਦੇ ਰਾਜ-ਕਾਲ ਵਿਚ :— ੨੨ ਸਾਲ

੧. ਦੀਵਾਨ ਰਤਨ ਚੰਦ ਬ੍ਰਾਹਮਣ ਉਰਫ ਵੈਦ	—
੨. ਦੀਵਾਨ ਚੇਤ ਸਿੰਘ ਕਲਾਲ	—
੩. ਦੀਵਾਨ ਮੁਹਕਮ ਚੰਦ ਉਰਫ ਸਰ 'ਖਤਰੀ'	—

ਸਰਕਾਰ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ-ਕਾਲ ਵਿਚ ਸੰਮਤ ੧੮੬੬ ਬਿਕ੍ਰਮੀ ਦੇ ਸ਼ੁਰੂ ਤੋਂ ਸੰਮਤ ੧੯੦੫ ਬਿਕ੍ਰਮੀ ਤੱਕ ਜਿਸ ਵਿਚ ਮਹਾਰਾਜਾ ਦਲੀਪ ਸਿੰਘ ਦਾ ਰਾਜ-ਕਾਲ ਭੀ ਸ਼ਾਮਲ ਹੈ।

੩੯ ਸਾਲ

੧. ਫਕੀਰ ਅਜ਼ੀਜ਼ਉੱਦੀਨ ਤੇ ਖਲੀਫਾ ਨੂਰਉੱਦੀਨ	੨ ਸਾਲ	
੨. ਸੂਬਾ ਸਿੰਘ ਖਤਰੀ ਉਰਫ ਮੈਨੀ	੮ ਸਾਲ	
੩. ਦੀਵਾਨ ਗੰਗਾ ਰਾਮ	੨ ਸਾਲ	
੪. ਆਲਮ ਸਿੰਘ ਤੇ ਲਾਲਾ ਦੇਵੀ ਸਹਾਇ 'ਖੰਨਾ'	੨ ਸਾਲ	
੫. ਭਗਤ ਬਿਸ਼ਨ ਦਾਸ, ਕੰਵਰ ਖੜਕ ਸਿੰਘ ਦਾ ਗੁਮਾਸ਼ਤਾ	੨ ਸਾਲ	
੬. ਦੀਵਾਨ ਕਿਸ਼ਨ ਕੌਰ 'ਵੈਦ'	੧ ਸਾਲ	
੭. ਯੋਗ ਸ਼ਿਵ ਚਰਨ	੧ ਸਾਲ	
੮. ਖਲੀਫਾ ਨੂਰਉੱਦੀਨ	—	੬ ਮਹੀਨੇ
੯. ਮਾਰਟਨ ਨਿਸਾਰਾ (ਫਰੰਗੀ ਸਾਹਿਬ)	੨ ਸਾਲ	
੧੦. ਦੀਵਾਨ ਸ਼ਿਵ ਦਿਆਲ ਤੇ ਮਿਸਰ ਰਾਮ ਕਿਸ਼ਨ	੧ ਸਾਲ	
੧੧. ਜੌਨ ਹੋਮ ਸਾਹਿਬ (ਫਰੰਗੀ)	੧ ਸਾਲ	
੧੨. ਲਾਲਾ ਘਣਈਆ ਲਾਲ 'ਦੁੱਗਲ'	੨ ਸਾਲ	
੧੩. ਲਾਲਾ ਕਾਸ਼ੀ ਨਾਥ ਤੇ ਗੰਡਾ ਸਿੰਘ (ਮਹਾਰਾਜਾ ਗੁਲਾਬ ਸਿੰਘ ਬਹਾਦੁਰ ਦੇ ਅਹਿਲਕਾਰਾਂ ਸਮੇਤ)	੯ ਸਾਲ	
੧੪. ਮਿਸਰ ਅਮਰ ਚੰਦ, ਰਾਜਾ ਲਾਲ ਸਿੰਘ ਦਾ ਭਤੀਜਾ	੨ ਸਾਲ	੬ ਮਹੀਨੇ
੧੫. ਗੋਬਿੰਦ ਜਸ ਖੱਤਰੀ	੨ ਸਾਲ	
੧੬. ਦੀਵਾਨ ਬਿਸ਼ਨ ਸਿੰਘ	੧ ਸਾਲ	

ਭਾਵੇਂ ਪਿਛਲੇ ਸਮਿਆਂ ਵਿਚ ਗੁਜਰਾਤ ਦੇ ਇਲਾਕੇ ਦਾ ਪ੍ਰਬੰਧ ਚਲਾਉਣ ਵਿਚ ਸਾਰੇ ਵਿਅੱਕਤੀ ਚੰਗਾ ਨਾਮ ਖੱਟ ਗਏ ਹਨ ਪਰੰਤੂ ਅੱਜ ਕੱਲ੍ਹ ਉੱਚੀ ਸ਼ਾਨ ਵਾਲੇ ਅੰਗਰੇਜ਼ਾਂ, ਜੋ ਗੁਣਵਾਨਾਂ ਦੇ ਕਦਰਦਾਨ ਤੇ ਚੰਗੇ ਪਾਰਖੂ ਹਨ, ਦੇ ਰਾਜ-ਕਾਲ ਵਿਚ ਉੱਚੇ ਰੁਤਬੇ ਵਾਲਾ ਮੀਆਂ ਮੁਹੰਮਦ ਬਖ਼ਸ਼, ਜੋ ਗੁਜਰਾਤ ਦੇ ਇਲਾਕੇ ਦਾ ਤਹਿਸੀਲਦਾਰ (ਹਾਕਮ) ਨਿਯੁੱਕਤ ਹੈ, ਕਈ ਪ੍ਰਕਾਰ ਦੇ ਗੁਣਾ ਕਰਕੇ ਉਹ ਦੂਜਿਆਂ ਨਾਲੋਂ

ਸਿਰ-ਕੱਢ ਹੈ। ਉਹ ਆਚਰਣਕ ਗੁਣਾਂ ਅਤੇ ਦਿਆਲੂ ਸੁਭਾ ਸਦਕਾ ਲੋਕ-ਪ੍ਰਿਯ ਹੈ। ਬਹੁਤ ਵੱਡੇ ਇਲਾਕੇ ਦੇ ਪ੍ਰਬੰਧ, ਬਹੁਤ ਜ਼ਿਆਦਾ ਰੁਝੇਵਿਆਂ ਤੇ ਸਰਕਾਰੀ ਕੰਮਾਂ ਧੰਧਿਆਂ ਦੇ ਹੁੰਦੇ ਹੋਏ ਭੀ ਅਦਭੁੱਤ ਹੁਨਰਾਂ ਦੀ ਗ੍ਰਹਿਣਤਾ, ਚੰਗੀਆਂ ਪੁਸਤਕਾਂ ਦਾ ਅਧਿਅਨ, ਅੰਗਰੇਜ਼ੀ ਕਾਨੂੰਨ ਨੂੰ ਜ਼ਬਾਨੀ ਯਾਦ ਰੱਖਣਾ, ਸ਼ਾਸ਼ਨ ਦੀ ਪਾਬੰਦੀ, ਗਣਿਤ ਵਿਦਿਆ ਦੇ ਨਿਯਮਾਂ ਦੀ ਘੋਖ, ਇਤਿਹਾਸ, ਸੂਚਨਾ ਪ੍ਰਾਪਤੀ ਤੇ ਹੋਰ ਲਿਖਤਾਂ ਦੀ ਜਾਣਕਾਰੀ ਅਤੇ ਬਾਦਸ਼ਾਹਾਂ ਦੇ ਦਸਤੂਰਾਂ ਤੇ ਨੇਕ ਅਮਲਾਂ ਸੰਬੰਧੀ ਪੁਸਤਕਾਂ ਦਾ ਪਰਸਾਰ ਉਸ ਦੇ ਵੱਡੇ ਦਿਲ ਦੇ ਮਨਪਰਚਾਵੇ ਸਨ।

(ਸ਼ਿਅਰ) ਉਸ ਦੀ ਕਾਵਿ-ਸੂਝ ਬੁੱਧ ਸਿਤਾਰੇ ਨੂੰ ਮਾਤ ਕਰਦੀ ਹੈ
ਉਸ ਦੇ ਨੂਰਾਨੀ ਦਿਲ ਦੇ ਸਾਹਮਣੇ ਸੂਰਜ ਈਰਖਾ ਨਾਲ ਜਲਦਾ ਹੈ।
ਪਹਿਲੀ ਰਾਤ ਦਾ ਚੰਦ ਉਸ ਦੇ ਖਿੜੇ ਮੱਥੇ ਦੇ ਮੁਕਾਬਲੇ 'ਚ
ਕਿਆਮਤ ਤੱਕ ਨਹੀਂ ਆ ਸਕਦਾ।

ਉਸ ਦੀ ਮਿੱਠੀ ਮੁਸਕਾਣ ਤੇ ਰੌਚਕ ਵਾਰਤਾਲਾਪ ਦੇ ਵਾਰੇ ਜਾਈਏ! ਉਸ ਦੀ ਜਾਦੂ ਭਰੀ ਬੋਲ-ਚਾਲ ਇਸ ਅਰਬੀ ਕਥਨ ਅਰਥਾਤ "ਲੋਕ ਰੱਬ ਦੇ ਅਖ਼ਲਾਕ਼ ਦੀ ਪੈਰਵੀ ਕਰਦੇ ਹਨ" ਅਤੇ ਉਸ ਦੀ ਰਸੀਲੀ ਜ਼ਬਾਨ ਇਸ ਅਰਬੀ ਕਥਨ "ਅਲ੍ਹਾ ਦੀ ਜ਼ਬਾਨ ਸਭ ਨਾਲੋਂ ਮਿੱਠੀ ਹੈ" ਤੋਂ ਮਿਠਾਸ ਗ੍ਰਹਿਣ ਕੀਤੀ ਹੈ। ਜ਼ਹਿਰ ਭਰੀਆਂ ਕੌੜੀਆਂ ਗੱਲਾਂ ਜੇਕਰ ਉਸ ਦੇ ਬੁਲ੍ਹਾਂ ਤੋਂ ਲੰਘ ਜਾਣ ਤਾਂ ਮਿੱਠੀਆਂ ਹੋ ਜਾਂਦੀਆਂ ਹਨ। ਜਿਸ ਨੇ ਉਸ ਦਾ ਚਿਹਰਾ ਨਹੀਂ ਵੇਖਿਆ ਉਸ ਨੇ ਕੀ ਵੇਖਿਆ? ਜਿਸ ਨੇ ਉਸ ਦੀ ਵਾਰਤਾਲਾਪ ਨਹੀਂ ਸੁਣੀ, ਉਸ ਨੇ ਕੀ ਸੁਣਿਆਂ?

ਸਚਾਈ ਦੀ ਕਸਮ ਕਿ ਇਸ ਕਥਨ ਵਿਚ ਕੋਈ ਬਨਾਵਟ ਤੇ ਦਿਖਾਵਾ ਨਹੀਂ ਹੈ। ਸਗੋਂ ਕਿਸੇ ਭੀ ਇਤਿਹਾਸ ਵਿਚ ਕਿਸੇ ਇਤਿਹਾਸਕਾਰ ਨੇ ਉਸ ਵਰਗੇ ਸ਼ਰੋਮਣੀ ਕਵੀ, ਸਰਬ ਗਿਆਤਾ ਤੇ ਸੂਝਵਾਨ ਹਾਕਮ ਬਾਰੇ ਨਹੀਂ ਲਿਖਿਆ ਹੈ। ਇਹੋ ਕਾਰਨ ਹੈ ਕਿ ਉੱਚੇ ਇਕ਼ਬਾਲ ਵਾਲੇ ਅਤੇ ਭਾਰਤ ਤੇ ਇੰਗਲਿਸਤਾਨ ਦੇ ਮਾਲਕ ਅੰਗਰੇਜ਼ ਉਸ ਦੀ ਸਰਪਰਸਤੀ ਨੂੰ ਦਿਨ ਰਾਤ ਆਪਣਾ ਦਿਲੀ ਮਨੋਰਥ ਬਣਾਈ ਰੱਖਦੇ ਹਨ। ਆਸ ਹੈ ਕਿ ਉਸ ਨੂੰ ਗਿਣਵੇਂ ਦਿਨਾਂ ਵਿਚ ਹੀ ਉੱਚੇ ਅਹੁਦੇ ਅਤੇ ਬਹੁਤ ਵੱਡੇ ਰੁਤਵੇ 'ਤੇ ਪਹੁੰਚਾ ਦੇਣਗੇ ਕਿਉਂਕਿ ਉਹ ਯੋਗ ਤੇ ਹੁਸ਼ਿਆਰ ਵਿਅੱਕਤੀ ਹੈ ਅਤੇ ਅੰਗਰੇਜ਼ਾਂ ਦੇ ਸੁਭਾ ਤੋਂ ਜਾਣੂ ਹੈ ਸਮਾਪਤ।

ਇਕ ਹੋਰ ਨੱਗਰ ਡਿੰਗਾ ਹੈ ਜੋ ਪਹਿਲਾਂ ਸ਼ਾਹਜਹਾਨਪੁਰ ਦੇ ਨਾਂ ਨਾਲ ਬਾਲਾ ਦੇ ਤਪੇ ਦੇ ਪ੍ਰਬੰਧ ਹੇਠ ਇਕ ਛੋਟਾ ਪਿੰਡ ਸੀ। ਉਥੋਂ ਦੇ ਮੁਕੱਦਮ ਚੌਧਰੀ ਵਲੀ ਦਾਦ ਨੇ ਖੱਤਰੀਆਂ ਤੇ ਕਾਰੀਗਰ ਵਿਅੱਕਤੀਆਂ ਨੂੰ ਹਰ ਪਾਸਿਉਂ ਇਕੱਠੇ ਕਰਕੇ ਉੱਥੇ ਵਸਾਇਆ। ਇਸੇ ਕਰਕੇ ਇਹ ਪ੍ਰਸਿੱਧ ਨੱਗਰ ਬਣ ਗਿਆ ਹੈ। ਮਹਾਰਾਜਾ ਗੁਲਾਬ ਸਿੰਘ ਜੰਮਵਾਲ ਨੇ ਆਪਣੇ ਰਾਜ-ਕਾਲ ਵਿਚ ਉੱਥੇ ਮਹਾਂਦੇਵ ਦਾ ਇਕ ਮੰਦਰ ਸੰਮਤ ੧੮੯੬ ਬਿਕਰਮੀ ਵਿਚ ਬਣਵਾ ਕੇ ਹਿੰਦੂਆਂ ਲਈ ਪੂਜਾ-ਅਸਥਾਨ ਨੀਯਤ ਕੀਤਾ। ਉਸ ਨੱਗਰ ਦੇ ਵਸਨੀਕਾਂ ਵਿਚੋਂ ਲਾਲਾ ਜੱਸੂ ਮੱਲ ਵਕੀਲ ਭਲਾ ਮਾਣਸ ਤੇ ਸਰਕਾਰ ਦਾ ਵਾਕਿਫਕਾਰ ਸੀ। ਲਾਲਾ ਗੰਡਾ ਮਲ 'ਬਹਿਲ' ਭੀ ਸਰਕਾਰ ਦਾ ਕਾਰਿੰਦਾ ਸੀ। ਸਮਾਪਤ।

ਆਲਮ ਗੜ੍ਹ ਤਪਾ ਆਕਿਆ ਵਿਚ ਇਕ ਪਿੰਡ ਹੈ। ਉਸ ਥਾਂ ਦੇ ਵਾਰਿਸ ਬ੍ਰਹਮ ਦਾਸ ਤੇ ਰਾਏ ਚੰਦ ਦੀ ਸੰਤਾਨ ਵਿੱਚੋਂ 'ਸੋਬਤੀ' ਖੱਤਰੀ ਹਨ। ਹਜ਼ਰਤ ਮੁਹੰਮਦ ਅਕਬਰ ਬਾਦਸ਼ਾਹ ਜਦੋਂ ਪਹਿਲੀ ਵਾਰ ਕਸ਼ਮੀਰ ਦੀ ਸੈਰ ਲਈ ਗਿਆ ਤਾਂ ਉਸ ਨੇ ਉਸ ਥਾਂ ਚੌਖੰਡੀ ਨਾਂ ਦਾ ਵਿਸ਼ਰਾਮ-ਘਰ ਉਸਰਵਾਇਆ ਤੇ ਉਸ ਨੂੰ ਪੱਕੇ ਪੜਾਉ ਦੀ ਨਿਸ਼ਾਨੀ ਬਣਾ ਦਿੱਤਾ ਜੋ ਇਸ ਵੇਲੇ ਢੱਠਾ ਪਿਆ ਹੈ। ਕੋਟ ਮੀਰ ਹੁਸੈਨ ਤੇ ਚੌਧੋਵਾਲ ਦੇ ਨੇੜੇ ਹਜ਼ਰਤ ਹਾਫਿਜ਼ ਹਯਾਤ ਦੀ ਖਾਨਗਾਹ ਹੈ ਜੋ ਅਹਿਮਦ ਸ਼ਾਹ ਦੇ ਰਾਜ-ਕਾਲ ਵਿਚ ਖੁਦਾਰਸੀਦਾ ਵਿਅੱਕਤੀ ਸੀ ਅਤੇ ੧੧੮੫ ਹਿਜਰੀ ਵਾਲੇ ਸਾਲ ਕੂਚ ਕਰ ਗਿਆ। ਉਸ ਦੇ ਦਰਵੇਸ਼ ਚੇਲੇ

ਅੱਜ ਤੱਕ ਆਪਣੇ ਹੱਥੀਂ ਖੇਤੀ ਕਰਕੇ ਸੰਝ ਸਵੇਰੇ ਪਾਂਧੀਆਂ ਲਈ ਲੰਗਰ ਚਲਾਉਂਦੇ ਹਨ। ਉੱਥੇ ਹਰ ਸਾਲ ਇਕ ਵਾਰ ਮੁਹੱਰਮ ਮਹੀਨੇ ਦੀ ਉੱਨੀ ਤ੍ਰੀਕ ਨੂੰ ਇਕ ਵੱਡਾ ਮੇਲਾ ਲੱਗਦਾ ਹੈ। ਤਪਾ ਛੱਛਾਂ ਦੇ ਇਲਾਕੇ ਵਿਚ ਮੋਠਾ ਸਆਦ ਉੱਦੀਨ ਦੇ ਰਕਬੇ ਵਿਚ ਇਕ ਪਿੰਡ ਟਾਂਡਾ ਹੈ ਜਿਹੜਾ ਲੁਬਾਣਾ ਕੌਮ ਦੇ ਲੋਕਾਂ ਦੇ ਰਹਿਣ ਕਰਕੇ ਪ੍ਰਸਿੱਧ ਹੈ। ਹੈਰਾਤ ਪ੍ਰਗਣੇ ਦੇ ਪ੍ਰਬੰਧ ਹੇਠ ਤਪਾ ਜੀਉ ਵੜਾਇਚ ਵਿਚ ਭਾਗੋਵਾਲ ਇਕ ਵੱਡਾ ਪਿੰਡ ਹੈ। ਉੱਥੇ ਚੌਧਰੀ ਮੁਲਾਇਮ ਖਾਂ ਪ੍ਰਸਿੱਧ ਵਿਅੱਕਤੀ ਹੋਇਆ ਹੈ ਅਤੇ ਉੱਥੇ ਬਾਹਲੇ ਖੱਤਰੀ ਲੋਕ ਰਹਿੰਦੇ ਹਨ।

ਛੋਟੇ ਨੱਗਰ ਜਿਹਾ ਇਕ ਵੱਡਾ ਪਿੰਡ ਲੱਖਣਵਾਲ ਹੈ ਜਿਥੇ ਆਮ ਕਰਕੇ 'ਬਵੰਜਾਹੀ' ਖੱਤਰੀ ਰਹਿੰਦੇ ਹਨ ਅਤੇ ਉਥੇ ਦਾ ਮੁਕੱਦਮ ਚੌਧਰੀ ਫਤਹਿ ਮੁਹੰਮਦ ਇਕ ਭਲਾਮਾਣਸ ਆਦਮੀ ਹੋਇਆ ਹੈ।

ਜਲਾਲ ਪੁਰ ਨੱਗਰ ਇਕ ਛੋਟਾ ਜਿਹਾ ਸ਼ਹਿਰ ਹੈ। ਉਥੇ ਹਰ ਵਰਗ ਦੇ ਖੱਤਰੀ ਅਤੇ ਹਰੇਕ ਧੰਧਾ ਕਰਨ ਵਾਲੇ ਕਾਰੀਗਰ ਰਹਿੰਦੇ ਹਨ। ਸ਼ੁਰੂ ਵਿਚ ਤਪਾ ਜੀਉ ਵੜਾਇਚ ਦੇ ਪ੍ਰਬੰਧ ਹੇਠ ਬਿੰਦਰਾਬਨ ਪੁਰ ਸੋਖਾ ਦੇ ਇਲਾਕੇ ਵਿਚ ਇਹ ਇਕ ਛੋਟਾ ਜਿਹਾ ਪਿੰਡ ਸੀ। ਜਦੋਂ ਉਥੋਂ ਦਾ ਵਸਨੀਕ ਜ਼ਿਮੀਂਦਾਰ ਚੌਧਰੀ ਰਹਿਮਤ ਖਾਂ ਵੜਾਇਚ ਉਥੋਂ ਦਾ ਆਗੂ ਬਣਿਆਂ ਤੇ ਉਸ ਨੇ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦੇ ਰਾਜ-ਪ੍ਰਬੰਧ ਵਿਚ ਹੈਰਾਤ ਤੇ ਗੁਜਰਾਤ ਦੇ ਪਰਗਣਿਆਂ ਦੇ ਸਾਰੇ ਇਲਾਕਿਆਂ ਦੀ ਚਕਬੰਦੀ ਕਰਨ ਦਾ ਠੇਕਾ ਲਿਆ ਤਾਂ ਉਸ ਨੇ ਲੋਕਾਂ ਦੀ ਦਿਲਜੋਈ ਕਰਕੇ ਉਨ੍ਹਾਂ ਨੂੰ ਜਲਾਲਪੁਰ ਵਿਚ ਵਸਾਇਆ। ਖਾਸ ਕਰਕੇ ਜਦੋਂ ਸਿੱਖਾਂ ਨੇ ਗੁਜਰਾਤ ਸ਼ਹਿਰ ਨੂੰ ਉਜਾੜਿਆ ਉਸ ਵੇਲੇ ਜਲਾਲਪੁਰ ਵਿਖੇ ਬਹੁਤ ਲੋਕੀਂ ਉੱਪਰ ਦੱਸੇ ਚੌਧਰੀ ਦੀ ਛਤਰ ਛਾਇਆ ਹੇਠ ਜਾ ਵਸੇ। ਉਸਤਤਯੋਗ ਚੌਧਰੀ ਨੇ ਸੰਨ ੧੧੭੨ ਹਿਜਰੀ (ਮੁਤਾਬਿਕ ਸੰਨ ੧੭੫੮-੫੯ ਈ:) ਵਾਲੇ ਸਾਲ ਕੁਲਾਚੌਰ ਥੇਹ ਦੇ ਲਾਗੇ ਆਪਣੇ ਪਿਤਾ ਦੇ ਨਾਉਂ 'ਤੇ ਕਿਲ੍ਹਾ ਇਸਲਾਮ ਗੜ੍ਹ ਉਸਰਵਾਇਆ ਅਤੇ ਮਸੀਤ ਤੇ ਖੂਹ ਬਣਵਾਏ। ਕਿਲ੍ਹੇ ਦੇ ਹੇਠਾਂ ਦੁਵਾੜਾ ਨਦੀ ਦੇ ਕੰਢੇ 'ਤੇ ਬੇਰੀਆਂ ਦਾ ਬਾਗ਼ ਹੈ। ਕਿਲ੍ਹੇ ਦੇ ਵਿਚਕਾਰ ਭੀ ਖੱਤਰੀਆਂ ਤੇ ਬ੍ਰਾਹਮਣਾਂ ਆਦਿ ਦੀ ਕਾਫੀ ਆਬਾਦੀ ਹੋ ਗਈ ਹੈ। ਪੰਜਾਬੀ ਦੇ ਕਿੱਸੇ 'ਕਾਮ ਰੂਪ' ਦਾ ਕਰਤਾ ਪੰਜਾਬੀ ਕਵੀ ਮੀਆਂ ਅਹਿਮਦ ਯਾਰ ਇਸੇ ਇਸਲਾਮ ਗੜ੍ਹ ਦਾ ਹੋਇਆ ਹੈ। ਹੁਣ ਉਹ ਕੁਝ ਸਮੇਂ ਤੋਂ ਗੁਜਰਾਤ ਤੋਂ ਖੱਬੇ ਪਾਸੇ ਪਿੰਡ ਮੁਰਾਲਾ ਵਿਚ ਜਾ ਕੇ ਰਹਿਣ ਲੱਗ ਪਿਆ ਹੈ। ਸਮਾਪਤ।

ਕੁਲਾਚੌਰ ਸਲਾਮਗੜ੍ਹ ਦੇ ਨਾਲ ਲਗਦਾ ਇਕ ਪਿੰਡ ਹੈ। ਕਹਿੰਦੇ ਹਨ ਕਿ ਕੁਲਾਚੌਰ ਪਿੰਡ ਪਿਛਲੇ ਸਮਿਆਂ ਵਿਚ ਵੱਡਾ ਸ਼ਹਿਰ ਸੀ। ਕੁਲਾ ਚੰਦ ਨਾਮੀਂ ਰਾਜੇ ਨੇ ਉਸ ਥਾਂ ਨੂੰ ਆਬਾਦ ਕੀਤਾ। ਸਲਾਮ ਗੜ੍ਹ ਦਾ ਇਹ ਥੇਹ ਰਾਜੇ ਵਾ ਵੱਡਾ ਮਹੱਲ ਸੀ। ਇਸੇ ਕਰਕੇ ਉਥੋਂ ਅੱਜ ਤੱਕ ਵੱਡੀਆਂ ਵੱਡੀਆਂ ਇੱਟਾਂ ਨਿਕਲਦੀਆਂ ਹਨ। ਸ਼ਹਿਰ ਜਲਾਲਪੁਰ ਤੇ ਸਲਾਮਗੜ੍ਹ ਦੇ ਹੇਠਾਂ ਦੁਵਾੜਾ ਨਾਮੀਂ ਇਕ ਨਦੀ ਵਹਿੰਦੀ ਹੈ ਪਰੰਤੂ ਉਸ ਵਿਚ ਬਰਸਾਤ ਦੇ ਦਿਨਾਂ ਵਿਚ ਹੀ ਪਾਣੀ ਹੁੰਦਾ ਹੈ। ਦੀਵਾਨ ਸ਼ਿਵ ਨਾਥ 'ਹਾਂਡਾ' ਜਲਾਲਪੁਰ ਦੇ ਵਸਨੀਕਾਂ ਵਿਚੋਂ ਸੀ ਜੋ ਚੌਧਰੀ ਰਹਿਮਤ ਖਾਂ ਦਾ ਸ਼ੁਭਚਿੰਤਕ ਹੋਣ ਕਰਕੇ ਉਸ ਦੇ ਨਾਲ ਰੁਹਤਾਸ ਕਿਲ੍ਹੇ ਵਿਚ ਨਵਾਬ ਬੁਲੰਦ ਖਾਂ ਦੇ ਹਥੋਂ ਮਾਰਿਆ ਗਿਆ। ਇਸ ਪਿੰਡ ਦੇ ਪੁਰਾਣੇ ਵਸਨੀਕ 'ਸੇਠੀ', 'ਸੂਰੀ', 'ਉੱਪਲ', 'ਭੱਲਾ' ਤੇ 'ਮਹਿਤਾ' ਆਦਿ ਜ਼ਾਤਾਂ ਦੇ ਖੱਤਰੀ ਹਨ। ਲਾਲਾ ਸਹਿਜ ਰਾਮ 'ਉੱਪਲ' ਸੰਮਤ ੧੮੪੦ ਬਿਕਰਮੀ ਵਿਚ ਗੰਗਾ ਦਰਿਆ ਦੇ ਕੰਢੇ ਵਸੇ ਸ਼ਹਿਰ ਹਰਿਦੁਆਰ ਵਿਖੇ ਜਾ ਕੇ ਮਰ ਗਿਆ। ਉਸ ਦੀ ਸਕੀ ਬੇਟੀ ਇਸ ਦਾਸ ਦੀ ਮਾਂ ਹੈ। ਇਸ ਸਮੇਂ ਸ਼ਹਿਰ ਦੇ ਪੰਚਾਂ ਵਿਚੋਂ ਸੁਲਤਾਨ ਸਿੰਘ 'ਸੇਠੀ', ਨਰੈਣ ਮੰਗਲ, ਰਾਮ ਕੌਰ 'ਵਿਜ', ਕੋਟੀਮਲ, ਘਨੱਈਆ ਮਲ 'ਮਹਿਰਾ' ਉਰਫ 'ਬਾਹਰੀ', ਧਾਰੀਮਲ 'ਭਸੀਣ', ਮੂਲਰਾਜ 'ਮਲਹੋਤਰਾ', ਗਣੇਸ਼ ਦਾਸ, ਆਤਮਾ ਰਾਮ 'ਮਹਿਤਾ' ਤੇ ਮੋਤੀ ਰਾਮ 'ਭੱਲਾ' ਪ੍ਰਸਿੱਧ ਹਨ। ਨੌਕਰੀ-ਪੇਸ਼ਾ ਵਡੇ ਆਦਮੀਆਂ ਵਿਚੋਂ ਦੀਵਾਨ ਰਤਨ ਚੰਦ ਤੇ ਕਿਸ਼ਨ ਕੌਰ ਬ੍ਰਾਹਮਣ 'ਵੈਦ' ਸਾਊ ਵਿਅੱਕਤੀ ਸਨ। ਮਹਿਤਾ ਖਿਆਲੀ ਰਾਮ, ਮਿਸਰ ਨਵਾਹੂ ਰਾਮ ਅਤੇ ਭਾਈ

ਰਾਮ ਜੀ ਮੱਲ 'ਦੇਵਾਲਾ' ਸਾਂਈਂ-ਲੋਕ ਤੇ ਤਪੱਸਵੀ ਹੋਏ ਹਨ। ਕੋਟੂ 'ਬਾਹਰੀ', ਦੀਵਾਨ ਰਤਨ ਚੰਦ 'ਵੈਦ' ਤੇ ਰਾਮ ਕੌਰ 'ਵਿਜ' ਦੇ ਛੋਟੇ ਬਗੀਚੇ ਦੁਵਾੜਾ ਨਦੀ 'ਤੇ ਹਨ। ਮੀਆਂ ਗ਼ੁਲਾਮ ਕ਼ਾਦਰ 'ਨਜ਼ਮੀ' ਫ਼ਾਰਸੀ ਕਵਿਤਾ ਕਹਿਣ, ਹਿੰਦੀ ਗਦ ਰਚਨਾ ਕਰਨ, ਆਮ ਪ੍ਰਚਲਤ ਪੁਸਤਕਾਂ ਦਾ ਜਾਣੂ, ਸੁੰਦਰ ਲਿਖਾਈ ਕਰਨ ਅਤੇ ਚਿੱਠੀਆਂ ਲਿਖਣ ਵਿਚ ਕਮਾਲ ਦਾ ਪ੍ਰਬੀਨ ਸੀ। ਉਹ ਸੰਨ ੧੨੪੪ ਹਿਜਰੀ ਵਾਲੇ ਸਾਲ ਚਲ ਵਸਿਆ। ਸਮਾਪਤ।

ਉਥੇ ਬਾਰੂ ਨਾਮੀਂ ਹੀਜੜਾ ਭੀ ਹੋਇਆ ਹੈ ਜੋ ਖੁਸਰਿਆਂ ਵਾਂਗ ਨੱਚਣ ਦੀ ਕਲਾ ਅਤੇ ਚੁਟਕਲੇ ਘੜ੍ਹਨ ਵਿਚ ਲਾਸਾਨੀ ਸੀ। ਜਲਾਲਪੁਰ ਵਿਚ ਉਸ ਦੀ ਮਸੀਤ ਉਸ ਦੀ ਨਿਸ਼ਾਨੀ ਵਜੋਂ ਅੱਜ ਤੱਕ ਕਾਇਮ ਹੈ ਅਤੇ ਉਥੇ ਉਸ ਦੇ ਬਹੁਤ ਸਾਰੇ ਚੇਲੇ ਹਨ। ਜਲਾਲਪੁਰ ਵਿਖੇ ਬਾਬਾ ਸੇਲਾ ਅਤੇ ਬਖਤ ਮਲ 'ਸੂਰੀ' ਨਾਨਕਸ਼ਾਹੀ ਅਥਵਾ ਰਮਦਾਸ (ਸ਼ਾਹੀ) ਉਦਾਸੀ ਸਾਧੂ ਹੋਏ ਹਨ। ਆਮ ਹਿੰਦੂ ਵਿਅੱਕਤੀ ਉਨ੍ਹਾਂ ਦੇ ਸ਼ਰਧਾਲੂ ਹਨ। ਉਨ੍ਹਾਂ ਦੀ ਸੰਤਾਨ ਅੱਜ ਤੱਕ ਉਥੇ ਉਨ੍ਹਾਂ ਦੀ ਗੱਦੀ 'ਤੇ ਸਸ਼ੋਭਤ ਹੈ। ਜਲਾਲਪੁਰ ਦੇ ਨਾਲ ਲੱਗਦਾ ਇਕ ਪਿੰਡ ਅਨੰਦਪੁਰ ਪੁਰਾਣੇ ਸਮਿਆਂ ਤੋਂ ਉਨ੍ਹਾਂ ਦੀ ਜ਼ਰਖਰੀਦ ਹੈ ਅਤੇ ਧਾਰਮਿਕ ਆਗੂ ਹੋਣ ਕਰਕੇ ਇਸ ਪਿੰਡ ਦਾ ਲਗਾਨ ਉਨ੍ਹਾਂ ਨੂੰ ਅੱਜ ਤੱਕ ਮਾਫ ਹੈ। ਸਮਾਪਤ।

ਤਪਾ ਜੀਉਵੜਾਇਚ ਵਿਚ ਕਸਬਾ ਰਲਿਆਲਾ ਝਨਾਂ ਦਰਿਆ ਦੇ ਕੰਢੇ 'ਤੇ ਇਕ ਸ਼ਹਿਰ ਸੀ। ਇਸ ਸ਼ਹਿਰ ਵਿਚ ਉੱਚੇ ਉੱਚੇ ਮਕਾਨ ਤੇ ਮਨਮੋਹਣੇ ਬਾਗ਼ ਸਨ। ਇਸ ਨਗਰ ਵਿਚ ਧੰਨਵਾਨਾ, ਕਾਜ਼ੀਆਂ, ਮੋਹਨ ਦਾਸ ਆਦਿ ਦੀ ਸੰਤਾਨ ਵਿਚੋਂ ਕਾਨੂੰਗੋਆਂ ਅਤੇ ਕਾਫੀ ਗਿਣਤੀ ਵਿਚ ਕਾਰੀਗਰਾਂ ਦੇ ਘਰ ਸਨ। ਸੋਹਣੀ ਤੇ ਮਾਹੀਵਾਲ ਦੀ ਜਿਹੜੀ ਕਹਾਣੀ ਅਸੀਂ ਗੁਜਰਾਤ ਦੇ ਬਿਆਨ ਵਿਚ ਲਿਖੀ, ਉਹ ਇਸੇ ਰਲਿਆਲੇ ਵਿਚ ਹੀ ਇਸ਼ਕ ਬਾਜ਼ੀ ਦੀ ਪੀਂਘ ਚੜਾਉਂਦੇ ਰਹੇ ਸਨ। ਕਹਿੰਦੇ ਹਨ ਕਿ ਸੋਹਣੀ ਦੀ ਦੁਰ ਸੀਸ ਕਾਰਨ ਦਰਿਆ ਇਸ ਨੱਗਰ ਨੂੰ ਰੋੜ੍ਹ ਕੇ ਲੈ ਗਿਆ ਹੈ। ਇਸ ਸਮੇਂ ਉਸ ਨੱਗਰ ਦਾ ਕੋਈ ਨਿਸ਼ਾਨ ਬਾਕੀ ਨਹੀਂ ਹੈ।

ਤਪਾ ਜੀਉਵੜਾਇਚ ਵਿਚ ਦਰਿਆ ਦੇ ਕੰਢੇ 'ਤੇ ਕੋਠਾਲਾ ਘੁਮਾਂ ਇਕ ਵੱਡਾ ਪਿੰਡ ਸੀ ਜਿਸ ਨੂੰ ਦਰਿਆ ਰੋੜ੍ਹ ਕੇ ਲੈ ਗਿਆ। ਇਸ ਸਮੇਂ ਉਸ ਦੀ ਧਰਤੀ ਦਰਿਆ ਦੇ ਦੂਜੇ ਬੰਨੇ ਸੋਹਦਰਾ ਵਾਲੇ ਪਾਸੇ ਪਾਣੀ 'ਚੋਂ ਬਾਹਰ ਨਿਕਲ ਆਈ ਹੈ ਅਤੇ ਛੋਟਾ ਜਿਹਾ ਪਿੰਡ ਆਬਾਦ ਹੋ ਗਿਆ ਹੈ। ਪਿੰਡ ਰਾਜਾ ਖੁੰਮਣ, ਰਾਏਜ਼ਾਦਾ ਕੇ ਤੇ ਬਾਕਰੀਆਂ ਪਿੰਡਾਂ ਨੂੰ ਭੀ ਦਰਿਆ ਰੋੜ੍ਹ ਕੇ ਲੈ ਗਿਆ ਸੀ। ਇਹ ਪਿੰਡ ਸੋਹਦਰੇ ਵਿਚ ਸ਼ਾਮਲ ਹੋ ਗਏ ਹਨ।

ਗੁਜਰਾਤ ਨਗਰ ਦੇ ਨਾਲ ਲੱਗਦਾ ਤਪਾ ਜੀਉਵੜਾਇਚ ਦਾ ਇਕ ਪਿੰਡ ਕਾਲੜਾ ਹੈ ਜੋ ਦੀਵਾਨ ਸਿੰਘ ਦੀ ਰਿਹਾਇਸ਼ ਸਦਕਾ ਪ੍ਰਸਿੱਧ ਹੋਇਆ ਹੈ।

ਮੱਖੋਵਾਲ ਇਕ ਵੱਡਾ ਪਿੰਡ ਹੈ। ਉੱਥੇ ਹੀ ਚੌਧਰੀ ਮੁਬਾਰਿਕ ਨੇਕ ਵਿਅੱਕਤੀ ਹੋਇਆ ਹੈ। ਅੱਜ ਕੱਲ੍ਹ 'ਸਰੀਨ' ਜ਼ਾਤ ਦੇ ਬਾਹਲੇ ਖੱਤਰੀ ਵਿਉਪਾਰੀ ਉੱਥੇ ਰਹਿੰਦੇ ਹਨ। ਨਾਨਕ ਸ਼ਾਹੀ ਕੜੀ ਵਿਚੋਂ ਅਤੇ ਗੁਜਰਾਤ ਵਾਲੇ ਹਜ਼ਰਤ ਸ਼ਾਹ ਦੌਲਾ ਦਾ ਸਮਕਾਲੀ ਭਾਈ ਬਹਾਰਾ ਸਾਈਂ-ਲੋਕ ਮਖੋਵਾਲ ਵਿਖੇ ਬ੍ਰਹਮ ਗਿਆਨੀ ਤੇ ਖੁਦਾਸ਼ਨਾਸ ਹੋਇਆ ਹੈ। ਸਮਾਪਤ।

ਹਾਸਿਲਾਂ ਵਾਲਾ ਪਿੰਡ ਹੈ। ਉੱਥੇ ਦੇ ਤੇਲੀ ਵਧੀਆ ਸਾਬਣ ਬਣਾਉਂਦੇ ਹਨ। ਪਿੰਡ ਕੀਰਾਂਵਾਲਾ ਇਕ ਪ੍ਰਸਿੱਧ ਪਿੰਡ ਹੈ ਜਿੱਥੋਂ ਦਾ ਮੁਕੱਦਮ ਚੌਧਰੀ ਸਿਕੰਦਰ ਸੀ। ਸੱਈਅਦ ਨੂਰ ਸ਼ਾਹ ਉੱਥੇ ਦੀਨੀ ਗਿਆਨ ਦਾ ਵਿਦਵਾਨ ਸੀ। ਸ਼ਰ੍ਹਾ ਦੇ ਮਾਮਲਿਆਂ ਵਿਚ ਲੋਕੀਂ ਉੱਥੋਂ ਦੀ ਪਰੰਪਰਾ ਨੂੰ ਸਵੀਕਾਰ ਕਰਦੇ ਹਨ।

ਤਪਾ ਅਬੂ ਵੜਾਇਚ ਦੇ ਪ੍ਰਬੰਧ ਹੇਠ ਕੁੰਜਾਹ ਨੱਗਰ ਇਕ ਪੁਰਾਣਾ ਸ਼ਹਿਰ ਹੈ ਜਿਸ ਦੀ ਨੀਂਹ

ਤੂਰ ਕੌਮ ਦੇ ਰਾਜਾ ਖਸਾਲ ਦੇ ਭਤੀਜੇ ਰਾਜਾ ਕੁੰਜ ਪਾਲ ਨੇ ਸੰਮਤ ੮੧੦ ਬਿਕਰਮੀਂ ਵਿਚ ਰਖੀ। ਪਹਿਲਾਂ ਖੱਤਰੀ ਲੋਕ ਉਸ ਥਾਂ ਦੇ ਮਾਲਕ ਸਨ। ਖੱਤਰੀਆਂ ਦੀਆਂ ਉਨ੍ਹਾਂ ਸਾਰੀਆਂ ਜਾਤਾਂ ਵਿਚੋਂ 'ਨੱਈਅਰ' ਜ਼ਾਤ ਦੇ ਖੱਤਰੀ ਮਹਾਜਨ ਅੱਜ ਕੁਝ ਜ਼ਮੀਨ 'ਤੇ ਕਾਬਿਜ਼ ਹਨ। ਸਮਾਂ ਬੀਤਣ ਨਾਲ ਵੜਾਇਚ ਕੌਮ ਦੇ ਕਲਚੂ ਨਾਮੀਂ ਵਿਅੱਕਤੀ ਨੇ ਲੱਖੀ ਜੰਗਲ 'ਚੋਂ ਨਿਕਲ ਕੇ ਇਸ ਨੱਗਰ 'ਤੇ ਕਬਜ਼ਾ ਕਰ ਲਿਆ। ਹੁਣ ਤੱਕ ਉਸ ਦੀ ਸੰਤਾਨ ਕੁੰਜਾਹ ਨਗਰ ਦੀ ਜ਼ਿਮੀਂਦਾਰੀ 'ਤੇ ਕਾਬਿਜ਼ ਹੈ। ਉੱਥੋਂ ਦੇ ਮੁਕੱਦਮਾਂ ਵਿੱਚੋਂ ਚੌਧਰੀ ਮੋਹਣ ਵੜਾਇਚ ਪ੍ਰਸਿੱਧ ਵਿਅੱਕਤੀ ਸੀ। ਸ਼ਹਿਰ ਦੇ ਵੱਡੇ ਆਦਮੀਆਂ ਵਿਚੋਂ ਕਾਜ਼ੀ ਰਜ਼ੀ-ਉੱਦੀਨ ਤੇ ਮੱਖਣ ਚੰਦ ਕਾਨੂੰਗੋ ਪੁੱਤ੍ਰ ਸਹਿਲ ਸਿੰਘ 'ਵਡਹਿਰਾ' ਹੋਏ ਹਨ। ਦੀਵਾਨ ਮੁਹਕਮ ਚੰਦ ਭੀ ਉਥੋਂ ਦੇ ਵਸਨੀਕਾਂ ਵਿਚੋਂ ਸ੍ਰੇਸ਼ਟ ਸੀ। ਇਸ ਸਮੇਂ ਉਸ ਦੇ ਬੇਟਿਆਂ ਦੀਵਾਨ ਮੋਤੀ ਰਾਮ, ਰਾਮ ਦਿਆਲ ਤੇ ਕ੍ਰਿਪਾ ਰਾਮ ਨੇ ਉੱਥੇ ਬਹੁਤ ਵਧੀਆ ਬਾਗ, ਭਵਨ ਤੇ ਤਲਾ ਬਣਵਾਏ ਹਨ। ਰਾਜਾ ਸੁਖ ਜੀਵਨ ਦਾ ਮੁਨਸ਼ੀ ਭੋਜ ਰਾਜ ਮਹਾਜਨ ਕੁਝ ਸਮੇਂ ਤੋਂ ਕੁੰਜਾਹ ਵਿਚ ਆਬਾਦ ਹੈ। ਉਹ ਬਹੁਤ ਲਾਇਕ ਵਿਅੱਕਤੀ ਹੈ। ਉਹ ਅਲੰਕ੍ਰਿਤ ਗੱਦ ਰਚਨਾ ਕਰਨ ਵਿਚ ਜਾਦੂ ਦਾ ਕਮਾਲ ਰੱਖਦਾ ਹੈ। ਕੁੰਜਾਹ ਵਿਖੇ ਗ਼ਨੀਅਤ ਨਾਮੀਂ ਕਵੀ ਰਹਿੰਦਾ ਸੀ। ਮਸਨਵੀ "ਨੈਰੰਗ-ਏ-ਇਸ਼ਕ" ਜਿਸ ਵਿਚ ਅਜ਼ੀਜ਼ ਤੇ ਸ਼ਾਹਿਦ ਦੇ ਕਿੱਸੇ ਦਾ ਬਿਆਨ ਹੈ, ਉਸ ਦੇ ਕੋਮਲ ਖਿਆਲਾਂ ਦੀ ਉਪਜ ਹੈ ਜੋ ਔਰੰਗਜ਼ੇਬ ਆਲਮਗੀਰ ਦੇ ਰਾਜ-ਕਾਲ ਵਿਚ ਲਿਖੀ ਗਈ। ਰੇਸ਼ਮੀ ਕੱਪੜੇ ਵਿਚੋਂ ਸਫੈਦ ਰੰਗ ਦੀ ਕੁੰਜਾਹੀ ਦਸਤਾਰ ਪ੍ਰਸਿੱਧ ਹੈ। ਸਮਾਪਤ।

ਅਬੂ ਵੜਾਇਚ ਤਪੇ ਵਿਚ ਸ਼ਾਦੀਵਾਲ ਇੱਕ ਵੱਡਾ ਪਿੰਡ ਹੈ ਜਿੱਥੇ ਸੁਜਾਨ ਸਿੰਘ ਦੀ ਸੰਤਾਨ ਵਿਚੋਂ ਜਵਾਹਰ ਮੱਲ 'ਵਡਹਿਰਾ' ਰਹਿੰਦਾ ਹੈ। ਸ਼ਾਦੀਵਾਲ ਦੇ ਨਾਲ ਲੱਗਦਾ ਇੱਕ ਵੱਡਾ ਪਿੰਡ ਕੋਟਲਾ ਕਿਲਾਦਾਰ ਹੈ ਜੋ ਮੁਗਲ ਸੁਲਤਾਨਾ ਦੇ ਰਾਜ-ਕਾਲ ਵਿਚ ਮੀਰਨ ਬੇਗ ਮੁਗਲ ਨੇ ਜ਼ਿਮੀਂਦਾਰਾਂ ਤੋਂ ਖਰੀਦ ਕੇ ਆਪਣੇ ਨਾਉਂ 'ਤੇ ਉਸਰਵਾਇਆ। ਅੱਜ ਤੱਕ ਉਸ ਦੀ ਸੰਤਾਨ ਵਿੱਚੋਂ ਮੁਗਲ ਉੱਥੋਂ ਦੀ ਜ਼ਿਮੀਂਦਾਰੀ 'ਤੇ ਕਾਬਿਜ਼ ਹਨ। ਹਰ ਪੇਸ਼ੇ ਦੇ ਆਮ ਲੋਕ ਉੱਥੇ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ-ਕਾਲ ਵਿਚ ਰਾਜ਼ਦਾਨ ਮਨਸਾ ਰਾਮ ਨਾਮੀ ਪੰਡਤ, ਜੋ ਬੰਦਗੀ, ਤਪੱਸਿਆ ਤੇ ਜੋਤਿਸ਼ ਵਿਦਿਆ ਵਿਚ ਲਾਸਾਨੀ ਸੀ, ਕਸ਼ਮੀਰ ਤੋਂ ਆਇਆ ਅਤੇ ਇਸ ਪਿੰਡ ਕੋਟਲਾ ਵਿਚ ਥਾਂ ਪਸੰਦ ਕਰਕੇ ਰੱਬ ਦੀ ਯਾਦ ਵਿਚ ਮਗਨ ਹੋ ਗਿਆ। ਉਹ ਸੰਮਤ ੧੮੮੩ ਬਿਕਰਮੀ ਵਿਚ ਇੱਥੇ ਹੀ ਪ੍ਰਲੋਕ ਸਿਧਾਰ ਗਿਆ। ਉਸ ਦੀ ਧੂਣੀ (ਡੇਰਾ) ਅਜੇ ਤੱਕ ਉਥੇ ਕਾਇਮ ਹੈ। ਸਰਕਾਰ ਨੇ ਧੂਣੀ ਦੇ ਖਰਚੇ ਲਈ ਪਿੰਡ ਕਾਲੇਕੇ ਬਖਸ਼ਿਆ ਹੋਇਆ ਹੈ। ਕੋਟਲੇ ਵਿਚ ਖਜ਼ਾਬ ਤਿਆਰ ਕਰਨ ਵਾਲੇ ਵਸਮੇ ਦੀ ਪੱਤੀ ਬਹੁਤ ਵਧੀਆ ਪ੍ਰਕਾਰ ਦੀ ਪੈਦਾ ਹੁੰਦੀ ਹੈ। ਹੇਲਾਂ ਇੱਕ ਪੁਰਾਣਾ ਨੱਗਰ ਹੈ ਜਿਸ ਦਾ ਵਾਰਿਸ ਬ੍ਰਹਮੀ ਨਾਮੀਂ ਬ੍ਰਾਹਮਣ ਹੈ। ਇਸ ਪਿੰਡ ਨਾਲ ਸੰਬੰਧਤ ਪਿੰਡਾਂ ਦੀ ਜ਼ਿਮੀਂਦਾਰੀ ਤਾਰਰ ਕੌਮ ਦੇ ਜ਼ਿਮੀਂਦਾਰ ਨਾਲ ਸੰਬੰਧ ਰੱਖਦੀ ਹੈ। ਫਾਲੀਆ ਤੇ ਚੌਗਾਲੀ ਪਿੰਡ ਇਸੇ ਤਪੇ ਦੇ ਪ੍ਰਬੰਧ ਹੇਠ ਹਨ। ਪਿੰਡ ਘਨੱਈਆ ਇੱਕ ਵਧੀਆ ਪਿੰਡ ਹੈ। ਤਾਰਰ ਕੌਮ ਦੇ ਲੋਕ ਉੱਥੋਂ ਦੇ ਜ਼ਿਮੀਂਦਾਰ ਹਨ। ਪਿੰਡ ਥਾਬਰੀਆਂ ਵਾਲਾ ਦੇ ਵਸਨੀਕ ਬਾਬਾ ਮੁਰਾਰ ਦਾਸ ਦਾ ਚੇਲਾ ਬਾਬਾ ਗੋਪਾਲ ਦਾਸ ਪਿੰਡ ਘਨੱਈਆ ਤਾਰਰ ਆ ਕੇ ਵਸ ਗਿਆ। ਬਹੁਤੇ ਆਦਮੀਂ ਉਸ ਦੇ ਸ਼ਰਧਾਲੂ ਬਣ ਗਏ। ਸਮਾਪਤ।

ਪਿੰਡ ਰਸੂਲ ਤੇ ਜ਼ਿਲ੍ਹਾ ਖੋਹਾਰ ਭੀ ਤਪਾ ਹੇਲਾਂ ਦੇ ਇਲਾਕੇ ਵਿੱਚੋਂ ਹਨ। ਪਿੰਡ ਮੀਆਂ ਵਾਲ ਤੇ ਭਿੱਖੀ ਤਪਾ ਮੀਰ ਖਾਨਪੁਰ ਕੋਂਦਲ ਦੇ ਪ੍ਰਬੰਧ ਹੇਠ ਹਨ। ਇਨ੍ਹਾਂ ਦੋਵਾਂ ਤਪਿਆਂ ਨੂੰ ਜ਼ਿਲਾਬਾਰ ਕਹਿੰਦੇ ਹਨ।

ਦਰਿਆ ਬਹਿਤ (ਜਿਹਲਮ) ਦੇ ਕੰਢੇ 'ਤੇ ਮਿਆਨੀ ਇੱਕ ਨੱਗਰ ਹੈ ਜੋ ਇੱਕ ਵੱਖਰਾ ਪ੍ਰਗਣਾ ਹੈ। ਪਿਛਲੇ ਸਮੇਂ ਵਿਚ ਲੋਕੀਂ ਲੂਣ ਦੀਆਂ ਖਾਣਾਂ ਵਿੱਚੋਂ ਲੂਣ ਕੱਢ ਕੇ ਇਸੇ ਥਾਂ ਵੇਚਦੇ ਸਨ। ਲੂਣ

ਦਾ ਮਹਿਸੂਲ ਇਸੇ ਥਾਂ ਲਿਆ ਜਾਂਦਾ ਸੀ। ਇਸੇ ਕਰਕੇ ਉਸ ਜਗ੍ਹਾ ਦਾ ਨਾਉਂ 'ਲੂਣ ਮਿਆਨੀ' ਪ੍ਰਸਿੱਧ ਹੋ ਗਿਆ। ਪੁਰਾਣੇ ਸਮਿਆਂ ਤੋਂ ਉਸ ਥਾਂ ਦੇ ਮਾਲਕ ਖੱਤਰੀ 'ਅਨੰਦ' ਹਨ ਜਿਨ੍ਹਾਂ ਦਾ ਖਿਤਾਬ 'ਮਲਕ' ਹੈ। ਸ਼ਹਿਜ਼ਾਦਾ ਖੜਕ ਸਿੰਘ ਦੇ ਮੁਲਾਜ਼ਿਮ ਭਗਤ ਬਿਸ਼ਨ ਦਾਸ, ਜੋ ਕੁੱਝ ਸਾਲ ਗੁਜਰਾਤ ਦਾ ਹਾਕਮ ਰਿਹਾ ਸੀ, ਦਾ ਘਰ ਉਸੇ ਜਗ੍ਹਾ ਹੈ।

ਭੇਰਾ ਪਰਗਣਾ ਹੈ ਜਿਸ ਦੇ ਕੁਝ ਤਪੇ ਹਨ। ਭੇਰਾ ਪੁਰਾਣਾ ਸ਼ਹਿਰ ਹੈ। ਅੱਲ੍ਹਾ ਦਾ ਕਲਾਮ ਯਾਦ ਰੱਖਣ ਵਾਲੇ ਕਾਫੀ ਇਮਾਮ ਉੱਥੇ ਰਹਿੰਦੇ ਸਨ। ਉੱਥੋਂ ਦੇ ਰਈਸਾਂ ਵਿਚੋਂ ਰਾਜਾ ਸਲਾਮਤ ਰਾਏ 'ਅਨੰਦ' ਇੱਕ ਵੱਡਾ ਰਈਸ ਹੋਇਆ ਹੈ। ਉੱਥੇ ਪੀਰ ਧੀਰਜ ਨਾਥ ਜੋਗੀ ਦੀ ਮੜ੍ਹੀ ਇੱਕ ਪੂਜਾ ਅਸਥਾਨ ਹੈ। ਉਸ ਸ਼ਹਿਰ ਵਿਚ ਦੋਸਤ ਮੁਹੰਮਦ ਨਾਮੀਂ ਕਵੀ ਹੋਇਆ ਹੈ। ਉਸ ਦੀਆਂ ਲਿਖੀਆਂ ਆਮ ਹਿੰਦੀ (ਪੰਜਾਬੀ) ਬੁਝਾਰਤਾਂ ਸੁਣਨ ਵਿਚ ਆਈਆਂ ਹਨ। ਪ੍ਰਸਿੱਧ ਵੱਡੇ ਆਦਮੀਆਂ ਵਿੱਚੋਂ ਅੱਜ ਕੱਲ੍ਹ ਦੀਵਾਨ ਕਿਸ਼ਨ ਚੰਦ 'ਸਾਹਨੀ' ਹੈ। ਬਿਸ਼ਨ ਦਾਸ 'ਚੋਪੜਾ' ਭੀ ਉੱਥੋਂ ਦੇ ਪੁਰਾਣੇ ਸਰਿਸ਼ਤੇਦਾਰਾਂ ਵਿੱਚੋਂ ਹੋਇਆ ਹੈ। ਉਸ ਦਾ ਬੇਟਾ ਲਾਲਾ ਕਲਿਆਣ ਰਾਏ ਤੇ ਅੱਗੋਂ ਉਸ ਦਾ ਪੁੱਤਰ ਲਾਲਾ ਰੂਪ ਚੰਦ ਸੀ। ਉਸ ਨੇ ਜੰਮੂ ਦੇ ਮਹਾਰਾਜਾ ਗੁਲਾਬ ਸਿੰਘ ਦੇ ਦਰਬਾਰ ਵਿੱਚੋਂ ਭਾਰੀ ਖਿਤਾਬ ਪਾ ਕੇ ਬਹੁਤ ਨਾਮਣਾ ਖੱਟਿਆ ਅਤੇ ਪਰਮਾਤਮਾ ਦੇ ਭਾਣੇ ਅਨੁਸਾਰ ਜੰਮੂ ਵਿਖੇ ਸੰਮਤ ੧੯੦੫ ਬਿਕਰਮੀ ਦੇ ਸਾਉਣ ਮਹੀਨੇ ਦੀ ਪੰਦਰਾਂ ਤਰੀਕ ਨੂੰ ਇਸ ਨਾਸ਼ਵਾਨ ਸੰਸਾਰ ਤੋਂ ਕੂਚ ਕਰ ਗਿਆ। ਉਸ ਦਾ ਪਿਤਾ ਕਲਿਆਣ ਰਾਏ ਹੁਣ ਤੱਕ ਭੇਰੇ ਵਿਚ ਜੀਉਂਦਾ ਹੈ। ਭੇਰੇ ਦੇ ਪਰਾਚਿਆਂ (ਕੌਮ ਦਾ ਨਾਉਂ ਹੈ) ਵਿੱਚੋਂ ਕੁੱਤਬ ਦੀਨ ਤੇ ਇਮਾਮ ਬਖਸ਼ ਧੰਨਵਾਨ ਵਿਅੱਕਤੀ ਹਨ ਅਤੇ ਉਨ੍ਹਾਂ ਦਾ ਬਹੁਤ ਲੰਮਾ ਚੌੜਾ ਵਿਉਪਾਰ ਚਲਦਾ ਹੈ। ਉੱਥੇ ਪੀਰ ਆਜ਼ਮ ਸ਼ਾਹ ਬਹੁਤ ਪ੍ਰਸਿੱਧ ਵਿਅੱਕਤੀ ਹੈ। ਸਰਕਾਰ ਜੰਮੂ ਦੇ ਵਣ ਵਿਭਾਗ ਦੇ ਅਹਿਲਕਾਰ ਲਾਲਾ ਮੋਤੀ ਰਾਮ 'ਕਪੂਰ' ਨੇ ਭੇਰਾ ਨੱਗਰ ਵਿਚ ਸ਼ਿਵਦੁਆਲੇ ਦੀ ਇਮਾਰਤ ਨੂੰ ਹੋਰ ਚੰਗੇਰੇ ਢੰਗ ਨਾਲ ਬਣਵਾ ਕੇ ਆਪਣੇ ਨਾਉਂ ਨੂੰ ਚਮਕਾਇਆ ਹੈ। ਚੱਕ ਰਾਮ ਦਾਸ ਵੱਡਾ ਪਿੰਡ ਹੈ ਜੋ ਨਾਨਕ ਸ਼ਾਹੀ ਕੜੀ ਦੇ ਰਮਦਾਸ ਸਾਧੂਆਂ ਦੀ ਵਿਰਾਸਤ ਹੈ। ਭੇਰਾ ਇਲਾਕੇ ਦਾ ਮੁਹਾਵਰੀ ਇਕ ਵੱਡਾ ਪਿੰਡ ਹੈ। ਸਾਹੀਵਾਲ ਇੱਕ ਸ਼ਹਿਰ ਦਾ ਨਾਉਂ ਹੈ ਜਿੱਥੇ ਬਹੁਤ ਵਧੀਆ ਪ੍ਰਕਾਰ ਦੇ ਸਾਲੂ ਬਣਦੇ ਹਨ। ਉੱਥੇ ਦੇ ਠਠੇਰੇ ਲੋਕ-ਪ੍ਰਿਯ ਬਨਾਵਟ ਦੇ ਤਾਂਬੇ ਤੇ ਪਿੱਤਲ ਦੇ ਭਾਂਡੇ ਬਣਾਉਂਦੇ ਹਨ। ਉੱਥੇ ਕਿਰਾਨਾ ਪਹਾੜ ਵਾਲੇ ਸੋਕਾਲ ਨਾਥ ਜੋਗੀ ਦੀ ਜਗ੍ਹਾ ਪੂਜਾ ਅਸਥਾਨ ਹੈ। ਧਰਮਸਾਲ ਤੇ ਮਹਾਂ ਦੇਵ ਦਾ ਸ਼ਿਵਾਲਾ ਭੀ ਉਸ ਨੱਗਰ ਦੀ ਰੌਣਕ ਵਧਾਉਂਦੇ ਹਨ।

ਸ਼ੋਰ ਕੋਟ ਤੇ ਸ਼ਾਹ ਪੁਰ ਦੇ ਦੋਵੇਂ ਛੋਟੇ ਪਰਗਣੇ ਇਸੇ ਜ਼ਿਲ੍ਹੇ ਵਿਚ ਹਨ। ਕਿਰਾਨਾ ਜੰਗਲ ਵਿਚਾਲੇ ਉੱਗਰ ਜੋਗੀਆਂ ਦਾ ਪਵਿੱਤਰ ਨਿਵਾਸ ਅਸਥਾਨ ਹੈ। ਇਨ੍ਹਾਂ ਸਾਰੇ ਜੋਗੀਆਂ ਵਿਚੋਂ ਪੀਰ ਸੋਕਾਲ ਨਾਥ ਸਿੱਧ ਪੁਰਸ਼ ਹੋਇਆ ਹੈ। ਉੱਥੇ ਆਮ ਲੋਕੀ ਉਸ ਦੇ ਸ਼ਰਧਾਲੂ ਹਨ। ਜਿਹੜਾ ਵਿਅੱਕਤੀ ਉੱਥੇ ਸੁਖਣਾ ਸੁਖਦਾ ਹੈ ਉਸ ਦੀ ਮੁਰਾਦ ਪੂਰੀ ਹੋ ਜਾਂਦੀ ਹੈ।

ਜਹਾਂਗੀਰ ਨੱਗਰ ਹਜ਼ਾਰਾ ਪਰਗਣੇ ਵਿਚ ਕਾਦਰਾਬਾਦ ਇਕ ਸ਼ਹਿਰ ਹੈ ਜੋ ਇਸ ਸਮੇਂ ਉਸ ਜ਼ਿਲੇ ਦੇ ਹਾਕਮ ਦਾ ਨਿਵਾਸ-ਸਥਾਨ ਨੀਅਤ ਹੈ। ਮਹਾਰਾਜਾ ਗੁਲਾਬ ਸਿੰਘ ਬਹਾਦੁਰ ਦੀ ਪੇਸ਼ੀ ਵਿਚ ਕੰਮ ਕਰਨ ਵਾਲੇ ਦੀਵਾਨ ਜੁਆਲਾ ਸਹਾਏ ਦੇ ਪਿਤਾ ਦੀਵਾਨ ਅਮੀਰ ਚੰਦ ਦੀ ਸਮਾਧ ਤੇ ਮੰਦਰ ਉੱਥੇ ਹੀ ਹੈ। ਇਹ ਮੰਦਰ ਉਸਤਤਯੋਗ ਦੀਵਾਨ ਨੇ ਸੰਮਤ ੧੮੯੬ ਬਿਕਰਮੀ (ਮੁਤਾਬਿਕ ਸੰਨ ੧੮੩੯ ਈ:) ਵਿਚ ਉਸਰਵਾਇਆ ਹੈ।

ਜਹਾਂਗੀਰ ਨੱਗਰ ਹਜ਼ਾਰਾ ਝਨਾਂ ਦਰਿਆ ਦੇ ਕੰਢੇ 'ਤੇ ਇਕ ਪਰਗਣਾ ਹੈ। ਇਸ ਥਾਂ ਨੂੰ ਤਖਤ ਹਜ਼ਾਰਾ ਕਹਿੰਦੇ ਹਨ। ਪਿਛਲੇ ਸਮਿਆਂ ਵਿਚ ਇੱਥੇ ਭਾਰੀ ਵਸੋਂ ਸੀ ਪਰ ਅੱਜ ਕੱਲ੍ਹ ਇਸ ਦੀ ਆਬਾਦੀ

ਥੋੜ੍ਹੀ ਹੈ। ਖਾਸ ਹਜ਼ਾਰੇ ਨੱਗਰ ਦੀ ਜ਼ਿਮੀਂਦਾਰੀ ਪੁਰਾਣੇ ਸਮਿਆਂ ਤੋਂ 'ਮਹਿਰਾ' ਖੱਤਰੀਆਂ ਦੇ ਨਾਉਂ ਲੱਗੀ ਹੋਈ ਹੈ। ਅਤੇ ਇਸ ਪਰਗਣੇ ਦੀ ਕਾਨੂੰਗੋਈ ਭੀ ਉਨ੍ਹਾਂ ਦੇ ਨਾਉਂ ਹੀ ਹੈ। ਸਮਾਪਤ।

ਹੀਰ ਤੇ ਰਾਂਝੇ ਦੀ ਕਹਾਣੀ

ਕਹਿੰਦੇ ਹਨ ਕਿ ਤਖਤ ਹਜ਼ਾਰਾ ਨੱਗਰ ਦੇ ਨੇੜੇ ਦਰਿਆ ਦੇ ਕੰਢੇ 'ਤੇ ਠੱਟਾ ਰਾਂਝ ਪਿੰਡ ਵਿਚ ਖੇਤੀ ਬਾੜੀ ਕਰਨ ਵਾਲਾ ਇਕ ਕਿਰਸਾਨ ਸੀ। ਉਸ ਦਾ ਨਾਉਂ ਮੌਜੂ ਤੇ ਕੌਮ ਜੱਟ 'ਰਾਂਝਾ' ਸੀ। ਉਸ ਦੇ ਸੱਤ ਪੁੱਤਰ ਸਨ। ਸਾਰਿਆਂ ਨਾਲੋਂ ਛੋਟੇ ਦਾ ਨਾਮ ਧੀਦੋ ਸੀ ਜੋ ਸੁੰਦਰਤਾ ਦਾ ਪੁਤਲਾ ਸੀ। 'ਰਾਂਝਾ' ਕੌਮ ਨਾਲ ਸੰਬੰਧਤ ਹੋਣ ਕਰਕੇ ਆਮ ਲੋਕੀ ਉਸ ਨੂੰ ਰਾਂਝਾ ਕਹਿੰਦੇ ਸਨ। ਰੱਬ ਸਬੱਬੀਂ ਉਸ ਦਾ ਪਿਤਾ ਮੌਜੂ ਮਰ ਗਿਆ। ਉਸ ਦੇ ਲਾਲਚੀ ਭਰਾਵਾਂ ਨੇ ਉਸ ਨੂੰ ਯੂਸਿਫ ਵਾਂਗ ਖੇਤੀ ਬਾੜੀ ਕਰਨ ਲਈ ਉੱਚੀ ਨੀਵੀਂ ਜ਼ਮੀਨ ਦੇ ਦਿੱਤੀ। ਮਲੂਕ ਰਾਂਝਾ ਇਸ ਕੰਮ ਤੋਂ ਤੰਗ ਪੈ ਗਿਆ। ਇਕ ਦਿਨ ਅਧੀਰ ਹੋ ਕੇ ਉਸ ਨੇ ਖੇਤੀ ਦੇ ਸੰਦਾਂ ਨੂੰ ਪਰੇ ਸੁੱਟ ਦਿੱਤਾ ਅਤੇ ਇੱਕ ਛਾਂ ਵਾਲੇ ਰੁੱਖ ਹੇਠਾਂ ਜਾ ਕੇ ਗੂੜ੍ਹੀ ਨੀਂਦ ਸੌਂ ਰਿਹਾ। ਨੀਂਦ ਵਿਚ ਉਹ ਦੂਜੀ ਦੁਨੀਆਂ ਵਿਚ ਚਲਿਆ ਗਿਆ ਤੇ ਉਸ ਨੇ ਵੇਖਿਆ ਕਿ ਲਾਸਾਨੀ ਜੋਬਨ ਵਾਲੀ ਤੇ ਪੂਰਨਮਾਸ਼ੀ ਦੇ ਚੰਦ ਵਰਗੀ ਇੱਕ ਸੁੰਦਰ ਕੁੜੀ, ਜਿਸ ਦਾ ਨਾਉਂ ਹੀਰ ਸੀ, ਟਹਿਲਦੀ ਟਹਿਲਦੀ ਉਸ ਦੇ ਕੋਲ ਪੁੱਜ ਗਈ।

(ਸ਼ਿਅਰ) ਉਸ ਦਾ ਕੱਦ ਸ਼ਮਸ਼ਾਦ ਦੇ ਨਵੇਂ ਬੂਟੇ ਵਰਗਾ ਲੰਮਾ ਸੀ,
ਅਜ਼ਾਦੀ ਵਿਚ ਆਜ਼ਾਦ ਸਰੂ ਭੀ ਉਸ ਦਾ ਗੁਲਾਮ ਸੀ।
ਜ਼ੰਜੀਰ ਵਾਂਗ ਸਿਰ ਤੇ ਲਟਕੀ ਜ਼ੁਲਫ ਅਕਲ ਨੂੰ ਕੈਦ ਕਰਦੀ ਸੀ।
ਉਸ ਨੇ ਆਪਣੀ ਨਰਗਸ ਵਰਗੀ ਅੱਖ ਵਿਚ ਨਖਰੇ ਦਾ ਸੁਰਮਾਂ ਪਾਇਆ ਹੋਇਆ ਸੀ,
ਉਹ ਪਲਕਾਂ ਨਾਲ ਲੋਕਾਂ ਦੇ ਜਿਗਰਾਂ ਉੱਤੇ ਤੀਰ ਚਲਾਉਣ ਵਾਲੀ ਬਣੀ ਹੋਈ ਸੀ।

ਰਾਂਝਾ ਉਸ ਦੀ ਨਿਗਾਹ ਦੇ ਇੱਕ ਤੀਰ ਨਾਲ ਹੀ ਜ਼ਖਮੀ-ਦਿਲ ਹੋ ਗਿਆ ਅਤੇ ਉਸ ਨੇ ਬੁਲਬੁਲ ਵਾਂਗ ਫਰਿਆਦ ਕੀਤੀ। ਉਸ ਸੁੰਦਰ ਤੇ ਸਜੀਲੀ ਹੀਰ ਨੇ ਰਾਂਝੇ ਨੂੰ ਬਗਲ ਵਿਚ ਲੈ ਲਿਆ ਅਤੇ ਉਸ ਦੇ ਹੋਠਾਂ ਨੂੰ ਚੁੰਮਿਆਂ ਅਤੇ ਮਿੱਠੀ ਜ਼ਬਾਨ ਨਾਲ ਕਹਿਣ ਲੱਗੀ :—

(ਮਿਸਰਾ) "ਤੇਰੀ ਜਾਨ ਮੂੰਹ ਤੱਕ ਪੁਜ ਗਈ ਹੈ, ਚੁੱਪ ਕਰ ਰਹਿ।"

ਉਸੇ ਵੇਲੇ ਉਸ ਦੀਆਂ ਭਾਬੀਆਂ ਸੁੱਤੇ ਪਏ (ਰਾਂਝੇ) ਲਈ ਹਾਜ਼ਰੀ ਦੀ ਰੋਟੀ ਲੈ ਆਈਆਂ ਅਤੇ ਸੁੱਤੇ ਹੋਏ ਨੂੰ ਪੈਰ ਮਲ ਕੇ ਜਗਾਇਆ। ਜਦੋਂ ਉਹ ਉੱਠਿਆ ਤਾਂ ਉਸ ਦੀ ਤਬੀਅਤ ਉੱਖੜ ਗਈ ਤੇ ਉਸ ਨੂੰ ਆਪਣੀ ਸੁੱਧ ਬੁੱਧ ਨਾ ਰਹੀ।

(ਸ਼ਿਅਰ) ਉਹ ਇੰਨਾ ਬੇਸੁੱਧ ਸੀ ਕਿ ਤੂੰ ਕਹੇਂਗਾ ਕਿ ਉਸ ਨੇ ਸ਼ਰਾਬ ਪੀਤੀ ਹੋਈ ਹੈ,
ਮੈਂ ਗਲਤ ਆਖਿਆ, ਉਸ ਨੇ ਸੁਪਨੇ ਵਿਚ ਪਰੀ ਵੇਖੀ ਹੈ।

ਸੋ ਉਹ ਪਾਗਲਾਂ ਵਾਂਗ ਹਰ ਪਾਸੇ ਵੇਖਦਾ ਸੀ ਅਤੇ ਧਾਹਾਂ ਮਾਰ ਕੇ ਰੋਂਦਾ ਸੀ। ਘੜੀ ਮੁੜੀ ਇਹ ਕਹਿ ਰਿਹਾ ਸੀ ਕਿ "ਹੀਰ ਕਿੱਥੇ ਗਈ, ਹੀਰ ਕਿੱਥੇ ਗਈ?"

(ਸ਼ਿਅਰ) ਜਦੋਂ ਹੀਰ ਦਾ ਨਾਉਂ ਉਸ ਦੀ ਜ਼ਬਾਨ 'ਤੇ ਚੜ੍ਹ ਜਾਂਦਾ ਤਾਂ ਉਹ ਇਸ ਤਰ੍ਹਾਂ ਵੇਵਸ
ਹੋ ਜਾਂਦਾ ਜਿਵੇਂ ਉਸ ਉੱਤੇ ਭੂਤ ਦਾ ਸਾਇਆ ਪੈ ਗਿਆ ਹੋਵੇ।
ਉਹ ਅੱਖਾਂ ਦੇ ਬੱਦਲ ਵਿਚੋਂ ਖੂਨ ਦਾ ਹੜ੍ਹ ਵਗਾ ਦੇਂਦਾ ਤੇ ਉਸ ਦੇ ਰੋਣ
ਧੋਣ ਦੀ ਆਵਾਜ਼ ਅਸਮਾਨ ਤੱਕ ਪੁੱਜ ਜਾਂਦੀ।

ਉਹਨਾਂ ਸੁੰਦਰ ਭਾਬੀਆਂ ਨੇ ਉਸ ਨੱਢੇ (ਰਾਂਝੇ) ਨੂੰ ਬਥੇਰਾ ਸਮਝਾਇਆ ਕਿ "ਤੂੰ ਹੀਰ ਦਾ ਖਿਆਲ ਦਿਲ 'ਚੋਂ ਕੱਢ ਦੇ, ਸੁਪਨੇ ਵਿਚ ਦੇਖੀ ਸ਼ਕਲ ਪਾਣੀ 'ਤੇ ਲੀਕ ਵਾਂਗ ਹੁੰਦੀ ਹੈ। ਅਸੀਂ, ਜੋ ਤੇਰੀ ਚੰਦ ਵਰਗੀ (ਹੀਰ) ਦੇ ਸਾਹਮਣੇ ਸੂਰਜ ਵਾਂਗ ਰੌਸ਼ਨ ਹਾਂ। ਤੂੰ ਸਾਡੀ ਰੌਸ਼ਨੀ ਤੋਂ ਲਾਭ ਉਠਾ।

(ਮਿਸਰਾ) ਚੰਦ ਸੂਰਜ ਤੋਂ ਹੀ ਰੌਸ਼ਨੀ ਲੈਂਦਾ ਹੈ।"

ਕਿਉਂਕਿ ਰਾਂਝੇ ਨੂੰ ਡੂੰਘਾ ਘਾਉ ਲੱਗਾ ਸੀ ਇਸ ਲਈ ਉਸ ਨੂੰ ਹਮਦਰਦੀ ਦੀ ਮਲ੍ਹਮ ਨਾਲ ਕੁੱਝ ਭੀ ਆਰਾਮ ਨਾ ਆਇਆ।

(ਸ਼ਿਅਰ) ਇਸ਼ਕ ਦੀ ਕਮਾਨ ਜਿਸ ਥਾਂ ਭੀ ਤੀਰ ਮਾਰਦੀ ਹੈ,
ਢਾਲ ਨਾਲ ਉਸ ਨੂੰ ਰੋਕਣ ਦਾ ਉਪਾਉ ਨਹੀਂ ਕੀਤਾ ਜਾ ਸਕਦਾ।

ਅੰਤ ਵਿਚ ਉਹ ਆਪਣੇ ਸੰਬੰਧੀਆਂ ਤੋਂ ਵਿਦਾ ਹੋ ਗਿਆ ਅਤੇ ਹੀਰ ਦੀ ਭਾਲ ਵਿਚ ਚਲ ਪਿਆ। ਕਿਉਂਕਿ ਉਸ ਦੀ ਚਾਹ ਸੱਚੀ ਸੀ ਇਸ ਲਈ ਉਸ ਦੀ ਪਹਿਲੀ ਮੰਜ਼ਲ ਵਿਚ ਹੀ ਪੰਜਾਂ ਪੀਰਾਂ ਨਾਲ ਮੁਲਾਕਾਤ ਹੋ ਗਈ ਅਤੇ ਉਸ ਨੂੰ ਇਸ ਮੁਲਾਕਾਤ ਦਾ ਬਹੁਤ ਲਾਭ ਪੁੱਜਿਆ। ਰਾਂਝੇ ਨੂੰ ਪੰਜਾਂ ਪੀਰਾਂ ਤੋਂ ਝੰਗ ਸਿਆਲ ਦੇ ਰਾਹ ਦਾ ਇਸ਼ਾਰਾ ਮਿਲਿਆ ਅਤੇ ਹੀਰ ਦੇ ਮਿਲਾਪ ਦੀ ਖ਼ੁਸ਼ਖ਼ਬਰੀ ਮਿਲੀ। ਉਹ ਪੂਰੀ ਤਾਂਘ ਨਾਲ ਮੰਜ਼ਲਾਂ ਕੱਟਦਾ ਹੋਇਆ ਝਨਾ ਦਰਿਆ ਦੇ ਪੱਤਨ 'ਤੇ ਪੁੱਜਾ। ਦਰਿਆ ਵਿਚ ਹੜ੍ਹ ਸੀ ਅਤੇ ਕਿਸ਼ਤੀ ਉੱਥੇ ਨਹੀਂ ਸੀ। ਉਸ ਨੇ ਚਾਹਿਆ ਕਿ ਦਰਿਆ ਵਿਚ ਠਿਲ ਪਵੇ ਤੇ ਤਰ ਕੇ ਲੰਘ ਜਾਵੇ। ਇੰਨੇ ਨੂੰ ਲੁੱਡਣ ਨਾਮੀ ਮਲਾਹ, ਜੋ ਭਲਾ ਆਦਮੀ ਸੀ, ਆ ਪੁੱਜਿਆ। ਉਸ ਨੇ ਹਜ਼ਰਤ ਨੂਹ ਵਾਂਗ ਉਸ ਨੂੰ ਦਿਲਾਸਾ ਦਿਤਾ ਤੇ ਕਿਸ਼ਤੀ ਲੈ ਆਇਆ। ਜਦੋਂ ਜਵਾਨ ਕਿਸ਼ਤੀ 'ਚ ਬੈਠਾ ਤਾਂ ਮਲਾਹ ਤੋਂ ਪੁੱਛਿਆ ਕਿ "ਵਧੀਆ ਬਿਸਤਰਾ ਤੇ ਸੁੰਦਰ ਸੇਜ, ਜੋ ਇਸ ਕਿਸ਼ਤੀ ਉੱਤੇ ਚੰਦ ਵਾਂਗ ਸਜੀ ਹੋਈ ਹੈ, ਕਿਸ ਸੈਰ ਦੇ ਸ਼ੌਂਕੀ ਦੀ ਹੈ?" ਲੁੱਡਣ ਮਲਾਹ ਨੇ ਦੱਸਿਆ ਕਿ "ਇਹ ਪਲੰਘ ਇਸ ਮਹਾਲ ਦੇ ਮਾਲਿਕ ਤੇ ਸਿਆਲ ਕੌਮ ਦੇ ਚੌਧਰੀ ਚੂਚਕ ਦੀ ਬੇਟੀ ਹੀਰ ਦਾ ਹੈ ਜੋ ਕਦੀ ਕਦੀ ਆਪਣੀਆਂ ਸਹੇਲੀਆਂ ਨਾਲ ਦਰਿਆ ਦੀ ਸੈਰ ਕਰਨ ਲਈ ਆਉਂਦੀ ਹੈ ਤੇ ਇਸ ਥਾਂ ਆਰਾਮ ਕਰਦੀ ਹੈ"। ਰਾਂਝੇ ਨੇ ਦਿਲ ਵਿਚ ਸੋਚਿਆ ਅਤੇ ਇਸ ਪਲੰਘ ਨੂੰ ਹੀਰ ਦੇ ਮਿਲਾਪ ਦਾ ਚੰਗਾ ਸ਼ਗਨ ਸਮਝਿਆ। ਉਸ ਨੇ ਮਲਾਹ ਨੂੰ ਕਿਹਾ ਕਿ, "ਮੈਨੂੰ ਨੀਂਦ ਨੇ ਆ ਘੇਰਿਆ ਹੈ ਜੇ ਤੂੰ ਹੁਕਮ ਦੇਵੇਂ ਤਾਂ ਮੈਂ ਇਸ ਪਲੰਘ ਤੇ ਜ਼ਰਾ ਲੇਟ ਲਵਾਂ ਤੇ ਇਕ ਘੜੀ ਲਈ ਸੌਂ ਲਵਾਂ"। ਮਲਾਹ ਨੇ ਉੱਤਰ ਦਿਤਾ ਕਿ "ਐ ਮੂਰਖ ਜਵਾਨ! ਇਸ ਥਾਂ 'ਤੇ ਬੈਠਣ ਦੀ ਤੇਰੀ ਕੀ ਮਜਾਲ ਹੈ? ਇੱਥੇ ਤਾਂ ਪਰੀ ਭੀ ਪਰ ਨਹੀਂ ਮਾਰ ਸਕਦੀ। ਇੱਥੋਂ ਉੱਠ ਜਾਹ। ਵੱਡੇ ਲੋਕਾਂ ਦੀ ਥਾਂ 'ਤੇ ਐਵੇਂ ਨਹੀਂ ਬੈਠਾ ਜਾ ਸਕਦਾ"। ਰੰਗੀਲੇ ਨੌਜਵਾਨ ਨੇ ਸੋਨੇ ਦੀ ਅੰਗੂਠੀ, ਜਿਹੜੀ ਉਸ ਦੀ ਉਂਗਲ ਵਿਚ ਪਾਈ ਹੋਈ ਸੀ, ਲਾਹ ਕੇ ਮਲਾਹ ਨੂੰ ਦੇ ਦਿੱਤੀ ਅਤੇ ਆਪਣੀ ਭੁੱਲ ਦੀ ਖਿਮਾਂ ਮੰਗੀ। ਮਲਾਹ ਨੇ ਸੋਨੇ ਦੇ ਲਾਲਚ ਵਿਚ, ਜਿਵੇਂ ਕਿ ਕਿਹਾ ਹੈ :–

(ਮਿਸਰਾ) ਜੇ ਫੌਲਾਦ ਦੇ ਸਿਰ 'ਤੇ ਸੋਨਾ ਰੱਖ ਦੇਵੇਂ ਤਾਂ ਨਰਮ ਹੋ ਜਾਂਦਾ ਹੈ।

ਨਰਮ ਹੋ ਕੇ ਉਸ ਨੂੰ ਆਗਿਆ ਦੇ ਦਿਤੀ। ਰਾਂਝਾ ਇਕ ਦਮ ਬਿਨਾਂ ਢਿੱਲ ਕੀਤੇ ਉਸ ਸੁਨਹਿਰੀ ਸੇਜ 'ਤੇ ਕਿਸਮਤ ਦੇ ਜਾਗਣ ਨਾਲ ਜਾ ਬੈਠਾ। ਮੂੰਹ ਉੱਤੇ ਚਾਦਰ ਲਪੇਟ ਕੇ ਗੂੜ੍ਹੀ ਨੀਂਦ ਸੌਂ ਗਿਆ। ਅਚਾਨਕ ਇਸੇ ਸਮੇਂ ਇਕ ਪਾਸਿਉਂ ਹੀਰ ਆਪਣੇ ਹਾਣ ਦੀਆਂ ਕੁੜੀਆਂ ਨਾਲ ਆ ਗਈ। ਉਹ ਵੇਖਦਿਆਂ ਹੀ ਗੁੱਸੇ ਨਾਲ ਭੜਕ ਉਠੀ ਤੇ ਬੇਚੈਨ ਹੋ ਕੇ ਬੋਲੀ ਕਿ "ਇਹ ਲਾੜਾ ਕੌਣ ਤੇ ਕਿੱਥੋਂ ਦਾ ਹੈ ਜੋ ਸਾਡੇ ਪਲੰਘ 'ਤੇ ਲੰਮੀਆਂ ਤਾਣੀ ਪਿਆ ਹੈ?" ਉਸ ਨੇ ਪਹਿਲਾਂ ਤਾਂ ਮਲਾਹ ਨੂੰ ਸੋਟੀ ਨਾਲ ਕੁੱਟਿਆ ਅਤੇ ਉਸ ਦੇ ਪਾਸੇ ਚੰਗੀ ਤਰ੍ਹਾਂ ਭੰਨੇ। ਇਸ ਤੋਂ ਮਗਰੋਂ ਰਾਂਝੇ ਕੋਲ ਆਈ। ਗੁੱਸੇ ਨਾਲ ਅੱਖਾਂ ਲਾਲ ਕਰਕੇ ਉਸ ਦੇ ਮੂੰਹ ਤੋਂ ਪੱਲਾ ਚੁਕਿਆ ਤੇ ਉਸ ਨੂੰ ਜਗਾਇਆ।

(ਸ਼ਿਅਰ) ਉਸ ਨੇ ਦੈਵੀ ਸੁੰਦਰਤਾ ਵੇਖੀ,
ਜੋ ਨਾ ਕਿਸੇ ਹੂਰ ਦੀ ਸੀ ਤੇ ਨਾ ਕਿਸੇ ਪਰੀ ਦੀ ਸੁਣੀ ਸੀ।

ਸੁੰਦਰ ਹੀਰ ਇਕ ਤੱਕਣੀ ਨਾਲ ਉਸ 'ਤੇ ਮੋਹਤ ਹੋ ਕੇ ਪਰੀ ਵਾਂਗ ਉਸ ਦੇ ਵੱਸ ਵਿਚ ਹੋ ਗਈ।

ਰਾਂਝੇ ਨੇ ਜਦੋਂ ਅੱਖਾਂ ਖੋਲ੍ਹੀਆਂ ਤਾਂ ਤੁਰੰਤ ਯਾਰ ਦਾ ਹੁਸਨ ਉਸ ਨੂੰ ਦਿਖਾਈ ਦਿੱਤਾ। ਉਸ ਨੇ 'ਅੱਲ੍ਹਾ ਅੱਲ੍ਹਾ' ਕਿਹਾ ਤੇ ਹੈਰਾਨ ਹੋ ਕੇ 'ਸੁਭ੍ਹਾਨ ਅੱਲ੍ਹਾ' ਆਖਿਆ।

(ਸ਼ਿਅਰ) ਉਹ ਪਲਕਾਂ ਨਾਲ ਖੁਸ਼ੀ ਦੇ ਮੋਤੀ ਪਰੋਂਦਾ ਸੀ ਅਤੇ ਆਪਣੀਆਂ ਦੋਵੇਂ ਅੱਖਾਂ
ਮਲਦਾ ਸੀ ਤੇ ਕਹਿੰਦਾ ਸੀ "ਐ ਖੁਦਾ ! ਮੈਂ ਜਾਗਦਾ ਹਾਂ ਕਿ ਸੁੱਤਾ ਪਿਆ ਹਾਂ
ਜੋ ਮੇਰੀ ਜਾਨ ਪ੍ਰੇਮਕਾ ਨਾਲ ਮਿਲ ਚੁੱਕੀ ਹੈ।

ਜਦੋਂ ਉਹ ਸੁਰਤ ਸਿਰ ਹੋਇਆ ਤਾਂ ਉੱਠਿਆ ਤੇ ਬੇਨਤੀ ਕੀਤੀ ਕਿ "ਐ ਨਾਮੀਂ ਸ਼ਹਿਜ਼ਾਦੀ ! ਇਸ ਨਿਮਾਣੇ ਪਾਂਧੀ ਦਾ ਗੁਨਾਹ, ਕਿ ਇਕ ਘੜੀ ਤੇਰੇ ਬਿਸਤਰੇ 'ਤੇ ਬੈਠਾ, ਮਾਫ ਕਰ ਦੇ। ਸਾਆਦੀ ਦੇ ਇਸ ਕਥਨ ਅਨੁਸਾਰ :–

(ਸ਼ਿਅਰ) ਸਖੀ ਲੋਕ ਪਾਂਧੀ ਦੀ ਤਨੋਂ ਮਨੋਂ ਸੇਵਾ ਕਰਦੇ ਹਨ ਕਿ ਉਹ ਉਨ੍ਹਾਂ (ਸਖੀਆਂ) ਦਾ
ਸ਼ੁਭ ਨਾਮ ਸਾਰੇ ਸੰਸਾਰ ਵਿਚ ਉੱਘਾ ਕਰ ਦਿੰਦੇ ਹਨ"।

ਸਵਾਣੀ ਸਤਿਕਾਰ ਨਾਲ ਗੋਡਿਆਂ ਪਰਨੇ ਬੈਠ ਗਈ ਤੇ ਉਸ ਦਾ ਪੱਲਾ ਫੜ ਕੇ ਕਹਿਣ ਲੱਗੀ "ਅੱਲ੍ਹਾ, ਅੱਲ੍ਹਾ ! ਇਹ ਕੋਈ ਗੱਲ ਨਹੀਂ ਹੈ।

(ਸ਼ਿਅਰ) ਜੇ ਤੂੰ ਮੇਰੇ ਸਿਰ ਅਤੇ ਅੱਖਾਂ ਤੇ ਬੈਠੇਂ ਤਾਂ ਮੈਂ ਤੇਰੀ ਖਿਦਮਤ ਕਰਾਂ
ਕਿਉਂਕਿ ਤੂੰ ਦਿਲ ਜਾਨੀਂ ਹੈ।

ਬਲਕਿ ਤੂੰ ਇਸ ਨਿਮਾਣੀ ਹੀਰ ਨੂੰ ਮਾਫ ਕਰ ਕਿਉਂਕਿ ਮੈਂ ਤੇਰੇ ਵਰਗੇ ਆਰਾਮ ਕਰ ਰਹੇ ਸੁੰਦਰ ਨਾਇਕ ਨੂੰ ਖ਼ਾਹ ਮਖ਼ਾਹ ਤਕਲੀਫ ਦਿੱਤੀ। ਤੂੰ ਆਪ ਹੀ ਦੱਸ ਕਿ ਤੂੰ ਕਿਥੋਂ ਆਇਆ ਹੈਂ, ਕਿਸ ਥਾਂ ਨੂੰ ਜਾਣ ਦੀ ਇੱਛਾ ਹੈ ਤੇ ਤੇਰਾ ਨਾਉਂ ਕੀ ਹੈ ?

(ਸ਼ਿਅਰ) ਤੇਰਾ ਨਾਉਂ ਕੀ ਹੈ ? ਮੈਂ ਨਾਮ ਦੀ ਆਸ਼ਿਕ ਹਾਂ, ਮੈਂ ਤੇਰੀ ਹੱਥ-ਬੱਧੀ ਗ਼ੁਲਾਮ ਹਾਂ।
ਐ ਪਿਆਰੇ ! ਮੈਂ ਜਾਣ ਗਈ।

(ਸ਼ਿਅਰ) ਜੇਕਰ ਤੂੰ ਬਾਦਸ਼ਾਹ ਹੈਂ ? ਤਾਂ ਆਖਿਰਕਾਰ ਤੇਰਾ ਨਾਉਂ ਕੀ ਹੈ ? ਜੇ ਤੂੰ ਚੰਦ ਹੈਂ ?
ਤਾਂ ਤੂੰ ਕਿੱਥੇ ਜਾ ਰਿਹਾ ਹੈ ?"

ਜਵਾਨ ਨੇ ਉੱਤਰ ਦਿੱਤਾ, "ਮੇਰਾ ਨਾਉਂ ਰਾਂਝਾ ਹੈ। ਤਖਤ ਹਜ਼ਾਰਾ ਮੇਰਾ ਵਤਨ ਹੈ। ਮੈਂ ਰੋਜ਼ੀ ਦੀ ਭਾਲ ਵਿਚ ਹਰ ਪਾਸੇ ਭੌਂਦਾ ਫਿਰਦਾ ਹਾਂ।

(ਸ਼ਿਅਰ) ਮੇਰੀ ਧੌਣ ਵਿਚ ਦੋਸਤ ਨੇ ਰੱਸੀ ਪਾ ਲਈ ਹੁਣ ਜਿਸ ਥਾਂ ਉਸ
ਦੀ ਇੱਛਾ ਕਰਦੀ ਹੈ ਲੈ ਜਾਵੇ।"

ਹੀਰ ਨੇ ਦੂਜੀ ਵੇਰ ਮਿੱਠੀ ਜ਼ਬਾਨ ਨਾਲ ਪੁੱਛਿਆ, "ਐ ਜਾਨੀ ਦੋਸਤ ! ਤੂੰ ਕਿਹੜਾ ਕੰਮ ਧੰਧਾ ਜਾਣਦਾ ਹੈ ?" ਰਾਂਝੇ ਨੇ ਉੱਤਰ ਦਿੱਤਾ, "ਐ ਕ੍ਰਿਪਾਲਤਾ ਦੀ ਮੂਰਤੀ ! ਤੂੰ ਆਪ ਜਾਣਦੀ ਹੈਂ ਕਿ ਪੇਂਡੂ ਆਦਮੀ ਪਸ਼ੂ ਚਰਾਉਣ ਤੋਂ ਬਿਨਾਂ ਕੀ ਕੰਮ ਕਰ ਸਕਦਾ ਹੈ ?" ਸੋ ਵੱਡੀ ਜੁਗਤਣ ਹੀਰ ਨੇ ਦਸਿਆ, "ਮੇਰਾ ਪਿਤਾ ਚੂਚਕ ਸਿਆਲ ਬਹੁਤ ਮਾਲਦਾਰ ਵਿਅੱਕਤੀ ਹੈ। ਉਸ ਕੋਲ ਛੋਟੀਆਂ ਵੱਡੀਆਂ ਮੱਝਾਂ ਬਹੁਤ ਹਨ ਅਤੇ ਉਸ ਨੂੰ ਤੇਰੇ ਵਰਗੇ ਵਫਾਦਾਰ ਨੌਕਰ ਦੀ ਲੋੜ ਹੈ। ਤੂੰ ਮੇਰੇ ਨਾਲ ਚਲ ਤੇ ਮੇਰੇ ਪਿਤਾ ਕੋਲ ਜਾ ਕੇ ਉਸ ਦਾ ਮੁਲਾਜ਼ਿਮ ਬਣ ਜਾ।"

ਰਾਂਝੇ ਨੇ ਇਸ ਗੱਲ ਨੂੰ ਗ਼ਨੀਅਤ ਸਮਝਿਆ ਤੇ ਕਿਹਾ, "ਰੱਬ ਕਰੇ ! ਤੇਰੇ ਇਕ ਇਸ਼ਾਰੇ ਨਾਲ ਮੈਂ ਸਿਰ ਪਰਨੇ ਭੱਜ ਕੇ ਆਵਾਂ।"

ਮੁੱਕਦੀ ਗੱਲ ਮੀਆਂ ਰਾਂਝਾ ਉਸ ਦੇ ਪਿਤਾ ਨੂੰ ਪਸੰਦ ਆ ਗਿਆ ਅਤੇ ਉਹ ਪਸ਼ੂ ਚਰਾਣ ਦੇ ਕੰਮ 'ਤੇ ਲੱਗ ਗਿਆ। ਉਸ ਦੀ ਸੇਵਾ ਭਾਵ ਤੋਂ ਟੱਬਰ ਦੇ ਸਾਰੇ ਜੀਅ ਖੁਸ਼ ਹੋ ਗਏ। ਰਾਂਝੇ ਦੀ ਬਾਂਸਰੀ ਦੀ

ਆਵਾਜ਼ ਸੁਣ ਕੇ ਸਾਰੇ ਇਨਸਾਨ ਤੇ ਪਸ਼ੂ ਨਸ਼ਿਆ ਜਾਂਦੇ। ਉਹ ਦਿਨ ਚਰਾਂਦ ਵਿਚ ਤੇ ਰਾਤਾਂ ਖੇਤਾਂ ਵਿਚ ਬਤੀਤ ਕਰਦਾ ਸੀ। ਹੀਰ ਹਰ ਰੋਜ਼ ਛਾਹ ਵੇਲੇ ਰੋਟੀ, ਪਨੀਰ, ਲੱਸੀ, ਦਹੀਂ ਤੇ ਚੂਰੀ ਆਦਿ ਭਾਂਤ ਭਾਂਤ ਦੇ ਭੋਜਨਾਂ ਦਾ ਥਾਲ ਉਸ ਪ੍ਰੇਮੀ (ਰਾਂਝੇ) ਦੇ ਖਾਣ ਵਾਸਤੇ ਬੀਆਬਾਨ ਤੇ ਚਰਾਂਦ ਵਿਚ ਲੈ ਜਾਂਦੀ ਸੀ। ਦੋਵੇਂ ਇਕੱਠੇ ਬਹਿ ਕੇ ਖਾਂਦੇ, ਖੁਸ਼ ਹੁੰਦੇ ਤੇ ਐਸ਼ ਕਰਨ ਵਿਚ ਰੁਝੇ ਰਹਿੰਦੇ ਸਨ। ਕਾਫੀ ਸਮਾਂ ਬਿਨਾਂ ਕਿਸੇ ਰੁਕਾਵਟ ਦੇ ਮੌਜਾਂ ਮਾਣਦੇ ਰਹੇ ਅਤੇ ਆਪਸ ਵਿਚ ਘਿਓ ਖਿਚੜੀ ਵਾਂਗ ਜੀਵਨ ਬਤੀਤ ਕਰਦੇ ਰਹੇ ਇਥੋਂ ਤਕ ਕਿ ਲੋਕਾਂ ਵਿਚ ਚਰਚਾ ਛਿੜ ਗਈ। ਜ਼ਮਾਨੇ ਦੇ ਰਸੋਈਏ ਨੇ ਭੋਜਨ ਦੇ ਥਾਲ ਵਿਚ ਮੱਖੀ ਪਾ ਦਿੱਤੀ ਤੇ ਹਲਵੇ ਵਿਚ ਸਿਰਕਾ ਸੁੱਟ ਦਿੱਤਾ ਅਰਥਾਤ ਇਕ ਦਿਨ ਇਸ ਮਨਮੋਹਣੀ ਦੇ ਚਾਚੇ ਕੈਦੋ ਲੰਙੇ ਨੇ ਸਭਾ ਦੀ ਸਜਾਵਟ ਹੀਰ ਤੇ ਰਾਂਝੇ ਦੀ ਮੁਲਾਕਾਤ ਦਾ ਰੰਗ ਢੰਗ ਤੱਕਿਆ। ਉਸ ਨੇ ਇਸ ਮੌਕੇ ਨੂੰ ਲਾਹੇਵੰਦਾ ਸਮਝਿਆ ਅਤੇ ਚੂਚਕ ਕੋਲ ਜਾ ਕੇ ਪਾਜ ਉਘੇੜ ਦਿੱਤਾ ਕਿ ਕੁਨਸਲੀ ਹੀਰ ਲੂਣ ਹਰਾਮੀ ਨੌਕਰ ਨਾਲ ਕਿਸ ਪ੍ਰਕਾਰ ਦੇ ਖਾਣੇ ਪਕਾਉਂਦੀ ਹੈ ਤੇ ਕਿਸ ਪ੍ਰਕਾਰ ਦੀਆਂ ਮਿੱਠੀਆਂ ਚੀਜ਼ਾਂ ਚੱਖਦੀ ਹੈ (ਭਾਵ ਕਿਸ ਪ੍ਰਕਾਰ ਦੇ ਸੰਬੰਧ ਰੱਖਦੀ ਹੈ) ਅਤੇ ਇਕ ਵਾਰ ਤਾਂ ਉਸ ਨੇ ਪੂਰੀ ਬਦਨਾਮੀ ਕਰਾ ਦਿਤੀ ਹੈ ਅਤੇ ਆਪਣੀ ਸ਼ਰਮ ਲਾਹ ਦਿਤੀ ਹੈ।" ਇਹ ਗੱਲ ਸੁਣਨ ਸਾਰ ਚੂਚਕ ਦੇ ਤਨ ਬਦਨ ਨੂੰ ਅੱਗ ਲੱਗ ਗਈ। ਉਹ ਗੁੱਸੇ ਨਾਲ ਭਰਿਆ ਘਰ ਅਪੜਿਆ ਅਤੇ ਲੋਹਾ ਲਾਖਾ ਹੋ ਕੇ ਪਤਨੀ ਨੂੰ ਕਹਿਣ ਲੱਗਾ,

(ਸ਼ਿਅਰ) "ਸਿਆਣੇ ਨੇ ਕਿੰਨੀ ਸੋਹਣੀ ਗੱਲ ਕਹੀ ਹੈ ਕਿ ਕਿਸੇ ਦੇ ਘਰ ਬੇਟੀ ਨਾ ਹੋਵੇ,
ਜੇਕਰ ਜੰਮ ਪਵੇ ਤਾਂ ਸਮਝੋ ਖੱਜਲ ਖੁਆਰੀ ਤੇ ਬਦਨਾਮੀ ਹੈ।

ਐ ਸਵਾਣੀ ! ਤੇਰੀ ਬੇਟੀ ਨੇ ਇਸ ਭੈੜੇ ਸਮੇਂ ਵਿਚ ਕੀ ਨਵਾਂ ਚੰਦ ਚੜ੍ਹਾਇਆ ਹੈ ਕਿ ਮੈਂ ਆਪਣੇ ਬਰਾਬਰ ਦੇ ਲੋਕਾਂ ਸਾਹਮਣੇ ਅੱਖ ਨਹੀਂ ਚੁੱਕ ਸਕਦਾ। ਹੁਣ ਮੈਂ ਉਸ ਨੂੰ ਜਾਨੋਂ ਮਾਰ ਕੇ ਧਰਤੀ ਵਿਚ ਦੱਬਦਾ ਹਾਂ ਤਾਂ ਕਿ ਉਸ ਦਾ ਪਤਾ ਨਾ ਲੱਗ ਸਕੇ। ਉਸ ਦੀ ਪਤਨੀ ਦਿਲੋਂ ਰੋਈ ਤੇ ਟੁੱਟੇ ਦਿਲ ਨਾਲ ਬੋਲੀ, "ਤੇਗ ਨਾਲ ਸਜ਼ਾ ਦੇਣੀ ਰੌਲਾ ਪੈਣ ਅਤੇ ਛੋਟੇ ਵੱਡਿਆਂ ਵਿਚ ਬਦਨਾਮੀ ਦਾ ਕਾਰਣ ਹੈ। ਚੰਗੀ ਜੁਗਤ ਤਾਂ ਇਹੋ ਹੈ ਕਿ ਜਵਾਨ ਬੇਟੀ ਨੂੰ ਆਪਣੀ ਜ਼ਾਤ ਦੇ ਮੁੰਡੇ ਨਾਲ ਵਿਆਹ ਦੇਣਾ ਚਾਹੀਦਾ ਹੈ ਅਤੇ ਉੱਚੀ ਸ਼ਾਨ ਵਾਲੇ ਘਰਾਣੇ ਵਿਚ ਘੱਲ ਦੇਣੀ ਚਾਹੀਦੀ ਹੈ"। ਇਸ ਗੱਲ ਨਾਲ ਸਿਆਲ ਦਾ ਗੁੱਸਾ ਠੰਢਾ ਪੈ ਗਿਆ। ਹੀਰ ਦਾ ਵਿਆਹ ਪਿੰਡ ਰੰਗ ਪੁਰ, ਜਿਹੜਾ 'ਖੇੜਾ' ਕੌਮ ਦੇ ਨਾਉਂ ਨਾਲ ਪ੍ਰਸਿੱਧ ਹੈ, ਦੇ ਮੁਕੱਦਮ ਸੈਦੇ ਨਾਲ, ਜਿੰਨਾ ਛੇਤੀ ਹੋ ਸਕਿਆ, ਕਰ ਦਿੱਤਾ ਗਿਆ ਅਤੇ ਉਸ ਨੂੰ ਯਾਰ ਨਾਲੋਂ ਵਿਛੋੜ ਦਿੱਤਾ।

ਜਦੋਂ ਦੁਖੀ ਹੀਰ ਪਤੀ ਦੇ ਘਰ ਰਹਿਣ ਲੱਗ ਪਈ ਤਾਂ ਹਮੇਸ਼ਾਂ ਬੀਮਾਰ ਰਿਹਾ ਕਰੇ। ਰਾਂਝਾ ਕੱਪੜੇ ਪਾੜ ਕੇ ਤੇ ਸੁਆਹ ਮਲ ਕੇ ਫਕੀਰ ਬਣ ਗਿਆ ਅਤੇ ਤਪੱਸਵੀ ਜੋਗੀਆਂ ਦੀ ਢਾਣੀ ਵਿਚ ਜਾ ਰਲਿਆ ਤੇ ਉਨ੍ਹਾਂ ਦਾ ਚੇਲਾ ਬਣ ਗਿਆ। ਉਹ ਇਕਾਂਤ ਤੇ ਸਮਾਧੀ ਵਿਚ ਹੀਰ ਦਾ ਜਲਵਾ ਦੇਖਦਾ ਸੀ। ਇੱਕ ਦਿਨ ਉਸ ਦੇ ਅੰਦਰੋਂ ਇਸ਼ਕ ਦਾ ਜੋਸ਼ ਉੱਠਿਆ ਤੇ ਪਿੰਡ ਰੰਗ ਪੁਰ ਨੂੰ ਸਿਰ ਤੋੜ ਨੱਠ ਪਿਆ। ਸ਼ਹਿਰ ਵਿਚ ਦਾਖਲ ਹੋ ਕੇ ਮੰਗਤਿਆਂ ਵਾਂਗ ਉਹ ਹਰ ਘਰੋਂ ਭਿਖਿਆ ਮੰਗਦਾ ਸੀ ਅਤੇ ਆਪਣੀ ਪ੍ਰੇਮਕਾ ਨੂੰ ਹਰ ਥਾਂ ਭਾਲਦਾ ਸੀ ਇੱਥੋਂ ਤੱਕ ਕਿ ਹੀਰ ਦੇ ਘਰ ਪੁੱਜ ਗਿਆ। ਉਸ ਨੂੰ ਬੀਮਾਰੀ ਦੇ ਬਿਸਤਰੇ 'ਚ ਪਈ ਨੂੰ ਵੇਖਿਆ। ਰਾਂਝਾ ਮਸਤੀ ਕਾਰਣ ਜੋਸ਼ ਵਿਚ ਆ ਗਿਆ ਤੇ ਉਸ ਨੇ ਆਵਾਜ਼ਾ ਕੱਸਿਆ ਕਿ "ਮੈਂ ਮੰਗਤਾ ਹਿਕਮਤ ਦੇ ਗਿਆਨ ਦਾ ਜਾਣੂ ਹਾਂ ਤੇ ਹਰੇਕ ਰੋਗ ਦਾ ਇਲਾਜ ਜਾਣਦਾ ਹਾਂ।" ਪਰ ਹੀਰ ਨੇ ਮੰਗਤੇ ਨੂੰ ਨਾ ਪਛਾਣਿਆਂ ਅਤੇ ਉਸ ਦੀਆਂ ਫਜ਼ੂਲ ਗੱਲਾਂ ਸੁਣ ਕੇ ਖਿੱਝ ਗਈ ਅਤੇ ਉਸ ਨੂੰ ਘਰੋਂ ਭਜਾ ਦਿੱਤਾ। ਮਸਤ ਜ਼ਖਮੀਂ-ਦਿਲ ਫਕੀਰ ਨੇ ਸ਼ਹਿਰੋਂ ਬਾਹਰ ਡੇਰਾ ਲਾ ਲਿਆ ਤੇ ਪੱਕਾ ਟਿਕਾਣਾ ਬਣਾ ਲਿਆ। ਉਸ ਨੇ ਆਪਣੇ ਆਪ ਨੂੰ ਕਰਾਮਾਤੀ ਵਜੋਂ ਪ੍ਰਸਿੱਧ ਕਰ ਦਿੱਤਾ। ਆਬਾਦੀ ਦੇ ਸਾਰੇ ਲੋਕ ਉਸ ਕੋਲ ਇਕੱਠੇ

ਹੋ ਗਏ। ਸੈਦੇ ਖੇੜੇ ਦੀ ਭੈਣ ਭੀ ਫਕੀਰ ਦੀ ਸੇਵਾ ਵਿਚ ਹੀਰ ਬਾਰੇ ਉਪਾ ਪੁੱਛਣ ਗਈ। ਉਸ ਫਰੇਬੀ ਨੇ ਇਕ ਤਿੱਖੇ ਮੂੰਹ ਵਾਲਾ ਕੰਡਾ ਹੀਰ ਦੇ ਕੋਮਲ ਪੈਰ ਵਿਚ ਖਭੋ ਦਿੱਤਾ ਤੇ ਉਸ ਨੇ ਮਕਰ ਵਜੋਂ ਇਹ ਗੱਲ ਧੁਮਾ ਦਿੱਤੀ ਕਿ ਹੀਰ ਨੂੰ ਸੱਪ ਕੱਟ ਗਿਆ। ਛੋਟੇ ਵੱਡੇ ਵਿਅੱਕਤੀਆਂ ਨੇ ਵਾਵੇਲਾ ਕੀਤਾ ਕਿ ਉਸ ਦਾ ਇਲਾਜ ਉਸ ਕਰਾਮਾਤੀ ਦਰਵੇਸ਼ ਦੇ ਆਕੇ ਦਮ ਫੂਕਣ ਤੋਂ ਬਿਨਾ ਸੰਭਵ ਨਹੀਂ ਹੈ।

ਪ੍ਰੇਮੀ ਸੈਦੇ ਨੇ ਦਾਸ ਬਣ ਕੇ, ਬੇਨਤੀ ਤੇ ਮਿਨਤ ਤਰਲਾ ਕਰਕੇ ਹਾਲ ਤੋਂ ਜਾਣੂ ਆਸ਼ਿਕ ਨੂੰ ਘਰ ਲਿਆਂਦਾ ਤੇ ਸੱਪ ਦੀ ਕੱਟੀ ਹੀਰ ਨੂੰ ਉਸ ਦੇ ਅੱਗੇ ਬਿਠਾ ਦਿੱਤਾ। ਹਕੀਮ ਨੂੰ ਦੇਖ ਕੇ ਰੋਗੀ ਨੇ ਅੱਥਰੂ ਕੇਰੇ ਤੇ ਉਸ ਨੂੰ ਗਸ਼ੀ ਪੈ ਗਈ। ਰੋਗੀ ਨੂੰ ਵੇਖ ਕੇ ਹਕੀਮ ਨੇ ਹੌਕਾ ਭਰਿਆ ਤੇ ਕਿਹਾ, "ਇਸ ਨੂੰ ਬਹੁਤ ਵੱਡੇ ਤੇ ਜ਼ਹਿਰੀਲੇ ਸੱਪ ਨੇ ਕੱਟਿਆ ਹੈ। ਖੁਦਾ ਆਪਣੀ ਅਪਾਰ ਕਿਰਪਾ ਨਾਲ ਇਸ ਨੂੰ ਇਸ ਬਲਾ ਤੋਂ ਛੁਟਕਾਰਾ ਦੇਵੇ! ਫਕੀਰ ਨੂੰ ਕੁਝ ਦਿਨ ਇਕਲਵਾਂਝੇ ਕਮਰੇ ਵਿਚ ਇਸ ਰੋਗੀ ਦੇ ਨਾਲ ਰਹਿਣਾ ਪੈਣਾ ਹੈ ਤੇ ਉਸ ਉੱਤੇ ਮੰਤਰ ਜੰਤਰ ਪੜ੍ਹਨੇ ਹਨ ਤਾਂ ਕਿ ਆਰਾਮ ਆ ਜਾਵੇ।" ਖੈਰ, ਰਿਸ਼ਤੇਦਾਰਾਂ ਨੇ ਉਨਾਂ ਦਾ ਇਕਾਂਤ ਵਿਚ ਰਹਿਣਾ ਮੰਨ ਲਿਆ ਅਤੇ ਫੁੱਲ ਤੇ ਬੁਲਬੁਲ (ਪ੍ਰੇਮੀਆਂ) ਨੂੰ ਮਨੋਰਥ ਪੂਰਾ ਕਰਨ ਲਈ ਬੇ-ਸਮਾਨ ਖਾਲੀ ਕਮਰੇ ਵਿਚ ਛੱਡ ਦਿੱਤਾ। ਇਕ ਰਾਤ ਨੂੰ ਪ੍ਰੇਮੀ ਪ੍ਰੇਮਕਾ ਨੇ ਮੌਕਾ ਪਾ ਕੇ ਪਿਛਲੀ ਕੰਧ ਵਿਚ ਸੰਨ੍ਹ ਲਾ ਲਈ ਅਤੇ ਆਪਣੇ ਇਲਾਕੇ ਨੂੰ ਭੱਜ ਗਏ।

ਜਦੋਂ ਦਿਨ ਚੜ੍ਹੇ ਪਤਾ ਲੱਗਿਆ ਕਿ ਸਵਾਣੀ ਦੀ ਮਰਜ਼ੀ ਨਾਲ ਫਕੀਰ ਉਸ ਨੂੰ ਲੈ ਗਿਆ ਹੈ ਤਾਂ ਉਨ੍ਹਾਂ ਦਾ ਪਿੱਛਾ ਕੀਤਾ। ਉਨ੍ਹਾਂ ਨੇ ਆਦਲ ਪੁਰ ਪਿੰਡ ਦੇ ਬਰਾਬਰ ਦੋਨਾਂ ਨੂੰ ਫੜ ਲਿਆ। ਉਨ੍ਹਾਂ ਨੂੰ ਨਿਆਂ ਕਰਾਉਣ ਲਈ ਉੱਥੋਂ ਦੇ ਹਾਕਮ, ਜਿਹੜਾ ਦਿੱਲੀ ਦੇ ਅਦਲੀ ਬਾਦਸ਼ਾਹ ਦੀ ਤਰਫੋਂ ਉੱਥੋਂ ਦਾ ਨਾਜ਼ਿਮ ਸੀ, ਦੇ ਸਾਹਮਣੇ ਲੈ ਗਏ। ਪਤਨੀ ਦੇ ਇਨਕਾਰ ਤੇ ਪਤੀ ਦਾ ਇਕਰਾਰ ਨਾ ਹੋਣ ਕਾਰਨ ਜਬਰੀ ਨਿਕਾਹ ਟੁੱਟ ਗਿਆ। ਸੂਝਵਾਨ ਬਾਲਗ ਹੀਰ ਨੂੰ ਮੁਖਤਿਆਰੀ ਦਾ ਅਧਿਕਾਰ ਮਿਲ ਗਿਆ ਤੇ ਰਾਂਝੇ ਨਾਲ ਆਪਣੇ ਦੇਸ਼ ਨੂੰ ਚਲੀ ਗਈ। ਜਦੋਂ ਉਹ ਸੰਨ ੯੬੧ ਹਿਜਰੀ ਵਾਲੇ ਸਾਲ ਝੰਗ ਦੇ ਨੇੜੇ ਪਿੰਡ ਮਘਿਆਣਾ ਵਿਖੇ ਪੁੱਜੇ ਤਾਂ ਅਚਾਨਕ ਹੀ ਉਨ੍ਹਾਂ ਨੂੰ ਉੱਥੋਂ ਦਾ ਮੁਕੱਦਮ ਮਿਲ ਗਿਆ। ਉਸ ਨੂੰ ਸੁਲਝਿਆ ਹੋਇਆ ਤੇ ਦਾਨਾ ਸਮਝਦੇ ਉਨ੍ਹਾਂ ਨੇ ਉਸ ਅੱਗੇ ਆਪਣੇ ਦਿਲ ਦੀ ਘੁੰਡੀ ਖੋਲ੍ਹੀ। ਰਾਂਝੇ ਨੇ ਕਿਹਾ, "ਮੈਂ ਚਾਹੁੰਦਾ ਹਾਂ ਕਿ ਹੀਰ ਨੂੰ ਉਸ ਦੇ ਮਾਪਿਆਂ ਨੂੰ ਦੱਸੇ ਬਿਨਾਂ ਆਪਣੇ ਤਖਤ ਹਜ਼ਾਰ ਲੈ ਜਾਵਾਂ ਪਰ ਹੀਰ ਕਹਿੰਦੀ ਹੈ ਕਿ ਮੈਨੂੰ ਮੇਰੇ ਮਾਪਿਆਂ ਦੇ ਘਰ ਛੱਡ ਅਤੇ ਉਨ੍ਹਾਂ ਦੀ ਰਜ਼ਾਮੰਦੀ ਨਾਲ ਵਿਆਹ ਕਰਕੇ ਆਪਣੇ ਘਰ ਲੈ ਜਾ ਤਾਂ ਕਿ ਮੈਨੂੰ ਸ਼ਰੀਕਣੀਆਂ ਤਾਂਹਨੇ ਨਾ ਮਾਰਨ। ਇਸ ਮੁਆਮਲੇ 'ਤੇ ਅਮਲ ਕਰਨ ਬਾਰੇ ਅਸੀਂ ਤੁਹਾਡੀ ਨੇਕ ਸਲਾਹ 'ਤੇ ਨਿਰਭਰ ਕੀਤਾ ਹੈ।" ਦਾਨੇ ਚੌਧਰੀ ਨੇ ਦੱਸਿਆ, "ਹੀਰ ਦੀ ਦੱਸੀ ਜੁਗਤ ਹੀ ਚੰਗੀ ਹੈ। ਪਰੰਤੂ ਚੂਚਕ ਦੇ ਘਰ ਇੱਕ ਦਮ ਜਾਣਾ ਠੀਕ ਨਹੀਂ ਹੈ ਅਜਿਹਾ ਨਾ ਹੋਵੇ ਕਿ ਉਹ ਅਣਖੀ ਦੋਨਾਂ ਨੂੰ ਜਾਨੋਂ ਮਾਰ ਦੇਵੇ। ਕੁਝ ਦਿਨਾਂ ਲਈ ਤੂੰ ਆਪਣੇ ਘਰ ਚਲਾ ਜਾ ਤੇ ਆਪਣੇ ਭਰਾਵਾਂ ਦੀ ਸਲਾਹ ਪੁੱਛ। ਹੀਰ, ਜਿਹੜੀ ਮੇਰੀ ਭੀ ਬੇਟੀ ਹੈ, ਨੂੰ ਮੇਰੇ ਘਰ ਰਹਿਣ ਦੇ। ਮੈਂ ਚੂਚਕ, ਜਿਹੜਾ ਮੇਰਾ ਭਰਾ ਹੈ, ਨਾਲ ਸਲਾਹ ਕਰ ਕੇ ਹੀਰ ਨੂੰ ਉਸ ਦੇ ਘਰ ਪਹੁੰਚਾ ਦਿਆਂਗਾ। ਫਿਰ ਤੈਨੂੰ ਉੱਥੇ ਚੁਲਾ ਕੇ ਨਿਕਾਹ ਪੜ੍ਹਵਾ ਦਿਆਂਗਾ। ਜੇਕਰ ਸਿਆਲ ਸ਼ਰਮਿੰਦਗੀ ਕਾਰਣ ਇਹ ਗੱਲ ਨਹੀਂ ਮੰਨੂੰਗਾ ਤਾਂ ਮੈਂ ਬੁੱਢਾ ਆਦਮੀ ਹੀਰ ਦਾ ਨਿਕਾਹ ਆਪਣੀਆਂ ਪਿਆਰੀਆਂ ਬੇਟੀਆਂ ਵਾਂਗ ਬੜੇ ਚੰਗੇ ਢੰਗ ਨਾਲ ਦਾਜ ਦੇਣ ਦੇ ਕੇ, ਖਸ਼ੀ ਖੁਸ਼ੀ ਤੇ ਅਸ਼ੀਰਬਾਦ ਦੇ ਕੇ ਤੇਰੇ ਨਾਲ ਕਰ ਦਿਆਂਗਾ। ਤੂੰ ਇੱਕ ਹਫਤਾ ਆਪਣੇ ਘਰ ਵਿਚ ਤਸੱਲੀ ਨਾਲ ਟਿੱਕ ਤੇ ਮੇਰੇ ਸੰਦੇਸ਼ ਦੀ ਉਡੀਕ ਕਰ। ਇਸ ਚੰਗੇ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਜੰਞ ਦੀ ਤਿਆਰੀ ਦਾ ਪ੍ਰਬੰਧ ਕਰ ਤੇ ਫਿਕਰ ਨਾ ਕਰ। ਕੁਝ ਚਿਰ ਮਗਰੋਂ ਇਸ ਦੁੱਖ ਦਾ ਫਲ ਤੈਨੂੰ ਮਿਲ ਜਾਵੇਗਾ।"

ਪ੍ਰੇਮੀ ਅਤੇ ਪ੍ਰੇਮਕਾ ਦੋਵੇਂ ਉਸ ਦੀਆਂ ਮਿੱਠੀਆਂ ਗੱਲਾਂ 'ਤੇ ਮੋਹਿਤ ਹੋ ਗਏ ਅਤੇ ਉਸ ਦੀ ਸਲਾਹ ਨੂੰ ਸਵੀਕਾਰ ਕਰ ਲਿਆ। ਹੀਰ ਨੇ ਰਾਂਝੇ ਨੂੰ ਗਲਵੱਕੜੀ ਪਾਈ, ਅੱਖਾਂ ਵਿੱਚੋਂ ਅੱਥਰੂ ਕੇਰੇ ਤੇ ਉਸ ਨੂੰ

ਵਿਦਾ ਕੀਤਾ। ਹੀਰ ਆਪਣੇ ਮੂੰਹ-ਬੋਲੇ ਪਿਤਾ ਦੇ ਘਰ ਠਹਿਰਨ ਲਈ ਰਾਜ਼ੀ ਹੋ ਗਈ। ਰੱਬ ਸਬੱਬੀਂ ਉਸ ਕਾਲੀ ਰਾਤ ਨੂੰ, ਜਿਸ ਰਾਤ ਦੇ ਹਨ੍ਹੇਰੇ ਵਿਚ ਯਾਰ ਵਿਦਾ ਹੋਇਆ ਸੀ, ਨਾਮੁਰਾਦ ਹੀਰ ਨੂੰ ਸੱਪ ਕੱਟ ਗਿਆ ਤੇ ਉਸ ਦੀ ਆਤਮਾ ਦਾ ਪੰਛੀ ਸਰੀਰਕ ਪਿੰਜਰੇ ਵਿੱਚੋਂ ਉੱਡ ਗਿਆ। ਹਰ ਪਾਸਿਉਂ ਹਾਏ ਹਾਏ ਦੀ ਉੱਚੀ ਆਵਾਜ਼ ਉੱਠੀ। ਇਸ ਮਾਰੂ ਘਟਨਾ ਦੇ ਵਾਪਰਨ ਸਦਕਾ ਮਿੱਤਰ ਤੇ ਵੈਰੀ ਸਾਰਿਆਂ ਨੂੰ ਬਹੁਤ ਦੁੱਖ ਹੋਇਆ। ਬਹੁਤ ਦੁਖੀ ਹੋਏ ਹੋਏ ਛੋਟੇ ਤੇ ਵੱਡੇ ਲੋਕ ਹੀਰ ਦੀ ਲਾਸ਼ ਦੇ ਜਨਾਜ਼ੇ ਨੂੰ ਸਿਰ ਤੇ ਮੋਢਿਆਂ 'ਤੇ ਰੱਖ ਕੇ ਝੰਗ ਸਿਆਲ ਨੂੰ ਤੁਰ ਪਏ ਤੇ ਚੂਚਕ ਨੂੰ ਇਸ ਗੱਲ ਦੀ ਖ਼ਬਰ ਕਰ ਦਿਤੀ। ਇਹ ਸੂਚਨਾ ਪਾ ਕੇ ਉਸ ਨੇ ਕਾਲੇ ਸੱਪ ਵਾਂਗ ਵੱਟ ਖਾਧੇ ਤੇ ਰਸਤਾ ਰੋਕਿਆ ਤੇ ਕਿਹਾ, "ਤੁਸੀਂ ਉਸ ਬਦਬਖਤ ਹੀਰ ਦੇ ਜਨਾਜ਼ੇ ਨੂੰ ਮੇਰੇ ਇਲਾਕੇ ਵਿਚ ਨਾ ਲਿਆਓ ਤੇ ਉੱਥੇ ਹੀ ਦੱਬ ਦਿਓ ਕਿਉਂਕਿ ਮੇਰੇ ਲਈ ਉਸ ਦਾ ਜਨਾਜ਼ਾ ਦੇਖਣਾ ਹਰਾਮ ਹੈ"। ਉਹਨਾਂ ਨੇ ਮਜਬੂਰ ਹੋ ਕੇ ਹੀਰ ਨੂੰ ਮਘਿਆਣਾ ਤੇ ਝੰਗ ਦੇ ਵਿਚਕਾਰ ਨਵ੍ਹਾ ਕੇ ਤੇ ਖੱਫਣ ਵਿਚ ਲਪੇਟ ਕੇ ਦੱਬ ਦਿਤਾ ਤੇ ਉਸ ਦੀ ਕਬਰ ਦੇ ਆਲੇ ਦੁਆਲੇ ਛੱਤ-ਰਹਿਤ ਚਾਰ ਦੀਵਾਰੀ ਕਰ ਦਿੱਤੀ ਜੋ ਅੱਜ ਤੱਕ ਉਸੇ ਹੀ ਹਾਲਤ ਵਿਚ ਕਾਇਮ ਹੈ। ਉਹਨਾਂ ਨੇ ਤੇਜ਼ਰਫਤਾਰ ਤੇ ਭੈੜੀ ਖ਼ਬਰ ਪੁਚਾਉਣ ਵਾਲੇ ਸ਼ਾਦੀ ਨਾਮੀ ਨਾਈ ਨੂੰ ਭੈੜੀ ਖ਼ਬਰ ਦੇਣ ਲਈ ਅਭਾਗੇ ਰਾਂਝੇ ਵਲ ਤੋਰ ਦਿੱਤਾ।

ਉਸੇ ਦਿਨ ਹੀ ਰਾਂਝੇ ਨੇ ਘਰ ਪੁੱਜ ਕੇ ਭਰਾਵਾਂ ਤੇ ਆਪਣੇ ਸੰਬੰਧੀਆਂ ਨੂੰ ਮਿਲ ਕੇ ਆਪਣੀ ਗੱਲ ਮਨਾ ਲਈ ਸੀ। ਰਾਂਝੇ ਦੇ ਸਾਰੇ ਭਾਈਬੰਦਾਂ ਤੇ ਸੰਬੰਧੀਆਂ ਨੇ ਹਰੇਕ ਥਾਂ ਤੋਂ ਆ ਕੇ ਉਸ ਦੇ ਸਿਰ ਉੱਤੋਂ ਚੀਜ਼ਾਂ ਤੇ ਪੈਸੇ ਵਾਰੇ ਸਨ। ਸਾਰੇ ਜਣੇ ਉਸ ਦੇ ਮੂੰਹੋਂ ਸ਼ਾਦੀ ਦੀ ਖ਼ਬਰ ਸੁਣ ਕੇ ਵਾਹ ਵਾਹ ਕਰਦੇ ਅਤੇ ਹੀਰ ਦੇ ਪ੍ਰਾਪਤ ਹੋਣ 'ਤੇ ਖੁਸ਼ੀ ਮਨਾ ਰਹੇ ਸਨ।

ਉਹਨਾਂ ਨੇ ਵਿਆਹ ਦੀਆਂ ਚੀਜ਼ਾਂ ਇਕੱਠੀਆਂ ਕਰਨੀਆਂ ਅਰੰਭ ਦਿਤੀਆਂ ਸਨ ਕਿ ਮਨਹੂਸ ਹਰਕਾਰੇ ਸ਼ਾਦੀ, ਜੋ ਮੌਤ ਦੇ ਫਰਿਸ਼ਤੇ ਦਾ ਨਮੂਨਾ ਸੀ, ਨੇ ਬੇਮੌਕਾ ਆ ਕੇ ਅਚਾਨਕ ਹੀਰ ਦੇ ਮਰਨ ਦੀ ਖ਼ਬਰ ਦੱਸੀ। ਰਾਂਝੇ ਨੇ ਸੁਣਦੇ ਸਾਰ ਹੌਕਾ ਭਰਿਆ ਤੇ ਬੇਹੋਸ਼ ਹੋ ਕੇ ਡਿੱਗ ਪਿਆ। ਘਰ ਵਾਲਿਆਂ ਤੇ ਸੰਬੰਧੀਆਂ ਦੇ ਵੇਖਣ ਤੇ ਪਤਾ ਲੱਗਣ ਤੋਂ ਪਹਿਲਾਂ ਹੀ ਅੱਖ ਦੇ ਫੋਰੇ ਵਿਚ ਮਰ ਗਿਆ। ਸਾਰਿਆਂ ਪਾਸਿਆਂ ਤੋਂ ਵਾਵੇਲਾ ਹੋਣ ਲੱਗ ਗਿਆ। ਦੁਨੀਆਂ ਦੇ ਲੋਕਾਂ ਦੇ ਮੂੰਹੋਂ 'ਅਫਸੋਸ, ਸੌ ਵਾਰ ਅਫਸੋਸ' ਦੀ ਆਵਾਜ਼ ਨਿਕਲਣ ਲੱਗ ਪਈ। ਸੋ ਸਦਮੇਂ ਨਾਲ ਬਹੁਤ ਦੁਖੀ ਹੋਇਆਂ ਹੋਇਆਂ ਨੇ ਉਸ ਨੂੰ ਭੁਇਂ ਤੋਂ ਚੁੱਕਿਆ ਤੇ ਧਰਤੀ ਵਿਚ ਦੱਬ ਦਿੱਤਾ। ਸਮਾਪਤ।

(ਸ਼ਿਅਰ) ਉਹ ਵਿਅੱਕਤੀ ਚੰਗਾ ਹੈ ਜਿਸ ਨੇ ਇਸ਼ਕ ਦੀ ਖ਼ਾਤਰ ਜਾਨ ਦਿੱਤੀ,
ਇਹ ਇਸ਼ਕ ਹੀ ਹੈ ਜਿਹੜਾ ਉਸ ਨੂੰ ਜਾਨ ਦੇ ਸਕਿਆ ਹੈ।

ਦੁਆਬਾ ਰਚਨਾਬ

ਤੀਜਾ ਦੁਆਬਾ ਰਚਨਾਬ ਹੈ ਜੋ ਰਾਵੀ ਤੇ ਝਨਾ ਦਰਿਆਵਾਂ ਵਿਚਕਾਰ ਸਥਿੱਤ ਹੈ । ਕਈ ਇਸ **ਦੁਆਬੇ** ਨੂੰ ਦੁਆਬਾ ਰਚਨਾ ਕਹਿੰਦੇ ਹਨ । ਦਰਿਆ ਰਾਵੀ ਜਿਸ ਨੂੰ ਈਰਾਵਤੀ ਕਹਿੰਦੇ ਹਨ ਮਨ ਮਹੇਸ਼ ਪਹਾੜ ਵਿੱਚੋਂ ਜਿੱਥੇ ਮਹਾਂਦੇਵ ਦਾ ਪੁਰਾਣਾ ਮੰਦਰ ਹੈ ਦੇ ਸੋਮੇਂ 'ਚੋਂ ਨਿਕਲਦਾ ਹੈ । ਰਾਵੀ ਦਰਿਆ ਚੰਭਾ ਸ਼ਹਿਰ ਦੇ ਹੇਠੋਂ ਲੰਘਦਾ ਹੈ । ਬਰਫ ਪੈਣ ਕਾਰਣ ਚੰਭੇ ਦੇ ਇਲਾਕੇ ਦੀ ਹਵਾ ਠੰਢੀ ਹੈ । ਚੰਭੇ ਦੇ ਇਲਾਕੇ 'ਚੋਂ ਬਾਹਰ ਨਿਕਲਣ ਮਗਰੋਂ ਬਸੋਹਲੀ ਦੇ ਇਲਾਕੇ ਵਿੱਚੋਂ ਵਹਿੰਦਾ ਹੋਇਆ ਨੂਰਪੁਰ ਪਰਗਣੇ ਵਿਚਲੇ ਸ਼ਾਹ ਪੁਰ ਨੱਗਰ ਦੇ ਹੇਠੋਂ ਲੰਘਦਾ ਹੈ । ਇਸੇ ਥਾਂ ਤੋਂ ਹੀ, ਜੋ ਖੁਸਰੀ ਦੇ ਨਾਉਂ ਨਾਲ ਪ੍ਰਸਿੱਧ ਹੈ, ਦੋ ਵੱਡੀਆਂ ਨਹਿਰਾਂ ਕੱਢੀਆਂ ਗਈਆਂ ਹਨ । ਇਨ੍ਹਾਂ ਵਿੱਚੋਂ ਇੱਕ ਵੱਡੀ ਨਹਿਰ ਜੋ ਲਾਹੌਰ ਦੇ ਪੂਰਬ ਵਲ ਸ਼ਾਲਾ ਮਾਰ ਬਾਗ ਨੂੰ ਜਾਂਦੀ ਹੈ ਤੇ ਦੂਜੀ ਪਠਾਨਕੋਟ, ਦੀਨਾ ਨਗਰ, ਕਲਾਨੌਰ ਤੇ ਬਟਾਲੇ ਵੱਲ ਜਾਂਦੀ ਹੈ । ਇਨ੍ਹਾਂ ਨਹਿਰਾਂ ਨਾਲ ਕ੍ਰਿਸਾਨਾਂ ਦੀਆਂ ਖੇਤੀਆਂ ਨੂੰ ਬਹੁਤ ਲਾਭ ਪੁੱਜਦਾ ਹੈ । ਸੋ ਇਹ ਰਾਵੀ ਦਰਿਆ ਪਠਾਨਕੋਟ ਦੇ ਹੇਠੋਂ, ਪੁਰਸਰੂਰ ਦੇ ਇਲਾਕੇ ਦੇ ਪਿੰਡਾਂ ਤੇ ਐਮਨਾਬਾਦ ਆਦਿ ਤੋਂ ਲੰਘਦਾ ਹੋਇਆ ਸ਼ਹਿਰ ਲਾਹੌਰ ਦੀ ਸ਼ੋਭਾ ਵਧਾਉਂਦਾ ਹੈ । ਸ਼ਾਹੀ ਕਿਲ੍ਹੇ ਦੇ ਨਾਲ ਲੱਗਦਾ ਪੱਤਨ ਹੈ । ਇਥੋਂ ਰਾਵੀ ਦਰਿਆ ਸ਼ਾਹਦਰਾ ਨੱਗਰ ਪੁੱਜਦਾ ਹੈ ਜਿੱਥੇ ਦਰਿਆ ਦੇ ਕੰਢੇ ਜਹਾਂਗੀਰ ਬਾਦਸ਼ਾਹ ਦਾ ਮਕਬਰਾ ਹੈ । ਇੱਥੋਂ ਸੈਦਵਾਲ, ਫਰੀਦਾਬਾਦ ਤੇ ਤਲੰਬਾ ਦੀਆਂ ਹੱਦਾਂ ਨਾਲੋਂ ਲੰਘਦਾ ਹੋਇਆ ਮੁਲਤਾਨ ਤੋਂ ਵੀਹ ਕੋਹ 'ਤੇ ਸਰਾਏ ਸੰਧੂ ਕੋਲ ਦਰਿਆ ਝਨਾ ਤੇ ਜਿਹਲਮ ਜਿਹੜੇ ਇਕੱਠੇ ਵਹਿੰਦੇ ਹਨ, ਵਿੱਚ ਜਾ ਡਿੱਗਦਾ ਹੈ । ਇੱਥੇ ਇਸ ਦਾ ਨਾਉਂ ਤਰੀਮੂੰ ਪੈ ਜਾਂਦਾ ਹੈ । ਉੱਥੋਂ ਤਿੰਨੇ ਦਰਿਆ ਇਕੱਠੇ ਹੋ ਕੇ ਸਿੰਧ ਸਾਗਰ ਵਿੱਚ ਮਿਲ ਜਾਂਦੇ ਹਨ । ਸਮਾਪਤ ।

ਦੁਆਬਾ ਰਚਨਾਬ ਦੇ ਪਰਗਣਿਆਂ ਤੇ ਸ਼ਹਿਰਾਂ ਦਾ ਬਿਆਨ

ਨੱਗਰ ਬਸੋਹਲੀ, ਮਸਰੂਰ, ਜਸਰੋਟਾ, ਰਾਮ ਨੱਗਰ, ਮਨਕੋਟ, ਸਾਂਭਾ, ਚਕਲਾ ਜੰਮੂ ਤੇ ਬਾਹੂ ਆਦਿ ਸਰਕਾਰ ਜੰਮੂ ਦੇ ਪਹਾੜੀ ਇਲਾਕੇ ਵਿੱਚ ਸ਼ਾਮਲ ਹਨ । ਦੜਪ ਇੱਕ ਬਹੁਤ ਵੱਡੇ ਇਲਾਕੇ ਦਾ ਨਾਉਂ ਹੈ । ਨਾਰੋਵਾਲ ਦਰਿਆ ਰਾਵੀ ਦੇ ਕੰਢੇ 'ਤੇ ਇੱਕ ਨੱਗਰ ਹੈ ਜਿੱਥੇ 'ਖੋਜਾ' ਕੌਮ ਦੇ ਬਹੁਤ ਸਾਰੇ ਵਿਉਪਾਰੀ ਰਹਿੰਦੇ ਹਨ । ਹਿੰਦੂ ਸਾਧੂਆਂ ਵਿੱਚੋਂ ਉੱਥੇ ਬਾਬਾ ਲਾਹਰ ਬੈਰਾਗੀ ਬਰਕਤੀਲਾ ਵਿਅੱਕਤੀ ਹੋਇਆ ਹੈ । ਉਸ ਦੇ ਅਸਥਾਨ 'ਤੇ ਵੈਸਾਖੀ ਤੇ ਜਨਮ-ਅਸ਼ਟਮੀ ਦੇ ਦਿਨ ਬਹੁਤ ਭਾਰੀ ਮੇਲਾ ਲੱਗਦਾ ਹੈ । ਕੋਟ ਨੈਨਾਂ ਇੱਕ ਛੋਟੇ ਨੱਗਰ ਦਾ ਨਾਉਂ ਹੈ । ਜਿੱਥੇ ਨਾਨਕ ਸ਼ਾਹੀ ਉਦਾਸੀ ਸਾਧੂ ਰਾਮਕੌਰ ਸਾਹਿਬ ਦੀ ਸਮਾਧੀ ਹੈ ਜੋ ਤੀਰਥ-ਸਥਾਨ ਹੈ । ਹਲੋਵਾਲ ਇੱਕ ਵੱਡਾ ਪਿੰਡ ਹੈ ਜੋ ਸ੍ਰ: ਬਾਘ ਸਿੰਘ ਦੇ ਰਾਜ-ਪ੍ਰਬੰਧ ਵਿੱਚ ਪ੍ਰਸਿੱਧ ਹੋਇਆ ਹੈ ਅਤੇ ਇਸ ਇਲਾਕੇ ਦਾ ਸਦਰ ਮੁਕਾਮ ਮੁਕੱਰਰ ਹੋਇਆ । ਹਲੋਵਾਲ ਦੇ ਇਲਾਕੇ ਵਿੱਚ ਲੋਹਰਕੇ ਇੱਕ ਤੱਲਕੇ ਦਾ ਨਾਉਂ ਹੈ । ਕਿਲ੍ਹਾ ਸੋਭਾ ਸਿੰਘ ਇੱਕ ਸ਼ਾਹਿਰ ਦਾ ਨਾਉਂ ਹੈ ਜੋ ਉੱਪਰ ਦੱਸੇ ਬਾਘ ਸਿੰਘ

ਦੇ ਬੇਟੇ ਸਰਦਾਰ ਸੋਭਾ ਸਿੰਘ ਨੇ ਸੰਮਤ ੧੮੪੫ ਬਿਕਰਮੀ (ਮੁਤਾਬਿਕ ਸੰਨ ੧੭੮੮ ਈ:) ਵਿੱਚ ਆਬਾਦ ਕੀਤਾ ਹੈ ਪਹਿਲਾਂ ਇਹ ਉਜੜਿਆ ਹੋਇਆ ਇੱਕ ਥੇਹ ਹੀ ਪਿਆ ਸੀ । ਉੱਥੇ ਇੱਕ ਸਾਂਈਂ-ਲੋਕ ਬੋਹੜ ਦੇ ਰੁੱਖ ਹੇਠਾਂ ਰਹਿੰਦਾ ਸੀ ਜਿਸ ਦਾ ਨਾਉਂ ਬੋਲਾਕ ਸ਼ਾਹ ਸੀ । ਉਸ ਦੀ ਖਾਨਗਾਹ ਸ਼ਹਿਰ ਦੇ ਵਿਚਕਾਰ ਆ ਗਈ ਹੈ ।

ਕਿਲ੍ਹਾ ਸੂਬਾ ਸਿੰਘ ਇੱਕ ਨਗਰ ਦਾ ਨਾਮ ਹੈ ਜੋ ਸ੍ਰ. ਬਾਘ ਸਿੰਘ ਦੇ ਦੂਜੇ ਬੇਟੇ ਨੇ ਸੰਮਤ ੧੮੪੪ ਬਿਕਰਮੀ (ਮੁਤਾਬਿਕ ਸੰਨ ੧੭੯੧ ਈ:) ਵਿੱਚ ਆਪਣੇ ਨਾਉਂ 'ਤੇ ਵਸਾਇਆ ਹੈ ।

ਹਲੋਵਾਲ ਦੇ ਤੱਲਕਿਆਂ ਵਿੱਚੋਂ ਤਲਵੰਡੀ ਭਿੰਡਰਾਂ ਨਾਮੀ ਇੱਕ ਇਲਾਕਾ ਹੈ । ਹਲੋਵਾਲ ਤੱਲਕੇ ਵਿੱਚ ਦਾਊਦ ਨਾਮੀ ਇਕ ਇਲਾਕਾ ਹੈ । ਉੱਥੋਂ ਦਾ ਮੁਕੱਦਮ ਜਾਨਾ ਪ੍ਰਸਿੱਧ ਵਿਅੱਕਤੀ ਹੈ ।

ਦੜਪ ਦੇ ਇਲਾਕੇ ਵਿੱਚ ਨਰੋਟਾ ਨਾਮੀਂ ਇੱਕ ਪਿੰਡ ਹੈ ਅਤੇ ਦੜਪ ਦੇ ਇਲਾਕੇ ਵਿੱਚ ਹੀ ਚੱਕ ਸੁੱਖੂ ਨਾਉਂ ਦਾ ਇੱਕ ਪਿੰਡ ਹੈ । ਦੜਪ ਵਿੱਚ ਹੀ ਬੋਰਾ ਨਾਮੀਂ ਇੱਕ ਪਿੰਡ ਹੈ । ਸ਼ਕਰਗੜ੍ਹ ਤੇ ਅਟੱਲਗੜ੍ਹ ਕਿਲ੍ਹਿਆਂ ਦੇ ਨਾਉਂ ਹਨ । ਕੰਜਰੂਰ ਨਾਮੀ ਇੱਕ ਪਿੰਡ ਹੈ ਜੋ 'ਦੱਤ' ਜ਼ਾਤ ਦੇ ਬ੍ਰਾਹਮਣਾਂ ਦੀ ਵਿਰਾਸਤ ਹੈ ।

ਜ਼ਫਰਵਾਲ ਇੱਕ ਪਰਗਣੇ ਦਾ ਨਾਉਂ ਹੈ । ਨੱਗਰ ਜ਼ਫਰਵਾਲ ਵਿਖੇ ਕ੍ਰਿਸ਼ਨ ਜੀ ਦੇ ਭਗਤ ਮੱਈਆ ਦਾਸ ਦਾ ਘਰ ਹੈ । ਪਰਗਣਾ ਜ਼ਫਰਵਾਲ ਵਿੱਚ ਨੁਕਲ ਨਾਮੀਂ ਇੱਕ ਵੱਡਾ ਪਿੰਡ ਹੈ ਜਿੱਥੋਂ ਦੇ ਵਾਰਿਸ 'ਸੋਤਕ' ਬ੍ਰਾਹਮਣ ਹਨ ਅਤੇ ਜ਼ਫਰਵਾਲ ਪਰਗਣੇ ਦੀ ਕਾਨੂੰਗੋਈ ਉਨ੍ਹਾਂ ਦੇ ਨਾਉਂ ਲੱਗੀ ਹੋਈ ਹੈ । ਪਰਗਣਾ ਜ਼ਫਰਵਾਲ ਵਿੱਚ ਕੈਲਾਸ਼ ਪੁਰ ਨਾਮੀ ਇੱਕ ਪਿੰਡ ਹੈ । ਵੀਰੋਵਾਲੀ ਇੱਕ ਵੱਡੇ ਪਿੰਡ ਦਾ ਨਾਉਂ ਹੈ । ਖਰੋਲਾ, ਧੋਥਲ, ਮਹਾਰਾਜਕੇ ਤੇ ਦੋਦਾ ਜੱਸੜ ਆਦਿ ਸਾਰੇ ਛੋਟੇ ਤੱਲਕਿਆਂ ਦੇ ਨਾਉਂ ਹਨ ।

ਹੇਮ ਨੱਗਰ ਇਕ ਪਰਗਣੇ ਦਾ ਨਾਉਂ ਹੈ ਜਿਸ ਨੂੰ ਸਨਖਤਰਾ ਕਹਿੰਦੇ ਹਨ । ਸਨਖਤਰਾ ਇਕ ਜ਼ਿਮੀਂਦਾਰ ਦਾ ਨਾਉਂ ਸੀ ਜੋ 'ਦੇਵ' ਕਰਕੇ ਜਾਣਿਆ ਜਾਂਦਾ ਸੀ ਤੇ ਕਰਾਮਾਤੀ ਸੀ । ਉੱਥੇ ਉਸ ਦੀ ਮੜ੍ਹੀ ਦੇਵ ਕੌਮ ਦਾ ਉਪਾਸਨਾ-ਮੰਦਰ ਹੈ । ਪਰਗਣਾ ਹੇਮ ਨੱਗਰ ਵਿਚ ਦੀਪੋਕੀ ਇਕ ਵੱਡਾ ਪਿੰਡ ਹੈ ਜੋ ਵਰਿਆਮ ਸਿੰਘ ਮਿਨਹਾਲੀਆਂ ਦੀ ਜਗੀਰ ਵਿਚ ਥਾਪਿਆ ਗਿਆ ਸੀ । ਉੱਥੋਂ ਦੇ ਵਾਰਿਸ 'ਦੇਵ' ਜ਼ਿਮੀਂਦਾਰ ਹਨ । ਉਸੇ ਪਿੰਡ ਵਿਚ ਹੀ ਲੀਲਾਵਤੀ ਪੁਸਤਕ ਨੂੰ ਵੇਰਵੇ ਸਹਿਤ ਬਿਆਨ ਕਰਨ ਵਾਲੇ ਮਿਸਰ ਗੁਲਾਬ ਰਾਏ ਤੇ ਈਸ਼ਰ ਦਾਸ ਰਹਿੰਦੇ ਹਨ । ਨੌਨਾਰ ਨਾਮੀ ਛੋਟਾ ਨੱਗਰ ਹੈ ।

ਨਸੀਬਤ ਕੋਟ ਤੇ ਢੋਡਾਰੱਈਆ ਤੱਲਕਿਆਂ ਦੇ ਨਾਉਂ ਹਨ । ਇਹ ਦੋਵੇਂ ਪਿੰਡ ਵੱਖਰੇ ਵੱਖਰੇ ਹਨ ।

ਔਰੰਗਾਬਾਦ ਪਰਗਣੇ ਵਿੱਚ ਕਲਾਂ ਵਾਲਾ (ਕਲਾਸ ਵਾਲਾ) ਪ੍ਰਸਿੱਧ ਪਿੰਡ ਹੈ । ਪੁਸਰੂਰ ਪਰਗਣਾ ਹੈ ਜਿੱਥੇ ਸ੍ਰ: ਸਾਹਿਬ ਸਿੰਘ ਗੁਜਰਾਤ ਵਾਲੇ ਦੇ ਜੁਆਈ ਸ੍ਰ: ਜੋਧ ਸਿੰਘ ਦਾ ਘਰ ਸੀ । ਪੁਰਸਰੂਰ ਦੇ ਇਲਾਕੇ ਵਿੱਚ ਚਵਿੰਡਾ ਬਾਜਵਾ ਇੱਕ ਵੱਡਾ ਪਿੰਡ ਹੈ । ਇੱਥੇ ਹਿੰਦੀ (ਪੰਜਾਬੀ) ਕਵੀ ਗੰਗਾ ਰਾਮ ਹੋਇਆ ਹੈ । ਪਿੰਡ ਕਲਾਂ ਇੱਕ ਪਿੰਡ ਦਾ ਨਾਉਂ ਹੈ । ਸੀਰੋਵਾਲ, ਬਹਿਰਵਾਲ ਤੇ ਫਤਹਿਗੜ੍ਹ ਤਲਕਿਆਂ ਦੇ ਨਾਮ ਹਨ ਜੋ ਔਰੰਗਾਬਾਦ ਦੇ ਇਲਾਕੇ ਵਿੱਚ ਕੋਟਾ ਕਰਕੇ ਪ੍ਰਸਿੱਧ ਹਨ । ਔਰੰਗਾਬਾਦ ਇੱਕ ਪਰਗਣੇ ਦਾ ਨਾਉਂ ਹੈ ਜੋ ਪਰਗਣਾ ਪੁਰਸਰੂਰ ਨਾਲੋਂ ਔਰੰਗਜ਼ੇਬ ਆਲਮਗੀਰ ਦੇ ਰਾਜ-ਕਾਲ ਵਿੱਚ ਉਸ ਦੇ ਰਾਜ-ਗੱਦੀ 'ਤੇ ਬੈਠਣ ਤੋਂ ਵੀਹਵੇਂ ਸਾਲ ਸਾਉਣੀ ਦੀ ਫਸਲ ਦੇ ਸ਼ੁਰੂ ਵਿੱਚ ਵੱਖ ਹੋਇਆ । ਸ਼ਹਿਰ ਔਰੰਗਾਬਾਦ ਸਿੱਖਾਂ ਦੇ ਰਾਜ ਦੇ ਸ਼ੁਰੂ ਤੋਂ ਹੀ ਉਜੜਿਆ ਪਿਆ ਹੈ । ਕਹਿੰਦੇ ਹਨ ਕਿ ਅੱਜ ਕੱਲ੍ਹ ਉੱਥੇ ਕੁੱਝ ਘਰ ਆਬਾਦ ਹੋ ਗਏ ਹਨ ।

ਪੁਸਰੂਰ ਇਕ ਪਰਗਣਾ ਹੈ ਜਿਸ ਨੂੰ ਪੁਰਸਰੂਰ ਭੀ ਸੱਦਦੇ ਹਨ । ਇਹ ਪਰਗਣਾ ਪੰਜਾਬ ਦੇ ਪ੍ਰਸਿੱਧ ਚਾਰ ਮਹਾਲਾਂ ਵਿੱਚੋਂ ਹੈ ਜਿਹੜੇ ਚੁਗਤਾਈ ਰਾਜ਼-ਕਾਲ ਵਿਚ ਨਵਾਬ ਨਾਸਿਰ ਖਾਂ ਦੀ ਜਗੀਰ

ਵਿਚ ਕਾਬਲ ਦੇ ਖਰਚਾਂ ਲਈ ਨੀਯਤ ਸਨ। ਉੱਪਰ ਦੱਸਿਆ ਪੁਰਸਰੂਰ ਨੱਗਰ ਇਕ ਦਰਮਿਆਨਾ ਸ਼ਹਿਰ ਹੈ। ਉੱਥੋਂ ਦੇ ਵੱਡੇ ਆਦਮੀਆਂ ਵਿੱਚੋਂ 'ਟਕਿਆਰ' ਤੇ 'ਢੋਸਾ' ਜ਼ਾਤ ਦੇ ਖੱਤਰੀ ਪ੍ਰਸਿੱਧ ਹਨ। ਉੱਥੇ ਲਾਲਾ ਸੰਗਤ ਰਾਏ 'ਟਕਿਆਰ' ਦਾ ਬਣਾਇਆ ਹੋਇਆ ਇਕ ਬਾਗ, ਪੱਕਾ ਤਲਾ ਤੇ ਬਾਰਾਂ ਦਰੀ ਉਸ ਦੀ ਯਾਦਗਾਰ ਹਨ। ਉੱਥੋਂ ਦੇ ਹਾਕਮਾਂ ਵਿਚੋਂ ਸ਼ੇਖ ਅਬਦੁੱਰਹੀਮ 'ਕੱਕੇ ਜ਼ਈ' ਹਾਕਮ ਹੋਇਆ ਹੈ। ਖਾਲਸਾ ਰਾਜ ਦੇ ਇਸ ਜ਼ਮਾਨੇ ਵਿਚ ਉੱਥੇ ਮੁਹੰਮਦ ਰਜ਼ਾ ਸੁੰਦਰ ਲਿਖਾਈ ਕਰਨ ਵਾਲਾ ਤੇ ਦਿਲਸ਼ਾਦ ਨਾਮੀ ਕਵੀ ਕਾਫੀ ਪ੍ਰਸਿੱਧ ਹੋਏ ਹਨ ਅਤੇ ਬਾਬਾ ਖੁਸ਼ਹਾਲ 'ਪੁਰੀ' ਸੰਨਿਆਸੀ ਸਾਧੂ ਬਰਕਤੀਲਾ ਹੋਇਆ ਹੈ। ਅੱਜ ਕੱਲ੍ਹ ਹਿੰਦੂ ਸਾਧੂਆਂ ਵਿਚੋਂ ਗੁਲਾਬ ਗਿਰ ਸੰਨਿਆਸੀ ਪੂਰਨ ਖੁਦਾਸ਼ਨਾਸ ਹੈ। ਕਰਮ ਚੰਦ ਬ੍ਰਾਹਮਣ ਤੇ ਮਾਹਣਾ ਸ਼ਾਹ 'ਭਾਬੜਾ' ਵਿਉਪਾਰੀ ਧਨਾਢਾਂ ਵਿੱਚੋਂ ਉੱਘੇ ਹਨ। ਕੋਰਸ੍ਹ ਸ਼ਾਹ 'ਪਖੋਤਾ' ਭੀ ਧੰਨਵਾਨ ਤੇ ਮਿਲਣਸਾਰ ਵਿਅੱਕਤੀ ਹੋਇਆ ਹੈ। ਉੱਥੇ ਮੀਰਾਂ ਬਰਖ਼ੁਰਦਾਰ ਦੀ ਕਬਰ ਤੀਰਥ-ਸਥਾਨ ਹੈ। ਪਰਗਣਾ ਪੁਸਰੂਰ ਵਿਚ,'ਲੋਹਾਨ' ਜ਼ਾਤ ਦੇ ਜ਼ਿਮੀਂਦਾਰਾਂ ਦਾ ਇਕ ਪਿੰਡ ਲੋਹਾਨ ਹੈ। ਉੱਥੋਂ ਦੇ ਜ਼ਿਮੀਂਦਾਰ ਸੁਲਤਾਨ ਸਰਵਰ ਦੇ ਸ਼ਰਧਾਲੂ ਹਨ ਇਸ ਲਈ ਉਹ ਉੱਥੇ ਸਖੀ ਸਰਵਰ ਲੱਖ ਦਾਤਾ ਦੇ ਅਸਥਾਨ ਨੂੰ ਗੁੰਬਦ ਦੀ ਤਰ੍ਹਾਂ ਗੋਲ ਸ਼ਕਲ ਦਾ ਬਣਵਾ ਕੇ ਪੂਜਾ ਕਰਦੇ ਰਹੇ ਹਨ। ਉੱਥੇ ਸੁਲਤਾਨ ਸਖੀ ਸਰਵਰ ਦਾ ਚੇਲਾ ਹੁਕਮਾਂ ਨਾਮੀ ਹਿੰਦੂ ਵਿਅੱਕਤੀ ਪ੍ਰਸਿੱਧ ਹੋਇਆ ਹੈ। ਸਾਰੇ ਭਰਾਈ ਤੇ ਸ਼ਰਧਾਲੂ ਉਸਤਤਯੋਗ 'ਹੁਕਮਾਂ' ਦੇ ਤਾਬੇ ਹਨ।

ਚੋਬਾਰਾ ਭੀ ਤੱਲਕੇ ਦਾ ਨਾਉਂ ਹੈ। ਲਾਲਾ ਔਲਕ ਇਲਾਕੇ ਆ ਨਾਉਂ ਹੈ। ਕੋਟਲੀ ਫ਼ਕੀਰ ਚੰਦ ਨਾਨਕ ਸ਼ਾਹੀ ਕੜੀ ਦੇ ਸਾਹਿਤ੍ਰਜ਼ਾਦਿਆਂ ਦਾ ਨਿਵਾਸ-ਅਸਥਾਨ ਹੈ। ਬਨ ਨੱਗਰ ਇਕ ਛੋਟਾ ਸ਼ਹਿਰ ਤੇ ਪਰਗਣੇ ਦਾ ਹੈਡ ਕੁਆਟਰ ਸੀ। ਇਸ ਸਮੇਂ ਇਹ ਇੱਕ ਛੋਟਾ ਜਿਹਾ ਪਿੰਡ ਹੈ। ਇਸ ਵਿਚ ਪੰਜ ਤਪੇ ਸ਼ਾਮਲ ਹਨ।

੧. ਤਪਾ ਹਵੇਲੀ	੨. ਅਕਬਰਾਬਾਦ
੩. ਤਪਾ ਗੁਜਰਾਂ	੪. ਤਪਾ ਚਾਰਗਾਂ
੫. ਤਪਾ ਸਲਾਹਰ	

ਬਨ ਨੱਗਰ ਕਾਫੀ ਸਮੇਂ ਤੋਂ ਉਜੜਿਆ ਪਿਆ ਹੈ ਤੇ ਇਕ ਛੋਟਾ ਜਿਹਾ ਪਿੰਡ ਬਣ ਗਿਆ ਹੈ। ਇਹ ਪਿੰਡ ਸਰਕਾਰ ਜੰਮੂ ਦੇ ਪ੍ਰਬੰਧ ਹੇਠ ਭਡਿਆਲ ਇਲਾਕੇ ਵਿਚ ਸ਼ਾਮਲ ਹੈ।

ਆਰੀਨਾ ਨਾਮੀ ਇਕ ਛੋਟਾ ਪਰਗਣਾ ਸੀ ਜਿਸ ਦੇ ਦੋ ਤਪੇ ਸਨ। ਪਹਿਲਾ ਹਵੇਲੀ ਜੋ ਖਾਸ ਆਰੀਨਾ ਪਿੰਡ ਹੈ। ਇਹ ਜੰਮੂ ਰਾਜ ਵਿਚ ਸ਼ਾਮਲ ਹੈ। ਦੂਜਾ ਤਪਾ ਚਪਰਾਰ ਹੈ ਜਿਹੜਾ ਜੰਮੂ ਦੇ ਇਲਾਕੇ 'ਚੋਂ ਨਿਕਲ ਗਿਆ ਹੈ ਪਰੰਤੂ ਉਸ ਤਪੇ ਦੇ ਮਾਲਕ "ਮਿਨਹਾਸ" ਕੌਮ ਦੇ ਲੋਕ ਹਨ ਜੋ ਜੰਮੂ ਦੇ ਰਾਜਿਆਂ ਦੀ ਪੀੜੀ ਵਿੱਚੋਂ ਹਨ। ਉਸ ਦੇ ਨਾਲ ਲਗਦਾ ਕਿਲ੍ਹਾ ਰਣਜੀਤ ਗੜ੍ਹ ਹੈ ਜਿਹੜਾ ਜੰਮੂ ਦੇ ਰਾਜੇ ਰਣਜੀਤ ਦੇਵ ਨੇ ਆਪਣੇ ਰਾਜ-ਕਾਲ ਵਿਚ ਬਣਵਾਇਆ ਸੀ। ਸਮਾਪਤ।

ਸਿਆਲਕੋਟ ਇਕ ਵੱਡਾ ਪਰਗਣਾ ਸੀ। ਐਮਨਾਬਾਦ, ਬਨ, ਆਰੀਨਾ, ਪੁਸਰੂਰ, ਬਹਿਲੋਲਪੁਰ, ਗੁਜਰਾਤ ਤੇ ਹੈਰਾਤ ਦੇ ਪਰਗਣੇ, ਸਿਆਲਕੋਟ ਪਰਗਣੇ ਦਾ ਇਲਾਕਾ ਕੱਟ ਕੇ ਅੱਡ ਅੱਡ ਪਰਗਣੇ ਬਣਾਏ ਗਏ ਹਨ। ਮੁਹੰਮਦ ਸ਼ਾਹੀ ਰਾਜ-ਕਾਲ ਦੇ ਰੀਕਾਰਡ ਅਨੁਸਾਰ ਪਰਗਣਾ ਸਿਆਲਕੋਟ ਵਿਚ ਸੱਠ ਟੋਪ ਭਾਵ ਇਲਾਕੇ ਹਨ। (ਫ਼ਾਰਸੀ) ਵਰਣਮਾਲਾ ਦੇ ਅੱਖਰਾਂ ਦੇ ਕ੍ਰਮ ਅਨੁਸਾਰ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ :—

੧. ਟੋਪ ਔਰੰਗ ਹੋਰ ਸਲ੍ਹੋਕੇ ਖੋਰਾਹਾ।
੨. ਔਰੰਗ ਹੋਰ ਰਹੀਮ ਮੂਸਾ ਉਰਫ਼ ਰੁੜਕੇ।

੩. ਟੋਪ ਔਰੰਗ ਹੋਰ ਅਮਾਨ ਅੱਲਾ, ਉਰਫ ਚੰਨੋ ਕੌਮ।
੪. ਔਰੰਗ ਹੋਰ ਉਰਫ ਵਲੀਕੇ।
੫. ਔਰੰਕ ਹੋਰ ਬਾਗਵਾਂ ਉਰਫ ਗੋਂਦ ਪੁਰ ਤੇ ਮੁਰਾਦ ਪੁਰ।
ਸਿਆਲਕੋਟ ਦੇ ਕਾਨੂੰਗੋਆਂ ਦੀ ਜ਼ਰਖਰੀਦ ਵਿਰਾਸਤ ਦੇ ਬਹੁਤੇ ਪਿੰਡ ਇਸੇ ਟੋਪ ਵਿਚ ਹਨ।
੬. ਔਰੰਗ ਹੋਰ ਸਰਵ ਸੋਹੀ ਉਰਫ ਸੋਹੀਆਂ।
੭. ਔਰੰਗ ਹੋਰ ਮੁਹੰਮਦ ਸੁਲਤਾਨ।
੮. ਔਰੰਗ ਹੋਰ ਗੋਜਰਾ ਉਰਫ ਗੋਜਰਾ, ਘੜਤਲ ਦੇ ਨਾਲ ਲਗਦਾ।
੯. ਅਲ੍ਹੜਾ ਵੜਾਇਚ ਉਰਫ ਅਲ੍ਹੜਾ।
੧੦. ਅਮਾਨ ਅੱਲ੍ਹਾ ਪੁਰ ਸਿੰਧੀ ਚੌਹਾਨ ਉਰਫ ਢੇਰਾ ਸੰਧਾ।
੧੧. ਅਮਾਨ ਅੱਲ੍ਹਾ ਪੁਰ ਪੰਜ ਗਰਾਈਂ।
੧੨. ਅਮਾਨ ਅੱਲ੍ਹਾ ਪੁਰ ਜਾਮ ਦਲਮਲ ਉਰਫ ਜਾਮਕੇ। ਇਹ ਵੱਡਾ ਪਿੰਡ ਹੈ।
੧੩. ਆਸਿਫ ਪੁਰ ਸੰਧਾਰ ਉਰਫ ਸੰਧਾਰ ਵਾਲੀ।
੧੪. ਆਸਿਫ ਪੁਰ ਸਰੂਪ ਉਰਫ ਬਾਜਵਾ।
੧੫. ਅਕੋਖੋਲਾ ਉਰਫ ਖੋਲਾ।
੧੬. ਭਾਗੋਵਾਲ, ਸਿਆਲਕੋਟ ਦੇ ਨਾਲ ਲਗਦਾ, ਕੌਮ ਬਾਜਵਾ ਦੀ ਵਿਰਾਸਤ।
੧੭. ਬਹਾਦੁਰ ਸ਼ਾਹਪੁਰ ਸਆਦ ਅੱਲ੍ਹਾ ਮਿਹਰਬਾਨ (ਮਿਹਰਵਾਨ)।
੧੮. ਪੜਤਾਂ ਵਾਲੀ, ਵੱਡਾ ਪਿੰਡ ਹੈ ਤੇ ਪ੍ਰਸਿੱਧ ਹੈ।
੧੯. ਭਾਰਥੀ ਬੂ-ਅਲੀ-ਸ਼ੇਰ।
੨੦. ਫੱਪਾਂ ਵਾਲਾ, ਪ੍ਰਸਿੱਧ ਪਿੰਡ ਹੈ।
੨੧. ਭਾਂਡਾ ਗੋਬਿੰਦ ਕਾ ਉਰਫ ਭਾਂਡੇ ਵਾਲਾ ਪ੍ਰਸਿੱਧ ਹੈ।
੨੨. ਬਾਕਰ ਪੁਰ ਪਠਾਣ ਉਰਫ ਕਲੋਵਾਲ (ਘੁੰਮਣ ਕੌਮ ਦੀ ਵਿਰਾਸਤ)
੨੩. ਮੰਡੀ ਕਾਕਾ ਉਰਫ ਕਾਕਾ ਵਾਲੀ।
੨੪. ਮੰਡੀ ਪੰਜੋਰਾਂ।
੨੫. ਬਲਾਂ ਵਾਲਾ, ਪ੍ਰਸਿੱਧ ਪਿੰਡ ਹੈ।
੨੬. ਜੋੜੀ ਬਲਾਨ।
੨੭. ਖਾਨਪੁਰ ਲੱਖੂ ਉਰਫ ਚਕਰਾਲਾ। 'ਵਡਹਿਰਾ' ਖੱਤਰੀਆਂ ਦੀ ਵਿਰਾਸਤ ਹੈ।
੨੮. ਖੈਰੂ ਵਾਲੀ, ਸਿਆਲਕੋਟ ਦੇ ਨਾਲ ਲੱਗਦਾ।
੨੯. ਦਿਆਨਤ ਰਾਏਪੁਰ ਉਰਫ ਕਾਲਾ ਭਰਾਵਾਂ।
੩੦. ਦਾਤਾ ਨਾਕੜਾ ਉਰਫ ਨਾਕਵਾ।
੩੧. ਧੋਂਕਲ, ਜਿੱਥੇ ਸਖੀ ਸਰਵਰ ਦਾ ਮਕਾਨ ਹੈ।
੩੨. ਰਸੂਲਪੁਰ ਪੰਜ ਗਰਾਈਂ ਉਰਫ ਸ਼ੇਰਾਂ ਵਾਲੀ ਜਿੱਥੇ ਸ੍ਰ: ਮੰਗਲ ਸਿੰਘ ਦਾ ਘਰ ਹੈ।
੩੩. ਸ਼ਾਹਜਹਾਨਪੁਰ ਇੱਕੀ। ਲਾਲ ਚੰਦ ਘੁੰਮਣ, ਜੋ ਲੁੱਧੜ ਕਰਕੇ ਪ੍ਰਸਿੱਧ ਹੈ, ਦੀ ਵਿਰਾਸਤ।
੩੪. ਸੱਈਅਦਪੁਰ ਹਸਨ, ਚੱਕੋਵਾਲ ਦੇ ਨਾਲ ਲੱਗਦਾ।
੩੫. ਸੱਈਅਦ ਪੁਰ ਫਤਹਿ ਅੱਲ੍ਹਾ!
੩੬. ਸ਼ਾਹਜਹਾਨਪੁਰ ਬਾਵਾ ਉਰਫ ਖੋਸਕੀ।
੩੭. ਸ਼ਾਹਜਹਾਨਪੁਰ ਸਾਂਦੂ ਉਰਫ ਚੌਧਾਲਾ।

੩੮. ਸ਼ਾਹਜਹਾਨਪੁਰ ਪੰਜ ਗਰਾਈਂ ।
੩੯. ਸ਼ਾਹਜਹਾਨਪੁਰ ਬਦਰਾ ਉਰਫ ਬਦਰਾ, ਪਧਰਾ ।
੪੦. ਸ਼ਾਹਜਹਾਨਪੁਰ ਅਲੀ ਸ਼ੇਰ ਉਰਫ ਭਾਨੇ ਵਾਲੀ ।
੪੧. ਸੰਬਰਿਆਲ । ਸਿਆਲਕੋਟ ਦੇ ਤਰਫਦਾਰ ਘੁੰਮਣ ਕੌਮ ਦੀ ਵਿਰਾਸਤ ।
੪੨. ਆਲਮਗੀਰਪੁਰ ਖੁਦਾ ਯਾਰ ਉਰਫ ਊਧੋ ਵਰਾ ।
੪੩. ਆਲਮਗੀਰਪੁਰ ਸਹਾਰ ਵੀਰਾ ਉਰਫ ਮੋਂਡੀਕੇ ।
੪੪. ਅਲੀ ਮਰਦਾਨਪੁਰ ਸਾਦਿਕ ਉਰਫ ਵਾਹੀਆਂ ਵਾਲੇ ।
੪੫. ਕੌਰਪੁਰ ਮਹੀਵਾਲ ਉਰਫ ਜੋਨੀਪੁਰ ।
੪੬. ਘਲੋਟੀ ।
੪੭. ਕੈਲਾਸ਼ ਮੰਡੂ ਉਰਫ ਮੋਂਡੀਕੇ ।
੪੮. ਕਾਲਾ ਘੁੰਮਣ ਉਰਫ ਕਾਲਾ ਕਪੂਰ ਵਾਲੇ ।
੪੯. ਖੱਕੜ ਚੀਮਾਂ, ਸਿਆਲਕੋਲ ਦੇ ਤਰਫਦਾਰ ।
੫੦. ਮੁਹੰਮਦ ਅਸ਼ਰਫਪੁਰ ਬਰਿਆਲ ਬਾਜਵਾ ਉਰਫ ਬਡਿਆਣਾ ।
੫੧. ਮੁਹੰਮਦ ਹੁਸੈਨਪੁਰ ਬਾਜਵਾ ਉਰਫ ਖੋਸਕੇ ।
੫੨. ਮੁਹੰਮਦ ਅਸ਼ਰਫ ਪੁਰ ਕੁਲਹੁੰਡਲ ਉਰਫ ਹੁੰਡਵਾਲ ।
੫੩. ਮੁਹੰਮਦ ਅਸ਼ਰਫਪੁਰ ਅਨਾਇਤ ਅੱਲ੍ਹਾ ਉਰਫ ਫਤਹਿਗੜ੍ਹ ।
੫੪. ਮਰਾਖੀ ਵਾਲਾ । ਸਿਆਲਕੋਟ ਦੇ ਤਰਫਦਾਰ ਆਵਾਨ ਕੌਮ ਦੀ ਵਿਰਾਸਤ ।
੫੫. ਮੁਹੰਮਦ ਖਾਨਪੁਰ ਖੇਲ ਉਰਫ ਝੂਮਕੇ ਝਾਲੇ, ਸੁਚੇਤਗੜ੍ਹ ਦੇ ਨਾਲ ਲਗਦਾ ।
੫੬. ਹਲਿਆਣ ।
੫੭. ਟੋਪ ਮੂਲੋਵਾਲ ਉਰਫ ਰਾਜੋਕੇ । ਜਾਮਕੇ ਤੇ ਡਸਕੇ ਦੇ ਨਾਲ ਲਗਦਾ ।
੫੮. ਟੋਪ ਮੁਹਰਾਨਾ ਉਰਫ ਮਰਾਨਾ ।
੫੯. ਮੁਹੰਮਦ ਸ਼ਾਹਪੁਰ ਸਹਾਰ ਵੜਾਇਚ, ਗੁਜਰਾਤ ਦੁਆਬੇ ਵਿਚ ਸਥਿੱਤ ਹੈ ।

ਪਰਗਣਾ ਸਿਆਲਕੋਟ ਦੇ ਤਰਫਦਾਰ ਜ਼ਿਮੀਂਦਾਰਾਂ ਵਿਚੋਂ ਜੱਟਾਂ ਦੀਆਂ ਚਾਰ ਕੌਮਾਂ ਬਹੁਤੀਆਂ ਪ੍ਰਸਿੱਧ ਹਨ । ਪਹਿਲੀ 'ਘੁੰਮਣ', ਦੂਜੀ 'ਚੀਮਾਂ', ਤੀਜੀ 'ਆਵਾਨ' ਤੇ ਚੌਥੀ 'ਬਾਜਵਾ' । ਹੋਰ ਜ਼ਿਮੀਂਦਾਰ ਉਨ੍ਹਾਂ ਦੀ ਰਾਏ ਵਿਚ ਚਲਦੇ ਹਨ ।

ਸਿਆਲਕੋਟ ਇੱਕ ਪੁਰਾਣੇ ਸ਼ਹਿਰ ਦਾ ਨਾਉਂ ਹੈ ਜਿਸ ਨੂੰ ਸ਼ਲਕੋਟ, ਸਲਕੋਟ ਤੇ ਸਾਲਕੋਟ ਭੀ ਕਹਿੰਦੇ ਹਨ । ਇਸੇ ਜਗ੍ਹਾ ਦਾ ਨਾਉਂ ਸਕਲਪੁਰ ਭੀ ਲਿਆ ਜਾਂਦਾ ਰਿਹਾ ਹੈ । ਇਸ ਨੂੰ ਸਾਵਥੀ ਨੱਗਰੀ ਭੀ ਕਹਿੰਦੇ ਹਨ । ਇਹ ਸ਼ਹਿਰ ਬਹੁਤ ਸਮੇਂ ਤੱਕ ਪੰਜਾਬ ਦੀ ਰਾਜਧਾਨੀ ਬਣਿਆ ਰਿਹਾ । ਸਿਆਲਕੋਟ ਦੀ ਸਭ ਤੋਂ ਪਹਿਲਾਂ ਨੀਂਹ ਰੱਖਣ ਵਾਲਾ ਵਿਅੱਕਤੀ ਰਾਜਾ ਸ਼ਲ ਤੁਗਾਈ 'ਪਾਂਡਵਾਂ' ਸੀ । ਉਸ ਦਿਨ ਤੋਂ ਇਸ ਛੋਟੀ ਪੁਸਤਕ ਦੇ ਲਿਖਣ ਤੱਕ ਅਨੁਮਾਨ ਅਨੁਸਾਰ ਲੱਗਭੱਗ ਪੰਜ ਹਜ਼ਾਰ ਸਾਲ ਬੀਤ ਗਏ । ਸਮਾਂ ਬੀਤਣ ਦੇ ਨਾਲ ਨਾਲ ਇਸ ਥਾਂ ਦੀ ਆਬਾਦੀ ਖਤਮ ਹੋ ਗਈ । ਰਾਜਾ ਬਿਕਰਮ ਜੀਤ ਦੇ ਰਾਜ-ਕਾਲ ਵਿੱਚ ਸ਼ਹਿਰ ਲਾਹੌਰ ਫਿਰ ਪਹਿਲਾਂ ਵਾਂਗ ਪੰਜਾਬ ਦੀ ਰਾਜਧਾਨੀ ਬਣ ਗਿਆ । ਉਸਤਤ ਯੋਗ ਰਾਜਾ ਦੇ ਦਰਬਾਰ ਵਿਚੋਂ ਰਾਏ ਇੰਦਰ ਜੀਤ ਪੰਜਾਬੀ ਲਾਹੌਰ ਦਾ ਹਾਕਮ ਨਿਯੁੱਕਤ ਸੀ । ਬਿਕਰਮਾਜੀਤ ਦੀ ਮੌਤ ਉਪ੍ਰੰਤ ਉੱਪਰ ਲਿਖਿਆ ਰਾਏ ਤੇ ਉਸ ਦਾ ਬੇਟਾ ਰਾਜ ਕੌਰ ਕੁਝ ਸਮੇਂ ਲਈ ਸਫਲਤਾ ਪੂਰਵਕ ਪੰਜਾਬ ਦੀ ਹਕੂਮਤ ਕਰਦੇ ਰਹੇ । ਉਸ ਤੋਂ ਮਗਰੋਂ ਦੱਖਣ ਦੇ ਰਾਜੇ ਸਾਲਬ੍ਹਾਨ ਨੇ ਅਧਿਕਾਰ ਜਮਾ ਕੇ ਭਟਨੇਰ ਦੇ

ਅਸਥਾਨ ਤੋਂ ਰੇਤਲੇ ਮੁਲਕ ਤੇ ਮੁਲਤਾਨ ਦੇ ਇਲਾਕੇ ਰਾਹੀਂ ਪੰਜਾਬ ਵਿੱਚ ਪ੍ਰਵੇਸ਼ ਕਰਕੇ ਲਾਹੌਰ ਨੂੰ ਤਬਾਹ ਕਰ ਦਿੱਤਾ ਅਤੇ ਇੰਦਰ ਜੀਤ ਦੇ ਬੇਟੇ ਰਾਜ ਕੌਰ ਨੂੰ ਰਾਜ ਵਿੱਚੋਂ ਬਾਹਰ ਕੱਢ ਦਿੱਤਾ । ਉਸ ਨੇ ਸਿਆਲਕੋਟ ਨੱਗਰ ਨੂੰ ਆਪਣੀ ਰਿਹਾਇਸ਼ ਦੇ ਯੋਗ ਸਮਝਕੇ ਸੰਮਤ ੧੪੬ ਬਿਕਰਮੀ ਵਾਲੇ ਸਾਲ ਨਵੇਂ ਸਿਰਿਉਂ ਉਸਰਵਾਇਆ । ਸਿਆਲਕੋਟ ਵਿੱਚ ਸਾਲਬ੍ਹਾਨ ਦੇ ਠਾਕਰਦੁਆਰੇ ਦੀ ਇਮਾਰਤ ਦੀ ਇੱਕ ਪੁਰਾਣੀ ਕੋਠੜੀ ਅੱਜ ਤੱਕ ਨਿਸ਼ਾਨੀ ਵਜੋਂ ਕਾਇਮ ਹੈ । ਬਹੁਤ ਲੰਮਾਂ ਸਮਾਂ ਬੀਤਣ ਉਪ੍ਰੰਤ ਸਰਹੰਦ ਦੇ ਰਾਜਿਆਂ ਨੇ ਪੰਜਾਬ 'ਤੇ ਕਬਜ਼ਾ ਕਰਕੇ ਸਿਆਲਕੋਟ ਨੂੰ ਹੀ ਆਪਣੀ ਰਾਜਧਾਨੀ ਨੀਯਤ ਕੀਤਾ । ਸਰਹੰਦ ਦੇ ਮਾਲਿਕ ਰਾਜਾ ਜਸਪਾਲ ਦੀ ਤਰਫੋਂ ਉਸ ਦਾ ਭਰਾ ਰਾਏ ਸਾਹਨ ਪਾਲ 'ਸਾਲਬ੍ਹਾਨ ਸਾਨੀ' ਖਿਤਾਬ ਪ੍ਰਾਪਤ ਕਰਕੇ ਸਿਆਲਕੋਟ ਦੀ ਹਕੂਮਤ ਕਰਨ ਲਈ ਨੀਯਤ ਹੋਇਆ । ਉਸ ਨੇ ਸ਼ਹਿਰ ਦੇ ਨਾਲ ਲਗਦਾ ਪੱਕੀਆਂ ਇੱਟਾਂ ਤੇ ਪੱਥਰਾਂ ਦਾ ਨਵਾਂ ਕਿਲ੍ਹਾ ਬਣਵਾਕੇ ਸ਼ਹਿਰ ਦੀ ਰੌਣਕ ਵਧਾਈ । ਰੱਬ ਸਬੱਬੀਂ ਇਸੇ ਦੌਰਾਨ ਸ਼ੁਰੂ ਵਿੱਚ ਦੱਸੇ ਕਾਰਣ ਅਨੁਸਾਰ ਅਰਬ ਤੋਂ ਇਮਾਮ ਅੱਲੀ-ਅਲ-ਹੱਕ, ਇੱਕ ਕਥਨ ਅਨੁਸਾਰ ਸੰਨ ੩੫੫ ਹਿਜਰੀ ਤੇ ਦੂਜੇ ਕਥਨ ਅਨੁਸਾਰ ਸੰਨ ੩੬੦ ਹਿਜਰੀ (ਮੁਤਾਬਿਕ ਸੰਨ ੯੭੦-੭੧ ਈ:) ਵਿੱਚ, ਇਸ ਇਲਾਕੇ ਦੇ ਕਾਫਰਾਂ ਨਾਲ ਧਰਮ-ਯੁੱਧ ਕਰਨ ਲਈ ਇੱਥੇ ਪੁਜਿਆ ਅਤੇ ਸਿਆਲਕੋਟ ਵਿਖੇ ਰਾਜਾ 'ਸਾਲਬ੍ਹਾਨ ਸਾਨੀ' ਨਾਲ ਜੰਗ ਵਿੱਚ ਸ਼ਹੀਦ ਹੋਇਆ । ਬਾਹਲੇ ਮੁਸਲਮਾਨ ਤੇ ਸਾਥੀ, ਜੋ ਉਸ ਦੇ ਨਾਲ ਸਨ, ਭਾਰਤੀ ਹਿੰਦੂਆਂ ਹਥੋਂ ਕਤਲ ਹੋ ਗਏ । ਅਜੇਹੀ ਸਥਿੱਤੀ ਪੈਦਾ ਹੋਣ ਕਾਰਨ ਸੁਲਤਾਨ ਨਾਸਿਰ ਉੱਦੀਨ 'ਸੁਬਕਤਗੀਨ' ਨੇ ਸੰਨ ੩੭੧ ਹਿਜਰੀ (ਮੁਤਾਬਿਕ ਸੰਨ ੯੮੧-੮੨ ਈ:) ਵਿੱਚ ਗਜ਼ਨੀ ਤੋਂ ਪੰਜਾਬ 'ਤੇ ਧਾਵਾ ਬੋਲ ਦਿੱਤਾ । ਸ਼ਹੀਦ ਹਜ਼ਰਤ ਇਮਾਮ ਦੇ ਖ਼ੂਨ ਦਾ ਬਦਲਾ ਖ਼ੂਨ ਨਾਲ ਲੈਣ ਲਈ ਸ਼ਹਿਰ ਵਿੱਚ ਕਤਲਾਮ ਕੀਤਾ, ਉਸ ਨੂੰ ਮੁਕੰਮਲ ਤੌਰ ਤੇ ਤਬਾਹ ਕਰ ਦਿੱਤਾ ਤੇ ਪੱਥਰ ਦੀਆਂ ਕੰਧਾਂ ਵਾਲੇ ਕਿਲ੍ਹੇ ਨੂੰ ਢਾਹ ਦਿੱਤਾ । ਉਸ ਤੋਂ ਮਗਰੋਂ ਸੁਲਤਾਨ ਸ਼ਹਾਬਉੱਦੀਨ 'ਗੌਰੀ' ਨੇ ਖੁਸਰੋ ਸ਼ਾਹ ਗਜ਼ਨਵੀ ਨੂੰ ਲਾਹੌਰ ਵਿਚੋਂ ਕੱਢਣ ਵਾਸਤੇ ਸ਼ਹਿਰ ਲਾਹੌਰ ਨੂੰ ਘੇਰਾ ਪਾ ਲਿਆ । ਪਰ ਲਾਹੌਰ ਉਸ ਦੇ ਹੱਥ ਨਾ ਲੱਗਿਆ । ਉਸ ਨੇ ਆਪਣੇ ਪੈਰ ਜਮਾਉਣ ਲਈ ਮਜਬੂਰ ਹੋ ਕੇ ਸਿਆਲਕੋਟ ਦੇ ਕਿਲ੍ਹੇ ਨੂੰ, ਜਿਹੜਾ ਉਜੜਿਆ ਪਿਆ ਸੀ, ਨਵੇਂ ਸਿਰਿਉਂ ਸੰਨ ੫੮੦ ਹਿਜਰੀ ਵਿੱਚ ਉਸਰਵਾਇਆ ਤੇ ਉੱਥੇ ਆਪਣਾ ਥਾਣਾ ਬੈਠਾ ਦਿੱਤਾ ਪਰੰਤੂ ਸ਼ਹਿਰ ਪੂਰੀ ਤਰ੍ਹਾਂ ਆਬਾਦ ਨਾ ਹੋਇਆ । ਉਸ ਨੇ ਦੂਜੇ ਸਾਲ ਪੱਕਾ ਇਰਾਦਾ ਕਰਕੇ ਲਾਹੌਰ ਨੂੰ ਜਿੱਤ ਲਿਆ ਤੇ ਸਿਆਲਕੋਟ ਜੰਮੂ ਦੇ ਰਾਜੇ ਨੂੰ ਬਖਸ਼ ਦਿੱਤਾ । ਜੰਮੂ ਦੇ ਰਾਜਿਆਂ ਦੇ ਪ੍ਰਬੰਧ ਸਦਕਾ ਸ਼ਹਿਰ ਭੀ ਆਬਾਦ ਹੋ ਗਿਆ । ਸੰਨ ੮੧੭ ਹਿਜਰੀ ਨੂੰ ਸ਼ੇਖਾ ਤੇ ਜਸਰਥ 'ਖੋਖਰ' ਨੇ ਸਿਆਲਕੋਟ 'ਤੇ ਕਬਜ਼ਾ ਕਰ ਕੇ ਉੱਥੋਂ ਦੀ ਆਬਾਦੀ ਵਧਾਉਣ ਲਈ ਵਾਹ ਲਾਈ । ਮਗਰੋਂ ਸੁਲਤਾਨ ਬਹਿਲੋਲ ਲੋਧੀ ਦੀ ਹਕੂਮਤ ਦੇ ਸਮੇਂ ਜੰਮੂ ਦੇ ਮਾਲਿਕ ਰਾਜਾ ਬੈਰਮ ਦੇਵ ਦੀ ਕੋਸ਼ਿਸ਼ ਨਾਲ ਸ਼ਹਿਰ ਸਿਆਲਕੋਟ, ਜੋ ਜਸਰਥ ਫਸਾਦੀ ਨੂੰ ਮਾਰਨ ਦੇ ਬਦਲੇ ਰਾਜਾ ਬੈਰਮ ਦੇਵ ਨੂੰ ਜਗੀਰ ਵਲੋਂ ਮਿਲਿਆ ਹੋਇਆ ਸੀ, ਘੁੱਗ ਵਸ ਗਿਆ । ਇਸੇ ਤਰ੍ਹਾਂ ਅਕਬਰ ਬਾਦਸ਼ਾਹ ਦੇ ਰਾਜ-ਕਾਲ ਵਿੱਚ ਰਾਜਾ ਮਾਨ ਸਿੰਘ ਨੇ, ਜੋ ਜੰਮੂ ਦੇ ਪਹਾੜੀ ਇਲਾਕਿਆਂ ਦਾ ਪ੍ਰਬੰਧਕ ਤੇ ਸਿਆਲਕੋਟ ਦੇ ਪਰਗਣੇ ਦਾ ਜਗੀਰਦਾਰ ਸੀ, ਕਿਲ੍ਹੇ ਦੀ ਇਮਾਰਤ ਤੇ ਸ਼ਹਿਰ ਦੀ ਰੌਣਕ ਵਲ ਬਹੁਤ ਧਿਆਨ ਦਿੱਤਾ । ਜਹਾਂਗੀਰ ਦੇ ਰਾਜ-ਕਾਲ ਵਿੱਚ ਸਫਦਰ ਖਾਂ ਨੇ ਭੀ ਉਸ ਥਾਂ ਨੂੰ ਆਬਾਦ ਕਰਨ ਤੇ ਉਸਾਰਨ ਵਿੱਚ ਕੋਈ ਕਸਰ ਨਾ ਛੱਡੀ । ਇਸ ਤੋਂ ਮਗਰੋਂ ਮੁਹੰਮਦ ਸ਼ਾਹ ਦੇ ਸਮੇਂ ਤੱਕ ਬਾਹਲੇ ਹਾਕਮ ਉਸ ਥਾਂ ਦੀ ਉਸਾਰੀ ਕਰਵਾਉਣ ਵਿੱਚ ਜੁੱਟੇ ਰਹੇ ।

ਮਗਰੋਂ ਅਹਿਮਦ ਸ਼ਾਹ 'ਅਬਦਾਲੀ' ਦੇ ਰਾਜ ਸਮੇਂ ਖਾਲਸਿਆਂ ਨੇ, ਜੋ ਸਿੱਖਾਂ ਵਜੋਂ ਪ੍ਰਸਿੱਧ ਹਨ, ਇਕੱਠੇ ਹੋ ਕੇ ਬਗ਼ਾਵਤ ਕਰਕੇ ਸਿਆਲਕੋਟ ਸ਼ਹਿਰ ਨੂੰ ਤਬਾਹ ਕਰ ਦਿੱਤਾ ਅਤੇ ਉੱਥੋਂ ਦੀਆਂ ਇਮਾਰਤਾਂ ਤੇ ਮਕਾਨਾਂ ਨੂੰ ਜਲਾ ਦਿੱਤਾ । ਘਰ ਉਜੜ ਗਏ, ਲੋਕੀਂ ਖਿੰਡ ਫੁੰਡ ਤੇ ਤਿੱਤਰ ਬਿੱਤਰ ਹੋ ਗਏ । ਮਗਰੋਂ ਸਿੱਖਾਂ ਵਿਚੋਂ ਇਨ੍ਹਾਂ ਚਾਰ ਸਰਦਾਰਾਂ ਜੀਵਨ ਸਿੰਘ, ਸਾਹਿਬ ਸਿੰਘ, ਨੱਥਾ ਸਿੰਘ ਸ਼ਹੀਦ

ਤੇ ਮੋਹਰ ਸਿੰਘ ਅਟਾਰੀ ਵਾਲਾ ਨੇ ਸ਼ਹਿਰ ਤੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ ਅਤੇ ਪਰਜਾ ਨੂੰ ਵਸਾਉਣ ਵਲ ਧਿਆਨ ਦਿਤਾ। ਸੋ ਉਹਨਾਂ ਨੇ ਸ਼ਹਿਰ ਦੇ ਮੁਹੱਲਿਆਂ, ਗਲੀਆਂ ਅਤੇ ਬਜ਼ਾਰਾਂ ਦੀਆਂ ਦੁਕਾਨਾਂ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ। ਹਰੇਕ ਥਾਂ ਤੋਂ ਹਰ ਪ੍ਰਕਾਰ ਦੇ ਲੋਕਾਂ ਨੂੰ ਲਿਆ ਕੇ ਨੱਗਰ ਵਿਚ ਵਸਾਇਆ। ਉਸ ਦੇ ਪਿੱਛੋਂ ਉੱਚੀ ਸ਼ਾਨ ਵਾਲੀ ਸਰਕਾਰ ਭਾਵ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਨੇ ਸੰਮਤ ੧੮੬੫ (ਮੁਤਾਬਿਕ ਸੰਨ ੧੮੦੮ ਈ:) ਵਿਚ ਮੋਰਚਾ ਬੰਦੀ ਕਰਕੇ ਕਿਲ੍ਹੇ ਨੂੰ ਫਤਹਿ ਕਰ ਲਿਆ ਅਤੇ ਨੱਗਰ ਨੂੰ ਉਹਨਾਂ ਸਰਦਾਰਾਂ ਤੋਂ ਖੋਹ ਲਿਆ। ਉਸ ਨੇ ਕਿਲ੍ਹੇ ਦੀਆਂ ਪੁਰਾਣੀਆਂ ਕੰਧਾਂ ਤੇ ਬੁਰਜਾਂ ਨੂੰ ਨਵੇਂ ਸਿਰਿਉਂ ਠੀਕ ਢੰਗ ਨਾਲ ਮੁਰੰਮਤ ਕਰਵਾਇਆ। ਉਸ ਨੇ ਪਰਜਾ ਨੂੰ ਧੀਰਜ ਦਿਤੀ ਅਤੇ ਵੱਡੇ ਆਦਮੀਆਂ ਨੂੰ ਸਿਰੋਪੇ ਦੇ ਕੇ ਸ਼ਹਿਰ ਨੂੰ ਆਬਾਦ ਕੀਤਾ ਪਰੰਤੂ ਅੱਜ ਤਕ ਸਿਆਲਕੋਟ ਵਿਚ ਪਹਿਲਾ ਜਿੰਨੀ ਆਬਾਦੀ ਨਹੀਂ ਹੋਈ ਹੈ। ਇਸ ਸਮੇਂ ਜਦੋਂ ਕਿ ਸੰਮਤ ੧੯੦੭ ਬਿਕਰਮੀ (ਮੁਤਾਬਿਕ ਸੰਨ ੧੮੫੦ ਈ:) ਵਾਲੇ ਸਾਲ ਉੱਚੀ ਸ਼ਾਨ ਵਾਲੇ ਅੰਗਰੇਜ਼ ਸਾਹਿਬਾਂ ਦੀ ਸਿਆਲਕੋਟ ਦੇ ਨਾਲ ਲਗਦੀ ਛਾਉਣੀ ਬਣੀ ਹੈ, ਪੱਕੀ ਆਸ ਹੈ ਕਿ ਸਿਆਲਕੋਟ ਦੀ ਆਬਾਦੀ ਪਹਿਲੀ ਆਬਾਦੀ ਨਾਲੋਂ ਵੱਧ ਜਾਵੇਗੀ।

ਸਿਆਲਕੋਟ ਨੱਗਰ ਦੇ ਹੇਠਾਂ ਵੱਲ ਇਕ ਨਦੀ ਹੈ ਜਿਸ ਨੂੰ ਡੇਕ ਕਹਿੰਦੇ ਹਨ। ਇਹ ਨਦੀ ਬਰਸਾਤ ਦੇ ਦਿਨਾਂ ਵਿਚ ਵਹਿਣ ਲਗ ਪੈਂਦੀ ਹੈ ਤੇ ਬਰਸਾਤ ਤੋਂ ਬਿਨਾਂ ਸੁੱਕੀ ਰਹਿੰਦੀ ਹੈ। ਕਹਿੰਦੇ ਹਨ ਕਿ ਇਹ ਨਦੀ ਭੂਤ ਕਾਲ ਵਿਚ ਹਮੇਸ਼ਾਂ ਵਹਿੰਦੀ ਰਹਿੰਦੀ ਸੀ। ਬਰਸਾਤ ਦੇ ਦਿਨਾਂ ਵਿਚ ਇਸ ਨਦੀ ਨੂੰ ਪਾਰ ਕਰਨਾ ਬਹੁਤ ਕਠਿਨ ਹੁੰਦਾ ਸੀ। ਹਜ਼ਰਤ ਸ਼ਾਹ ਦੌਲਾ ਫਕੀਰ ਨੇ, ਜੋ ਦਾਨ ਪੁੰਨ ਕਰਨ ਵਿਚ ਲਾਸਾਨੀ ਸੀ, ਆਉਣ ਜਾਣ ਵਾਲਿਆਂ ਦੀ ਸਹੂਲਤ ਲਈ ਉਸ ਨਦੀ ਉਤੇ ਇਕ ਵੱਡਾ ਪੁਲ ਬਣਵਾਇਆ ਜਿਸ ਨੂੰ ਪੁਲ-ਸ਼ਾਹ ਦੌਲਾ ਕਹਿੰਦੇ ਹਨ। ਡੇਕ ਨਦੀ ਪਿੰਡ ਖੈਰੀ ਰਹਾਲ ਦੇ ਕੋਲੋਂ ਨਿਕਲ ਕੇ ਇਲਾਕਾ ਜੰਮੂ ਦੇ ਪਿੰਡਾਂ ਮੋਰਚਾ ਪੁਰ, ਡਬਲੜ੍ਹ, ਮਾਜਰਾ ਤੇ ਆਰੀਨਾ ਆਦਿ ਵਿਚ ਵਹਿੰਦੀ ਹੈ। ਪਿੰਡ ਸਈਆਵਾਨ ਤੇ ਕਰਟੋਪ ਦੇ ਕੋਲ ਪੁੱਜ ਕੇ ਕਿਤੇ ਸੁੱਕੀ ਤੇ ਕਿਤੇ ਵਹਿੰਦੀ ਹੈ। ਉੱਥੋਂ ਸਿਆਲਕੋਟ ਨੱਗਰ ਦੇ ਹੇਠਾਂ ਜਾ ਪੁੱਜਦੀ ਹੈ। ਸਿਆਲਕੋਟ ਨੱਗਰ ਤੇ ਸਿਆਲਕੋਟ ਦੇ ਇਲਾਕੇ ਦੇ ਪਿੰਡਾਂ 'ਚੋਂ ਲੰਘਦੀ ਹੋਈ ਸੋਹਦਰਾ ਦੇ ਪ੍ਰਬੰਧ ਹੇਠਲੇ ਪਿੰਡ ਭੋਪਾਲ ਵਾਲਾ ਪੁੱਜਦੀ ਹੈ। ਉੱਥੋਂ ਕਾਬਾਂ ਵਾਲਾ, ਧੜ ਤੇ ਨੁਕਲ ਪਿੰਡਾਂ ਦੇ ਬਰਾਬਰ ਖਿੰਡ ਫੁੰਡ ਜਾਂਦੀ ਹੈ ਤੇ ਇੱਥੇ ਜਾ ਕੇ ਉਸ ਦਾ ਨਾਮ ਘੁਲੈਹਰੀ ਪੈ ਜਾਂਦਾ ਹੈ। ਸੋ ਉਸ ਨਦੀ ਦੇ ਉਸ ਬੰਨੇ ਸਿਆਲਕੋਟ ਨੱਗਰ ਦੇ ਪੂਰਬ ਵਾਲੇ ਪਾਸੇ ਰੰਗਪੁਰਾ, ਰਾਏਪੁਰਾ ਤੇ ਜੱਠਾ ਪੁਰਾ ਨਾਮੀ ਆਬਾਦੀਆਂ ਸਥਿੱਤ ਹਨ। ਇਹ ਆਬਾਦੀਆਂ ਭੀ ਸਿਆਲਕੋਟ ਵਿੱਚੋਂ ਨਿਕਲ ਕੇ ਬਣੀਆਂ ਹਨ। ਇਹ ਸਾਰੀਆਂ ਇਮਾਰਤਾਂ, ਬਾਗ ਤੇ ਛੋਟੀਆਂ ਆਬਾਦੀਆਂ 'ਵਡਹਿਰਾ' ਖੱਤਰੀਆਂ ਦੀਆਂ ਬਣਾਈਆਂ ਹੋਈਆਂ ਹਨ। ਉੱਪਰ ਦੱਸੇ ਰਗਪੁਰ ਵਿਚ ਕਾਗਜ਼ ਬਣਾਉਣ ਵਾਲੇ ਰਹਿੰਦੇ ਹਨ। ਉਹ ਵਧੀਆ ਕਾਗਜ਼ ਤਿਆਰ ਕਰਦੇ ਹਨ, ਵਿਸ਼ੇਸ਼ ਕਰਕੇ ਮਾਨ ਸਿੰਘੀਆ, ਦਮੂਰੀਆ, ਹਰੀਰੀ ਤੇ ਜਹਾਂਗੀਰੀ ਕਾਗਜ਼ ਆਦਿ। ਉਹ ਬਹੁਤ ਚੰਗੀ ਪ੍ਰਕਾਰ ਦਾ ਚਿੱਟਾ, ਚਮਕਦਾਰ ਤੇ ਪੂਰਾ ਹੰਢਣਸਾਰ ਕਾਗਜ਼ ਬਣਾਉਂਦੇ ਹਨ। ਇਸ ਸ਼ਹਿਰ ਵਿਚ ਚਿਕਨ ਦਾ ਕੰਮ ਭੀ ਬਹੁਤ ਹੁੰਦਾ ਹੈ। ਭਾਬੜਿਆਂ ਦੀਆਂ ਇਸਤਰੀਆਂ ਰੰਗਦਾਰ ਰੇਸ਼ਮੀਂ ਧਾਗਿਆਂ ਨਾਲ ਚਿੱਟੇ ਤੇ ਸੁਰਖ ਕਪੜਿਆਂ 'ਤੇ ਇਕ ਅਜੀਬ ਪ੍ਰਕਾਰ ਦੀ ਕਸੀਦਾਕਾਰੀ ਕਰਦੀਆਂ ਹਨ। ਸਿਆਲਕੋਟ ਦੇ ਜੁਲਾਹੇ ਹਰੀ ਤੇ ਨੀਲੀ ਸੂਸੀ, ਲਾਚਾ ਤੇ ਲੂੰਗੀਆ ਆਦਿ ਵਧੀਆ ਕਪੜੇ ਬੁਣਦੇ ਸਨ।

ਸਿਆਲਕੋਟ ਵਿਚ ਪੈਦਾ ਹੋਣ ਵਾਲੇ ਮੇਵਿਆਂ ਵਿਚੋਂ ਅੰਬ ਤੇ ਗੰਨਾ ਬਹੁਤ ਮਿੱਠੇ ਮੇਵੇ ਹਨ। ਖਾਣ ਯੋਗ ਚੀਜ਼ਾਂ ਵਿਚੋਂ ਸਿਆਲਕੋਟ ਵਿਖੇ ਪਨੀਰ ਵਰਗੀ ਕੋਈ ਹੋਰ ਚੀਜ਼ ਨਹੀਂ ਹੈ ਪਰੰਤੂ ਲੋਕੀਂ ਕਹਿੰਦੇ ਹਨ ਕਿ ਅਮੀਰਾਂ ਦੇ ਖਾਣ ਯੋਗ ਪਨੀਰ ਤਿਆਰ ਕਰਨ ਵਾਲਾ ਵਿਅੱਕਤੀ ਸੁਰਗਵਾਸ ਹੋ ਗਿਆ। ਇਸ ਬਾਰੇ ਅੱਲ੍ਹਾ ਹੀ ਜਾਣਦਾ ਹੈ।

ਇਸ ਨੱਗਰ ਵਿਖੇ ਪਹਿਲੇ ਸਮਿਆਂ ਵਿਚ ਕਈ ਕੌਮਾਂ ਦੇ ਆਕਰਸ਼ਕ ਬਾਗ਼ ਤੇ ਸੁਹਣੀਆਂ ਇਮਾਰਤਾਂ ਕਾਇਮ ਸਨ। ਖਾਸ ਕਰਕੇ 'ਵਡਹਿਰਾ' ਜ਼ਾਤ ਦੇ ਕਾਨੂੰਗੋਆਂ ਦੇ ਬਾਗ਼ ਤੇ ਇਮਾਰਤਾਂ ਬਹੁਤ ਸੁੰਦਰ ਸਨ। ਜਿਵੇਂ ਕਿ ਮਲਕ ਜੇਠਾ, ਮੁਰਾਰ ਦਾਸ, ਸੁੰਦਰ ਦਾਸ, ਮਹਾਰਾਜ ਤੇ ਸਦਾ ਰੰਗ ਦੇ ਬਾਗ਼ ਬਹੁਤ ਸੁੰਦਰ ਸਨ। ਨਜ਼ੀਰ ਮੁਹੰਮਦ 'ਮਹੋਤਾ' ਤੇ ਬੀਬੀ ਫੂਲਾਂ ਖਤਰਾਣੀ ਦੇ ਬਾਗ਼ ਭੀ ਮਨਭਾਉਂਣੇ ਸਨ। ਇਸੇ ਤਰ੍ਹਾਂ ਕਾਜ਼ੀਆਂ ਤੇ ਮੌਲਵੀਆਂ ਦੇ ਬਾਗ ਵੇਖਣ ਵਾਲਿਆਂ ਨੂੰ ਧੂਹ ਪਾਉਂਦੇ ਸਨ।

ਇਹ ਸਾਰੀਆਂ ਥਾਵਾਂ, ਜਿਹੜੀਆਂ ਫੁੱਲਾਂ ਤੇ ਬੁਲਬੁਲਾਂ ਸਦਕਾ ਅਤਿਅੰਤ ਪਿਆਰੀਆਂ ਸਨ, ਇਸ ਸਮੇਂ ਉੱਲੂਆਂ ਤੇ ਕਾਵਾਂ ਦੇ ਨਿਵਾਸ-ਅਸਥਾਨ ਬਣ ਗਈਆਂ ਹਨ। ਕਈ ਥਾਵਾਂ 'ਤੇ ਵਧੀਆ ਰੁੱਖ ਇਨ੍ਹਾਂ ਬਾਗਾਂ ਦੀ ਨਿਸ਼ਾਨੀ ਵਜੋਂ ਕਾਇਮ ਹਨ। ਹੁਣ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ-ਕਾਲ ਵਿਚ ਗੁਰਦਿਆਲ 'ਵਡਹਿਰਾ', ਦੀਵਾਨ ਹਾਕਮ ਰਾਏ 'ਪੁਰੀ' ਅਤੇ ਕੰਵਰ ਕਸ਼ਮੀਰਾ ਸਿੰਘ ਨੇ ਨਵੇਂ ਬਗੀਚੇ ਲਗਵਾਏ ਹਨ। ਐਕ ਨਦੀ ਦੇ ਕੰਢੇ ਦੀਵਾਨ ਹਰਭਜ ਰਾਏ ਪੁਰੀ ਦਾ ਬਣਵਾਇਆ ਇਕ ਸ਼ਿਵਾਲਾ ਹੈ ਜੋ ਮਨ-ਪਸੰਦ ਥਾਂ ਹੈ। ਵਰਤਮਾਨ ਕਾਲ ਦੇ ਸੰਮਤ ੧੯੦੫ ਬਿਕ੍ਰਮੀ (ਮੁਤਾਬਿਕ ਸੰਨ ੧੮੪੮ ਈ:) ਵਾਲੇ ਸਾਲ ਰਾਜਾ ਤੇਜ ਸਿੰਘ ਨੇ ਮਹਾਂਦੇਵ ਦਾ ਮੰਦਰ ਬਹੁਤ ਵਧੀਆ ਤੇ ਮਨਭਾਉਣਾ ਨਵਾਂ ਤਿਆਰ ਕਰਵਾ ਕੇ ਹਿੰਦੂਆਂ ਲਈ ਪੂਜਾ-ਸਥਾਨ ਬਣਾ ਦਿੱਤਾ ਹੈ। ਮਹਾਰਾਜਾ ਗੁਲਾਬ ਸਿੰਘ ਬਹਾਦੁਰ ਦੇ ਮੁਲਾਜ਼ਿਮ ਸ਼ੇਖ ਸੌਦਾਗਰ ਉਰਫ 'ਸੱਚਰ' ਨੇ ਨਜ਼ੀਰ ਮੁਹੰਮਦ 'ਮਹੌਂਟਾ' ਦੇ ਬਾਗ਼ ਦੇ ਨਾਲ ਲਗਦਾ ਇੱਕ ਤਲਾ ਤੇ ਬਗੀਚਾ ੧੯੦੪ ਬਿਕ੍ਰਮੀ ਵਿਚ ਨਵਾਂ ਤਿਆਰ ਕਰਵਾ ਕੇ ਹੋਰ ਰੌਣਕ ਵਧਾ ਦਿੱਤੀ। ਇਸਲਾਮ ਵਾਲਿਆਂ ਦੀਆਂ ਖਾਨਗਾਹਾਂ, ਖਾਸ ਕਰਕੇ ਇਮਾਮ ਅਲੀ ਅਲਹੱਕ, ਸ਼ਾਹ ਬਾਦਸ਼ਾਹਾਂ, ਮੀਰ ਭੀਲ ਸ਼ਹੀਦ, ਸ਼ਾਹ ਮੂੰਗਾ ਵਲੀ, ਸੱਈਅਦ ਸੁਰਖ, ਹਜ਼ਰਤ ਹਮਜ਼ਾ ਗੌਸ ਅਤੇ ਸ਼ਾਹ ਦੌਲਾ ਦਾ ਗੁਰੂ ਸਰਮਸਤ ਸਈਦਨ ਨਾਦਰ ਆਦਿ ਵਲੀਆਂ ਦੇ ਬਹੁਤ ਮਕਬਰੇ ਹਨ। ਸਿਆਲਕੋਟ ਦੇ ਪੂਰਬ ਦੱਖਣ ਵਾਲੇ ਪਾਸੇ ਬਾਬੇ ਨਾਨਕ ਦੀ ਬੇਰ ਤੀਰਥ-ਅਸਥਾਨ ਹੈ।

ਕਹਿੰਦੇ ਹਨ ਕਿ ਬਾਬਰ ਬਾਦਸ਼ਾਹ ਦੇ ਰਾਜ-ਕਾਲ ਸੰਨ ੯੩੪ ਹਿਜਰੀ (ਮੁਤਾਬਿਕ ਸੰਨ ੧੫੨੭-੨੮ ਈ:) ਵਿਚ ਬਾਬਾ ਨਾਨਕ ਸਿਆਲਕੋਟ ਵਿਖੇ ਆਏ। ਗਰਮੀ ਦੀ ਰੁੱਤ ਸੀ। ਉਹ ਬੇਰੀ ਦੇ ਰੁੱਖ ਹੇਠ ਬੈਠ ਗਏ। ਉਹ ਬੇਰੀ ਸੁੱਕੀ ਹੋਈ ਸੀ ਤੇ ਉਸ ਦੀ ਛਾਂ ਨਹੀਂ ਸੀ। ਉਨ੍ਹਾਂ ਨੇ ਬੇਰੀ ਵਲ ਤੱਕਿਆ, ਬੇਰੀ ਉਸੇ ਸਮੇਂ ਹਰੀ ਭਰੀ ਹੋ ਗਈ, ਉਸ ਦੇ ਪੱਤੇ ਤੇ ਟਾਹਣੀਆਂ ਫੁੱਟ ਆਈਆਂ ਅਤੇ ਛਾਂ ਦੇਣ ਲੱਗ ਪਈ। ਉਸ ਦਿਨ ਤੋਂ ਉਸ ਦਾ ਨਾਉ 'ਬਾਬੇ ਨਾਨਕ ਦੀ ਬੇਰ' ਪ੍ਰਸਿੱਧ ਹੋ ਗਿਆ। ਉਹ ਬੇਰੀ ਲੋਕਾਂ ਲਈ ਪੂਜਾ-ਸਥਾਨ ਬਣ ਗਈ। ਆਮ ਕਰਕੇ ਅਕਾਲੀ ਸਿਖ ਉਥੋਂ ਦੇ ਪੁਜਾਰੀ ਹਨ। ਉੱਥੇ ਲੰਗਰ ਚਲਦਾ ਰਹਿੰਦਾ ਹੈ। ਰੋਟੀ ਸਮੇਂ ਉਹ ਪਾਂਧੀਆਂ ਨੂੰ ਲੰਗਰ ਪਾਣੀ ਛਕਾਉਂਦੇ ਹਨ। ਉੱਥੋਂ ਦੇ ਅਕਾਲੀਆਂ ਵਿੱਚੋਂ ਬਾਬਾ ਮਹਾਂ ਸਿੰਘ ਬਹੁਤ ਬੰਦਗੀ ਕਰਨ ਵਾਲਾ ਤੇ ਭਗਤ ਸੀ।

ਬਾਬੇ ਨਾਨਕ ਦੇ ਸ਼ਰਧਾਲੂ ਗੁਰੂ ਸਾਹਿਬ ਨੂੰ ਉਸੇ ਦਿਨ ਸ਼ਹਿਰ ਲੈ ਗਏ। ਸਬੱਬ ਨਾਲ ਉਨ੍ਹਾਂ ਦੇ ਸ਼ਰਧਾਲੂਆਂ ਦੇ ਘਰ ਦੇ ਨੇੜੇ ਪੌੜੀਆਂ ਵਾਲੇ ਇਕ ਖੂਹ, ਜਿਸ ਨੂੰ ਬਾਉਲੀ ਕਹਿੰਦੇ ਹਨ, ਦਾ ਪਾਣੀ ਖਾਰਾ ਸੀ। ਜਦੋਂ ਸ਼ਰਧਾਲੂ ਬਾਬੇ ਨਾਨਕ ਦੇ ਪੀਣ ਵਾਸਤੇ ਮਿੱਠਾ ਪਾਣੀ ਲਿਆਉਣ ਲਈ ਚੱਲਿਆ ਤਾਂ ਬਾਬੇ ਨੇ ਕਿਹਾ ਕਿ "ਪਾਣੀ ਇਸੇ ਖੂਹ ਤੋਂ ਹੀ ਲਿਆ।" ਉਸ ਨੇ ਹੁਕਮ ਦੀ ਪਾਲਣਾ ਕੀਤੀ। ਬਾਬੇ ਨਾਨਕ ਦੇ ਮੂੰਹ ਨਾਲ ਲੱਗਣ ਸਾਰ ਬਾਉਲੀ ਦਾ ਪਾਣੀ ਮਿੱਠਾ ਹੋ ਗਿਆ। ਇਸੇ ਕਰਕੇ ਉਸ ਬਾਉਲੀ ਦਾ ਨਾਮ 'ਬਾਉਲੀ ਬਾਬਾ ਨਾਨਕ' ਪ੍ਰਸਿੱਧ ਹੋ ਗਿਆ। ਸਿਆਲਕੋਟ ਵਿਖੇ ਇਹ ਦੋਵੇਂ ਅਸਥਾਨ ਬਾਬੇ ਨਾਨਕ ਦੇ ਨਾਉਂ ਨਾਲ ਪ੍ਰਸਿੱਧ ਹਨ।

ਹਜ਼ਰਤ ਸ਼ਾਹਜਹਾਨ ਬਾਦਸ਼ਾਹ ਦੇ ਰਾਜ-ਕਾਲ ਵਿਚ ਮੌਲਵੀ ਅਬਦੁਲ ਹਕੀਮ ਆਪਣੇ ਸਮਕਾਲੀ ਵਿਦਵਾਨਾ ਤੇ ਕਾਜ਼ੀਆਂ ਵਿਚੋਂ ਸਿਰਕੱਢ ਸੀ। ਉਹ ਸੰਨ ੧੦੬੮ ਹਿਜਰੀ (ਮੁਤਾਬਿਕ ਸੰਨ

੧੬੫੭-੫੮ ਈ:) ਨੂੰ ਚਲ ਵਸਿਆ। ਉਸ ਤੋਂ ਮਗਰੋਂ ਮੌਲਵੀ ਅਬਦੁੱਲਾ ਸਮੇਂ ਦਾ ਧਾਰਮਿਕ ਆਗੂ (ਇਮਾਮ) ਹੋਇਆ। ਉਸੇ ਤਰ੍ਹਾਂ ਉਹ ਔਰੰਗਜ਼ੇਬ ਆਲਮਗੀਰ ਦੇ ਰਾਜ-ਸਿੰਘਾਸਣ 'ਤੇ ਬੈਠਣ ਤੋਂ ੨੬ਵੇਂ ਸਾਲ ਪ੍ਰਲੋਕ ਸਿਧਾਰ ਗਿਆ। ਮੁਹੰਮਦ ਸ਼ਾਹ ਦੇ ਰਾਜ-ਕਾਲ ਦੇ ਅੰਤਮ ਦਿਲਾਂ ਵਿਚ ਤੇ ਅਹਿਮਦ ਸ਼ਾਹ ਦੇ ਰਾਜ-ਕਾਲ ਵਿਚ ਸਿਆਲਕੋਟ ਸ਼ਹਿਰ ਦੇ ਵੱਡੇ ਆਦਮੀਆਂ ਵਿਚੋਂ ਕਾਜ਼ੀ ਬਦਰਉੱਦੀਨ ਚੰਗਿਆਈਆਂ ਦਾ ਪੁਤਲਾ ਸੀ। ਇਸੇ ਹੀ ਸਮੇਂ ਇਕ ਲਾਲਾ ਇੰਦਰ ਭਾਨ ਸਿਆਲਕੋਟੀ, ਜਿਸ ਦਾ ਤਖ਼ੱਲੁਸ, 'ਵਾਰੁਸਤਾ' ਤੇ ਕੌਮ ਖੱਤਰੀ ਸੀ, ਵਿਦਵਾਨ ਲਿਖਾਰੀ ਹੋਇਆ ਹੈ। ਉਸ ਦੀਆਂ ਰਚਨਾਵਾਂ ਵਿਚੋਂ ਮਸਤਲਹਾਤ-ਏ-ਸ਼ੁਅਰਾ (ਕਵੀਆਂ ਦੀ ਸੰਕੇਤਾਵਲੀ) ਤੇ ਇਨਸ਼ਾ-ਏ-ਸਿਆਲਕੋਟੀ (ਸਿਆਲਕੋਟੀ ਦੀ ਗੱਦ ਰਚਨਾ) ਦੇ ਖਰੜੇ ਉਸ ਦੀ ਯਾਦਗਾਰ ਹਨ। ਖ਼ਾਲਸਾ ਰਾਜ ਦੇ ਸਮੇਂ ਲਾਲਾ ਮੋਤੀ ਰਾਮ 'ਨੰਦਾ' ਖੱਤਰੀ ਜਿਸ ਦਾ ਤਖ਼ੱਲੁਸ 'ਪਰਵਾਨਾ' ਸੀ ਅਲੰਕ੍ਰਿਤ ਗੱਦ ਲਿਖਣ ਤੇ ਕਵਿਤਾ ਰਚਣ ਦੇ ਗਿਆਨ ਵਿਚ ਸਾਰਿਆਂ ਨਾਲੋਂ ਅੱਗੇ ਸੀ। ਦੀਵਾਨ-ਏ-ਪਰਵਾਨਾ, ਮਸਨਵੀ ਹਕੀਕਤ ਰਾਏ, ਮਨਸ਼ਾਤ-ਏ-ਚਮਨਿਸਤਾਨ ਤੇ ਰੁੱਕਾਤ-ਏ-ਮੋਤੀ ਰਾਮ (ਮੋਤੀ ਰਾਮ ਦੀਆਂ ਚਿੱਠੀਆਂ) ਆਦਿ ਪੁਸਤਕਾਂ ਉਸ ਦੀ ਯੋਗਤਾ ਦੀ ਨਿਸ਼ਾਨੀ ਵਜੋਂ ਕਾਇਮ ਹਨ। ਲਾਲਾ ਨਰੈਣ ਦਾਸ ਬ੍ਰਾਹਮਣ ਭੀ ਅਲੰਕ੍ਰਿਤ ਗੱਦ ਲਿਖਣ ਵਿਚ ਪ੍ਰਬੀਨ ਸੀ। ਉਹ ਸੰਮਤ ੧੯੭੦ ਬਿਕਰਮੀ (ਮੁਤਾਬਿਕ ਸੰਨ ੧੯੧੩ ਈ:) ਵਿਚ ਸੁਰਗਵਾਸ ਹੋਇਆ। ਸ਼ੇਖ ਅਹਿਮਦ ਹਕੀਮ ਤੇ ਸੱਈਅਦ ਕਾਮੀ ਸ਼ਾਹ ਦੋਵੇਂ ਹਿਕਮਤ ਦੇ ਗਿਆਨ, ਗਣਿਤ ਦੇ ਨਿਯਮਾਂ ਨੂੰ ਜਾਨਣ ਤੇ ਹਿਕਮਤ ਦੇ ਗ੍ਰੰਥਾਂ ਨੂੰ ਘੋਖਣ ਵਿਚ ਆਪਣੇ ਸਮੇਂ ਦੇ ਲਾਸਾਨੀ ਵਿਅੱਕਤੀ ਹੋਏ ਹਨ। ਰਾਮ ਕਿਸ਼ਨ ਬ੍ਰਾਹਮਣ ਧਾਰਮਿਕ ਗ੍ਰੰਥਾਂ ਦੇ ਗਿਆਨ ਦਾ ਪੂਰਾ ਜਾਣੂ ਹੋਇਆ ਹੈ। ਇਸ ਸਮੇਂ ਸ਼ਹਿਰ ਦੇ ਵੱਡੇ ਆਦਮੀਆਂ ਤੇ ਪੰਚਾਂ ਵਿਚੋਂ ਲਾਲਾ ਨਾਨਕ ਚੰਦ 'ਨੱਈਅਰ', ਭਾਨ ਸ਼ਾਹ, ਸਹਿਬ ਦਿਆਲ 'ਭਾਬੜਾ', ਸਹਿਜ ਰਾਮ 'ਪੁਰੀ', ਮਹਿਤਾ ਗੁਰਦਿਆਲ 'ਵਡਹਿਰਾ', ਹੁਕਮ ਸਿੰਘ 'ਜਾਲੀ' ਅਤੇ ਚੌਧਰੀ ਗੁਰਮੁਖ ਸਿੰਘ 'ਮਾਲ' ਪ੍ਰਸਿੱਧ ਹਨ। ਵਿਦਵਾਨ 'ਤੇ ਕਾਰੀਗਰ ਲੋਕ ਹਮੇਸ਼ਾ ਇਸ ਨੱਗਰ ਦੀ ਸ਼ੋਭਾ ਬਣੇ ਰਹੇ। ਇਸ ਸ਼ਹਿਰ ਵਿਚ ਖੱਤਰੀਆਂ ਦੀਆਂ ਭਿੰਨ ਭਿੰਨ ਜ਼ਾਤਾਂ ਦੇ ਬਹੁਤ ਲੋਕ ਰਹਿੰਦੇ ਸਨ। ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਖੱਤਰੀਆਂ ਦੀਆਂ ਸਾਰੀਆਂ ਜ਼ਾਤਾਂ ਦੇ ਲੋਕਾਂ ਵਿਚੋਂ 'ਵਡਹਿਰਾ' ਖੱਤਰੀ, ਜੋ ਉੱਥੋਂ ਦੇ ਹਾਕਮ ਹਨ, ਸਾਰਿਆਂ ਨਾਲੋਂ ਗੁਣਾਂ ਤੇ ਭਲਮਣਸਾਈ ਵਿਚ ਸ਼੍ਰੇਸ਼ਟ ਹਨ। ਉਨ੍ਹਾਂ ਦੇ ਵੱਡ ਵਡੇਰੇ ਦਾ ਨਾਉਂ ਮਹਿਤਾ ਕਾਕਾ ਮੱਲ ਸੀ। ਕਾਕਾ ਤੇ ਕੀਕਾ ਦੋਵੇਂ ਭਰਾ ਰਾਣਾ ਰਾਜੂ, ਜਿਸ ਦੀ ਵੰਸਾਵਲੀ ਰਘੂਬੰਸੀ ਜਸਰਥ ਦੀ ਸੰਤਾਨ ਦੇ ਰਾਜਿਆਂ ਨਾਲ ਜਾ ਮਿਲਦੀ ਹੈ, ਦੇ ਪੁਤਰ ਸਨ। ਉਹ ਸੁਲਤਾਨ ਬਹਿਲੋਲ ਲੋਧੀ ਦੇ ਰਾਜ-ਕਾਲ ਵਿਚ ਕਿਸੇ ਕਾਰਣ ਆਪਣੇ ਦੇਸ਼ ਸਰਸਾ ਪਟਣ ਤੋਂ, ਜੋ ਦੱਖਣੀ ਗੁਜਰਾਤ ਵੱਲ ਸਥਿੱਤ ਹੈ, ਨਿਕਲਕੇ ਪੰਜਾਬ ਵਿਚ ਆਏ। ਸਬੱਬ ਨਾਲ ਕੀਕਾ ਮੱਲ ਦਾ ਨਿਵਾਸ ਪਿੰਡ ਝਾੜਾਂ ਵਾਲਾ ਤੇ ਮੋਖਲ ਵਿਚ ਹੋਇਆ। ਉਹ ਸੁਦਾਗਰੀ ਤੇ ਵਿਉਪਾਰ ਦਾ ਧੰਧਾ ਕਰਨ ਲੱਗ ਪਿਆ ਅਤੇ ਉੱਥੇ ਹੀ ਪਲਿਆ। ਉਸ ਦੀ ਸੰਤਾਨ ਪਿੰਡ ਮੋਖਲ ਵਡਾਲਾ ਸੰਧੂਆਂ, ਗੁਜਰਾਂਵਾਲਾ; ਨੱਗਰ ਵਜ਼ੀਰਾਬਾਦ ਤੇ ਪਿੰਡ ਚਕਰਾਲਾ ਆਦਿ ਵਿਚ ਰਹਿ ਰਹੀ ਹੈ।

ਕਰਤਾ ਦੇ ਖਾਨਦਾਨ ਦੇ ਹਾਲਾਤ

ਕਾਕਾ ਮੱਲ ਸੰਨ ੯੮੫ ਹਿਜਰੀ ਵਿਚ ਸਿਆਲਕੋਟ ਨਗਰ ਵਿਖੇ ਪੁਜ ਕੇ ਜੰਮੂ ਦੇ ਮਾਲਿਕ ਰਾਜਾ ਬੈਰਮ ਦੇਵ, ਜੋ ਉਸ ਸਮੇਂ ਪਰਗਣਾ ਸਿਆਲਕੋਟ ਦਾ ਹਾਕਮ ਸੀ, ਦਾ ਮੁਲਾਜ਼ਮ ਹੋ ਗਿਆ। ਰਾਜੇ ਦੀ ਚੰਗੀ ਸੇਵਾ ਕਰਨ ਸਦਕਾ ਉਹ ਬਹੁਤ ਉਚੇ ਰੁਤਬੇ 'ਤੇ ਪੁੱਜ ਗਿਆ। ਉਨ੍ਹਾਂ ਦਿਨਾਂ ਵਿਚ ਦੀਵਾਨੀ ਮਾਮਲਿਆਂ ਦੇ ਨਾਜ਼ਿਮ ਦਾ ਖਿਤਾਬ 'ਮਹਿਤਾ' ਹੁੰਦਾ ਸੀ ਇਸ ਲਈ ਕਾਕਾ ਮੱਲ ਨੂੰ ਭੀ ਮਹਿਤੇ ਦੇ ਖਿਤਾਬ ਨਾਲ ਬੁਲਾਇਆ ਜਾਂਦਾ ਸੀ। ਉਸ ਤੋਂ ਮਗਰੋਂ ਸੁਲਤਾਨ ਸਿਕੰਦਰ ਲੋਧੀ ਦੇ ਰਾਜ

ਸਮੇਂ ਸਿਆਲਕੋਟ ਰਾਜਾ ਬੈਰਮ ਦੇਵ ਦੇ ਰਾਜ ਵਿਚੋਂ ਨਿਕਲ ਗਿਆ ਤੇ ਉਥੋਂ ਦਾ ਪ੍ਰਬੰਧ ਬਾਦਸ਼ਾਹੀ ਮੁਲਾਜ਼ਿਮਾਂ ਦੇ ਹੱਥ ਆ ਗਿਆ। ਉੱਪਰ ਦਸਿਆ ਕਾਕਾ ਮਲ ਜੰਮੂ ਵਿਚ ਰਾਜਾ ਬੈਰਮ ਦੇਵ ਦੀ ਰਜ਼ਾਮੰਦੀ ਨਾਲ ਅਸਤੀਫਾ ਦੇ ਕੇ ਸਿਆਲਕੋਟ ਵਿਖੇ ਆ ਗਿਆ। ਇਸੇ ਦੌਰਾਨ ਸੁਲਤਾਨ ਸਿਕੰਦਰ ਬਾਦਸ਼ਾਹ ਨੇ ਕਾਕਾ ਮੱਲ ਨੂੰ ਦਿੱਲੀ ਬੁਲਾ ਕੇ ਸਿਆਲਕੋਟ, ਬਨ, ਬਹਿਲੋਲਪੁਰ ਤੇ ਉਸ ਦੇ ਆਲੇ ਦੁਆਲੇ ਦੇ ਪਰਗਣਿਆਂ ਦੇ ਸਾਰੇ ਮਾਮਲਿਆਂ ਦਾ ਪ੍ਰਬੰਧਕ ਬਣਾ ਕੇ ਮਾਣ ਬਖਸ਼ਿਆ। ਬਾਅਦ ਵਿਚ ਬਾਦਸ਼ਾਹ ਇਸਲਾਮ ਸ਼ਾਹ ਨੇ ਆਪਣੇ ਰਾਜ-ਕਾਲ ਵਿਚ ਉੱਪਰ ਦਸੇ ਮਹਿਤੇ ਦੇ ਬੇਟਿਆਂ ਨੂੰ ਸਿਰੋਪਾ ਦੇ ਕੇ ਸਿਆਲਕੋਟ ਦੇ ਪਰਗਣਿਆਂ ਦੀ ਕਾਨੂੰਗੋਈ ਤੇ ਸਰਿਸ਼ਤਾਦਾਰੀ ਦੇ ਅਹੁਦੇ ਹਮੇਸ਼ਾ ਲਈ ਦੇ ਕੇ ਮੁਖਤਿਆਰ ਬਣਾ ਦਿਤਾ। ਅਕਬਰ ਬਾਦਸ਼ਾਹ ਦੇ ਰਾਜ-ਕਾਲ ਵਿਚ ਉਨ੍ਹਾਂ ਦੀ ਸੰਤਾਨ ਨੇ ਆਪਣੇ ਅਹੁਦੇ 'ਤੇ ਚੰਗੀ ਸੇਵਾ ਕਰਕੇ ਹੋਰ ਸਨਮਾਨ ਪ੍ਰਾਪਤ ਕਰ ਲਿਆ।

ਮਹਿਤਾ ਕਾਕਾ ਮੱਲ ਦੇ ਚਾਰ ਪੁਤਰ ਸਨ। ਪਹਿਲਾ ਥੱਮਣ, ਦੂਜਾ ਹੀਰਾ, ਤੀਜਾ ਗੁੱਜਰ ਤੇ ਚੌਥਾ ਧੀਰਾ। ਇਸੇ ਤਰ੍ਹਾਂ ਥੱਮਣ ਰਾਏ ਦੇ ਘਰ ਭੀ ਚਾਰ ਬੇਟਿਆਂ ਨੇ ਜਨਮ ਲਿਆ, ਨਿਰਮਲ, ਪੁਨਣ, ਸਾਹੂ ਤੇ ਬਾਜ। ਭਾਵੇਂ ਮਹਿਤਾ ਬਾਜ ਸਾਰਿਆਂ ਨਾਲੋਂ ਛੋਟਾ ਸੀ ਪਰ ਕਿਉਂ ਜੋ ਉਸ ਦੀ ਸੰਤਾਨ ਆਮ ਕਰਕੇ ਸਿਆਲਕੋਟ ਵਿਖੇ ਰਹਿ ਰਹੀ ਹੈ ਇਸ ਲਈ ਸਭ ਤੋਂ ਪਹਿਲਾਂ ਉਸ ਦੇ ਬੇਟਿਆਂ ਬਾਰੇ ਵਰਨਣ ਕੀਤਾ ਜਾਂਦਾ ਹੈ। ਸੋ ਮਹਿਤਾ ਬਾਜ ਦੇ ਘਰ ਪਰਸ ਰਾਮ ਨਾਮੀਂ ਬੇਟਾ ਹੋਇਆ। ਪਰਸ ਰਾਮ ਦੇ ਤਿੰਨ ਪੁੱਤਰ ਹੋਏ, ਮੁਰਾਰ ਦਾਸ, ਸ਼ੰਕਰ ਦਾਸ, ਤੇ ਸਵਿੰਦਰ ਦਾਸ। ਮੁਰਾਰ ਦਾਸ ਨੇ ਅਕਬਰ ਸ਼ਾਹੀ ਰਾਜਾ ਮਾਨ ਸਿੰਘ, ਜੋ ਸਿਆਲਕੋਟ ਦਾ ਜਗੀਰਦਾਰ ਸੀ, ਦੇ ਦੀਵਾਨੀ ਮਾਮਲਿਆਂ ਦਾ ਪ੍ਰਬੰਧਕ ਬਣਨ ਦਾ ਮਾਣ ਪ੍ਰਾਪਤ ਕੀਤਾ। ਉਸ ਦੇ ਸੱਤ ਪੁੱਤਰ ਹੋਏ। ਤਿੰਨ ਜਣਿਆਂ ਦੇ ਸੰਤਾਨ ਨਾ ਹੋਈ। ਬਾਕੀ ਦੇ ਚਾਰੇ ਸੰਤਾਨ ਵਾਲੇ ਸਨ। ਪਹਿਲਾ ਖੇਮ ਕਰਨ ਜਿਸ ਦਾ ਨਾਉਂ ਖੇਮਾਂ ਲੈਂਦੇ ਹਨ ਤੇ ਸ਼ੁਰੂ ਅਵਸਥਾ ਵਿਚ ਸ਼ਾਹ ਦੌਲਾ ਉਸ ਦਾ ਗੁਲਾਮ ਸੀ, ਦੂਜਾ ਦੁਰਗਾ ਮੱਲ, ਤੀਜਾ ਮੂਲ ਰਾਜ ਤੇ ਚੌਥਾ ਸਾਈਂ ਦਾਸ ਸੀ। ਦੁਰਗਾ ਮੱਲ ਦਾ ਬੇਟਾ ਰਘੁਨਾਥ ਸੀ। ਉਸ ਦੇ ਦੋ ਬੇਟੇ ਸਨ, ਧ੍ਰੂ ਤੇ ਸੋਖੂ। ਹਕੂਮਤ ਰਾਏ ਤੇ ਹਿੰਮਤ ਰਾਏ ਉੱਪਰ ਦਸੇ ਧ੍ਰੂ ਦੇ ਬੇਟੇ ਸਨ। ਹਿੰਮਤ ਰਾਏ ਦੇ ਪੁੱਤਰ ਦਾ ਨਾਉਂ ਦਰਗਾਹੀ ਮੱਲ ਸੀ। ਉਸ ਦੀ ਸੰਤਾਨ ਸਿਆਲਕੋਟ ਵਿਚ ਮੌਜੂਦ ਹੈ। ਮਹਿਤਾ ਸਵਿੰਦਰ ਦਾਸ ਬਾਦਸ਼ਾਹ ਵਲੋਂ ਹਾਕਮ ਬਣ ਗਿਆ। ਉਸ ਦੀਆਂ ਸੱਤ ਪਤਨੀਆਂ ਵਿਚੋਂ ਜੱਗਾ ਨਾਮੀਂ ਬੇਟਾ ਪੈਦਾ ਹੋਇਆ। ਉਸ ਨੇ ਪੁੱਤਰ ਦੀ ਵਧਾਈ 'ਤੇ ਬਹੁਤ ਸਾਰਾ ਧੰਨ ਖਰਚ ਕੀਤਾ। ਇਥੋਂ ਤਕ ਕਿ ਪੁੱਤਰ ਦੇ ਜੰਮਣ ਦੀ ਖੁਸ਼ੀ ਵਿਚ ਪਰਗਣਾ ਸਿਆਲਕੋਟ ਦੇ ਸਾਰੇ ਜ਼ਿਮੀਂਦਾਰਾਂ ਨੂੰ ਲਗਾਨ ਮਾਫ ਕਰ ਦਿਤਾ ਅਤੇ ਉਸ ਮਹਾਲ ਦਾ ਕੁਲ ਲਗਾਨ ਆਪਣੇ ਕੋਲੋਂ ਸਰਕਾਰੀ ਖਜ਼ਾਨੇ ਵਿਚ ਅਪੜਾ ਦਿੱਤਾ। ਉਸ ਦੇ ਪੁੱਤਰ ਜੱਗੇ ਨੇ ਵੱਡੇ ਹੋ ਕੇ, ਬਲਕਿ ਬੁੱਢੀ ਅਵਸਥਾ ਵਿਚ, ਸ਼ਾਹਜਹਾਨਆਬਾਦ ਵਿਖੇ ਆਲਮਗੀਰ ਬਾਦਸ਼ਾਹ ਦੇ ਕੋਲ ਜਾ ਕੇ ਇਸਲਾਮੀ ਮੱਤ ਧਾਰਨ ਕਰ ਲਿਆ। ਉਸ ਨੇ ਉਸ ਦਾ ਨਾਉਂ ਇਸਲਾਮ ਯਾਰ ਰੱਖਿਆ। ਜਹਾਂਗੀਰ ਬਾਦਸ਼ਾਹ ਦੇ ਰਾਜ-ਕਾਲ ਵਿਚ ਸ਼ੰਕਰ ਦਾਸ ਇੱਜ਼ਤ ਤੇ ਪਦਵੀ ਦਾ ਮਾਲਕ ਸੀ। ਮਹਿਤਾ ਪੁੰਨਣ ਦੇ ਘਰ ਤ੍ਰਿਲੋਕ ਚੰਦ ਨਾਮੀਂ ਬੇਟਾ ਜਨਮਿਆਂ। ਉਸ ਦੇ ਤਿੰਨ ਪੁੱਤਰ ਹੋਇ, ਹਰਦਾਸ, ਸਾਗਰ ਮੱਲ ਤੇ ਨੰਦੂ। ਮਹਿਤਾ ਹਰਦਾਸ ਨੇ ਅਕਬਰ ਬਾਦਸ਼ਾਹ ਦੇ ਪੇਸ਼ ਹੋ ਕੇ ਸਿਆਲਕੋਟ ਪਰਗਣੇ ਦੇ ਹਿਸਾਬ ਕਿਤਾਬ ਦੇ ਹਾਲਤ ਮੂੰਹ ਜ਼ਬਾਨੀ ਦਸੇ। ਜਦੋਂ ਪੜਤਾਲ ਪਿਛੋਂ ਉਸ ਦਾ ਬਿਆਨ ਸੱਚਾ ਤੇ ਸਹੀ ਸਿੱਧ ਹੋਇਆ ਤਾਂ ਉਸ ਦੇ ਚੇਤੇ ਬਾਰੇ ਉਸ ਨੂੰ ਸ਼ਾਬਾਸ਼ ਦਿੱਤੀ, ਸਿਰੋਪਾ ਬਖਸ਼ਿਆ ਤੇ ਨਿਵਾਜ਼ਿਆ। ਮਹਿਤਾ ਸਾਹੂ ਦੇ ਦੋ ਬੇਟੇ ਸਨ, ਸੁੱਖਾ ਨੰਦ ਤੇ ਕੇਸ਼ੋ ਦਾਸ। ਬਹਿਲੋਲਪੁਰ ਪਰਗਣੇ ਦੀ ਕਾਨੂੰਗੋਈ ਵਿਚ ਇਨ੍ਹਾਂ ਦੇ ਦੋ ਹਿੱਸੇ ਸਨ। ਮਹਿਤਾ ਥੱਮਣ ਰਾਏ ਦੇ ਵੱਡੇ ਪੁੱਤਰ ਮਹਿਤਾ ਨਿਰਮਲ ਦੇ ਦੋ ਬੇਟੇ ਸਨ ਜਿਨ੍ਹਾਂ ਦਾ ਨਾਉਂ ਮਲਕ ਜੇਠਾ ਤੇ ਮਲਕ ਹਾਰੀ ਸਨ। ਮਲਕ ਜੇਠਾ ਦੇ ਘਰ ਦੋ ਬੇਟੇ ਪੈਦਾ ਹੋਏ, ਨੰਦ ਲਾਲ ਤੇ ਸਦਾ ਰੰਗ। ਅਕਬਰ ਬਾਦਸ਼ਾਹ

ਦੇ ਰਾਜ-ਕਾਲ ਵਿਚ ਇਹ ਦੋਵੇਂ ਭਰਾ ਗੁਜ਼ਰਾਤ ਨੱਗਰ ਵਿਚ ਜਾ ਵਸੇ। ਮਹਿਤਾ ਸਦਾ ਰੰਗ ਦੇ ਘਰ ਤਿੰਨ ਪੁੱਤਰ ਸਨ, ਸੋਨਤ ਰਾਏ, ਰਹੂ ਰਾਏ ਤੇ ਸਹਿਵ ਰਾਮ। ਨੰਦ ਲਾਲ ਦੇ ਘਰ ਦੋ ਬੇਟੇ ਹੋਏ, ਸਹੇਲ ਸਿੰਘ ਤੇ ਰਹਿਣੂ। ਰਹਿਣੂ ਦੇ ਘਰ ਰਾਏ ਬਿੰਦਰਾਬਨ ਨਾਮੀਂ ਰਾਜ ਭਾਗ ਵਾਲਾ ਬੇਟਾ ਪੈਦਾ ਹੋਇਆ। ਸਹੇਲ ਸਿੰਘ ਦੇ ਘਰ ਤਿੰਨ ਪੁੱਤਰ ਹੋਏ, ਬਖਤ ਮਲ, ਮੱਖਣ ਚੰਦ ਤੇ ਭਲਾਦ। ਬਖਤ ਮਲ ਦੇ ਭੀ ਤਿੰਨ ਬੇਟੇ ਹੋਏ, ਅਟੱਲ ਰਾਏ, ਚੂਹੜ ਮੱਲ ਤੇ ਅਨੂਪ ਰਾਏ। ਅਟੱਲ ਰਾਏ ਦੇ ਘਰ ਦੋ ਪੁੱਤਰ ਹੋਏ, ਗੁਰਦਿੱਤ ਮੱਲ ਤੇ ਮੂਲ ਰਾਜ। ਗੁਰਦਿੱਤ ਮੱਲ ਦੇ ਚਾਰ ਬੇਟ ਹੋਏ, ਬਾਲਕ ਰਾਮ, ਹਰ ਨਰੈਣ, ਮਹੀਪਤ ਤੇ ਕਦਾਈ ਮੱਲ। ਮਹਿਤਾ ਬਾਲਕ ਰਾਮ ਦਾ ਪੁੱਤਰ ਭਵਾਨੀ ਦਾਸ ਸੀ। ਉਸ ਦਾ ਬੇਟਾ ਲਾਲਾ ਸ਼ਿਵ ਦਿਆਲ ਸੀ। ਸ਼ਿਵ ਦਿਆਲ ਸੰਮਤ ੧੯੬੧ (ਮੁਤਾਬਿਕ ਸੰਨ ੧੯੦੪ ਈ:) ਦੇ ਮਾਘ ਮਹੀਨੇ ਵਿਚ ਕਾਲ ਵਸ ਹੋਇਆ। ਉਸ ਦੇ ਤਿੰਨ ਬੇਟੇ ਸਨ ਇਕ ਇਸ ਪੁਸਤਕ ਦਾ ਕਰਤਾ ਸੇਵਕ ਗਣੇਸ਼ ਦਾਸ ਦੂਜਾ ਮਹੇਸ਼ ਦਾਸ ਤੇ ਤੀਜਾ ਰਤਨ ਲਾਲ ਜੋ ਤਿਆਗੀ ਹੋ ਗਿਆ ਤੇ ਆਤਮ-ਦਰਸੀ ਬਣ ਗਿਆ। ਉਸ ਦਾ ਨਾਉਂ ਰਾਮ ਪ੍ਰਕਾਸ਼ ਪ੍ਰਮਹੰਸ ਉਦਾਸੀ ਸਾਧ ਵਜੋਂ ਪ੍ਰਸਿੱਧ ਹੈ। ਮੂਲ ਰਾਜ ਦਾ ਪੁੱਤਰ ਦੁਰਗਾ ਮੱਲ ਸੀ। ਉਸ ਦੇ ਦੋ ਬੇਟੇ ਜਲੋ ਤੇ ਹਰੀ ਸਨ। ਮਹਿਤਾ ਚੂਹੜ ਮੱਲ ਦੇ ਤਿੰਨ ਪੁੱਤਰ ਸਨ, ਇਕਬਾਲ-ਮੰਦ ਨਵਾਂ ਨਵਾਂ ਬਣਿਆ ਮੁਸਲਮਾਨ, ਰਖਪੱਤ ਰਾਏ ਤੇ ਸ਼ਾਮ ਰਾਏ। ਰਖਪੱਤ ਰਾਏ ਦੇ ਦੋ ਪੁੱਤਰ ਹੋਏ, ਲੁੱਤਫ਼ ਅੱਲਾ ਉਰਫ ਦਿਆ ਰਾਮ ਤੇ ਨਾਨਕ ਚੰਦ। ਨਾਨਕ ਚੰਦ ਦਾ ਬੇਟਾ ਜਸਵੰਤ ਰਾਏ ਸੀ। ਜਸਵੰਤ ਰਾਏ ਦਾ ਬੰਸੀ ਤੇ ਬੰਸੀ ਦਾ ਪੁੱਤਰ ਸਾਵਣ ਮੱਲ ਸੀ। ਸਾਵਣ ਮੱਲ ਦੇ ਕੁਝ ਬੇਟੇ ਸਨ। ਮਹਿਤਾ ਮੱਖਣ ਚੰਦ ਦੇ ਚਾਰ ਪੁੱਤਰ ਸਨ, ਟੇਕ ਚੰਦ, ਮੂਲ ਰਾਜ, ਗੋਬਿੰਦ ਰਾਏ ਤੇ ਅਚਿੰਤ ਰਾਏ। ਗੋਬਿੰਦ ਰਾਏ ਦੇ ਤਿੰਨ ਬੇਟੇ ਸਨ, ਅਮ੍ਰਿਤ ਰਾਏ ਨਿੱਤਾ ਨੰਦ ਤੇ ਕਰੋੜੀ ਮੱਲ। ਕਰੋੜੀ ਮੱਲ ਦਾ ਪੁੱਤਰ ਭੋਲਾ ਨਾਥ ਸੀ। ਉਸ ਦੇ ਬੇਟੇ ਬਾਕਾ ਸਿੰਘ ਤੇ ਨੰਦ ਸਿੰਘ ਸਨ। ਭਲਾਦ ਦੇ ਦੋ ਪੁੱਤਰ ਸਨ, ਮੁਹੰਮਦ ਹਸਨ ਉਰਫ ਸਾਹਿਬ ਰਾਏ ਤੇ ਰਾਮ ਦਾਸ ਉਰਫ ਰਾਮ ਜੀ। ਮੁਹੰਮਦ ਹਸਨ ਦੇ ਬੇਟੇ ਮੁਹੰਮਦ ਹੁਸੈਨ ਤੇ ਮੁਹੰਮਦ ਹਫ਼ੀਜ਼ ਸਨ ਤੇ ਦੋਵੇਂ ਔਤ ਚਲੇ ਗਏ। ਸਮਾਪਤ।

ਮਹਿਤਾ ਹੀਰਾ ਦੇ ਪੱਜ ਪੁੱਤਰ ਸਨ, ਜੀਵਨ, ਦਮੋਦਰ, ਸ਼ਿਵ ਰਾਜ, ਚੰਨੂ ਉਰਫ ਚੰਦ ਤੇ ਪੁੰਨੂੰ ਉਰਫ ਪੂਰਨ। ਮਹਿਤਾ ਪੂਰਨ ਦੇ ਚਾਰ ਬੇਟੇ ਹੋਏ, ਬਿਹਾਰੀ ਚੰਦ, ਕਲਿਆਣ, ਤਖਤ ਮੱਲ ਤੇ ਗੋਬਿੰਦ ਦਾਸ। ਬਿਹਾਰੀ ਚੰਦ ਦੇ ਦੋ ਪੁੱਤਰ ਸਨ, ਜਤੀ ਦਾਸ ਤੇ ਮਾਹੀ ਦਾਸ। ਮਹਿਤਾ ਕਲਿਆਣ ਦੇ ਦੋ ਪੁੱਤਰ ਸਨ. ਪਾਖਰ ਮੱਲ ਤੇ ਸਦਾ ਰੰਗ। ਪਾਖਰ ਮੱਲ ਦੇ ਤਿੰਨ ਬੇਟੇ ਸਨ, ਪਹਿਲਾਦ, ਹਿਰਦੇ ਰਾਮ ਤੇ ਜਾਦੂ ਰਾਏ। ਪਹਿਲਾਦ ਦੇ ਦੋ ਪੁੱਤਰ ਸਨ, ਕੰਵਲ ਨੈਨ ਤੇ ਬਸੰਭੂ ਨਾਥ। ਸ਼ਾਹ ਜਹਾਨ ਦੇ ਰਾਜ-ਕਾਲ ਵਿਚ ਮੌਲਵੀ ਅਬਦੁਲ ਹਕੀਮ ਦੇ ਬੇਟਿਆਂ ਨੇ ਕੰਵਲ ਨੈਨ ਨੂੰ ਇਸਲਾਮ ਮੱਤ ਧਾਰਨ ਲਈ ਕਿਹਾ। ਉਸ ਨੇ ਅਜਿਹਾ ਕਰਨਾ ਪਰਵਾਨ ਨਾ ਕੀਤਾ। ਉਹਨਾਂ ਨੇ ਇਕੱਠੇ ਹੋ ਕੇ ਧੱਕੇ ਨਾਲ ਉਸ ਨੂੰ ਜਾਨੋਂ ਮਾਰ ਦਿਤਾ। ਮਹਿਤਾ ਹਿਰਦੇ ਰਾਮ ਦੇ ਦੋ ਪੁੱਤਰ ਸਨ, ਬਾਲ ਕਿਸ਼ਨ ਤੇ ਬਘੀਰਥ। ਬਾਲ ਕਿਸ਼ਨ ਦੇ ਕੁੱਝ ਬੇਟੇ ਸਨ ਜਿਵੇਂ ਦੀਵਾਨ ਸਿੰਘ, ਰਹਿਮਤ ਅੱਲ੍ਹਾ ਉਰਫ ਮਦਨ ਮੋਹਨ ਤੇ ਬਿਰਜ ਨਾਥ ਆਦਿ। ਮਹਿਤਾ ਬਘੀਰਥ ਦੇ ਦੋ ਬੇਟੇ ਸਨ, ਮਹਾਰਾਜ ਤੇ ਜੀਵਨ। ਮਹਾਰਾਜ ਦਾ ਪੁੱਤਰ ਰਤਨ ਚੰਦ ਸੀ ਤੇ ਰਤਨ ਚੰਦ ਦਾ ਇਕ ਪੁੱਤਰ ਠਾਕਰ ਦਾਸ ਸੀ। ਜੀਵਨ ਦਾ ਬੇਟਾ ਅਮਾਨ ਅੱਲ੍ਹਾ ਸੀ। ਸਮਾਪਤ।

ਮਹਿਤਾ ਸਦਾ ਰੰਗ ਦੇ ਤਿੰਨ ਪੁੱਤਰ ਹੋਏ, ਜਸ ਮੱਲ, ਹਰਕਿਸ਼ਨ ਤੇ ਮੂਲ ਰਾਜ। ਜਸ ਮੱਲ ਦੇ ਦੋ ਬੇਟੇ ਸਨ, ਹਰ ਸਹਾਏ ਤੇ ਜੈ ਸਿੰਘ, ਹਰਕਿਸ਼ਨ ਦਾ ਇਕੋ ਬੇਟਾ ਫਤਹਿ ਸਿੰਘ ਸੀ। ਫਤਹਿ ਸਿੰਘ ਦੇ ਚਾਰ ਪੁੱਤਰ ਸਨ, ਰਘੁਨਾਥ, ਹਰ ਨਰੈਣ, ਅਜ਼ਮਤ ਅੱਲ੍ਹਾ ਉਰਫ ਗੋਬਿੰਦ ਤੇ ਇੱਜ਼ਤ ਅੱਲ੍ਹਾ ਉਰਫ ਰਾਮ ਜੀ। ਇਹ ਚਾਰੇ ਸੰਤਾਨ ਵਾਲੇ ਹਨ। ਮੂਲ ਰਾਜ ਦੇ ਘਰ ਫ਼ਜ਼ਲ ਅੱਲ੍ਹਾ ਉਰਫ ਰਾਮ ਰਾਏ ਨਾਮੀਂ ਬੇਟਾ ਪੈਦਾ

ਹੋਇਆ। ਉਸ ਦੇ ਨਾਂ ਤਪਾ ਹੇਲਾਂ ਦੀ ਅੱਧੀ ਕਾਨੂੰਗੋਈ ਸੀ। ਮਹਿਤਾ ਤਖਤ ਮੱਲ ਦੇ ਦੋ ਪੁੱਤਰ ਸਨ, ਦੇਵੀ ਦਾਸ ਤੇ ਸੁਜਾਨ ਸਿੰਘ। ਇਹ ਦੋਵੇਂ ਗੁਜਰਾਤ ਵਿਚ ਆ ਕੇ ਵੱਸ ਗਏ। ਦੇਵੀ ਦਾਸ ਦੇ ਪੰਜ ਬੇਟੇ ਹੋਏ, ਹਰੀ ਚੰਦ, ਹਰ ਗੋਬਿੰਦ, ਰਾਮ ਰਾਏ, ਜਗਨ ਨਾਥ ਤੇ ਜਗਤ ਰਾਏ। ਹਰ ਗੋਬਿੰਦ ਆਲਮਗੀਰ ਬਾਦਸ਼ਾਹ ਦੇ ਤਖਤ 'ਤੇ ਬੈਠਣ ਤੋਂ ਚੌਧਵੇਂ ਸਾਲ ਮੁਸਲਮਾਨ ਬਣ ਗਿਆ ਤੇ ਉਸ ਦਾ ਨਾਉਂ ਅਬਦੁੱਲਬਾਰੀ ਪ੍ਰਸਿੱਧ ਹੋ ਗਿਆ। ਜਗਤ ਰਾਏ ਦੇ ਪੋਤਿਆਂ ਵਿਚੋਂ ਬਾਲੀ ਰਾਮ ਵਿਦਵਾਨ ਵਿਅੱਕਤੀ ਸੀ। ਸੁਜਾਨ ਸਿੰਘ ਦੇ ਤਿੰਨ ਬੇਟੇ ਸਨ ਭੂਪਤ ਰਾਏ, ਗੋਬਿੰਦ ਰਾਏ ਤੇ ਆਲੋ ਰਾਮ। ਭੂਪਤ ਰਾਏ ਦੇ ਦੋ ਪੁੱਤਰ ਸਨ, ਅਨੂਪ ਰਾਏ ਤੇ ਸੰਗਤ ਰਾਏ। ਕਿਸ਼ਨ ਰਾਮ ਤੇ ਮਹਿਤਾ ਚੇਤ ਰਾਮ ਅਨੂਪ ਰਾਏ ਦੀ ਸੰਤਾਨ ਵਿੱਚੋਂ ਸਨ। ਸੰਗਤ ਰਾਏ ਦੇ ਪੁੱਤਰ ਦਾ ਨਾਉਂ ਆਲਮ ਚੰਦ ਸੀ। ਉਸ ਦੀ ਸੰਤਾਨ ਵਿਚ ਜਵਾਹਰ ਮੱਲ ਆਦਿ ਸ਼ਾਦੀਵਾਲ ਵਿਚ ਰਹਿੰਦੇ ਹਨ। ਸਮਾਪਤ।

ਮਹਿਤਾ ਧੀਰਾ ਦੇ ਤਿੰਨ ਬੇਟੇ ਸਨ; ਠਾਕਰ ਦਾਸ, ਸਦਾ ਰੰਗ ਤੇ ਗੁਜਰਾਤੀ ਮੱਲ। ਇਹ ਤਿੰਨੇ ਬੇ-ਔਲਾਦੇ ਚਲੇ ਗਏ।

ਮਹਿਤਾ ਗੁੱਜਰ ਮੱਲ ਦੇ ਸੱਤ ਪੁੱਤਰ ਸਨ, ਮਹੇਸ਼ ਦਾਸ; ਕਿਸ਼ਨ ਦਾਸ, ਕਰਨ ਦਾਸ, ਰਾਏ ਜਤੀ, ਪਿੰਡੀ ਦਾਸ, ਰੂਪ ਚੰਦ ਤੇ ਮਹਿਤਾ ਰਾਮੂ। ਕਿਸ਼ਨ ਦਾਸ ਦੀ ਸੰਤਾਨ ਸਿਆਲਕੋਟ ਵਿਚ ਰਹਿੰਦੀ ਹੈ। ਰਾਮੂ ਦੇ ਚਾਰ ਬੇਟੇ ਸਨ, ਭਗਵਤੀ ਦਾਸ, ਹਰ ਦਾਸ, ਊਧੋ ਤੇ ਪਨਵਾਲੀ ਦਾਸ। ਉਹਨਾਂ ਦੇ ਨਾਉਂ ਪਰਗਣਾ ਬਹਿਲੋਲ ਪੁਰ ਦੀ ਕਾਨੂੰਗੋਈ ਦੇ ਦੋ ਹਿੱਸੇ ਸਨ। ਸੋ ਪੰਜਾਬ ਵਿਚ ਵਡਹਿਰਾ ਕੌਮ ਦੀ ਸਰਦਾਰੀ ਦਾ ਹੈਡ-ਕੁਆਟਰ ਪੁਰਾਣੇ ਸਮੇਂ ਤੋਂ ਸਿਆਲਕੋਟ ਹੈ। ਇਨ੍ਹਾਂ ਦੇ ਵੱਡੇ ਵਡੇਰਿਆਂ ਦਾ ਪੂਜਾ-ਸਥਾਨ ਇਕ ਤਲਾ ਹੈ। ਜਿਸ ਨੂੰ 'ਬਾਬਾ ਬੌਲੂ ਸਿਕਲ' ਕਹਿੰਦੇ ਹਨ। ਇਹ ਤਲਾ ਸਿਆਲਕੋਟ ਦੇ ਪੂਰਬ ਦੱਖਣ ਵਲ ਸਿੰਕੂ ਜੋਹੜ ਦੀ ਧਰਤੀ ਵਿਚ ਸਥਿੱਤ ਹੈ। 'ਵਡਹਿਰਾ' ਜ਼ਾਤ ਦੇ ਸਾਰੇ ਲੋਕ ਹਰ ਥਾਂ ਤੋਂ ਉੱਥੇ ਆ ਕੇ ਦੋ ਸਾਲ ਦੇ ਬੱਚੇ ਦੀਆਂ ਰਸਮਾਂ ਪੂਰੀਆਂ ਕਰਦੇ ਹਨ। ਮਹਿਤਾ ਕਾਕਾ ਮੱਲ ਦੇ ਆਉਣ ਤੋਂ ਪਹਿਲਾਂ 'ਚੰਦ' ਤੇ 'ਨਾਭਾ' ਕੌਮਾਂ ਦੇ ਲੋਕ ਸਿਆਲਕੋਟ ਵਿਚ ਹਾਕਮ ਤੇ ਸਰਦਾਰ ਸਨ। ਖੱਤਰੀਆਂ ਦੀਆਂ ਦੋ ਸੌ ਦੇ ਕਰੀਬ ਪੁਰੀ, ਜਾਲੀ, ਮਾਲ, ਸੀਕਰੀ, ਬਸੂ, ਸਹਲੀ ਤੇ ਸਲੋਨੀ ਆਦਿ ਜ਼ਾਤਾਂ ਸਿਆਲਕੋਟ ਵਿਖੇ ਮੁਹੱਲਾ ਆਲੀ ਆਦਿ ਵਿਚ ਰਹਿੰਦੀਆਂ ਸਨ। ਇਹ ਸਾਰੇ ਲੋਕ ਇੱਜ਼ਤ ਮਾਣ ਨਾਲ ਜੀਵਨ ਬਤੀਤ ਕਰਦੇ ਸਨ ਪਰੰਤੂ ਸ਼ਾਹ-ਜਹਾਨ ਤੇ ਔਰੰਗਜੇਬ ਦੇ ਰਾਜ-ਕਾਲ ਵਿਚ ਸਿਆਲਕੋਟ ਵਿਚ ਮੁਸਲਮਾਨ ਕਾਜ਼ੀਆਂ ਤੇ ਮੁਲਾਣਿਆਂ ਨੇ ਉੱਨਤੀ ਕਰ ਲਈ ਸੀ। ਉਹ ਬਾਹਲੇ ਹਿੰਦੂਆਂ ਨੂੰ ਇਸਲਾਮ ਧਰਮ ਵਲ ਪ੍ਰੇਰਕੇ ਮੁਸਲਮਾਨ ਬਣਾਉਂਦੇ ਸਨ। ਮੁਹੰਮਦ ਸ਼ਾਹ ਦੇ ਰਾਜ-ਕਾਲ ਤੱਕ ਸਿਆਲਕੋਟ ਵਿਚ ਇਸੇ ਤਰ੍ਹਾਂ ਇਸਲਾਮ ਦਾ ਜ਼ੋਰ ਦਿਨੋਂ ਦਿਨ ਵਧਦਾ ਗਿਆ। ਇਸ ਹਾਲ ਤੇ ਇਸ ਗੱਲ ਬਾਤ ਦਾ ਗਵਾਹ ਹਕ਼ੀਕ਼ਤ ਰਾਏ 'ਪੁਰੀ' ਦਾ ਕਤਲ ਹੈ। ਇਸ ਤਰ੍ਹਾਂ ਕਹਾਣੀ ਤੇ ਠੀਕ ਰਵਾਇਤ ਬਿਆਨ ਕੀਤੀ ਜਾਂਦੀ ਹੈ।

ਹਕ਼ੀਕ਼ਤ ਰਾਏ ਦਾ ਬਿਆਨ

ਸਿਆਲਕੋਟ ਸ਼ਹਿਰ ਵਿਚ ਠਾਠ ਬਾਠ ਵਾਲਾ ਇੱਕ ਧਨਵਾਨ ਵਿਅੱਕਤੀ ਸੀ। ਉਸ ਦਾ ਨਾਮ ਲਾਲਾ ਭਾਗ ਮੱਲ, ਕੌਮ ਖੱਤਰੀ ਤੇ ਜ਼ਾਤ 'ਪੁਰੀ' ਸੀ। ਉਹ ਨੇਕ ਪੁਰਸ਼ ਸੀ। ਉਸ ਦਾ ਇੱਕ ਪੁੱਤਰ ਸੀ ਜੋ ਅਤਿ ਸੁੰਦਰ, ਨੇਕ ਤੇ ਸਚਾਈ ਦਾ ਪੁਤਲਾ ਸੀ। ਉਸ ਦਾ ਨਾਉਂ ਹਕ਼ੀਕ਼ਤ ਰਾਏ ਤੇ ਉਸ ਦੀ ਆਯੂ ਚੌਦਾਂ ਸਾਲ ਸੀ। ਉਹ ਜਵਾਨੀ ਦੇ ਬਾਗ਼ ਵਿਚ ਇਕ ਨਾਵਾਂ ਬੂਟਾ ਸੀ।

(ਸ਼ਿਅਰ) ਉਹ ਅਜਿਹਾ ਫੁੱਲ ਸੀ ਸੋ ਪੱਤਝੜ ਦੀ ਹਵਾ ਦੀ ਬਿਪਤਾ ਤੋਂ ਬਰੀ ਸੀ
ਅਤੇ ਜਵਾਨੀ ਦੀ ਟਹਿਣੀ 'ਤੇ ਨਵੀਂ ਬਹਾਰ ਸੀ।

ਅਜੇ ਉਹ ਸ਼ਮਸ਼ਾਦ ਦਾ ਫੁੱਲ-ਰਹਿਤ ਬੂਟਾ ਸੀ
ਅਤੇ ਸੁੰਦਰਤਾ ਵਿਚ ਆਜ਼ਾਦ (ਸਿੱਧੇ) ਸਰੂ ਵਾਂਗ ਸੀ ।

ਉਹ ਲਾਇਕ ਬੱਚਿਆਂ ਵਾਂਗ ਸਕੂਲ ਵਿਚ ਵਿਦਿਆ ਪ੍ਰਾਪਤ ਕਰਦਾ ਸੀ । ਥੋੜ੍ਹੇ ਜਿਹੇ ਦਿਨਾਂ ਵਿਚ ਹੀ ਉਹ ਹੁਸ਼ਿਆਰ ਤੇ ਚੰਗਾ ਵਕਤਾ ਬਣ ਗਿਆ । ਸੰਜੋਗ ਨਾਲ ਇੱਕ ਦਿਨ ਉਸ ਦੀ ਤੀਖਣ ਬੁੱਧੀ ਕਾਰਨ ਇੱਕ ਛੋਟੀ ਉਮਰ ਦੇ ਮੁਲਾਂ-ਜ਼ਾਦੇ ਨਾਲ ਕਵਿਤਾ ਬਾਰੇ ਵਾਦ ਵਿਵਾਦ ਅਤੇ ਅਰਥਾਂ ਨੂੰ ਨਿਸਚਤ ਕਰਨ ਲਈ ਸ਼ਬਦੀ ਝਗੜਾ ਹੋ ਗਿਆ । ਹਕ਼ੀਕ਼ਤ ਰਾਏ ਸ਼ਬਦਾਂ ਦੇ ਸਹੀ ਤੇ ਪੂਰੇ ਅਰਥ ਕਰਦਾ ਸੀ ਪਰੰਤੂ ਪੁੱਠੀ ਮੱਤ ਵਾਲਾ ਮੁੱਲਾਂ ਦਾ ਬੇਟਾ ਨੁਕਤਾ ਚੀਨੀ ਤੇ ਵਿੰਗੇ ਟੇਢੇ ਅਰਥ ਕੱਢਦਾ ਸੀ । ਇੱਥੋਂ ਤੱਕ ਕਿ ਨਿੱਕੀ ਜਿਹੀ ਲਿਖਤ ਦੀ ਵਿਆਖਿਆ ਦਾ ਮੁਆਮਲਾ ਬਹੁਤ ਲੰਮਾ ਹੋ ਗਿਆ ਤੇ ਇਕ ਨੁਕਤੇ ਦੇ ਅੱਗੇ ਪਿੱਛੇ ਹੋਣ ਸਦਕਾ ਉਹ ਆਪਸ ਵਿਚ ਉਲਝ ਪਏ । ਮੁੱਲਾਂ ਦੇ ਬੇਟੇ ਨੇ ਜਦੋਂ ਵੇਖਿਆ ਕਿ ਉਸ ਦਾ ਕੋਈ ਚਾਰਾ ਨਹੀਂ ਚਲਦਾ ਤਾਂ ਉੱਚੀ ਨਾਅਰਾ ਮਾਰਿਆ ਤੇ ਮਾਮਲਾ ਉਲਟਾ ਕਰਕੇ ਦਸਦੇ ਹੋਏ ਨੇ ਫਰਿਆਦ ਕੀਤੀ ਕਿ "ਐ ਮੁਸਲਮਾਨੋ ! ਮੇਰੀ ਮਦਦ ਕਰੋ । ਇਹ ਕਾਫ਼ਰ ਦਾ ਪੁੱਤਰ ਦੀਨ ਦੇ ਵੱਡ ਵਡੇਰਿਆਂ 'ਚ ਨੁਕਸ ਕੱਢਦਾ ਹੈ ਤੇ ਕਹਿੰਦਾ ਹੈ ਕਿ ਉਨ੍ਹਾਂ ਦੇ ਲੱਛਣ ਚੰਗੇ ਨਹੀਂ ਸਨ ਅਤੇ ਮੁਹੰਮਦ ਦੇ ਨਾਉਂ ਨੂੰ ਮੁਜਮਿਦ (ਉਹ ਪਤਲੀ ਸ਼ੈ ਜੋ ਸਰਦੀ ਨਾਲ ਜੰਮ ਗਈ ਹੋਵੇ) ਪੜ੍ਹਦਾ ਹੈ ।"

ਸੋ ਅਨਿਆਈ ਮੁਸਲਮਾਨਾਂ ਦਾ ਟੋਲਾ ਜ਼ੁਲਮ ਤੇ ਧੱਕੇ ਦੀ ਨੀਅਤ ਨਾਲ ਉੱਥੇ ਆਇਆ ਅਤੇ ਹਕ਼ੀਕ਼ਤ ਰਾਏ ਨੂੰ ਇਸੇ ਕਾਰਨ ਕਰਕੇ ਫੜ ਲਿਆ । ਉਨ੍ਹਾਂ ਨੇ ਉਸ ਦੀ ਮਾਰ ਕੁਟਾਈ ਕੀਤੀ । ਭਾਵੇਂ ਉਸ ਲਾਇਕ ਬੱਚੇ ਨੇ ਅਜਿਹੀ ਗੱਲ ਕਹਿਣ ਬਾਰੇ ਕੰਨਾਂ ਨੂੰ ਬਥੇਰੇ ਹੱਥ ਲਾਏ ਪਰੰਤੂ ਉਸ ਦੇ ਹਰ ਪਾਸਿਉਂ ਛਾਤੀ, ਲੱਤਾਂ ਤੇ ਮੂੰਹ ਉੱਤੇ ਚਪੇੜਾਂ ਪੈਂਦੀਆਂ ਰਹੀਆਂ । ਅਧਿਆਪਕ ਭੀ ਨਿਆਂ ਨਹੀਂ ਕਰਦਾ ਸੀ ਤੇ ਉਸ ਦੀ ਗੱਲ ਨਹੀਂ ਸੁਣਦਾ ਸੀ । ਆਮ ਰੌਲੇ ਰੱਪੇ ਤੇ ਮੁਸਲਮਾਨਾਂ ਦੇ ਇਕੱਠ ਕਰਕੇ ਹਿੰਦੂ ਭੀ ਇਕੱਠੇ ਹੋ ਗਏ । ਉਹ ਹੱਥ ਬੰਨ੍ਹ ਕੇ ਮੁਸਲਮਾਨਾਂ ਦੇ ਪੈਰੀਂ ਪੈਂਦੇ ਸਨ ਤੇ ਖਿਮਾਂ ਮੰਗਦੇ ਸਨ ਪਰ ਮੁਸਲਮਾਨ ਉਨ੍ਹਾਂ ਦੀ ਬੇਨਤੀ ਪਰਵਾਨ ਨਹੀਂ ਕਰਦੇ ਸਨ ਬਲਕਿ ਉਹ ਹੋਰ ਗੁੱਸੇ ਹੁੰਦੇ ਗਏ ਅਤੇ ਭੈੜੀ ਸੁਗੰਦ ਖਾ ਕੇ ਕਹਿੰਦੇ ਸਨ ਕਿ ਇਹ ਬੱਚਾ ਮਾਰਨਯੋਗ ਹੈ ਜਾਂ ਮੁਸਲਮਾਨ ਬਣਾਉਣ ਯੋਗ । ਉਸ ਦਾ ਪਿਤਾ ਹੱਥ ਸਿਰ ਉੱਤੇ ਤੇ ਆਪਣੀ ਪਗੜੀ ਮੌਲਵੀਆਂ ਦੇ ਪੈਰਾਂ 'ਤੇ ਰੱਖਦਾ ਸੀ । ਉਹ ਸ਼ਹਿਰੀ ਤੇ ਗੁਆਂਢੀ ਹੋਣ ਦਾ ਵਾਸਤਾ ਭੀ ਪਾਉਂਦਾ ਸੀ ਪਰ ਉਨ੍ਹਾਂ ਨੇ ਉਸ ਦੀ ਗੱਲ ਉੱਕੀ ਨਾ ਸੁਣੀ ਬਲਕਿ ਝਿੜਕ ਕੇ ਕਹਿੰਦੇ ਸਨ ਕਿ "ਐ ਅਪਵਿੱਤਰ ਕਾਫ਼ਰ ! ਤੂੰ ਆਪਣੇ ਅਪਵਿੱਤਰ ਹੱਥਾਂ ਨਾਲ ਸਾਡੇ ਪੈਰਾਂ ਨੂੰ ਗੰਦਾ ਨਾ ਕਰ ਤੇ ਹਟ ਜਾ ।" ਜੇ ਹਕ਼ੀਕ਼ਤ ਰਾਏ ਦੀ ਮਾਂ ਨੰਗੇ ਸਿਰ ਹੋ ਕੇ ਆਪਣੇ ਸਿਰ ਨੂੰ ਮੁਸਲਮਾਨਾਂ ਦੀਆਂ ਜੁੱਤੀਆਂ 'ਤੇ ਰਗੜ ਕੇ ਬੇਨਤੀ ਕਰਦੀ ਸੀ ਕਿ "ਖੁਦਾ ਦੇ ਵਾਸਤੇ ! ਸਾਡੇ ਬੱਚੇ ਨੂੰ ਛੱਡ ਦਿਉ ਤੇ ਮੈਨੂੰ ਜੋ ਤੁਹਾਡੀ ਮਰਜ਼ੀ ਸਜ਼ਾ ਦੇ ਦਿਉ" ਤਾਂ ਉੱਤਰ ਵਿਚ ਉਸ ਦੇ ਸਿਰ ਨੂੰ ਲੱਤਾ ਮਾਰਦੇ ਹੋਏ ਕਹਿੰਦੇ ਸਨ ਕਿ "ਐ ਬੁੱਢੀ ਦੱਲੀ ਤੇ ਬਦਕਾਰ ਇਸਤਰੀ ! ਪਰੇ ਹੋ ਜਾ । ਤੇਰਾ ਬੱਚਾ ਬਹੁਤ ਹੀ ਅਪਵਿੱਤਰ ਤੇ ਘਿਰਣਤ ਵਿਅੱਕਤੀ ਹੈ । ਇਹ ਇਸਲਾਮ ਦੇ ਪਾਣੀ ਨਾਲ ਪਵਿੱਤਰ ਹੋ ਜਾਵੇਗਾ ।" ਮੁੱਕਦੀ ਗੱਲ ਮੁਸਲਮਾਨ ਉਨ੍ਹਾਂ ਦੀ ਕਿਸੇ ਗਿੜਗਿੜਾਹਟ ਤੇ ਮਿੰਨਤ ਤਰਲੇ ਨਾਲ ਬਖਸ਼ਣ ਨੂੰ ਤਿਆਰ ਨਾ ਹੋਏ ਤੇ ਅਸਲੋਂ ਨਿਰਦਈਪੁਣੇ ਤੋਂ ਨਾ ਹਟੇ । ਉਸ ਦੇ ਪਿਤਾ ਨੇ ਚੋਰੀ ਛੁੱਪੇ ਬਹੁਤ ਸਾਰਾ ਧਨ ਹਾਕਮਾਂ, ਅਫਸਰਾਂ, ਸਰਕਾਰੀ ਮੁਨਸ਼ੀਆਂ ਤੇ ਵੱਢੀਖੋਰ ਮੌਲਵੀਆਂ ਕੋਲ ਭੇਜ ਕੇ ਇਹ ਮਨਵਾ ਲਿਆ ਕਿ ਉਹ ਲਾਹੌਰ ਸ਼ਹਿਰ ਵਿਖੇ ਪ੍ਰਕਾਸ਼ਮਾਨ ਹਜ਼ਰਤ ਨਵਾਬ ਖਾਨ ਬਹਾਦੁਰ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਮੁਕੱਦਮੇ ਨੂੰ ਨਿਪਟਾਉਣ ।

ਜਦੋਂ ਹਕ਼ੀਕ਼ਤ ਰਾਏ ਦੇ ਮਾਪੇ ਤੇ ਸੰਬੰਧੀ ਹਕ਼ੀਕ਼ਤ ਰਾਏ ਨੂੰ ਉੱਥੋਂ ਦੇ ਹਾਕਮ ਤੇ ਸਿਪਾਹੀਆਂ ਸਮੇਤ ਨਾਲ ਲੈ ਕੇ ਨਿਆਂ ਦੀ ਆਸ 'ਤੇ ਦੁਖੜਾ ਰੋਣ ਲਈ ਲਾਹੌਰ ਜਾਣ ਲੱਗੇ ਤਾਂ ਹਰੇਕ ਇਲਾਕੇ ਤੋਂ ਮੁਸਲਮਾਨਾਂ

ਦੀਆਂ ਟੋਲੀਆਂ ਦੀਆਂ ਟੋਲੀਆਂ ਇਕੱਠੀਆਂ ਹੋ ਕੇ ਧਾਰਮਿਕ ਪੱਖਪਾਤ ਦੀਆਂ ਰੀਤਾਂ ਨੂੰ ਨੇਪਰੇ ਚਾੜ੍ਹਨ ਲਈ ਉਨ੍ਹਾਂ ਦੇ ਨਾਲ ਟੁਰ ਪਈਆਂ ਤਾਂ ਜੋ ਅਜੇਹਾ ਨਾ ਹੋਵੇ ਕਿ ਸਚਾਈ ਨਿੱਤਰ ਆਵੇ ਤੇ ਛੋਟਾ ਬੱਚਾ ਛੁੱਟ ਜਾਵੇ ਅਤੇ ਮੁੱਲਾਂ ਝੂਠੀ ਊਜ ਕਾਰਨ ਫੜੇ ਜਾਣ । ਸੋ ਉਨ੍ਹਾਂ ਨਾਲ ਜਾਣ ਵਾਲਿਆਂ ਨੇ ਰਾਹ ਵਿਚ ਉਸ ਬੇਗੁਨਾਹ ਬੱਚੇ ਦਾ ਜੋ ਬੁਰਾ ਹਾਲ ਕੀਤਾ, ਪ੍ਰਮਾਤਮਾ ਹੀ ਜਾਣਦਾ ਹੈ ਤੇ ਲੋਕੀ ਗਵਾਹ ਹਨ । ਜੇ ਉਹ ਘੋੜੇ 'ਤੇ ਸਵਾਰ ਹੁੰਦਾ ਸੀ ਤਾਂ ਉਸ ਦੀ ਹੱਤਕ ਤੇ ਬੇਇੱਜ਼ਤੀ ਕਰਕੇ ਹੇਠ ਉਤਾਰ ਦਿੰਦੇ ਸਨ ਕਿ, "ਘੋੜੇ 'ਤੇ ਚੜ੍ਹਨਾ ਮੁਸਲਮਾਨਾਂ ਦਾ ਕੰਮ ਹੈ ਨਾ ਕਿ ਭਾਰਤੀ ਤੇ ਚੀਨੀ ਕਾਫਰਾਂ ਦਾ ।" ਜੇਕਰ ਕੋਈ ਹਿੰਦੂ ਸੰਬੰਧੀ ਉਸ ਨੂੰ ਆਪਣੇ ਕੰਧਾੜੇ ਚਾੜ੍ਹ ਲੈਂਦਾ ਤਾਂ ਕੋਈ ਮੁਸਲਮਾਨ ਧੱਕੇ ਨਾਲ ਉਸ ਨੂੰ ਹੇਠ ਸੁੱਟ ਦਿੰਦਾ ਤੇ ਕਹਿੰਦਾ, "ਕਾਫਰ ਲੋਕ ਇਸ ਗੁਨਾਹਗਾਰ ਨੂੰ ਸਤਿਕਾਰ ਨਾਲ ਲਈ ਜਾਂਦੇ ਹਨ ਤਾਂ ਕਿ ਉਹ ਹਿੰਦੂ ਧਰਮ ਦਾ ਮਾਣ ਕਾਇਮ ਰੱਖੇ ।"

ਜਦੋਂ ਹਕੀਕਤ ਰਾਏ ਛਾਲਿਆਂ ਵਾਲੇ ਪੈਰਾਂ ਨਾਲ ਸੈਂਕੜੇ ਦੁੱਖ ਤੇ ਤਸੀਹੇ ਝਲਦਾ ਹੋਇਆ ਪੈਦਲ ਤੁਰਦਾ ਸੀ ਤਾਂ ਪੈਂਡੇ ਦੇ ਕਸ਼ਟ ਸਦਕਾ ਭੁਇੰ 'ਤੇ ਲੇਟਦਾ ਸੀ ਤੇ ਰੋਂਦਾ ਸੀ । ਸਿਖਿਆ ਦੇਣ ਵਾਲਾ ਅਧਿਆਪਕ ਉਸ ਨੂੰ ਗੋਦੀ ਵਿਚ ਲੈ ਕੇ ਪਿਆਰ ਤੇ ਤਰਸ ਤੋਂ ਕੰਮ ਲੈਂਦਾ ਸੀ ਤੇ ਚਾਪਲੂਸੀ ਕਰਦਾ ਸੀ ਤੇ ਕਹਿੰਦਾ ਸੀ, "ਐ ਬਰਖ਼ੁਰਦਾਰ ! ਇਸਲਾਮ ਮੱਤ ਧਾਰਨ ਕਰਨਾ ਪ੍ਰਵਾਨ ਕਰ ਲੈ ਤਾਕਿ ਤੈਨੂੰ ਭਾਰੀ ਤਸੀਹੇ ਦੇਣੋਂ ਹਟ ਜਾਣ ।" ਕੋਲੋਂ ਦੂਜਾ ਮੁਸਲਮਾਨ ਕਹਿੰਦਾ ਸੀ, "ਜੇਕਰ ਇਹ ਕਾਫਰ ਦਾ ਬੱਚਾ ਕੁਫਰ ਤੋਂ ਇਨਕਾਰ ਕਰੇ ਤਾਂ ਮੈਂ ਹੁਣੇ ਆਪਣੇ ਘੋੜੇ 'ਤੇ ਚੜ੍ਹਾ ਕੇ ਪੂਰੇ ਸਤਿਕਾਰ ਨਾਲ ਲਾਹੌਰ ਲੈ ਜਾਂਦਾ ਹਾਂ ।" ਇਕ ਵਿਅੱਕਤੀ ਕਹਿੰਦਾ ਸੀ, "ਇਹ ਬੱਚਾ ਬੇਸਮਝ ਨਹੀਂ ਹੈ । ਪਾਗਲ ਭੀ ਆਪਣੇ ਮਨੋਰਥ ਲਈ ਸਿਆਣਾ ਹੁੰਦਾ ਹੈ । ਇਹ ਕੱਲ੍ਹ ਨੂੰ ਵੱਡੇ ਸਮਰੱਥ ਨਵਾਬ ਦੇ ਦਰਬਾਰ ਵਿਚ ਪੁੱਜ ਕੇ ਇਸਲਾਮ ਧਰਮ ਗ੍ਰਹਿਣ ਕਰੇਗਾ ਤੇ ਅਜਿਹਾ ਕਰਕੇ ਮਾਣ ਪ੍ਰਾਪਤ ਕਰੇਗਾ ਅਤੇ ਜਾਗੀਰ, ਸਿਰੋਪਾ, ਹਾਥੀ ਤੇ ਵੱਡੇ ਅਹੁਦੇ ਦਾ ਮਾਲਕ ਬਣੇਗਾ ।"

ਮੁਕਦੀ ਗੱਲ ਮੁਸਲਮਾਨ ਇਸੇ ਤਰ੍ਹਾਂ ਦੀਆਂ ਬੇਤੁਕੀਆਂ ਗੱਲਾਂ ਤੇ ਵਾਰਤਾਲਾਪ ਕਰਦੇ ਜਾਂਦੇ ਸਨ । ਉਹ ਰਾਹ ਵਿਚ ਹਿੰਦੂਆਂ ਨੂੰ ਹਰ ਦਲੀਲ ਤੇ ਮਖੌਲ ਨਾਲ ਖੱਜਲ ਖੁਆਰ ਕਰਦੇ ਹੋਏ ਲਾਹੌਰ ਵਿਚ ਜਾ ਵੜੇ । ਸ਼ਹਿਰ ਦੇ ਸਾਰੇ ਹਿੱਸਿਆਂ ਤੇ ਬਾਜ਼ਾਰਾਂ ਵਿਚ ਗੱਲ ਧੁਮਾ ਦਿਤੀ ਕਿ 'ਇਸ ਨਾਲਾਇਕ ਲੜਕੇ ਨੇ ਸਾਡੇ ਵੱਡ ਵਡੇਰਿਆਂ, ਸ੍ਰਿਸ਼ਟੀ ਦੇ ਸਰਦਾਰ ਪੈਗੰਬਰ (ਹਜ਼ਰਤ ਮੁਹੰਮਦ) ਤੇ ਸਤਵੰਤੀ ਹਜ਼ਰਤ ਬੀਬੀ ਫ਼ਾਤਮਾਂ ਨੂੰ ਸਾਫ਼ ਗਾਲਾਂ ਕੱਢੀਆਂ ਹਨ । ਇਸਲਾਮੀ ਸ਼ਰ੍ਹਾ ਅਨੁਸਾਰ ਇਸ ਨੂੰ ਸਖਤੀ ਨਾਲ ਜਾਨੋਂ ਮਾਰਨਾ ਉਚਿਤ ਹੈ ।" ਲਾਹੌਰ ਦੇ ਮੁਸਲਮਾਨਾਂ ਨੇ ਅਸਲੀਅਤ ਦੀ ਤਹਿ ਤਕ ਅਪੜਨ ਵਲ ਕੋਈ ਧਿਆਨ ਨਾ ਦਿਤਾ ਤੇ ਅੱਤਿਆਚਾਰ ਕਰਨ ਲਈ ਤਿਆਰ ਹੋ ਗਏ । ਲਾਹੌਰ ਦੇ ਵਿਦਵਾਨਾਂ, ਦਾਨਿਆਂ, ਕਾਜ਼ੀਆਂ, ਫ਼ਤਵਾ ਦੇਣ ਵਾਲਿਆਂ, ਉੱਚੀ ਕੁਲ ਵਾਲਿਆਂ ਤੇ ਅਮੀਰਾਂ ਨੇ ਭੀ ਸਿਆਲਕੋਟ ਦੇ ਮੌਲਵੀਆਂ ਦੀ ਰਜ਼ਾਮੰਦੀ ਤੇ ਸਹਾਇਤਾ ਨਾਲ ਫਾਤਹਿ ਪੜ੍ਹਿਆ ਅਤੇ ਉਹ ਨਿਆਂ ਨੂੰ ਅਖੋਂ ਓਹਲੇ ਕਰਦੇ ਹੋਏ ਧਿੰਗੋਜ਼ੋਰੀ ਮੁਸਲਮਾਨੀ ਧਰਮ ਦੇ ਹਾਮੀਂ ਤੇ ਮੁਸਲਮਾਨਾਂ ਦੇ ਸਾਥੀ ਬਣ ਗਏ । ਜਦੋਂ ਸਵੇਰ ਨੂੰ ਮਾਮਲਾ ਪੰਜਾਬ ਦੇ ਹਾਕਮ, ਨਵਾਬ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤਾਂ ਨਵਾਬ ਨੇ ਹਰੇਕ ਨੂੰ ਅੱਡ ਅੱਡ ਕਰਕੇ ਬਿਆਨ ਲਏ । ਉਨ੍ਹਾਂ ਦੇ ਬਿਆਨਾਂ ਵਿਚ ਫਰਕ ਅਤੇ ਘਟਨਾ ਦੇ ਵਾਪਰਨ ਦਾ ਮੌਕਾ ਤੇ ਸਮਾਂ ਇਕ ਦੂਜੇ ਤੋਂ ਉਲਟ ਬਿਆਨ ਕਰਨ ਸਦਕਾ ਨਵਾਬ ਸਮਝ ਗਿਆ ਕਿ ਇਸ ਛੋਟੇ ਬੱਚੇ ਦੀ ਬਦਨਾਮੀਂ ਕੇਵਲ ਇਕ ਝੂਠਾ ਦੋਸ਼ ਤੇ ਗਲਤ ਦਲੀਲ ਹੈ । ਉਸ ਨੇ ਦੀਨ ਦੇ ਆਗੂਆਂ ਨੂੰ ਇਕਾਂਤ ਵਿਚ ਲਿਜਾ ਕੇ ਸਮਝਾਇਆ ਕਿ ਉਹ ਕਿਸ ਤਰ੍ਹਾਂ ਪ੍ਰਤੱਖ ਜ਼ੁਲਮ ਬਾਰੇ ਉਨ੍ਹਾਂ ਦੇ ਸ਼ਰਈ ਹੁਕਮ ਨਾਲ ਸ਼ਬਦ-ਬਸ਼ਬਦ ਸਹਿਮਤ ਹੋ ਜਾਵੇ ? ਉਨ੍ਹਾਂ ਨੇ ਬੇਨਤੀ ਕੀਤੀ ਕਿ, "ਲੋਕਾਂ ਨਾਲ ਕੋਈ ਚਾਰਾ ਨਹੀਂ ਚਲ ਸਕਦਾ, ਖਾਸ ਕਰਕੇ ਇਸਲਾਮ ਦੇ ਮੁਕੱਦਮੇ ਵਿਚ । ਜੇਕਰ ਤੁਸੀਂ ਸ਼ਰ੍ਹਾ ਤੋਂ ਉਲਟ ਇਕ ਸ਼ਬਦ ਭੀ

ਕਹੋਗੇ ਤਾਂ ਬਦਨਾਮ ਹੋ ਜਾਵੋਗੇ ।

(ਸ਼ਿਅਰ) ਜੇਕਰ ਉਸ ਦੋਸ਼ ਦੀ ਸਜ਼ਾ ਸ਼ਰ੍ਹਾ ਅਨੁਸਾਰ ਮੌਤ ਹੈ
ਤਾਂ ਉਸ ਨੂੰ ਬਖਸ਼ਣਾ ਨਹੀਂ ਚਾਹੀਦਾ ।''

ਵਹਿਮ ਵਿਚ ਗੁਸੇ ਤੇ ਮੌਲਵੀਆਂ ਦੀ ਧੌਂਸ ਵਿਚ ਆਏ ਨਵਾਬ ਨੇ ਗੱਦੀ 'ਤੇ ਬੈਠ ਕੇ ਫੁਰਮਾਇਆ, ''ਐ ਖੁਸ਼ਨਸੀਬ ਬੇਟੇ ! ਤੇਰੇ ਵਾਸਤੇ ਇਹੋ ਚੰਗਾ ਹੈ ਕਿ ਤੂੰ ਕੁਫਰ ਛੱਡ ਦੇਵੇਂ ਤੇ ਇਸਲਾਮ ਧਾਰਨ ਕਰ ਲਵੇਂ । ਜੇਕਰ ਤੂੰ ਅਜਿਹਾ ਨਹੀਂ ਕਰਦਾ ਤਾਂ ਤੈਨੂੰ ਸਖਤੀ ਨਾਲ ਮਾਰ ਦਿਤਾ ਜਾਵੇਗਾ । ਤੈਨੂੰ ਕਤਲ ਕਰਨ ਲਈ ਸਾਰੇ ਵੱਡੇ ਕਾਜ਼ੀਆਂ ਨੇ ਕਤਲ ਦੇ ਫਤਵੇ 'ਤੇ ਮੁਹਰ ਲਾ ਦਿੱਤੀ ਹੈ ।'' ਮੁੰਡੇ ਨੇ ਬੇਨਤੀ ਕੀਤੀ, ''ਨਵਾਬ ਸਾਹਿਬ ! ਖੁਦਾ ਤੁਹਾਨੂੰ ਸਲਾਮਤ ਰਖੇ ! ਜਿਹੜਾ ਵਿਅੱਕਤੀ ਮੁਸਲਮਾਨ ਬਣ ਜਾਂਦਾ ਹੈ, ਕੀ ਉਹ ਨਹੀਂ ਮਰਦਾ ? ਜੇਕਰ ਉਹ ਮਰ ਜਾਂਦਾ ਹੈ ਤਾਂ ਮੈਂ ਇਸ ਨਾਸ਼ਵਾਨ ਜ਼ਿੰਦਗੀ ਦੀ ਆਸ ਵਿਚ ਆਪਣੇ ਕੀਮਤੀ ਧਰਮ ਨੂੰ ਇਸਲਾਮ 'ਤੇ ਕਿਉਂ ਕੁਰਬਾਨ ਕਰਾਂ ।'' ਨਵਾਬ ਨੇ ਦੁਬਾਰਾ ਫੁਰਮਾਇਆ, ''ਐ ਸਿਆਣੇ ਬੇਟੇ ! ਹੋਸ਼ ਕਰ । ਮੇਰੀ ਚੰਗੀ ਗੱਲ ਮੰਨ ਲੈ । ਮੈਂ ਤੈਨੂੰ ਤਿੰਨ ਹਜ਼ਾਰੀ ਅਹੁਦਾ, ਪਾਲਕੀ, ਸਵਾਰੀ ਲਈ ਹਾਥੀ ਤੇ ਚਮਨਾਰੀ (ਚਮਾਰੀ ?) ਪਰਗਣੇ ਦੀ ਜਗੀਰ ਪੇਸ਼ ਕਰਦਾ ਹਾਂ ।'' ਮੁੰਡੇ ਨੇ ਉੱਤਰ ਦਿੱਤਾ, ''ਉਸ ਵਿਅੱਕਤੀ ਦੇ ਸਿਰ ਸੁਆਹ ਜੋ ਨਾਸ਼ਵਾਨ ਮਾਲ ਦਾ ਲਾਲਚੀ ਹੋ ਕੇ ਧਰਮ ਨੂੰ ਦੁਨੀਆਂ ਲਈ ਵੇਚੇ ।'' ਸੋ ਨਵਾਬ ਨੇ ਵੱਡੇ ਮੌਲਵੀਆਂ ਨੂੰ ਹੁਕਮ ਦਿੱਤਾ ਕਿ ''ਇਹ ਮਤਲਬੀ ਹਿੰਦੂ ਬੱਚਾ ਇਸਲਾਮ ਧਾਰਨ ਕਰਨ ਦੀ ਪੇਸ਼ਕਸ਼ ਨੂੰ ਸਖਤ ਘਿਰਣਾ ਕਰਦਾ ਹੈ ਇਸ ਲਈ ਜੋ ਕੁਝ ਸ਼ਰ੍ਹਾ ਦਾ ਹੁਕਮ ਹੈ ਉਹ ਉਸ ਉਤੇ ਲਾਗੂ ਰੱਖਣ ।'' ਇਸ ਬਾਰੇ ਕਾਜ਼ੀ ਨੇ ਇਹ ਫਤਵਾ ਦਿੱਤਾ ।

(ਮਿਸਰਾ) ''ਸ਼ਰੀਅਤ ਵਿਚ ਉਸ ਨੂੰ ਜਾਨੋ ਮਾਰਨਾ ਲਾਜ਼ਮੀ ਹੈ ।''

ਹੰਕਾਰੀ ਮੁੱਲਾ ਮੁਲਾਣਿਆਂ ਨੇ ਤੁਰੰਤ ਉਸ ਬੱਚੇ ਨੂੰ ਗਰਦਨੋਂ ਫੜ ਲਿਆ ਤਾਕਿ ਬਾਹਰ ਲੈ ਜਾਕੇ ਉਸ ਨੂੰ ਕਤਲ ਕਰਨ । ਇਸ ਸਮੇਂ ਉਸ ਦੇ ਪਿਤਾ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ, ''ਤੁਸੀਂ ਇਕ ਰਾਤ ਦੀ ਮੁਹਲਤ ਬਖਸ਼ੋ ਤੇ ਉਸ ਅਨਜਾਣ ਨੂੰ ਕੈਦ ਵਿਚ ਡੱਕੀ ਰਖੋ । ਮੈਂ ਰਾਤ ਨੂੰ ਛੋਟੇ ਵੱਡੇ ਸਬੰਧੀਆਂ ਸਮੇਤ ਉਸ ਕੋਲ ਜਾ ਕੇ ਉਸ ਨੂੰ ਮੁਸਲਮਾਨ ਬਣਨ ਲਈ ਪ੍ਰੇਰਾਂਗਾ ਤੇ ਲਾਲਚ ਦਿਆਂਗਾ । ਹੋ ਸਕਦਾ ਹੈ ਇਸਲਾਮ ਧਰਮ ਗ੍ਰਹਿਣ ਕਰ ਲਵੇ ।'' ਸਾਰਿਆਂ ਨੇ ਕਿਹਾ, ''ਉਸ ਦੇ ਪਿਤਾ ਦਾ ਕਹਿਣਾ ਬਿਲਕੁਲ ਠੀਕ ਤੇ ਅਦੁੱਤੀ ਸੁਝਾਉ ਹੈ:—

(ਸ਼ਿਅਰ) ਖੇਡ ਵਿਚ ਬਹੁਤ ਵਾਰ ਪਾਸੇ ਸੁੱਟੇ ਜਾਂਦੇ ਹਨ ਜਦੋਂ ਅਸ਼ੁਭ
ਸਮਾਂ ਲੰਘ ਜਾਂਦਾ ਤਾਂ ਉਹ ਪਾਸਾ ਠੀਕ ਪੈ ਜਾਂਦਾ ਹੈ ।

ਉਹ ਅਜਿਹਾ ਕਪੁੱਤਰ ਨਹੀਂ ਹੈ ਜੋ ਬਾਪ ਦਾ ਹੁਕਮ ਮੰਨਣ ਤੋਂ ਇਨਕਾਰ ਕਰੇਗਾ ।'' ਉਨ੍ਹਾਂ ਨੇ ਉਸੇ ਤਰ੍ਹਾਂ ਕੀਤਾ ਤੇ ਉਸ ਨੂੰ ਜੇਲ੍ਹ ਭੇਜ ਦਿੱਤਾ । ਮੁਸਲਮਾਨ ਖੁਸ਼ੀ ਖੁਸ਼ੀ ਘਰੀਂ ਚਲੇ ਗਏ ਕਿ ਉਹ ਕੱਲ੍ਹ ਨੂੰ ਆਪਣਾ ਧਰਮ ਜ਼ਰੂਰ ਛੱਡ ਦੇਵੇਗਾ । ਇਨ੍ਹਾਂ ਹਲਾਤਾਂ ਵਿਚ ਉਸ ਦਾ ਪਿਤਾ ਆਪਣੇ ਪਰਿਵਾਰ ਦੇ ਜੀਆਂ ਸਮੇਤ ਰਾਤ ਦੇ ਹਨ੍ਹੇਰੇ ਵਿਚ ਆਪਣੇ ਸਿਆਣੇ ਪੁੱਤਰ ਕੋਲ ਜੇਲ੍ਹ ਖਾਨੇ ਵਿਚ ਪੁੱਜਾ । ਉਹ ਦਿਲੋਂ ਰੋਇਆ ਤੇ ਉਸ ਨੇ ਕਿਹਾ, ''ਐ ਪੁੱਤਰ ! ਤੈਨੂੰ ਜਿਉਂਦਾ ਰੱਖਣ ਲਈ ਮੈਂ ਬਥੇਰਾ ਧੰਨ ਖਰਚ ਕੀਤਾ ਪਰੰਤੂ ਤੇਰੀ ਜ਼ਿੰਦਗੀ ਮਿਲ ਨਾ ਸਕੀ । ਭਾਵੇਂ ਤੈਨੂੰ ਚੰਗੀ ਲੱਗੇ ਜਾਂ ਨਾ, ਚੰਗੀ ਸਲਾਹ ਇਹੋ ਹੈ ਕਿ ਧਰਮ ਛੱਡ ਦੇਹ ਤੇ ਜਾਨ ਬਚਾ ਲੈ ਕਿਉਂਕਿ ਤੈਨੂੰ ਵੇਖਣ ਨਾਲ ਹੀ ਸਾਡੇ ਲਈ ਸੰਸਾਰ ਵਿਚ ਰੌਣਕ ਹੈ ਤੇ ਸਾਡੇ ਮੁਰਝਾਏ ਦਿਲਾਂ ਲਈ ਤੂੰ ਬਸੰਤ ਰੁੱਤ ਦੀ ਪੌਣ ਹੈਂ । ਤੂੰ ਚਿੰਤਾ ਨਾ ਕਰ । ਇਸਲਾਮ ਧਰਮ ਭੀ ਕੰਡੇ ਤੋਂ ਬਿਨਾਂ ਫੁੱਲ, ਇਕ ਸਿੱਧਾ ਰਾਹ ਤੇ ਸੌਖੀ ਜੀਵਨ-ਵਿਧੀ ਹੈ ।''

ਪੁੱਤਰ ਨੇ ਉੱਤਰ ਦਿੱਤਾ, ''ਐ ਸਤਿਕਾਰ ਯੋਗ ਪਿਤਾ ! ਜ਼ਿੰਦਗੀ ਦਾ ਬਾਗ ਸਥਿਰ ਨਹੀਂ ਤੇ ਉਮਰ ਦਾ ਫੁੱਲ ਸਾਥ ਨਿਭਾਉਣ ਵਾਲਾ ਨਹੀਂ ਹੈ । ਜਿਹੜੀ ਸ਼ੈ ਸਦੀਵੀ ਨਹੀਂ ਹੈ ਉਸ ਨਾਲ ਦਿਲ ਨਹੀਂ ਲਾਉਣਾ ਚਾਹੀਦਾ । ਦਿਲ ਨੂੰ ਧੀਰਜ ਬਨ੍ਹਾ ਤੇ ਨਿਗ੍ਹਾ ਨੂੰ ਸਬਰ ਦੇ ਸੁਰਮੇਂ ਨਾਲ ਚਮਕਾ ।

(ਸ਼ਿਅਰ) ਨਾਸਵਾਨ ਸ਼ੈ ਨਾਲ ਦਿਲ ਲਾਉਣ ਵਾਲਾ
ਜ਼ਿੰਦਾ-ਦਿਲ ਵਿਅੱਕਤੀ ਨਹੀਂ ਹੁੰਦਾ ।

ਜੋ ਕੁਝ ਭਾਗਾਂ ਵਿਚ ਹੈ ਉਸ ਨੂੰ ਬਦਲਿਆ ਨਹੀਂ ਜਾ ਸਕਦਾ ।

(ਮਿਸਰਾ) ਕਿਸੇ ਸੂਰਮੇ ਕੋਲ ਮੌਤ ਦਾ ਵਾਰ ਰੋਕਣ ਲਈ
ਚਾਰਾ ਨਹੀਂ ਹੈ ।

ਪਹਿਲੇ ਦਿਨ ਵਿਧਾਤਾ ਵਲੋਂ ਮੇਰੀ ਆਯੂ ਦੇ ਆਗਿਆ-ਪੱਤਰ ਉਤੇ ਜਿੰਨੀ ਉਮਰ ਲਿਖੀ ਗਈ ਹੈ ਉਹ ਟਲ ਨਹੀਂ ਸਕਦੀ ਤੇ ਉਸ ਬਾਰੇ ਪੁੱਛ ਪੜਤਾਲ ਨਹੀਂ ਕੀਤੀ ਜਾ ਸਕਦੀ ।

(ਸ਼ਿਅਰ) ਤੂੰ ਨਹੀਂ ਜਾਣਦਾ ? 'ਜੋ ਜੰਮਿਆ ਸੋ ਮੋਇਆ' ਪੈਦਾ ਹੋਇਆ ਇਨਸਾਨ ਮਰ ਕੇ
ਮਿੱਟੀ ਹੋ ਗਿਆ ਤੇ ਉਸ ਦੀ ਰਾਖ ਨੂੰ ਭੀ ਹਵਾ ਉਡਾ ਕੇ ਲੈ ਗਈ ।

ਸੋ ਆਰਜ਼ੀ ਜੀਵਨ ਦੀ ਪੁਸ਼ਟੀ ਵਿਚ ਅਤੇ ਬੁਰੇ ਕੰਮਾਂ ਦੀ ਲਾਲਸਾ ਨੂੰ ਕਾਇਮ ਰੱਖਣ ਲਈ ਧਰਮ ਦੇ ਸਿੱਧੇ ਰਾਹ ਨੂੰ ਤਿਆਗਣਾ ਕੇਵਲ ਇਕ ਘਾਟੇਵੰਦਾ ਸੌਦਾ ਹੈ । ਮੇਰੇ ਵਾਸਤੇ ਮੁਸਲਮਾਨ ਧਰਮ ਵਿਚ ਕੋਈ ਖੁਸ਼ੀ ਤੇ ਮਾਣ ਵਾਲੀ ਗੱਲ ਨਹੀਂ ਹੈ ਅਤੇ ਨਾ ਹੀ ਮੈਨੂੰ ਇਸ ਧਰਮ ਦੇ ਗ੍ਰਹਿਣ ਕਰਨ ਦੀ ਇੱਛਾ ਹੈ ਕਿਉਂਕਿ ਉਹ ਇਕ ਅਤਿਆਚਾਰੀਆਂ ਦਾ ਧਰਮ ਹੈ ਜਿਨ੍ਹਾਂ ਨੇ ਸੰਸਾਰ ਦੇ ਲੋਕਾਂ ਉਤੇ ਜ਼ੁਲਮ ਤੇ ਜਬਰ ਕਰਨ 'ਤੇ ਲੱਕ ਬੱਧਾ ਹੋਇਆ ਹੈ । ਗੈਰ ਮੁਸਲਿਮ ਪਰਜਾ ਤੋਂ ਧੰਨ ਖੋਹਣ ਦਾ ਨਾਉਂ ਉਹਨਾਂ ਨੇ 'ਜਜ਼ਯਾ' ਰੱਖਿਆ ਹੋਇਆ ਹੈ । ਵੈਰ ਦੁਆਰਾ ਗੈਰ ਧਰਮ ਦੇ ਲੋਕਾਂ ਦੇ ਸ਼ਹਿਰਾਂ ਤੇ ਪਿੰਡਾਂ ਨੂੰ ਜਾਇਜ਼ ਲੜਾਈ ਦਾ ਘਰ ਗਰਦਾਨਦੇ ਹੋਏ ਲੋਕਾਂ ਨੂੰ ਕਤਲ ਕਰਨ, ਮਾਲ ਅਸਬਾਬ ਦੀ ਤਬਾਹੀ ਕਰਨ ਅਤੇ ਉਸ ਮਹਾਲ ਦੇ ਆਦਮੀਆਂ, ਬੱਚਿਆਂ ਤੇ ਇਸਤ੍ਰੀਆਂ ਨੂੰ ਕੈਦ ਕਰਨ ਤੇ ਉਹਨਾਂ ਨੂੰ ਜ਼ਮਾਨਤ ਵਜੋਂ ਆਪਣੇ ਕੋਲ ਰੱਖਣ ਨੂੰ ਭਲਾ ਕੰਮ ਸਮਝਦੇ ਹਨ । ਉਸ ਇਲਾਕੇ ਦੇ ਲੋਕਾਂ ਨੂੰ ਕਸ਼ਟ ਦੇ ਕੇ ਉਹਨਾਂ ਦੇ ਧਰਮ ਨੂੰ ਨਸ਼ਟ ਕਰਦੇ ਹਨ । ਉਹ ਇਸ ਪਰਕਾਰ ਦੇ ਜ਼ੁਲਮ ਨੂੰ ਰੱਬ ਨੂੰ ਪ੍ਰਸੰਨ ਕਰਨ ਦਾ ਸਾਧਨ ਸਮਝਦੇ ਹਨ। ਉਹ ਇਹ ਨਹੀਂ ਜਾਣਦੇ ਹਨ ਕਿ ਅਜਿਹਾ ਕਰਨਾ ਰੱਬ ਨਾਲ ਦੋਸਤੀ ਨਹੀਂ, ਦੁਸ਼ਮਣੀ ਕਰਨਾ ਹੈ। ਵਿਖਾਵੇ ਦੀ ਭਗਤੀ, ਕਰਨ ਵਾਲੇ ਵਿਅੱਕਤੀ ਨੂੰ ਦੂਸ਼ਤ ਕਰਦੀ ਹੈ । ਇਸੇ ਤਰ੍ਹਾਂ ਲੋਕਾਂ ਨਾਲ ਦੁਸ਼ਮਣੀ ਕਰਨੀ ਰੱਬ ਨਾਲ ਦੁਸ਼ਮਣੀ ਕਰਨੀ ਹੈ । ਕਦੇ ਕਦੇ ਜਦੋਂ ਇਕ ਮੁਸਲਮਾਨ ਦਾ ਇਕ ਕਾਫਰ ਨਾਲ ਲੈਣ ਦੇਣ ਜਾਂ ਕਿਸੇ ਹੋਰ ਮੁਆਮਲੇ ਬਾਰੇ ਮੁਕਾਬਲਾ ਤੇ ਝਗੜਾ ਹੋ ਜਾਂਦਾ ਹੈ ਤਾਂ ਦੂਜੇ ਮੁਸਲਮਾਨ ਦੀਨ ਦੇ ਸਹਾਇਕ ਬਣਕੇ ਗੈਰ-ਧਰਮੀ ਦੇ ਦਾਵੇ ਨੂੰ ਝੂਠੀ ਗਵਾਹੀ ਨਾਲ ਝੂਠਾ ਬਣਾ ਦਿੰਦੇ ਹਨ ਅਤੇ ਸਿੱਧੇ ਰਸਤੇ ਨਹੀਂ ਟੁਰਦੇ ਹਨ।

(ਸ਼ਿਅਰ) ਐ ਅਰਬ ਦੇ ਵਸਨੀਕ ! ਮੈਨੂੰ ਡਰ ਹੈ ਕਿ ਤੂੰ ਕਾਅਬੇ ਨਹੀਂ ਪੁੱਜੇਂਗਾ
ਕਿਉਂਕਿ ਜਿਸ ਰਸਤੇ ਤੂੰ ਟੁਰ ਰਿਹਾ ਹੈਂ ਇਹ ਤੁਰਕਿਸਤਾਨ ਨੂੰ ਜਾਂਦਾ ਹੈ ।

ਬਲਕਿ ਸਚਾਈ ਨੂੰ ਗੁੰਮ ਕਰਦੇ, ਸੱਚ ਬੋਲਣ ਨੂੰ ਨਿਕੰਮਾ ਗਿਣਦੇ ਅਤੇ ਜ਼ਬਾਨ ਨੂੰ ਝੂਠ ਨਾਲ ਗੰਦਾ ਕਰਦੇ ਹਨ ਤੇ ਸ਼ੇਖ ਸਾਅਦੀ ਦੇ ਇਸ ਕਥਨ ਤੋਂ ਅੱਖਾਂ ਮੀਟਦੇ ਹਨ:—

(ਸ਼ਿਅਰ) ਜਿਸ ਦੀ ਜ਼ਬਾਨ ਝੂਠੀ ਹੈ ਉਸ ਦੇ ਦਿਲ ਵਿਚ ਚਾਨਣ ਨਹੀਂ ਹੁੰਦਾ ।

ਮੁਸਲਮਾਨ ਆਪਣੇ ਆਪ ਨੂੰ ਤੇ ਆਪਣੇ ਦੀਨ ਨੂੰ ਹੋਰਨਾਂ ਦੇ ਸਾਰੇ ਧਰਮਾਂ ਨਾਲੋਂ ਸਰੇਸ਼ਟ ਮੰਨਦੇ ਹਨ ।

(ਸ਼ਿਅਰ) ਤੂੰ ਆਪਣੇ ਆਪ ਨੂੰ ਵੱਡਾ ਸਮਝਦਾ ਹੈਂ ਠੀਕ ਹੀ ਕਹਿੰਦੇ ਹਨ ਕਿ
ਭੈਂਗੇ ਵਿਅੱਕਤੀ ਨੂੰ ਇਕ ਸ਼ੈ ਦੀਆਂ ਦੋ ਦੋ ਵਿਖਾਈ ਦਿੰਦੀਆਂ ਹਨ।

ਮੁਸਲਮਾਨ ਬਹੁਤੇ ਹੰਕਾਰੀ ਹੋਣ ਕਾਰਨ ਆਪਣੇ ਦੀਨ ਦਾ ਬਹੁਤ ਘੁਮੰਡ ਕਰਦੇ ਹਨ ਤੇ ਆਪਣੇ ਭੈੜੇ ਅਮਲਾਂ ਦੇ ਹੁੰਦੇ ਹੋਏ ਆਪਣੇ ਆਪ ਨੂੰ ਬਹਿਸ਼ਤ ਵਿਚ ਜਾਣ ਦੇ ਯੋਗ ਸਮਝਦੇ ਹਨ। ਉਹ ਆਪਣੇ ਆਪ ਨੂੰ ਪਾਕ ਤੇ ਦੂਜਿਆਂ ਨੂੰ ਪਲੀਤ ਗਿਣਦੇ ਹਨ।

(ਸ਼ਿਅਰ) ਹੰਕਾਰ ਕਰਨਾ ਮੂਰਖ ਦੀ ਆਦਤ ਹੁੰਦੀ ਹੈ,
ਦਿਲ ਵਾਲੇ ਤਾਂ ਹੰਕਾਰ ਕਰਦੇ ਹੀ ਨਹੀਂ।

ਅਸਲ ਵਿਚ ਉਹ ਖ਼ੁਦਾਸ਼ਨਾਸੀ ਤੇ ਅਨੰਤ ਰੱਬ ਦੀ ਭਗਤੀ ਤੋਂ ਅਨਜਾਣ ਹਨ। ਆਪਣੇ ਦਿਲ ਨੂੰ ਰੱਬ ਦੀ ਹਸਤੀ ਨਾਲ ਜੋੜੀ ਰੱਖਣਾ ਹੀ ਬੰਦਗੀ ਹੈ। ਉਹ ਬੰਦਗੀ ਨੂੰ ਨਮਾਜ਼ ਕਹਿੰਦੇ ਹਨ। ਉਹ ਨਮਾਜ਼ ਗੋਡੇ ਟੇਕ ਕੇ ਤੇ ਖੜੇ ਹੋ ਕੇ ਅਦਾ ਕਰਦੇ ਹਨ। ਸੋ ਦਿਲੀ ਧਿਆਨ ਨੂੰ ਬੈਠਣ ਉੱਠਣ ਦੀਆਂ ਸ਼ਰਤਾਂ ਪੂਰੀਆਂ ਕਰਨ ਵਿਚ ਹੀ ਰੁਝਾਈ ਰੱਖਦੇ ਹਨ ਅਤੇ ਰੱਬ ਨੂੰ ਭੁਲ ਜਾਂਦੇ ਹਨ। ਆਕਲ ਕਵੀ ਦਾ ਕਥਨ ਹੈ।

(ਸ਼ਿਅਰ) ਜਦ ਤੱਕ ਦਿਲ ਤੋ ਇਕਾਂਤ ਵਿਚ ਰੱਬੀ ਏਕਤਾ ਦੀ ਮੁਹੱਬਤ ਨਹੀਂ ਹੁੰਦੀ
ਇਸ (ਨਮਾਜ਼) ਦੀ ਊਠਕ ਬੈਠਕ ਨਾਲ ਰੱਬ ਨਹੀਂ ਮਿਲ ਸਕਦਾ।

ਰੱਬ ਨੂੰ ਸਾਰੀਆਂ ਚੀਜ਼ਾਂ 'ਤੇ ਹਾਵੀ ਅਤੇ ਹਰੇਕ ਦਿਲ ਨੂੰ ਉਸ ਦਾ ਨਿਵਾਸ-ਸਥਾਨ ਸਮਝਣਾ ਹੀ ਰੱਬੀ ਗਿਆਨ ਹੈ।

(ਸ਼ਿਅਰ) ਜਦੋਂ ਤੈਨੂੰ ਇਹ ਪਤਾ ਹੈ ਕਿ ਦਿਲਾਂ ਵਿਚ ਰੱਬ ਵਸਦਾ ਹੈ
ਤਾਂ ਫਿਰ ਹਰੇਕ ਦਿਲ ਦਾ ਸਤਿਕਾਰ ਕਰਨਾ ਤੇਰਾ ਫਰਜ਼ ਹੈ।

ਪਰੰਤੂ ਇਸ ਕੌਮ ਦਾ ਕੰਮ ਲੋਕਾਂ ਦੇ ਦਿਲਾਂ ਨੂੰ ਦੁਖੀ ਕਰਨਾ, ਉਹਨਾਂ ਉਤੇ ਅੱਤਿਆਚਾਰ ਕਰਨੇ ਅਤੇ ਰੱਬੀ ਲੋਕਾਂ ਨਾਲ ਵਿਰੋਧਤਾ ਕਰਨਾ ਹੈ। ਜਿਵੇਂ ਕਿ ਉਹਨਾਂ ਨੇ ਮਨਸੂਰ ਨੂੰ ਇਕ ਸੱਚਾ ਵਾਕ "ਮੈਂ ਖ਼ੁਦਾ ਹਾਂ", ਕਹਿਣ ਉਤੇ ਸੂਲੀ ਟੰਗ ਦਿਤਾ ਅਤੇ ਸ਼ਮਸ ਤਬਰੇਜ਼ੀ ਦੀ ਖੱਲ੍ਹ ਲਾਹ ਦਿੱਤੀ। ਉਹ ਇਕ ਬਜ਼ੁਰਗ ਦੇ ਕਥਨ ਨੂੰ ਨਹੀਂ ਜਾਣਦੇ :–

(ਸ਼ਿਅਰ) ਤੂੰ ਹੋਰ ਜੋ ਕੁੱਝ ਮਰਜ਼ੀ ਹੈ ਕਰ ਪਰ ਕਿਸੇ ਨੂੰ ਸਤਾ ਨਾ,
ਕਿਉਂਕਿ ਸਾਡੇ ਮਜ਼ੂਬ ਵਿਚ ਇਸ ਤੋਂ ਵੱਡਾ ਹੋਰ ਕੋਈ ਗੁਨਾਹ ਨਹੀਂ ਹੈ।

ਮੁਸਲਮਾਨ ਧਰਮ ਦੇ ਨਿਰਦਈ ਵਿਦਵਾਨ ਬਕਰੇ ਤੇ ਭੇਡ ਆਦਿ ਜਾਨਵਰਾਂ ਦਾ ਗਲ ਆਪਣੇ ਹੱਥ ਨਾਲ ਕੱਟਦੇ ਹਨ।

(ਸ਼ਿਅਰ) ਜਿਉਂਦੇ ਨੂੰ ਮਾਰ ਦੇਣਾ ਬਹੁਤ ਸੁਖਾਲਾ ਹੈ
ਪਰੰਤੂ ਮਾਰੇ ਹੋਏ ਨੂੰ ਮੁੜ ਜਿਉਂਦਾ ਨਹੀਂ ਕੀਤਾ ਜਾ ਸਕਦਾ।

ਖਾਣ ਦੇ ਅਤਿਅੰਤ ਲਾਲਚ ਕਾਰਨ ਉਹਨਾਂ ਨੇ ਸ਼ਰ੍ਹਾ ਵਿਚ ਘਿਰਣਤ ਜਾਨਵਰਾਂ ਦੇ ਮਾਸ ਨੂੰ ਆਪਣੀ ਸ਼੍ਰੇਣੀ ਦੀ ਸਰਵ ਸੰਮਤੀ ਨਾਲ ਤੇ ਵਿਚਾਰ ਵਟਾਂਦਰਾ ਕਰਕੇ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਉਹਨਾਂ ਨੇ ਇਕ ਭਾਗ ਦਾ ਨਾਉਂ 'ਤਹਰੀਮਾ' (ਹਰਾਮ) ਰੱਖਿਆ ਅਤੇ ਦੂਜੇ ਹਿੱਸੇ ਦਾ ਨਾਉਂ 'ਮਕਰੂਹ' (ਘਿਰਣਤ) ਰੱਖਿਆ ਜਿਸ ਨੂੰ ਦੋਸ਼-ਰਹਿਤ ਮੰਨ ਕੇ ਖਾ ਜਾਂਦੇ ਹਨ ਬਲਕਿ ਉਹ ਖਾਣ ਦੇ ਇੰਨੇ ਲਾਲਚੀ ਹਨ ਕਿ ਪੈਗੰਬਰ ਵਲੋਂ ਵਿਵਰਜਤ ਕੀਤੇ ਪਸ਼ੂ ਦਾ ਗਲ ਕੱਟਣੋਂ ਭੀ ਨਹੀਂ ਹਟਦੇ ਹਨ ਅਤੇ ਉਸ ਦੇ ਮਾਸ ਨਾਲ ਆਪਣਾ ਢਿੱਡ ਭਰਦੇ ਹਨ। ਪੈਗੰਬਰ ਨੇ ਫੁਰਮਾਇਆ ਹੈ ਕਿ "ਗਊ ਦਾ ਦੁੱਧ ਦਵਾਈ ਹੈ ਤੇ ਉਸ ਦਾ ਗੋਸ਼ਤ ਰੋਗ ਹੈ"। ਇਸ ਸੰਬੰਧੀ ਰਸੂਲ ਦੀ ਹਦੀਸ (ਕੁਰਾਨ ਤੋਂ ਬਾਅਦ ਦਾ ਕਥਨ ਤੇ

ਕਰਤੱਬਾਂ ਦੀ ਖਬਰ) ਭੀ ਹੈ ਕਿ ਕਿਆਮਤ ਦੇ ਦਿਨ ਮੈਂ (ਹਜ਼ਰਤ ਮੁਹੰਮਦ) ਇਨ੍ਹਾਂ ਚਾਰ ਵਿਅੱਕਤੀਆਂ ਦੀ ਸਿਫਾਰਸ਼ ਨਹੀਂ ਕਰੂੰਗਾ ਭਾਵ ਗਊ ਦਾ ਗਲ ਕੱਟਣ ਵਾਲੇ ਦੀ, ਨਿੱਤ ਦੇ ਨਸ਼ਈ ਦੀ, ਰੁੱਖ ਕੱਟਣ ਵਾਲੇ ਦੀ ਤੇ ਇਨਸਾਨ ਨੂੰ ਵੇਚਣ ਵਾਲੇ ਦੀ।' ਸੋ ਉਸ ਨਾਲੋਂ ਭੈੜਾ ਕਿਹੜਾ ਵਿਅੱਕਤੀ ਹੈ ਕਿ ਜਿਸ ਦਾ ਪੈਗੰਬਰ ਭੀ ਉਸ ਦਾ ਸਿਫਾਰਸ਼ੀ ਨਾ ਬਣੇ। ਉਹ ਇਕ ਭਾਂਡੇ ਵਿਚ ਇਕ ਦੂਜੇ ਦੀ ਖਾਣ ਦੀ ਭਾਰੀ ਗੰਦਗੀ ਤੋਂ ਘਿਰਣਾ ਨਹੀਂ ਕਰਦੇ ਸਗੋਂ ਮੁਰਦੇ ਖਾਣ ਵਾਲੇ ਨੀਚਾਂ ਵਿਚੋਂ ਕੋਈ ਮੁਸਲਮਾਨ ਬਣ ਜਾਵੇ ਤਾਂ ਉਸ ਨਾਲ ਉਸੇ ਦਿਨ ਇਕੋ ਥਾਲ ਵਿਚ ਖਾ ਲੈਂਦੇ ਹਨ ਤੇ ਆਪਣੀ ਜ਼ਬਾਨ ਨਾਲ ਈਮਾਨ ਦੀ ਸ਼ਲਾਘਾ ਕਰਦੇ ਹਨ ਕਿ ਈਮਾਨ, 'ਰੱਬ ਦਾ ਜ਼ਬਾਨ ਨਾਲ ਇਕਰਾਰ ਕਰਨ ਤੇ ਦਿਲੋਂ ਉਸ ਨੂੰ ਸੱਚਾ ਸਮਝਣ' ਨੂੰ ਕਹਿੰਦੇ ਹਨ। ਉਹ ਇੱਕ ਸਮੇਂ ਤਕ ਚਾਚੇ ਦੀ ਬੇਟੀ ਨੂੰ ਭੈਣ ਕਹਿੰਦੇ ਹਨ ਤੇ ਦਿਲੋਂ ਉਸ ਨੂੰ ਭੈਣ ਹੋਣਾ ਮੰਨਦੇ ਹਨ ਪਰ ਜਦੋਂ ਉਹ ਵਿਧਵਾ ਹੋ ਜਾਂਦੀ ਹੈ ਜਾਂ ਪਤੀ ਨੂੰ ਛੱਡ ਦਿੰਦੀ ਹੈ ਜਾਂ ਉਸ ਦੇ ਕੰਵਾਰੇਪਣ ਦੇ ਸਮੇਂ ਹੀ ਵਿਸ਼ੇ ਦੇ ਅਸਰ ਹੇਠ ਉਸ ਨਾਲ ਨਿਕਾਹ ਪੜ੍ਹ ਕੇ ਭੋਗ ਕਰਦੇ ਹਨ। ਇਸ ਤਰ੍ਹਾਂ ਈਮਾਨ ਦੀ ਉਸਤਤ ਸਿੱਧ ਨਹੀਂ ਹੁੰਦੀ ਅਤੇ ਇਹ ਕਥਨ ਕਿ "ਈਮਾਨ ਦੀ ਵੱਡੀ ਸਿਫਤ ਹਯਾ (ਸ਼ਰਮ) ਹੈ।" ਇਸ ਕੌਮ ਬਾਰੇ ਖਿਆਲ ਵਿਚ ਆਉਣਾ ਭੀ ਮੁਸ਼ਕਿਲ ਹੈ। ਆਪਣੀ ਇੱਕ ਪਤਨੀ ਨੂੰ ਤਲਾਕ ਦੇ ਦੇਣਾ, ਉਸ ਦੇ ਸਾਹਮਣੇ ਦੂਜੀ ਨੂੰ ਅਪਨਾਉਣਾ ਤੇ ਉਸ ਨਾਲ ਭੋਗ ਕਰਨਾ ਉਸੇ ਪ੍ਰਕਾਰ ਦੀ ਇੱਕ ਬੇਸ਼ਰਮੀ ਹੈ। ਐ ਪਿਤਾ! ਮੈਨੂੰ ਉਨ੍ਹਾਂ ਦੇ ਧਰਮ ਨਾਲ ਕੋਈ ਵਾਸਤਾ ਨਹੀਂ ਹੈ। ਉਸ ਧਰਮ ਸੰਬੰਧੀ ਮੈਂ ਹੋਰ ਦੱਸਦਾ ਹਾਂ। ਉਨ੍ਹਾਂ ਦੀ ਸ਼ਰ੍ਹਾ ਵਿਚ ਹਿੰਦੂਆਂ ਲਈ ਦੋ ਦੰਡ ਹਨ। ਪਹਿਲਾ ਦੰਡ ਕਤਲ ਕਰਨਾ ਤੇ ਦੂਜੀ ਸਜ਼ਾ ਮੁਸਲਮਾਨ ਬਣਾਉਣਾ ਹੈ ਤੇ ਉਸ ਦੇ ਧਰਮ ਤੋਂ ਦੂਰ ਕਰਨਾ ਹੈ। ਇਸ ਨਿਮਾਣੇ ਨੂੰ (ਭਾਵ ਮੈਨੂੰ) ਪਹਿਲੀ ਸਜ਼ਾ ਭੁਗਤਣੀ ਪਰਵਾਨ ਹੈ। ਦੂਜੀ ਸਜ਼ਾ ਤੋਂ ਮੈਨੂੰ ਸਖਤ ਘਿਰਣਾ ਹੈ। ਸੋ ਐ ਪੂਜਨੀਕ ਬਜ਼ੁਰਗਵਾਰ! ਮੈਨੂੰ ਧਰਮ ਛੱਡਣ ਲਈ ਵਾਰ ਵਾਰ ਨਾ ਕਹਿ। ਧਰਮ ਇੱਕ ਅਮੁੱਲ ਤੇ ਸੂਖਮ ਵਸਤੂ ਹੈ ਜੋ ਵਿਰੋਧੀ ਗੱਲ ਨਾਲ ਭੰਗ ਹੋ ਜਾਂਦੀ ਹੈ। ਧਰਮ ਵਿੱਚ ਦ੍ਰਿੜ ਲੋਕ ਧਰਮ ਦੇ ਇਸ ਕੋਮਲ ਧਾਗੇ ਦੀ ਕੱਚੇ ਧਾਗੇ ਵਾਂਗ ਸੰਭਾਲ ਕਰਦੇ ਹਨ ਤਾਕਿ ਧਰਮ ਦਾ ਕੱਚਾ ਧਾਗਾ ਥੋੜ੍ਹਾ ਜਿਹਾ ਗੈਰ-ਸ਼ਰਈ ਕੰਮ, ਲਾਲਚ ਤੇ ਕੋਝੀ ਲਾਲਸਾ ਕਰਨ ਨਾਲ ਟੁੱਟ ਨਾ ਜਾਵੇ। ਧਰਮੀ ਹਮੇਸ਼ਾ ਆਪਣੇ ਆਪ ਨੂੰ ਅੰਦਰ ਤੇ ਬਾਹਰ ਦੀ ਮੈਲ ਕੁਚੈਲ ਤੋਂ ਪਾਕ ਰੱਖਦੇ ਹਨ। ਉਹ ਹਰ ਰੋਜ਼ ਸਵੇਰੇ ਪਵਿੱਤਰ ਪਾਣੀ ਨਾਲ ਇਸ਼ਨਾਨ ਕਰਦੇ ਹਨ ਤੇ ਪੂਜਾ-ਸਥਾਨ ਵਿਖੇ ਜਾ ਕੇ ਧਿਆਨ ਨਾਲ ਅਤੇ ਮਨ ਨੂੰ ਕਾਬੂ ਕਰਕੇ ਪ੍ਰਮਾਤਮਾ ਨੂੰ ਯਾਦ ਕਰਦੇ ਹਨ। ਆਪਣੇ ਦਿਲਾਂ ਨੂੰ ਉਸ ਪਾਕ ਪਰਮਾਤਮਾ ਦੀ ਹਸਤੀ ਤੇ ਗੁਣਾਂ ਨਾਲ ਜੋੜਦੇ ਹਨ ਅਤੇ ਉਹ ਸਮਝਦੇ ਹਨ ਕਿ ਹਰ ਵਜੂਦ ਵਿਚ ਰੱਬੀ ਨੂਰ ਹੈ। ਪੂਜਨੀਕ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਤੇ ਤਸਵੀਰਾਂ ਨੂੰ ਪਰਮਾਤਮਾ ਦਾ ਸ਼ਰੀਕ ਨਾ ਮੰਨਦੇ ਹੋਏ ਪ੍ਰਮਾਤਮਾ ਦਾ ਪਰਗਟਾਊ ਹੋਣਾ ਮੰਨਦੇ ਹਨ। ਉਨ੍ਹਾਂ ਦਾ ਸਤਿਕਾਰ ਤੇ ਪੂਜਾ ਕਰਦੇ ਹਨ।

(ਸ਼ਿਅਰ) ਉਸ ਦੀ ਗੈਰਤ (ਅਣਖ) ਨੇ ਜਹਾਨ ਵਿਚ ਕੋਈ ਗੈਰ ਨਹੀਂ ਛੱਡਿਆ,
ਜ਼ਰੂਰੀ ਤੌਰ 'ਤੇ ਸਾਰੀਆਂ ਚੀਜ਼ਾਂ ਉਸੇ ਦੀ ਸ਼ਕਲ ਹਨ।

ਧਰਮੀ ਲੋਕ ਹਮੇਸ਼ਾ, ਬੋਲਣ ਵਾਲੇ ਤੇ ਨਾ ਬੋਲਣ ਵਾਲੇ ਜਾਨਵਰਾਂ 'ਤੇ ਤਰਸ ਖਾਣਾ ਜ਼ਰੂਰੀ ਸਮਝਦੇ ਹਨ ਤੇ ਆਮ ਤੌਰ ਤੇ ਜਾਨਵਰਾਂ ਦਾ ਮਾਸ ਖਾਣ (ਦੇ ਦੋਸ਼) ਦੇ ਭਾਗੀ ਨਹੀਂ ਬਣਦੇ। ਉਹ ਪਸ਼ੂਆਂ ਤੇ ਪੰਛੀਆਂ ਨੂੰ ਜਾਨ ਤੋਂ ਮਾਰਨੋਂ ਪੂਰਾ ਸੰਕੋਚ ਕਰਦੇ ਹਨ।

(ਸ਼ਿਅਰ) ਜਾਨਵਰਾਂ ਦਾ ਮਾਸ ਨਾ ਖਾਣਾ ਉਨ੍ਹਾਂ ਨੂੰ ਜਾਨ ਬਖਸ਼ਣ ਦੇ ਬਰਾਬਰ ਹੈ,
ਤੂੰ ਆਪਣੇ ਆਪ ਨੂੰ ਇਸ ਪਰਉਪਕਾਰ ਤੋਂ ਕਿਉਂ ਵਾਂਝਾ ਰੱਖਦਾ ਹੈ ?

ਉਹ ਇਸ ਤੁੱਕ ਮੁਤਾਬਿਕ ਅਮਲ ਕਰਦੇ ਹਨ :—

(ਮਿਸਰਾ) ਜਿਉਂਦੇ ਨੂੰ ਮੁਰਦਾ ਬਣਾਉਣ ਦੇ ਪਿੱਛੇ ਨਾ ਪੈ।

ਉਹ ਧਾਰਮਿਕ ਤੌਰ ਤੇ ਜਾਇਜ਼ ਤੇ ਉੱਚਿਤ ਪਵਿੱਤਰ ਭੋਜਨ ਨੂੰ ਸਾਫ ਤੇ ਪਵਿੱਤਰ ਰਸੋਈ ਵਿਚ ਤਿਆਰ ਕਰਕੇ ਖਾਂਦੇ ਹਨ। ਉਹ ਰੋਟੀ ਖਾਣੀ ਸ਼ੁਰੂ ਕਰਨ ਤੋਂ ਪਹਿਲਾਂ ਉਸ ਵਿਚੋਂ ਇਕ ਟੁਕੜਾ ਆਪਣੀ ਪਹੁੰਚ ਅਨੁਸਾਰ ਪਰਮਾਤਮਾ, ਵੱਡੇ ਵਡੇਰਿਆਂ, ਬ੍ਰਹਮਣਾਂ ਤੇ ਤਪੱਸਵੀਆਂ ਦੇ ਨਾਉਂ 'ਤੇ ਦਾਨ ਕਰਦੇ ਹਨ। ਉਹ ਗੈਰ ਧਰਮੀ ਦੇ ਹੱਥੋਂ ਭੋਜਨ ਖਾਣ ਦੀ ਰੁਚੀ ਨਹੀਂ ਕਰਦੇ। ਉਹ ਬੰਦਗੀ ਕਰਨ ਤੇ ਖਾਣ ਪੀਣ ਦੇ ਸਮੇਂ ਅਪਵਿੱਤਰ ਵਿਅੱਕਤੀਆਂ ਤੇ ਧਾਰਮਿਕ ਤੌਰ ਤੇ ਵਿਵਰਜਿਤ ਚੀਜ਼ਾਂ ਨੂੰ ਬਿਲਕੁਲ ਹੱਥ ਨਹੀਂ ਲਾਉਂਦੇ। ਉਹ ਗੈਰ ਧਰਮ ਦੇ ਵਿਅੱਕਤੀ ਨੂੰ ਆਪਣੇ ਵਿਚ ਨਹੀਂ ਰਲਾਉਂਦੇ। ਬਲਕਿ ਹਿੰਦੂ ਵਿਅੱਕਤੀ ਨੂੰ, ਜੋ ਦੂਜੇ ਧਰਮ ਦੇ ਲੋਕਾਂ ਵਿਚ ਜਾ ਰਲਿਆ ਹੋਵੇ, ਮੁੜ ਆਪਣੇ ਧਰਮ ਵਿਚ ਸ਼ਾਮਲ ਨਹੀਂ ਕਰਦੇ। ਕਿਉਂਕਿ ਭਾਰਤੀਆਂ ਦੇ ਅਕੀਦੇ ਅਨੁਸਾਰ ਜੋ ਸ਼ੈ ਆਪਣੇ ਅਸਲੇ ਤੋਂ ਵਟ ਜਾਂਦੀ ਹੈ ਜਾਂ ਆਪਣੇ ਟਿਕਾਣੇ ਤੋਂ ਹਿਲ ਜਾਂਦੀ ਹੈ, ਅਕਲ ਤੇ ਧਰਮ ਅਨੁਸਾਰ ਅਪਵਿੱਤਰ ਸਿੱਧ ਹੁੰਦੀ ਹੈ। ਕਹਿੰਦੇ ਹਨ ਉਸ ਅਪਵਿੱਤਰ ਸ਼ੈ ਨੂੰ ਪਵਿੱਤਰ ਕਰਨਾ ਅਸੰਭਵ ਹੈ। ਜਿਸ ਸ਼ੈ ਨੂੰ ਉਹ ਪਵਿੱਤਰ ਗਿਣਦੇ ਹਨ ਜੇ ਉਸ ਵਿਚ ਇੱਕ ਤੁਬਕਾ ਗੰਦਗੀ ਦਾ ਰਲ ਜਾਂਦਾ ਹੈ ਤਾਂ ਸਾਰੀ ਸ਼ੈ ਅਪਵਿੱਤਰ ਹੋ ਜਾਂਦੀ ਹੈ। ਇਸੇ ਕਾਰਨ ਹਿੰਦੂ ਧਰਮ ਵਾਲੇ ਆਪਣੇ ਪੁਰਾਣੇ ਦਸਤੂਰ 'ਤੇ ਕਾਇਮ ਰਹਿੰਦੇ ਹਨ। ਇਸ ਦ੍ਰਿੜ੍ਹਤਾ ਨੂੰ ਧਰਮ ਕਹਿੰਦੇ ਹਨ। ਉਹ ਧਰਮ ਨਿਭਾਉਣ ਲਈ ਪੱਕੇ ਪੈਰਾਂ 'ਤੇ ਖੜੇ ਰਹਿੰਦੇ ਹਨ ਤੇ ਉਹ ਵਿਸ਼ੇ ਵਿਕਾਰਾਂ ਵਲ ਬਿਲਕੁਲ ਧਿਆਨ ਨਹੀਂ ਦਿੰਦੇ। ਉਹ ਆਪਣੀ ਜ਼ਾਤ ਦੇ ਕਿਸੇ ਘਰਾਣੇ ਦੀ ਇਕ ਇਸਤਰੀ ਨਾਲ ਵਿਆਹ ਕਰਾਉਂਦੇ ਹਨ ਤੇ ਉਸ ਨੂੰ ਆਪਣੀ ਅਰਧੰਗਣੀ ਗਿਣਦੇ ਹਨ। ਉਹ ਆਪਣੇ ਸੰਬੰਧੀਆਂ ਵਿਚ ਰਿਸ਼ਤਾ ਨਹੀਂ ਗੰਢਦੇ ਕਿਉਂਕਿ ਆਪਣਾ ਤਾਂ ਆਪਣਾ ਹੈ ਹੀ, ਦੂਜੇ ਨੂੰ ਆਪਣਾ ਬਣਾਉਣਾ ਵੱਡੀ ਸਿਆਣਪ ਹੈ। ਉਹ ਆਪਣੇ ਕਬੀਲੇ ਤੇ ਸਹਿ-ਧਰਮੀਆਂ ਦੀਆਂ ਬੇਟੀਆਂ ਨੂੰ ਬਲਕਿ ਆਪਣੀ ਜਾਣ ਪਛਾਣ ਵਾਲੇ ਲੋਕਾਂ ਦੀਆਂ ਸਾਰੀਆਂ ਇਸਤਰੀਆਂ ਨੂੰ ਭੀ ਆਪਣੀਆਂ ਧੀਆਂ ਭੈਣਾਂ ਵਾਂਗ ਸਮਝਦੇ ਹਨ ਤੇ ਉਨ੍ਹਾਂ ਤੋਂ ਕਿਸੇ ਸ਼ੈ ਦਾ ਲਾਲਚ ਨਹੀਂ ਕਰਦੇ। ਸਾਰੇ ਹਿੰਦੂ ਆਪਣੇ ਆਚਰਣ ਤੇ ਪ੍ਰਕ੍ਰਿਤੀ ਵਿਚ ਦ੍ਰਿੜ੍ਹਤਾ, ਉਦਾਰਤਾ, ਦਇਆ, ਈਮਾਨਦਾਰੀ, ਪਰਮਾਤਮਾ ਦੀ ਆਗਿਆ-ਪਾਲਣ ਤੇ ਆਪਣੇ ਮਾਲਕ ਦੀ ਤਾਬੇਦਾਰੀ ਵਿਚ ਪੱਕੇ ਤੇ ਅਡੋਲ ਹਨ। ਉਹ ਧੋਖੇ ਤੇ ਫਰੇਬ ਤੋਂ ਪਰੇ ਰਹਿੰਦੇ ਹਨ ਅਤੇ ਥੋੜ੍ਹੇ ਜਿਹੇ ਉਪਕਾਰ ਨੂੰ ਬਹੁਤ ਜ਼ਿਆਦਾ ਸਮਝਦੇ ਹਨ। ਸੋ ਐ ਪਿਤਾ! ਧਰਮ ਦੇ ਇਸ ਸੁਨਹਿਰੀ ਪਿਆਲੇ ਨੂੰ ਕਿਸ ਤਰ੍ਹਾਂ ਹੱਥੋਂ ਛੱਡਾਂ ਤੇ ਇਸਲਾਮ ਦੇ ਮਿੱਟੀ ਦੇ ਪਿਆਲੇ ਨੂੰ ਕਿਵੇਂ ਖਰੀਦਾਂ। ਮੈਨੂੰ ਇਸ ਕਸ਼ਟ ਤੋਂ ਬਰੀ ਕਰ ਕੇ ਪਰਮਾਤਮਾ ਨੂੰ ਸੌਂਪ ਦੇਹ ਕਿਉਂਕਿ ਮੇਰੇ ਵਾਸਤੇ ਧਰਮ ਕੰਮ ਦੀ ਸ਼ੈ ਹੈ ਭਾਵੇਂ ਮੇਰਾ ਸਿਰ ਚਲਿਆ ਜਾਵੇ।

(ਸ਼ਿਅਰ) ਸੂਰਮਤਾਈ ਨਾਲ ਦੁਨੀਆ ਵਿਚ ਨਾਉਂ ਪ੍ਰਸਿੱਧ ਹੁੰਦਾ ਹੈ,
ਜੇ ਨੇਮ ਨਾਮੀ ਮਿਲ ਜਾਏ ਤਾਂ ਜਾਨ ਬੇਸ਼ਕ ਚਲੀ ਜਾਏ।

ਇਸ ਲਈ ਮੈਂ ਦੁਨਿਆਵੀ ਝੱਖੜ ਤੋਂ ਨਹੀਂ ਡਰਦਾ ਹਾਂ ਤੇ ਆਪਣੀ ਬੇਇੱਜ਼ਤੀ ਨਹੀਂ ਕਰਵਾਉਂਦਾ ਹਾਂ।

(ਸ਼ਿਅਰ) ਜੋ ਕੁੱਝ ਹੋਣਾ ਹੈ ਹੋਵੇ ਅਸੀਂ ਦਰਿਆ ਵਿਚ ਕਿਸ਼ਤੀ ਠੇਲ੍ਹ ਦਿਤੀ ਹੈ।"

ਇਹ ਸੁਣ ਕੇ ਉਸ ਦੀ ਮਾਂ ਨੇ ਬਹੁਤ ਜ਼ੋਰ ਨਾਲ ਛਾਤੀ 'ਤੇ ਦੁਹੱਥੜ ਮਾਰੇ ਤੇ ਖੂਨ ਦੇ ਹੰਝੂ ਕੇਰੇ।

(ਸ਼ਿਅਰ) ਉਸ ਦੇ ਦੁੱਖ ਵਿਚ ਉਹ ਪਿਆਰ ਨਾਲ ਇੰਨੀ ਰੋਈ
ਕਿ ਉਸ ਦੇ ਰੋਣ ਨਾਲ ਅਸਮਾਨ ਰੋ ਉੱਠਿਆ।

ਅੰਤ ਨੂੰ ਮਾਪਿਆਂ ਤੇ ਪਿਆਰਿਆਂ ਨੇ ਉਸ ਅੱਖ ਦੇ ਨੂਰ (ਪਿਆਰੇ ਪੁੱਤਰ ਹਕੀਕਤ ਰਾਏ) ਨੂੰ ਖੜਾ ਕੀਤਾ ਤੇ ਉਸ ਦੇ ਗਲ ਲੱਗ ਕੇ ਉਸ ਨੂੰ ਵਿਦਾ ਕਰ ਦਿਤਾ। ਸਾਰੇ ਰੋਂਦੇ ਧੋਂਦੇ ਉਸ ਪਾਸੋਂ

ਚਲੇ ਗਏ।

(ਸ਼ਿਅਰ) "ਐ ਅਤਿਅੰਤ ਪਿਆਰੇ! ਅਲਵਿਦਾ।
ਮੈਂ ਖੂਨ ਦੇ ਹੰਝੂ ਵਹਾਉਂਦਾ ਜਾ ਰਿਹਾ ਹਾਂ, ਅਲਵਿਦਾ।"

ਸਵੇਰ ਵੇਲੇ ਜਦੋਂ ਮੌਲਵੀ ਨੇ ਬਾਂਗੀ ਦਿਤੀ ਤੇ ਨਿਮਾਜ਼ ਅਦਾ ਕਰਨ ਦਾ ਧੌਂਸਾ ਵਜਾਇਆ ਤਾਂ ਸਾਰੇ ਮੁੱਲਾਂ ਤੇ ਉਹਨਾਂ ਦੇ ਬੇਟੇ ਮਸੀਤਾਂ ਤੇ ਖਾਨਗਾਹਾਂ ਵਿਚੋਂ ਨਿਕਲ ਕੇ ਨਵਾਬ ਦੇ ਦਰ ਉਤੇ ਇਕੱਠੇ ਹੋ ਗਏ ਤੇ ਨਵਾਬ ਤੋਂ ਮੰਗ ਕੀਤੀ "ਹਿੰਦੂ ਬੱਚੇ ਨੂੰ ਬੁਲਾ ਕੇ ਇਸਲਾਮ ਮੱਤ ਧਾਰਨ ਲਈ ਕਿਹਾ ਜਾਵੇ।" ਵੱਡੇ ਖ਼ਿਤਾਬ ਵਾਲਾ ਨਵਾਬ ਦੀਨ ਦੇ ਆਗੂਆਂ ਦੇ ਸਤਿਕਾਰ ਵਜੋਂ ਬਾਹਰ ਨਿਕਲਿਆ, ਕਚਹਿਰੀ ਲਾਈ ਤੇ ਨਿਆਂ ਦੇ ਵਿਭਾਗ ਨੂੰ ਸਜਾਇਆ। ਸੁਨਹਿਰੀ ਹੌਦੇ ਵਾਲਾ ਹਾਥੀ, ਸਜੀਆਂ ਕਾਠੀਆਂ ਵਾਲੇ ਘੋੜੇ, ਵੱਡ-ਮੁਲੀਆਂ ਪੁਸ਼ਾਕਾਂ, ਅਸ਼ਰਫੀਆਂ ਦੀਆਂ ਕੁੱਝ ਥੈਲੀਆਂ, ਉਸ ਸਿਆਣੇ ਬਾਲਗ ਦੇ ਵਾਲ ਕੱਟਣ ਲਈ ਨਾਈ, ਉਸ ਨੂੰ ਅਸ਼ਨਾਨ ਕਰਵਾਉਣ ਲਈ ਦਰਿਆ ਦਾ ਪਾਣੀ, ਕਲਮਾਂ ਸਮਝਾਉਣ ਲਈ ਮੁਖੀ ਸ਼ੇਖ, ਅਤੇ ਦੀਨ ਦੇ ਹੋਰ ਮਾਮਲਿਆਂ ਬਾਰੇ ਸਿਖਸ਼ਾ ਦੇਣ ਲਈ ਵਡਾ ਕਾਜ਼ੀ ਹਾਜ਼ਰ ਕੀਤੇ ਗਏ। ਹਕ਼ੀਕ਼ਤ ਰਾਏ ਨੂੰ ਭੇਟਾਵਾਂ ਪੇਸ਼ ਕਰਨ ਲਈ ਵਿਦਵਾਨ ਲੋਕ, ਕਾਜ਼ੀ, ਮੁਸਲਮਾਨਾਂ ਦੀਆਂ ਜਮਾਤਾਂ ਤੇ ਮੁਸਲਮਾਨਾਂ ਦੀਆਂ ਇਸਤ੍ਰੀਆਂ ਆਦਿ ਮੌਕੇ 'ਤੇ ਹਾਜ਼ਰ ਹੋ ਗਏ। ਉਨ੍ਹਾਂ ਨੇ ਹਕ਼ੀਕ਼ਤ ਰਾਏ ਨੂੰ ਚੰਗੇ ਢੰਗ ਨਾਲ ਤੇ ਅਹਿਲਕਾਰਾਂ ਦੀ ਨਿਗਰਾਨੀ ਵਿਚ ਮੰਗਵਾਇਆ ਅਤੇ ਸਤਿਕਾਰ ਨਾਲ ਬੁਲਾਇਆ। ਜਦੋਂ ਉਹ ਆਇਆ, ਹਰ ਪਾਸਿਉਂ ਸ਼ਾਬਾਸ਼ ਦੀ ਆਵਾਜ਼ ਆਈ। ਜਦੋਂ ਉਹ ਬੈਠ ਗਿਆ ਤਾਂ ਨਵਾਬ ਨੇ ਕਿਹਾ, "ਅੱਜ ਤੇਰੇ ਮੁਖੜੇ ਤੋਂ ਮੁਸਲਮਾਨੀ ਜਲਾਲ ਵਿਖਾਈ ਦਿੰਦਾ ਹੈ।" ਉਸ ਨੇ ਉੱਤਰ ਦਿੱਤਾ, "ਇਹ ਗੱਲ ਨਹੀਂ ਹੈ ਬਲਕਿ ਮੇਰੇ ਮੱਥੇ 'ਤੇ ਧਰਮ ਦੀ ਦ੍ਰਿੜ੍ਹਤਾ ਦੀ ਕਿਰਨ ਨੇ ਨੂਰ ਛਿੜਕਿਆ ਹੈ।"

ਇਹ ਗੱਲ ਸੁਣਨ ਸਾਰ ਸਾਰੇ ਮੁਸਲਮਾਨ ਨੀਵੀਆਂ ਪਾ ਗਏ।

(ਮਿਸਰਾ) "ਉਹ ਗੱਲ ਗਲਤ ਸੀ ਜਿਹੜੀ ਅਸੀਂ ਸੋਚੀ ਬੈਠੇ ਸਾਂ।"

ਮਾਮਲਾ ਉਲਟਾ ਹੋ ਗਿਆ ਤੇ ਨਤੀਜਾ ਉਨ੍ਹਾਂ ਦੇ ਮਨੋਰਥ ਤੋਂ ਉਲਟ ਨਿਕਲਿਆ। ਨਵਾਬ ਨੇ ਖੁਲ੍ਹਮ ਖੁਲ੍ਹਾ ਹੁਕਮ ਦਿੱਤਾ ਕਿ ਇਸ ਘੁਮੰਡੀ ਬੱਚੇ ਨੂੰ ਦੀਨ ਦੇ ਆਗੂਆਂ ਦੇ ਹਵਾਲੇ ਕਰ ਦਿੱਤਾ ਜਾਵੇ ਤਾਕਿ ਕਤਲ ਕੀਤਾ ਜਾਵੇ। ਜਦੋਂ ਉਸ ਦੁਖੀ ਨੂੰ ਮੁਲਾਣੇ ਲੈ ਗਏ ਤਾਂ ਅਸਮਾਨ ਨੇ ਕਿਹਾ ਕਿ, "ਭੇੜੀਏ ਬੱਕਰੀ ਦੇ ਲੇਲ੍ਹੇ ਨੂੰ ਲੈ ਗਏ।" ਉਸ ਸਮੇਂ ਨੌਜਵਾਨ ਬੱਚੇ ਦੇ ਮੂੰਹੋਂ ਨਿਕਲਿਆ। ਸਾਅਦੀ:—

(ਸ਼ਿਅਰ) "ਜ਼ਾਲਮ ਨੇ ਇਹ ਸਮਝਿਆ ਕਿ ਸਾਡੇ 'ਤੇ ਜ਼ੁਲਮ ਕੀਤਾ (ਪਰੰਤੂ)
ਜਿਹੜਾ ਜ਼ੁਲਮ ਸਾਡੇ ਉਤੇ ਕੀਤਾ, ਜ਼ਾਲਮ ਦੇ ਸਿਰ ਚੜ੍ਹ ਗਿਆ
ਅਤੇ ਸਾਡੇ ਗਲੋਂ ਲਹਿ ਗਿਆ।"

ਸੋ ਉਹ ਗੌਰਵਸ਼ੀਲ ਬਰਖ਼ੁਰਦਾਰ ਲੜਕਾ ਮਨਸੂਰ ਵਾਂਗ ਸੂਲੀ ਵਲ ਨੂੰ ਟਹਿਲਦਾ ਤੁਰ ਪਿਆ ਤੇ ਸਾਰਾ ਸਮਾਂ ਮੂੰਹੋਂ ਰਾਮ ਰਾਮ ਕਹਿੰਦਾ ਰਿਹਾ।

(ਸ਼ਿਅਰ) ਉਹ ਫਾਂਸੀ ਘਰ ਵਲ ਇਸੇ ਤਰ੍ਹਾਂ ਖਿੜੇ ਮੱਥੇ ਆਇਆ
ਜਿਵੇਂ ਇਕ ਬੱਚਾ ਸਕੂਲੋਂ ਗਲੀ ਵਿਚ ਆਉਂਦਾ ਹੈ।

ਉਨ੍ਹਾਂ ਪੱਥਰ ਦਿਲ ਵਾਲਿਆਂ ਨੇ ਉਸ ਨਾਜ਼ਕ ਸਰੀਰ ਵਾਲੇ ਮੁੰਡੇ ਨੂੰ ਸਿੱਧਾ ਖੜਾ ਕਰਕੇ ਲੱਕ ਤੱਕ ਧਰਤੀ ਵਿਕ ਗੱਡ ਦਿੱਤਾ ਅਤੇ ਵਿਦਵਾਨਾਂ, ਮੌਲਵੀਆਂ, ਮੁੱਲਾਂ, ਮੁਲਾਣਿਆਂ ਤੇ ਹਜ਼ਾਰਾਂ ਮੁਸਲਮਾਨਾਂ ਨੇ ਦੀਨ ਦੀਨ ਕਰਦਿਆਂ ਉਸ ਦੇ ਸਿਰ ਤੇ ਮੂੰਹ ਉਤੇ ਚੌਹਾਂ ਪਾਸਿਆਂ ਤੋਂ ਇੱਟਾਂ ਵੱਟੇ ਮਾਰਨੇ ਸ਼ੁਰੂ ਕਰ ਦਿੱਤੇ ਕਿਉਂਕਿ ਉਪਰ ਦੱਸੇ ਟੋਲੇ ਦਾ ਕਾਨੂੰਨ ਤੇ ਦਸਤੂਰ ਹੀ ਅੱਤਿਆਚਾਰ ਤੇ ਜ਼ੁਲਮ ਕ਼ਹਿਰ ਦੀ ਹੱਦ ਤੱਕ ਕਰਨਾ ਹੈ। ਉਸ ਬੇਵਸ ਬੱਚੇ ਨੇ ਅੱਖਾਂ ਮੀਟ ਲਈਆਂ, ਦਿਲ ਨੂੰ ਪ੍ਰਮਾਤਮਾ ਨਾਲ ਜੋੜ

ਲਿਆ ਅਤੇ ਜ਼ਬਾਨ ਦੇ ਬੁਲ੍ਹਾਂ ਨੂੰ ਰਾਮ ਰਾਮ ਦੇ ਨਾਉਂ ਨਾਲ ਮਿੱਠਾ ਕਰੀ ਰਖਿਆ। ਜਦੋਂ ਉਸ ਸੁੰਦਰ ਬਾਲਕ ਦਾ ਚਿਹਰਾ ਪੱਥਰਾਂ ਦੇ ਤਸੀਹਿਆਂ ਸਦਕਾ ਮੌਤ ਦੀ ਸਖਤੀ ਨਾਲ ਮੁਰਝਾ ਗਿਆ ਤਾਂ ਸਰਕਾਰ ਦੇ ਮੁਲਾਜ਼ਿਮ, ਇਕ ਸਿਪਾਹੀ ਨੇ ਉਸ ਦੀ ਦੁਰਦਿਸ਼ਾ ਉਤੇ ਤਰਸ ਖਾਂਦੇ ਹੋਏ ਤੇ ਮਿਹਰ ਕਰਦੇ ਹੋਏ ਨੇ ਤਲਵਾਰ ਦੇ ਇਕ ਵਾਰ ਨਾਲ ਉਸ ਦੇ ਸਿਰ ਨੂੰ ਧੜ ਨਾਲੋਂ ਅੱਡ ਕਰਕੇ ਹੇਠਾਂ ਸੁਟ ਦਿੱਤਾ ਅਤੇ ਉਸ ਨੂੰ ਖਤਮ ਕਰ ਦਿੱਤਾ। ਕਹਿੰਦੇ ਹਨ ਕਿ ਧੜ ਤੋਂ ਲੱਥਾ ਉਸ ਦਾ ਸਿਰ ਦੋ ਘੜੀਆਂ ਤੱਕ ਮੂੰਹੋਂ ਚੰਗੀ ਤਰ੍ਹਾਂ ਤੇ ਉੱਚੀ ਉੱਚੀ ਰਾਮ ਰਾਮ ਕਹਿੰਦਾ ਰਿਹਾ ਸੀ। ਇਸ ਵਾਰਤਾਲਾਪ ਨੂੰ ਸੁਣਨ ਵਾਲਾ ਵਿਅੱਕਤੀ ਬਹੁਤ ਹੈਰਾਨ ਹੋ ਜਾਂਦਾ ਸੀ। ਮੁਸਲਮਾਨ ਉਸ ਦੇ ਖੂਨ ਨਾਲ ਹੱਥ ਧੋ ਕੇ ਫਜ਼ੂਲ ਗੱਲਾਂ ਕਰਦੇ ਹੋਏ ਹਰ ਪਾਸੇ ਖਿੰਡ ਫੁੰਡ ਗਏ। ਉਹ ਆਪਸ ਵਿਚ ਕਹਿੰਦੇ ਸਨ ਕਿ, "ਭਾਵੇਂ ਸਾਡੇ ਵਲੋਂ ਇਸ ਬੱਚੇ 'ਤੇ ਅਕਾਰਣ ਹੀ ਸਖਤੀ ਕੀਤੀ ਗਈ ਪਰ ਸ਼ਾਬਾਸ਼ ਉਸ ਦੇ, ਧਰਮ 'ਤੇ ਇਸੇ ਤਰ੍ਹਾਂ ਯਕੀਨ ਹੋਣਾ ਚਾਹੀਦਾ ਹੈ।"

ਇਸੇ ਸਮੇਂ ਹਿੰਦੂਆਂ ਨੇ ਖਾਸ ਦਰਬਾਰੀਆਂ ਰਾਹੀਂ ਦੀਨ ਦੇ ਹਾਮੀਂ ਨਵਾਬ ਦੇ ਪੇਸ਼ ਹੋ ਕੇ ਬੇਨਤੀ ਕੀਤੀ ਕਿ, "ਜੇਕਰ ਹਜ਼ੂਰ ਦਾ ਹੁਕਮ ਹੋਵੇ ਤਾਂ ਉਸ ਦਾ ਦਾਹ ਸੰਸਕਾਰ ਕਰ ਦਈਏ ਅਤੇ ਹਿੰਦੂਆਂ ਦੇ ਦਸਤੂਰ ਅਨੁਸਾਰ ਪ੍ਰਲੋਕ ਸਿਧਾਰਨ ਵਾਲੇ ਪਾਂਧੀ ਨੂੰ ਛੇਤੀ ਮੰਜ਼ਲ ਪਹੁੰਚਾ ਦਿੱਤਾ ਜਾਵੇ"। ਉਹਨਾਂ ਦੀ ਬੇਨਤੀ ਦੇ ਉੱਤਰ ਵਿਚ ਸ਼ਾਹੀ ਹੁਕਮ ਸੁਣਾਇਆ ਗਿਆ ਕਿ, "ਜਦੋਂ ਸੂਰਜ ਨਿਕਲੇ ਤਾਂ ਉਸ ਨਾਮੀਂ ਜਵਾਨ, ਜਿਸ ਨੇ ਆਪਣੇ ਧਰਮ 'ਤੇ ਜਾਨ ਵਾਰ ਦਿੱਤੀ, ਦੇ ਜੇਤੂ ਮੁਰਦੇ ਦਾ ਹਿੰਦੂ ਧਰਮ ਦੀ ਰਹੁ ਰੀਤ ਅਨੁਸਾਰ ਚੰਗੀ ਤਰ੍ਹਾਂ ਸੰਸਕਾਰ ਕਰ ਦਿੱਤਾ ਜਾਵੇ।" ਇਸ ਮਨਇੱਛਤ ਹੁਕਮ ਦੇ ਮਿਲਣ ਨਾਲ ਹਿੰਦੂ ਕੌਮ ਦੇ ਛੋਟੇ ਵੱਡੇ ਮਰਦ ਤੇ ਇਸਤ੍ਰੀਆਂ ਆਪਣੀ ਆਪਣੀ ਪਹੁੰਚ ਅਨੁਸਾਰ ਪੁੰਨ ਕਰਮ ਸਮਝਕੇ ਫੁੱਲਾਂ ਦੇ ਹਾਰ, ਸੰਦਲ ਦੀਆਂ ਲਕੜੀਆਂ, ਗੰਗਾ ਜਲ ਦੇ ਘੜੇ ਅਤੇ ਕਫਨ ਵਾਸਤੇ ਰੇਸ਼ਮੀ ਤੇ ਮਖਮਲੀ ਕਪੜੇ ਲੈ ਆਏ ਅਤੇ ਉਸ ਦੇ ਮਾਪਿਆਂ ਨਾਲ ਪ੍ਰਲੋਕ ਦੇ ਉਸ ਰਾਹੀ ਦੇ ਅੰਤਮ ਸੰਸਕਾਰ ਲਈ ਮਕਾਨਾਂ ਤੇ ਬਜ਼ਾਰ ਦੀਆਂ ਦੁਕਾਨਾਂ ਦੇ ਦਰਵਾਜ਼ੇ ਬੰਦ ਕਰਕੇ ਛੇਤੀ ਛੇਤੀ ਬਾਹਰ ਚਲੇ ਗਏ। ਵੇਦ ਪੜ੍ਹਨ ਵਾਲੇ ਬ੍ਰਾਹਮਣਾਂ ਨੇ ਮੰਤਰ ਪੜ੍ਹ ਕੇ ਉਸ ਦੀ ਧਰਤੀ 'ਚ ਗੱਡੀ ਹੋਈ ਧੜ ਨੂੰ ਬਾਹਰ ਕੱਢਿਆ ਅਤੇ ਉਸ ਦੇ ਸਿਰ ਨੂੰ ਧੜ ਨਾਲ ਜੋੜ ਕੇ ਰੱਖ ਦਿੱਤਾ। ਉਨ੍ਹਾਂ ਨੇ ਉਸ ਨੂੰ ਗੰਗਾ ਦੇ ਪਾਣੀ ਨਾਲ ਅਸ਼ਨਾਨ ਕਰਵਾਇਆ। ਲੋਕਾਂ ਨੇ ਉਸ ਉੱਤੇ ਗੰਗਾ ਦਾ ਪਾਣੀ ਇੰਨਾ ਵਰ੍ਹਾਇਆ ਕਿ ਉਹ ਉਸ ਦੇ ਸਿਰ ਤੇ ਮੂੰਹ ਉਤੇ ਕੁੱਜੇ 'ਤੇ ਕੁੱਜਾ ਅਤੇ ਗੜਵੀ 'ਤੇ ਗੜਵੀ ਡੋਲ੍ਹਦੇ ਸਨ ਜਿਵੇਂ ਪਹਾੜੀ ਸੋਤ ਤੋਂ ਪਾਣੀ ਦਾ ਝਰਨਾ ਉਸ ਦੇ ਸਰੀਰ ਉੱਤੇ ਜਾਰੀ ਹੋ ਗਿਆ ਹੋਵੇ। ਅਸ਼ਨਾਨ ਕਰਾਉਣ ਪਿੱਛੋਂ ਕੀਮਤੀ ਦੁਸ਼ਾਲੇ ਤੇ ਵੱਡੇ ਰੇਸ਼ਮੀ ਕੱਪੜੇ ਦਾ ਕਫਨ ਦੇ ਕੇ ਅਰਥੀ 'ਤੇ ਲਿਟਾ ਦਿੱਤਾ। ਅਤਰ ਤੇ ਗੁਲਾਬ ਛਿੜਕ ਕੇ ਉਨ੍ਹਾਂ ਨੇ ਅਰਥੀ ਮੋਢਿਆਂ 'ਤੇ ਚੁੱਕ ਲਈ ਤਾਕਿ ਉਹ ਪੂਰੇ ਇੱਜ਼ਤ ਮਾਣ ਨਾਲ ਉਸ ਨੂੰ ਸ਼ਮਸ਼ਾਨ ਭੂਮੀ ਤੱਕ ਪਹੁੰਚਾਉਣ। ਇਸੇ ਦੌਰਾਨ ਉਸ ਸ਼ਹੀਦ ਦੀ ਅਰਥੀ 'ਤੇ ਅਸਮਾਨੀ ਮੀਂਹ ਵਾਂਗ ਚਾਰਾਂ ਪਾਸਿਉਂ ਫੁੱਲਾਂ ਦੀ ਇੰਨੀ ਵਰਖਾ ਹੋਣ ਲੱਗ ਪਈ ਕਿ ਲੋਕਾਂ ਨੇ ਸਾਰਾ ਰਾਹ ਖਿੜੇ ਹੋਏ ਫੁੱਲਾਂ ਨਾਲ ਭਰ ਦਿੱਤਾ ਅਤੇ ਟੁਰਨ ਸਮੇਂ ਫੁੱਲਾਂ ਉੱਤੇ ਪੈਰ ਧਰ ਹੁੰਦਾ ਸੀ। ਟੁਰਦੀ ਹੋਈ ਅਰਥੀ ਦਾ ਫੱਟਾ ਵੇਖਣ ਵਾਲਿਆਂ ਨੂੰ ਬਾਗ਼ ਵਿੱਚ ਫੁੱਲਾਂ ਦੀ ਕਿਆਰੀ ਵਾਂਗ ਵਿਖਾਈ ਦਿੰਦਾ ਸੀ। ਫੁੱਲਾਂ ਦੀ ਹਰੇਕ ਟਾਹਣੀ ਤੋਂ ਬੁਲਬੁਲ ਦੇ ਗੀਤ ਵਾਂਗ ਰਾਮ ਰਾਮ ਦੀ ਅਵਾਜ਼ ਸੁਣਾਈ ਦਿੰਦੀ ਸੀ। ਜਦੋਂ ਨੀਯਤ ਟਿਕਾਣੇ, ਜੋ ਅੱਗ ਦਾ ਖਿੜਿਆ ਬਾਗ਼ ਸੀ, 'ਤੇ ਪੁਜੇ ਤਾਂ ਉੱਥੇ ਅਗਰ ਤੇ ਸੰਦਲ ਦੀ ਏਨੀ ਲੱਕੜੀ ਪਈ ਸੀ ਕਿ ਮਾਨੋ ਇਸੇ ਧਰਤੀ 'ਤੇ ਸੰਦਲ ਦਾ ਜੰਗਲ ਉੱਗ ਪਿਆ ਹੈ। ਉਨ੍ਹਾਂ ਨੇ ਸੰਦਲ ਦੀ ਲੱਕੜੀ ਨਾਲ ਇੱਕ ਲੰਮਾ ਚਬੂਤਰਾ ਬਹੁਤ ਚੰਗੀ ਤਰ੍ਹਾਂ ਚਿਣਕੇ ਤਿਆਰ ਕੀਤਾ ਤੇ ਲਾੜੇ ਦਾ ਤਖਤ (ਅਰਥੀ) ਉਸ ਉੱਤੇ ਰੱਖਿਆ। ਉਨ੍ਹਾਂ ਨੇ ਉਸ ਦੇ ਮੂੰਹ ਤੋਂ ਕੱਪੜਾ ਲਾਹਿਆ ਕਿ ਸਾਰੇ ਯਾਤਰੀ ਉਸ ਸੁੰਦਰ ਬਾਲਕ ਦਾ ਮੁੱਖੜਾ ਦੇਖ ਕੇ ਲਾਭ ਉਠਾਉਣ ਤੇ ਗੌਰਵ ਅਨੁਭਵ ਕਰਨ। ਇਸਤ੍ਰੀਆਂ ਤੇ ਮਰਦਾਂ ਨੇ ਉਸ ਦੇ

ਦਰਸ਼ਨਾ ਦੇ ਸੂਰਜ ਵਰਗੇ ਚਿਹਰੇ ਦੇ (ਅੰਤਮ) ਦਰਸ਼ਨ ਕਰਕੇ ਸਿਰ ਝੁਕਾਇਆ। ਉਨ੍ਹਾਂ ਨੇ ਪ੍ਰਮਾਤਮਾ ਦੀ ਕੁਦਰਤ ਦੇ ਚਮਤਕਾਰ ਦੀ ਪ੍ਰਸੰਸਾ ਕੀਤੀ ਤੇ 'ਜੈ ਜੈ ਧਰਮ' ਦੇ ਨਾਅਰੇ ਮਾਰੇ ਤੇ ਸੰਖ ਵਜਾਏ। ਦੁਬਾਰਾ ਚਾਰਾਂ ਪਾਸਿਆਂ ਤੋਂ ਗੁਲਾਬ ਤੇ ਚੰਬੇਲੀ ਦੇ ਫੁੱਲਾਂ ਦੀ ਵਰਖਾ ਹੋਣ ਲਗ ਪਈ ਕਿ ਸਵਰਗ ਦੇ ਬਾਗ ਨੂੰ ਭੀ ਇਸ ਦੀ ਰੀਸ ਹੋਈ ਤੇ ਬੈਕੁੰਠ ਦੇ ਬਾਗ਼ ਦੀ ਬਹਾਰ ਮੱਧਮ ਪੈ ਗਈ। ਮੁੱਕਦੀ ਗੱਲ ਜਦੋਂ ਸੰਦਲ ਦੇ ਅੰਗੀਠੇ ਨੂੰ ਅੱਗ ਲੱਗੀ ਅਤੇ ਫੁੱਲਾਂ ਤੇ ਉਨ੍ਹਾਂ ਦੀ ਸੁਗੰਧੀ ਦਾ ਢੇਰ ਅਗਰ ਵਾਂਗ ਜਲ ਉਠਿਆ ਤਾਂ ਦੁਨੀਆਂ ਵਾਲਿਆਂ ਦਾ ਦਿਮਾਗ ਅਤਰ ਦੀ ਸੁਗੰਧੀ ਨਾਲ ਭਰਪੂਰ ਹੋ ਗਿਆ ਤੇ ਫਰਿਸ਼ਤਿਆਂ ਦੇ ਦਿਮਾਗ ਸੁਗੰਧਤ ਹੋ ਗਏ। ਹਕੀਕਤ ਰਾਏ ਦੀ ਨੇਕੀ ਦੀ ਖੁਸ਼ਖਬਰੀ ਦੋਹਾਂ ਜਹਾਨਾਂ 'ਚ ਧੁੰਮ ਗਈ। ਅੱਜ ਤੱਕ ਗਵੱਈਏ ਤੇ ਢਾਡੀ ਉਸ ਦੇ ਚੰਗੇ ਗੁਣਾਂ ਦੀਆਂ ਵਾਰਾਂ ਹਰ ਸਭਾ ਤੇ ਦਰਬਾਰ ਵਿੱਚ ਪੂਰੇ ਜ਼ੋਰ ਨਾਲ ਗਾਉਂਦੇ ਹਨ ਤੇ ਇਸ ਨੂੰ ਆਪਣੀ ਰੋਜ਼ੀ ਦਾ ਸਾਧਨ ਬਣਾਉਂਦੇ ਹਨ।

(ਸ਼ਿਅਰ) ਜੋ ਵਿਅੱਕਤੀ ਨੇਕ-ਨਾਮੀ ਨਾਲ ਇਸ ਜਹਾਨ 'ਚੋਂ ਕੂਚ ਕਰ ਗਿਆ,
ਉਸ ਨੇ ਸਦੀਵੀ ਖੁਸ਼ਕਿਸਮਤੀ ਪ੍ਰਾਪਤ ਕਰ ਲਈ ਕਿਉਂਕਿ ਉਸ ਦੇ
ਮਰਨ ਉਪ੍ਰੰਤ ਉਸ ਦਾ ਚੰਗਾ ਜ਼ਿਕਰ ਉਸ ਦੇ ਨਾਮ ਨੂੰ ਜੀਵਤ ਕਰਦਾ ਹੈ।

ਲਾਹੌਰ ਦੇ ਲੋਕਾਂ ਨੇ ਕੋਟ ਖੋਜਾ ਸਈ ਦੇ ਬਰਾਬਰ ਸਥਿੱਤ ਉਸ ਦੀ ਮੜ੍ਹੀ ਉੱਤੇ ਸਮਾਧ ਵਾਂਗ ਇੱਕ ਛੋਟਾ ਜਿਹਾ ਗੁੰਬਦ ਤਿਆਰ ਕਰਕੇ ਪੂਜਾ-ਸਥਾਨ ਬਣਾ ਲਿਆ। ਹਿੰਦੂ ਲੋਕ ਹਰੇਕ ਮਹੀਨੇ ਪੰਚਮੀ ਵਾਲੇ ਦਿਨ ਉੱਥੇ ਇਕੱਠੇ ਹੋ ਕੇ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ। ਉਸ ਦੇ ਪਿਤਾ ਨੇ ਸਿਆਲਕੋਟ ਵਿਖੇ ਆਪਣੇ ਘਰ ਦੇ ਵਿਹੜੇ ਵਿੱਚ ਉਸ ਦੀ ਮੜ੍ਹੀ ਬਣਾ ਕੇ ਤੀਰਥ-ਸਥਾਨ ਬਣਾ ਦਿੱਤਾ। ਸਿਆਲਕੋਟ ਦੀਆਂ ਪੁਰਾਣੀਆਂ ਇਮਾਰਤਾਂ ਵਿਚੋਂ ਕਿਸੇ ਦਾ ਨਿਸ਼ਾਨ ਨਹੀਂ ਮਿਲਦਾ ਪਰੰਤੂ ਉਸ ਦੀ ਮੜ੍ਹੀ ਅੱਜ ਤੱਕ ਕਾਇਮ ਹੈ। ਲੋਕੀਂ ਉੱਥੇ ਦੀਵੇ ਜਗਾਉਂਦੇ ਹਨ ਤੇ ਉਸ ਦੇ ਨਾਉਂ ਉੱਤੇ ਫੁੱਲ ਚੜ੍ਹਾਉਂਦੇ ਹਨ।

(ਮਿਸਰਾ) ਉਹ ਮਰ ਗਿਆ ਪਰੰਤੂ ਉਸ ਦੀ ਨੇਕ-ਨਾਮੀ ਪਿੱਛੇ ਰਹਿ ਗਈ। ਸਮਾਪਤ।

ਕਿਉਂਕਿ ਗੱਲ 'ਚੋਂ ਗੱਲ ਨਿਕਲਦੀ ਹੈ ਇਸ ਲਈ ਇਸ ਵਿਆਖਿਆਨ ਦੇ ਲਿਖਣ ਮਗਰੋਂ ਇਕ ਹੋਰ ਚਰਚਾ ਯਾਦ ਆ ਗਈ ਜੋ ਲਾਹੌਰ ਵਾਸੀ ਜੋਤਸ਼ੀ ਲਾਲਾ ਦਲਪਤ ਰਾਏ ਨੇ ਇਕ ਫੁੱਲ ਵੇਚਣ ਵਾਲੇ ਦੀ ਜ਼ਬਾਨੀ ਬਿਆਨ ਕੀਤੀ ਦੱਸੀ ਕਿ ਇੱਕ ਦਿਨ ਫੁੱਲ ਵੇਚਣ ਵਾਲਾ ਇੱਕ ਬ੍ਰਿਧ ਮੈਨੂੰ ਦਸਦਾ ਸੀ ਕਿ 'ਜਦੋਂ ਹਕੀਕ਼ਤ ਰਾਏ 'ਪੁਰੀ' ਹਿਜਰੀ ਸੰਨ ੧੧੫੫ ਦੇ ਮੁਹੱਰਮ ਮਹੀਨੇ ਦੀ ਛੇ ਤਰੀਕ ਨੂੰ (ਮੁਤਾਬਿਕ ਸੰਨ ੧੭੪੨ ਈ: ਤੇ ਸੰਮਤ ੧੭੯੭ ਬਿਕਰਮੀ ਦੀ ਪੰਚਮੀ ਨੂੰ ਵੀਰਵਾਰ ਵਾਲੇ ਦਿਨ) ਨਵਾਬ ਖਾਨ ਬਹਾਦੁਰ ਦੀ ਸੂਬੇਦਾਰੀ ਦੇ ਸਮੇਂ ਇਸ ਦਲੀਲ ਨਾਲ ਕਤਲ ਕੀਤਾ ਗਿਆ ਕਿ ਉਸ ਨੇ ਗਾਲ੍ਹ ਕੱਢੀ ਹੈ, ਹਿੰਦੂਆਂ ਨੇ ਉਸ ਦੀ ਅਰਥੀ 'ਤੇ ਖਰਚ ਕਰਨ ਵਿਚ ਜੋ ਉਦਾਰਤਾ ਵਿਖਾਈ ਉਸ ਬਾਰੇ ਕੀ ਗੱਲ ਕਰਾਂ? ਸੰਦਲ, ਅਗਰ ਦੀ ਲੱਕੜੀ, ਖਾਲਿਸ ਕਸਤੂਰੀ, ਅਤਰ ਤੇ ਬਹੁਤ ਵਧੀਆ ਰੇਸ਼ਮੀ ਕੱਪੜਾ ਖਰੀਦਣ ਆਦਿ ਦੇ ਬਿਆਨ ਨੂੰ ਛੱਡ ਕੇ ਥੋੜ੍ਹਾ ਜਿਹਾ ਫੁੱਲਾਂ ਦੀ ਕੀਮਤ ਬਾਰੇ ਬਿਆਨ ਕਰਦਾ ਹਾਂ। ਕਿਉਂਕਿ ਮੇਰਾ ਧੰਦਾ ਹਮੇਸ਼ਾ ਤੋਂ ਫੁੱਲ ਵੇਚਣਾ ਹੈ। ਮੈਂ ਸਵੇਰ ਤੋਂ ਪਹਿਰ ਰਾਤ ਲੰਘੇ ਤਕ ਗਲੀ ਬਜ਼ਾਰ ਵਿਚ ਹਰ ਰੁੱਤ ਦੇ ਫੁੱਲਾਂ ਦੇ ਹਾਰ ਵੇਚ ਕੇ ਇਕ ਰੁਪਏ ਦੇ ਲੱਗ ਭੱਗ ਆਪਣੀ ਮਨਸਾ ਅਨੁਸਾਰ ਵੱਟ ਲੈਂਦਾ ਸੀ ਉਸ ਦਿਨ ਅੱਧੀ ਘੜੀ ਦੇ ਸਮੇਂ ਅੰਦਰ ਉੱਨੇ ਫੁੱਲਾਂ ਤੋਂ ਹੀ ਇਕ ਸੌ ਬੀਹ ਰੁਪਏ ਪੰਜ ਆਨੇ ਮੇਰੇ ਹੱਥ ਆਏ। ਮੈਨੂੰ ਇਕ ਇਕ ਹਾਰ ਦੀ ਪੰਜ ਪੰਜ ਰੁਪਏ ਕੀਮਤ ਮਿਲੀ। ਮੇਰੀ ਟੋਕਰੀ ਵਿਚ ਨੱਵੇ ਰੁਪਏ ਇਕੱਠੇ ਹੋ ਗਏ ਤੇ ਤਾਜ਼ੇ ਫੁੱਲਾਂ ਦਾ ਇਕ ਹਾਰ ਬਚ ਗਿਆ। ਮੈਂ ਉਸ ਨੂੰ ਹੱਥ ਵਿੱਚ ਫੜ ਕੇ ਉੱਚੀ ਥਾਂ 'ਤੇ ਖੜ੍ਹਾ ਹੋ ਗਿਆ। ਉਥੋਂ ਲੰਘਣ ਵਾਲਾ ਹਰੇਕ ਹਿੰਦੂ ਉਸ ਦੀ ਕੀਮਤ ਪੰਜ ਜਾਂ ਛੇ ਰੁਪਏ ਕਹਿੰਦਾ ਸੀ ਪਰ ਮੈਂ ਨਹੀਂ ਦਿੰਦਾ ਸਾਂ। ਇੱਥੋਂ ਤੱਕ ਕਿ ਇੱਕ ਆਦਮੀ ਨੇ ਆ ਕੇ ਇੱਕ ਵਾਰ ਹੀ ਉਸ ਹਾਰ

ਦਾ ਮੁੱਲ ਦਸ ਰੁਪਏ ਤੱਕ ਚੜ੍ਹਾ ਦਿੱਤਾ ਪਰ ਮੈਂ ਚੁੱਪ ਰਿਹਾ । ਉਸ ਮੇਰੀ ਇਸ ਚੁੱਪ ਤੋਂ ਸਮਝਿਆ ਕਿ ਮੈਂ ਵੇਚਣ ਲਈ ਅੱਧਾ ਰਜ਼ਾਮੰਦ ਹਾਂ ਤੇ ਪੈਸਿਆਂ ਵਾਲੀ ਗੰਢ ਖੋਲ੍ਹਣ ਲੱਗਾ । ਅਚਾਨਕ ਇੱਕ ਇਸਤਰੀ ਨੇ ਆਪਣੇ ਕੰਨ 'ਚੋਂ ਮੋਤੀਆਂ ਦੀ ਵਾਲੀ ਲਾਹ ਕੇ ਮੇਰੇ ਹੱਥ ਫੜਾਈ ਤੇ ਫੁੱਲਾਂ ਦਾ ਹਾਰ ਲੈ ਕੇ ਤੇਜ਼ੀ ਨਾਲ ਚਲੀ ਗਈ। ਦੂਜੇ ਦਿਨ ਮੈਨੂੰ ਸਰਾਫ ਤੋਂ ਉਸ ਵਾਲੀ ਦਾ ਮੁੱਲ ਛੇ ਰੁਪਏ ਪੰਜ ਆਨੇ ਮਿਲਿਆ। ਹਿੰਦੂਆਂ ਦੇ ਅਕੀਦੇ ਤੇ ਇਸ ਕੌਮ ਦੇ ਧਰਮ ਬਾਰੇ ਮੈਂ ਇਹ ਗੱਲ ਸੱਚੀ ਤੇ ਠੀਕ ਦੱਸੀ ਹੈ। ਮੈਂ ਹਰ ਰੋਜ਼ ਫੁੱਲਾਂ ਦਾ ਇਕ ਹਾਰ ਅੱਧੀ ਦਮੜੀ ਵਿੱਚ ਵੇਚਦਾ ਸੀ । ਅੱਜ ਹਿੰਦੂਆਂ ਨੇ ਆਪਣੇ ਧਰਮ ਦੀ ਵਡਿਆਈ ਲਈ ਤੇ ਧਰਮ ਉੱਤੋਂ ਜਾਨ ਕੁਰਬਾਨ ਕਰਨ ਵਾਲੇ ਦੀ ਲਾਸ਼ ਤੋਂ ਵਾਰਨ ਤੇ ਕੁਰਬਾਨ ਕਰਨ ਲਈ ਬਹੁਤ ਜ਼ਿਆਦਾ ਰੁਪਿਆ ਪੈਸਾ ਵਾਰਿਆ ਹੈ। ਇਸੇ ਤਰ੍ਹਾਂ ਸੰਦਲ ਦੀ ਲੱਕੜੀ ਇਕ ਰੁਪਏ ਦੀ ਅੱਧਾ ਪਾਈਆ ਕੱਚਾ ਨਹੀਂ ਮਿਲਦੀ ਸੀ । ਹੁਣ ਦੇ ਜ਼ਮਾਨੇ ਵਿੱਚ ਜਦੋਂ ਕਿ ਇਸ ਘਟਨਾ ਨੂੰ ਵਾਪਰਿਆਂ ਬਹੁਤਾ ਸਮਾਂ ਨਹੀਂ ਹੋਇਆ ਅਜਿਹੀ ਸ਼ਰਧਾ ਦਾ ਨਿਸ਼ਾਨ ਤੱਕ ਨਹੀਂ ਰਿਹਾ। ਅੱਜ ਸਾਰੇ ਹਿੰਦੂ ਮੁਰਝਾਏ ਹੋਏ ਫੁੱਲ ਵਾਂਗ ਮੁਰਦਾ-ਦਿਲ ਹਨ। ਸਮਾਪਤ।

ਹੋਰ ਸਿਆਲਕੋਟ ਵਿੱਚ ਪਰਤਾਪ ਮੱਲ 'ਚੱਢਾ' ਪੂਰਨ ਬ੍ਰਹਮ ਗਿਆਨੀ ਸੀ । ਉਹ ਸਾਰੇ ਧਰਮਾਂ ਨੂੰ ਰੱਬ ਦੇ ਬਣਾਏ ਹੋਏ ਸਮਝਦਾ ਸੀ ਤੇ ਉਸ ਲਈ ਹਰੇਕ ਜੀਵ ਵਿੱਚ ਪਰਮਾਤਮਾ ਦ੍ਰਿਸ਼ਟਮਾਨ ਸੀ। ਇਕ ਦਿਨ ਉਸ ਨੂੰ ਇਕ ਮੁਸਲਮਾਨ ਨੇ ਠੱਠੇ ਨਾਲ ਕਿਹਾ ਕਿ, "ਕਾਫ਼ਰਾਂ ਵਿਚੋਂ ਦੋ ਵਿਅੱਕਤੀ ਸਵਰਗ ਵਿਚ ਜਾਣਗੇ। ਇਕ ਨਿਆਂ ਕਰਨ ਕਰਕੇ 'ਨੌਸ਼ੀਰਵਾਨ' ਤੇ ਦੂਜਾ ਉਦਾਰਤਾ ਕਾਰਨ 'ਹਾਤਮ'।" ਪਰਤਾਪ ਮੱਲ ਨੇ ਉੱਤਰ ਦਿੱਤਾ, "ਤੁਹਾਡੇ ਅਕੀਦੇ ਅਨੁਸਾਰ ਕਾਫਰਾਂ ਵਿਚੋਂ ਦੋ ਜਣੇ ਸਵਰਗ ਵਿੱਚ ਨਿਵਾਸ ਕਰਨਗੇ ਪਰੰਤੂ ਹਿੰਦੂਆਂ ਦੇ ਅਕੀਦੇ ਅਨੁਸਾਰ ਮੁਸਲਮਾਨਾਂ ਵਿੱਚੋਂ ਕੋਈ ਭੀ ਸਵਰਗ ਵਿੱਚ ਨਹੀਂ ਜਾਵੇਗਾ।" ਸਮਾਪਤ।

ਪਿੰਡ ਪਿੰਡੀ ਕਾਕਾ, ਜੋ ਕਾਕੇ ਵਾਲੀ ਕਰਕੇ ਪ੍ਰਸਿੱਧ ਹੈ । ਭਾਵੇਂ ਸ਼ੁਰੂ ਵਿੱਚ ਮਹਿਤਾ ਕਾਕਾ 'ਵਡਹਿਰਾ' ਦਾ ਵਿਰਸਾ ਸੀ ਪਰੰਤੂ ਕਾਫ਼ੀ ਸਮੇਂ ਤੋਂ ਉਸ ਥਾਂ ਦੇ ਮਾਲਕ ਜ਼ਿਮੀਂਦਾਰ ਕੌਮ ਦੇ ਲੋਕੀ ਹਨ। ਪੁਨਣਕੇ ਦੇਵਕਾ ਨਦੀ ਦੇ ਕੰਢੇ ਇੱਕ ਪਿੰਡ ਹੈ। ਉੱਥੇ ਇਕ ਸੌਨਿਆਸੀ ਸਾਧੂ ਦਾ ਅਸਥਾਨ ਸੀ। ਵਿਸਾਖੀ ਵਾਲੇ ਦਿਨ ਲੋਕੀਂ ਉਥੇ ਮੇਲਾ ਲਾਉਂਦੇ ਹਨ । ਅੱਜ ਕੱਲ੍ਹ ਬਾਬਾ ਸੁਰ ਸਿੰਘ ਨੇ ਉਸ ਅਸਥਾਨ 'ਤੇ ਬੁਰਜ ਬਣਾ ਕੇ ਬਾਬਾ ਸਾਹਿਬ ਸਿੰਘ 'ਬੇਦੀ' ਦੇ ਨਾਉਂ ਨਾਲ ਪ੍ਰਸਿੱਧ ਕਰ ਕੇ ਸਿੱਖਾਂ ਲਈ ਪੂਜਾ-ਸਥਾਨ ਨੀਯਤ ਕਰ ਦਿੱਤਾ ਹੈ। ਪਿੰਡ ਢੰਡੂ ਇੱਕ ਛੋਟਾ ਪਿੰਡ ਹੈ ਜਿਥੇ ਹਿੰਦੀ (ਪੰਜਾਬੀ) ਕਵੀ ਕਾਦਰ ਬਖਸ਼ (ਕਾਦਰਯਾਰ) ਹੋਇਆ ਹੈ। ਪੂਰਨ ਭਗਤ ਦਾ ਕਿੱਸਾ ਉਸ ਦੀ ਰਚਨਾ ਹੈ । ਕਲੋਵਾਲ ਝਨਾ ਦਰਿਆ ਦੇ ਕੰਢੇ ਇੱਕ ਪਿੰਡ ਹੈ। ਇਥੇ ਝਨਾਂ ਦਰਿਆ ਦਾ ਪ੍ਰਸਿੱਧ ਪੱਤਨ ਹੈ । ਪਿੰਡ ਚਕਰਾਲਾ ਮਹਿਤਾ ਕੀਕਾ ਦੇ ਪੋਤੇ ਮਹਿਤਾ ਲੱਖੂ ਦੀ ਸੰਤਾਨ ਵਿਚੋਂ 'ਵਡਹਿਰਾ' ਖੱਤਰੀਆਂ ਦੀ ਮਾਲਕੀ ਹੈ । ਪੀਰ ਸਬਜ਼ ਇੱਕ ਅਸਥਾਨ ਦਾ ਨਾਉਂ ਹੈ। ਸੱਈਅਦ ਸਬਜ਼ਵਾਰ, ਇਮਾਮ ਅਲੀ ਅਲਹੱਕ ਦੀਆਂ ਇਸਲਾਮੀ ਫੌਜਾਂ ਦੇ ਨਾਲ ਹੋ ਕੇ ਸਿਆਲਕੋਟ ਦੇ ਹਾਕਮ ਦੀ ਫੌਜ ਨਾਲ ਲੜਦਿਆਂ ਸ਼ਹੀਦੀ ਪਾ ਗਿਆ ਹੈ । ਉਸ ਦੀ ਕਬਰ ਉਥੇ ਹੈ। ਕੋਟਲੀ ਆਹਨਗਰਾਂ ਇੱਕ ਪ੍ਰਸਿੱਧ ਪਿੰਡ ਹੈ। ਇਹ ਪਿੰਡ ਬੰਦੂਕਾਂ ਬਣਾਉਣ ਵਾਲੇ ਲੁਹਾਰਾਂ ਦੀ ਰਿਹਾਇਸ਼ ਕਾਰਨ ਪ੍ਰਸਿੱਧ ਹੋਇਆ ਹੈ। ਛੱਤੀ ਸ਼ੇਖਾਂ ਇੱਕ ਵੱਡਾ ਪਿੰਡ ਹੈ । ਹਜ਼ਰਤ ਫਰੀਦ ਸ਼ਕਰ ਗੰਜ ਦੀ ਸੰਤਾਨ ਵਿਚੋਂ ਸ਼ਾਹ ਮੁਹੰਮਦ ਰਜ਼ਾ ਦਾ ਪੁੱਤਰ ਸ਼ੇਖ ਮੌਂਧਾ ਉਸ ਥਾਂ ਦਾ ਮਾਲਕ ਹੈ। ਸ਼ੇਖ ਹੈਦਰ ਤੇ ਉਥੋਂ ਦਾ ਮੌਲਵੀ ਕੁਤਬਉੱਦੀਨ ਵਿਦਵਾਨ ਵਿਅੱਕਤੀ ਹੋਏ ਹਨ । ਸੰਬੜਿਆਲ ਇੱਕ ਵੱਡਾ ਪਿੰਡ ਨਗਰ ਵਰਗਾ ਹੈ ਜੋ ਸਿਆਲਕੋਟ ਪਰਗਣੇ ਦੇ ਵੱਡੇ ਚੌਧਰੀਆਂ ਤੇ ਤਰਫਦਾਰਾਂ ਵਿਚੋਂ 'ਘੁੰਮਣ' ਕੌਮ ਦੇ ਜ਼ਿਮੀਂਦਾਰਾਂ ਦੀ ਵਿਰਾਸਤ ਹੈ। ਉਥੇ ਚੌਧਰੀ ਮਨਸਾ ਰਾਮ ਬਹੁਤ ਉੱਘਾ ਆਦਮੀ ਸੀ । ਖੱਤਰੀ ਕੌਮ

ਬਾਹਲੇ ਲੋਕ ਉਥੇ ਰਹਿੰਦੇ ਹਨ। ਉਥੋਂ ਦੇ ਸ਼ਾਹੂਕਾਰਾਂ ਵਿਚੋਂ ਜੋਗ ਰਾਜ, ਰਾਮ ਕ੍ਰਿਸ਼ਨ ਤੇ ਅਮੀਰ ਚੰਦ 'ਨਈਅਰ' ਜਿਸ ਦੇ ਪੁੱਤਰ ਘਨਈਆ ਲਾਲ ਨੇ ਸਿਆਲਕੋਟ ਦੇ ਰਾਹ ਉੱਤੇ ਇੱਕ ਬਗੀਚਾ ਤੇ ਖੂਹ ਨਵੇਂ ਲਗਵਾਏ ਹਨ ਤੇ ਹਰੀ ਸਿੰਘ 'ਹਾਂਡਾ' ਉੱਘੇ ਹੋਏ ਹਨ । ਮੀਆਂ ਅਹਿਮਦ ਅਰਬੀ ਤੇ ਫ਼ਾਰਸੀ ਦੇ ਗਿਆਨ ਵਿੱਚ ਤੇ ਮੀਆਂ ਸਾਦਿਕ ਸੋਹਣੀ ਲਿਖਾਈ ਕਰਨ ਵਿੱਚ ਨਿਪੁੰਨ ਸੀ । ਉਥੇ ਰਾਮ ਲੀਲਾ ਨਾਮੀ ਸਾਧ ਵੱਡਾ ਭਗਤ ਹੋਇਆ ਹੈ। ਉਸ ਨੇ ਵੀਹ ਸਾਲ ਇਕੋ ਧਰਮਸ਼ਾਲਾ ਵਿਚ ਇਕੋ ਥਾਂ ਬੈਠ ਕੇ ਭਗਤੀ ਕੀਤੀ ਤੇ ਇੰਨਾਂ ਸਮਾਂ ਬਿਲਕੁਲ ਭੋਜਨ ਨਾ ਛਕਿਆ । ਉਸੇ ਥਾਂ ਉਸ ਦੀ ਸਮਾਧ ਹੈ। ਦਿਆਲ ਸਿੰਘ ਗੁੰਬੀ ਤੇ ਸਹਿਜ ਰਾਮ ਖੱਤਰੀ ਦੋਵੇਂ ਉਸ ਦੀ ਸੇਵਾ ਕਰਨ ਸਦਕਾ ਭਾਗਸ਼ਾਲੀ ਬਣ ਗਏ। ਜਾਮਕੇ ਵੱਡਾ ਪਿੰਡ ਹੈ। ਆਮ ਕਰਕੇ ਉਥੇ ਖੱਤਰੀਆਂ ਦੇ ਘਰ ਹਨ । ਘੜਤ (ਘੜਤਲ) ਦੇ ਨਾਲ ਲੱਗਦਾ ਗੋਜਰਾ ਇਕ ਵੱਡਾ ਪਿੰਡ ਹੈ ਜਿੱਥੇ ਸ: ਟੇਕ ਸਿੰਘ ਜ਼ਿਮੀਂਦਾਰ ਉੱਘਾ ਵਿਅੱਕਤੀ ਹੋਇਆ ਹੈ। ਸਰਦਾਰ ਨੇ, ਜਿਸ ਵਲ ਸੰਕੇਤ ਕੀਤਾ ਗਿਆ ਹੈ, ਗੋਜਰਾ ਦੇ ਨਾਲ ਲਗਦਾ ਇਕ ਕਿਲ੍ਹਾ ਉਸਰਵਾਇਆ ਹੈ ਜਿਸ ਦਾ ਨਾਉਂ ਉਸ ਨੇ ਧਰਮ ਕੋਟ ਰੱਖਿਆ । ਪਿੰਡ ਗੋਜਰਾ ਦੇ ਸਾਰੇ ਸ਼ਾਹੂਕਾਰਾਂ ਤੇ ਖੱਤਰੀਆਂ ਵਿਚੋਂ ਚੰਦਰ ਭਾਨ 'ਪਤਪਈ' ਖੱਤਰੀ ਪੁੱਜਦਾ ਆਦਮੀ ਸੀ।

ਪਿੰਡ ਘੜਤ (ਘੜਤਲ) 'ਪੁਰੀ' ਖੱਤਰੀਆਂ ਦੀ ਵਿਰਾਸਤ ਵਿੱਚੋਂ ਇੱਕ ਵੱਡਾ ਪਿੰਡਾ ਹੈ ਜਿਹੜਾ ਮੁਹੰਮਦ ਸ਼ਾਹ ਦੇ ਰਾਜ-ਕਾਲ ਵਿੱਚ ਪਰਗਣਾ ਸਿਆਲਕੋਟ ਨਾਲੋਂ ਟੁੱਟ ਕੇ ਚਕਲਾ ਗੁਜਰਾਤ ਵਿੱਚ ਸ਼ਾਮਲ ਹੋ ਗਿਆ ਸੀ। ਮਗਰੋਂ ਸਿੱਖਾਂ ਦੇ ਰਾਜ ਸਮੇਂ ਸ: ਜੋਧ ਸਿੰਘ ਦੇ ਰਾਜ-ਪ੍ਰਬੰਧ ਵਿੱਚ ਕੁੱਝ ਸਮਾਂ ਵਜ਼ੀਰਾਬਾਦ ਦੇ ਨਾਲ ਲੱਗਿਆ ਰਿਹਾ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿੱਚ ਨਵੇਂ ਸਿਰੇ ਤੋਂ ਚੱਕਬੰਦੀ ਹੋਣ ਨਾਲ ਉਸ ਥਾਂ ਦੇ ਮਾਲਕਾਂ ਦੇ ਨਾਉਂ 'ਤੇ ਵੱਖਰਾ ਪਿੰਡ ਬਣਿਆ ਹੈ । ਕਹਿੰਦੇ ਹਨ ਕਿ ਪਿਛਲੇ ਸਮਿਆਂ ਵਿੱਚ ਇਹ ਪਿੰਡ 'ਬਾਣੀਆਂ' ਖੱਤਰੀਆਂ ਦੀ ਵਿਰਾਸਤ ਵਿੱਚ ਮੁਕੱਰਰ ਸੀ। ਸੁਲਤਾਨ ਬਹਿਲੋਲ ਲੋਧੀ ਦੇ ਪੋਤੇ ਸੁਲਤਾਨ ਇਬਰਾਹੀਮ ਦੇ ਰਾਜ-ਕਾਲ ਵਿੱਚ ਸੰਨ ੯੨੫ ਹਿਜਰੀ ਵਾਲੇ ਸਾਲ ਮਲਕ ਵਜ਼ੀਰ 'ਪੁਰੀ' ਦੇ ਪੁੱਤਰ ਮਲਕ ਗੱਜਣ ਨੇ ਕਸੂਰ ਸ਼ਹਿਰ ਵਲੋਂ ਆ ਕੇ ਉੱਪਰ ਦੱਸੇ 'ਬਾਣੀਆਂ' ਕੌਮ ਦੀ ਲੜਕੀ ਨਾਲ ਵਿਆਹ ਕਰਾ ਲਿਆ ਤੇ ਉੱਥੇ ਹੀ ਰਹਿਣ ਲਗ ਪਿਆ। ਉਸ ਦੇ ਘਰ ਜਾਲਪ ਤੇ ਖਾਨੂ ਨਾਮੀਂ ਦੋ ਪੁੱਤਰਾਂ ਨੇ ਜਨਮ ਲਿਆ । ਜਾਲਪ ਦੇ ਘਰ ਭੀ ਦੋ ਬੇਟੇ ਪੈਦਾ ਹੋਏ ਜਿਨ੍ਹਾਂ ਦੇ ਨਾਮ ਜੀਤੀ ਦਾਸ ਤੇ ਹਰ ਦਾਸ ਸਨ। ਜੀਤੀ ਦਾਸ ਦੇ ਘਰ ਅੱਠ ਪੁੱਤਰ ਹੋਏ ਤੇ ਹਰ ਦਾਸ ਦੇ ਘਰ ਪੰਜ । ਖਾਨੂ ਦੇ ਤਿੰਨ ਪੁੱਤਰ ਹੋਏ। ਜਦੋਂ ਕਿ ਉੱਪਰ ਦੱਸੇ 'ਬਾਣੀਆ' ਦੀ ਪੁਲਿੰਗ ਸੰਤਾਨ ਜਿਉਂਦੀ ਨਾ ਰਹੀ ਇਹ ਲਈ ਜੀਤੀ ਦਾਸ, ਹਰ ਦਾਸ ਤੇ ਖਾਨੂ ਦੇ ਬੇਟਿਆਂ ਨੇ ਘੜਤ ਪਿੰਡ ਦੀ ਵਿਰਾਸਤ ਵਾਲੀ ਜ਼ਮੀਨ ਨੂੰ ਆਪਣੇ ਬੇਟਿਆਂ ਦੇ ਨਾਉਂ 'ਤੇ ਸੋਲ੍ਹਾਂ ਭਾਗਾਂ ਵਿੱਚ ਵੰਡ ਲਿਆ। ਉਹ ਅੱਜ ਤੱਕ ਉਸੇ ਵੰਡ 'ਤੇ ਕਾਬਿਜ਼ ਹਨ। ਘੜਤ ਪਿੰਡ ਦੇ ਬਾਹਲੇ ਵਸਨੀਕ ਰਸੂਖ ਵਾਲੇ ਤੇ ਉੱਚੇ ਅਹੁਦਿਆਂ ਵਾਲੇ ਹੋਏ ਹਨ। ਮੁਹੰਮਦ ਸ਼ਾਹ ਦੇ ਰਾਜ-ਕਾਲ ਵਿੱਚ ਦੀਵਾਨ ਵੈਸਾਖੀ ਮੱਲ ਤੇ ਉਸ ਦਾ ਪੁੱਤਰ ਰਾਏ ਆਤਮਾ ਰਾਮ ਮੁਹੰਮਦ ਸ਼ਾਹ ਤੇ ਅਹਿਮਦ ਸ਼ਾਹ 'ਦੁਰਾਨੀ' ਦੇ ਰਾਜ-ਕਾਲ ਤੱਕ ਸਿਆਲਕੋਟ, ਗੁਜਰਾਤ, ਪੁਰਸਰੂਰ ਤੇ ਔਰੰਗਾਬਾਦ ਦੇ ਚਾਰਾਂ ਮਹਾਲਾਂ ਦੇ ਫੌਜਦਾਰ ਤੇ ਹਾਕਮ ਰਹੇ। ਇਸੇ ਤਰ੍ਹਾਂ ਲਾਲਾ ਸਾਹਿਬ ਰਾਏ ਪਰਤਾਪਵਾਨ ਵਿਅੱਕਤੀ ਹੋਇਆ ਹੈ। ਇਸ ਸਮੇਂ ਪਰਜਾ ਸਿੰਘ, ਲਾਲਾ ਸਰਬ ਦਿਆਲ ਤੇ ਜਸਾ ਮੱਲ ਆਪਣੇ ਰਿਸ਼ਤੇਦਾਰਾਂ ਤੇ ਸਮਕਾਲੀਆਂ ਵਿਚੋਂ ਵੱਡੇ ਤੇ ਮੁਖੀ ਹੋਏ ਹਨ ਸਗੋਂ ਲਾਲਾ ਸਰਬ ਦਿਆਲ ਦਾ ਸਾਰਿਆਂ ਨਾਲੋਂ ਵੱਧ ਰੁਅਬ ਸੀ। ਉਸ ਦੇ ਭਾਈਆਂ, ਸ਼ਰੀਕਾਂ ਤੇ ਉੱਥੋਂ ਦੇ ਵਸਨੀਕਾਂ ਵਿੱਚੋਂ ਕੋਈ ਵਿਅੱਕਤੀ ਭੀ ਉਸ ਦੇ ਕੀਤੇ ਨੂੰ ਉਲਟਾਉਂਦਾ ਨਹੀਂ ਸੀ। ਉਸ ਦੀ ਸੁੰਦਰ ਬੇਟੀ ਇਸ ਪੁਸਤਕ ਦੇ ਕਰਤਾ ਦੀ ਪਤਨੀ ਹੈ। ਪਰਮਾਤਮਾ ਨੇ ਇਸ ਦਾਸ ਨੂੰ ਉਸ ਦੇ ਪੇਟੋਂ ਇੱਕ ਬੇਟੀ ਤੇ ਹਾਕਮ ਰਾਏ ਨਾਮੀਂ ਇੱਕ ਪੁੱਤਰ ਬਖਸ਼ਿਆ ਹੈ। ਲਾਲਾ ਹਰੀ ਰਾਮ

'ਪੁਰੀ' ਨੇਕ, ਰਾਹੀਆਂ ਪਾਂਧੀਆਂ ਦੀ ਸੇਵਾ ਕਰਨ ਵਾਲਾ ਤੇ ਨਿਆਸਰਿਆਂ ਨਾਲ ਪਿਆਰ ਕਰਨ ਵਾਲਾ ਵਿਅੱਕਤੀ ਸੀ। ਉਹ ਪਿੰਡ ਘੜਤ ਵਿਖੇ ਰਾਤ ਕੱਟਣ ਵਾਲੇ ਸਾਰੇ ਸਾਧੂਆਂ ਤੇ ਪਾਂਧੀਆਂ ਦੀ ਚੰਗੀ ਸੇਵਾ ਕਰਦਾ ਹੁੰਦਾ ਸੀ। ਅੱਜ ਕੱਲ੍ਹ ਅੰਗਰੇਜ਼ ਸਾਹਿਬਾਂ ਦੇ ਰਾਜ-ਕਾਲ ਵਿੱਚ ਸਿਆਲਕੋਟ ਵਿਖੇ ਲਾਲਾ ਦੀਵਾਨ ਚੰਦ ਪੁੱਤਰ ਲਾਲਾ ਗਣਪਤ ਰਾਏ ਨੇ ਉਦਾਰਤਾ ਤੇ ਭਲਾਈ ਦਾ ਸੋਤ ਬਣ ਕੇ ਸਾਰੇ ਭਾਈਬੰਦਾਂ ਵਿੱਚੋਂ ਆਪਣੇ ਨਾਉਂ ਨੂੰ ਚਮਕਾਇਆ ਹੋਇਆ ਹੈ। ਉੱਥੋਂ ਦੇ ਵਿਦਵਾਨਾਂ ਵਿੱਚੋਂ ਮੀਆਂ ਅਬਦੁਲ ਕਰੀਮ, ਮੁਹੰਮਦ ਆਅਜ਼ਮ ਤੇ ਸ਼ਾਹ ਮੁਹੰਮਦ 'ਘੜਤਲੀ' ਪੀੜ੍ਹੀ ਦਰ ਪੀੜ੍ਹੀ, ਵਿਦਵਾਨ ਹੋਏ ਹਨ। ਮੁਨਸ਼ਾਤ-ਏ-ਆਅਜ਼ਮ (ਆਅਜ਼ਮ ਦੀਆਂ ਰਚਨਾਵਾਂ) ਤੇ ਦੀਵਾਨ-ਏ-ਆਅਜ਼ਮ ਨਾਮੀਂ ਪੁਸਤਕਾਂ ਮੁਹੰਮਦ ਆਅਜ਼ਮ ਅਤੇ ਸਵਾਦ-ਏ-ਬਹਾਰੀਂ ਨਾਮੀਂ ਰਚਨਾ ਸ਼ਾਹ ਮੁਹੰਮਦ ਦੀ ਨਿਸ਼ਾਨੀ ਵਜੋਂ ਅੱਜ ਤੱਕ ਮਿਲਦੀਆਂ ਹਨ।

ਇਸ ਉੱਪਰ ਦੱਸੇ ਪਿੰਡ ਵਿੱਚ ਬਾਬਾ ਲਾਲ ਭਾਰਤੀ ਸਨਿਆਸੀ ਪ੍ਰਸਿੱਧ ਵਿਅੱਕਤੀ ਸੀ। ਉਸ ਦਾ ਆਚਰਣ ਬਹੁਤ ਉੱਚਾ ਸੀ। ਉੱਥੇ ਭਾਈ ਗੰਡਾ ਸਿੰਘ 'ਬਹਲ' ਗੁਰੂ ਗੋਬਿੰਦ ਸਿੰਘ ਦੇ ਚੇਲਿਆਂ ਵਿੱਚੋਂ ਸੀ। ਉਹ ਖਾਲਸਾ ਧਰਮ ਦੇ ਅਕੀਦਿਆਂ ਤੋਂ ਭਲੀ ਭਾਂਤ ਜਾਣੂ ਸੀ। ਉਸ ਦਾ ਪੁੱਤਰ ਵੈਸਾਖਾ ਸਿੰਘ ਹੋਰ ਭੀ ਲਾਇਕ ਵਿਅੱਕਤੀ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ-ਕਾਲ ਵਿੱਚ ਸਾਰੀ ਉਮਰ ਪੰਜਾਬ ਦੀਆਂ ਅਦਾਲਤਾਂ ਦੇ ਅਹੁਦਿਆਂ 'ਤੇ ਲੱਗਾ ਰਿਹਾ। ਘੜਤ ਵਿਖੇ ਉਸ ਦੀ ਸੰਤਾਨ ਕੋਲ ਉਸ ਦੀ ਵਿਰਾਸਤ, ਬਾਗ ਤੇ ਖੂਹ ਭੀ ਹੈ। ਸਮਾਪਤ।

ਸਿਆਲਕੋਟ ਦੇ ਇਲਾਕੇ ਵਿੱਚ ਨੱਗਰ ਵਜ਼ੀਰਾਬਾਦ ਤੋਂ ਦੋ ਕੋਹ 'ਤੇ ਇੱਕ ਪਿੰਡ ਧ੍ਰੋਂਕਲ ਹੈ। ਇਹ ਪਿੰਡ 'ਚਵਿੰਡਾ' ਜ਼ਾਤ ਦੇ ਜ਼ਿਮੀਂਦਾਰਾਂ ਦੀ ਵਿਰਾਸਤ ਹੈ। ਉੱਥੇ ਸਖੀ ਸਰਵਰ ਦਾ ਅਸਥਾਨ ਹੈ। ਗਰਮੀ ਦੀ ਰੁੱਤ ਵਿੱਚ ਬਹੁਤ ਲੋਕ ਉਸ ਅਸਥਾਨ ਦੀ ਯਾਤਰਾ ਕਰਨ ਲਈ ਆਉਂਦੇ ਹਨ। ਕਹਿੰਦੇ ਹਨ ਕਿ ਸੁਲਤਾਨ ਸਰਵਰ ਸੁਲਤਾਨ ਜ਼ੈਨੁਲਆਬਦੀਨ, ਜਿਸ ਦਾ ਮਕਬਰਾ ਮੁਲਤਾਨ ਸ਼ਹਿਰ ਤੋਂ ਚਾਰ ਕੋਹ ਦੀ ਵਿੱਥ 'ਤੇ ਹੈ, ਦਾ ਪੁੱਤਰ ਸੀ। ਉਸ ਨੇ ਚੜ੍ਹਦੀ ਜਵਾਨੀ ਵਿੱਚ ਨੀਵੀਂ ਇੱਛਾ ਨੂੰ ਮਾਰਨ ਲਈ ਬਹੁਤ ਸਖਤ ਘਾਲਣਾ ਘਾਲੀ। ਬਹੁਤੇ ਵਿਅੱਕਤੀਆਂ ਨੇ ਉਸ ਤੋਂ ਲਾਭ ਉਠਾਇਆ। ਇਸੇ ਕਾਰਨ ਉਹ ਸਖੀ ਵਜੋਂ ਪ੍ਰਸਿੱਧ ਹੋਇਆ। ਉਹ ਪੰਜਾਬ ਵਿਖੇ ਸੈਰ ਸਪਾਟਾ ਕਰਨ ਲਈ ਆਇਆ। ਕੁੱਝ ਸਮਾਂ ਪਿੰਡ ਧ੍ਰੋਂਕਲ ਵਿੱਚ ਸਸ਼ੋਭਤ ਰਿਹਾ। ਬਹੁਤ ਲੋਕੀਂ ਉਸ ਦੀ ਕਰਾਮਾਤ 'ਤੇ ਅਕੀਦਾ ਕਰਨ ਲੱਗ ਪਏ। ਜੰਮੂ ਪਹਾੜ ਦੀ ਘਾਟੀ, ਇਲਾਕਾ ਸਿਆਲਕੋਟ, ਪੁਰਸਰੂਰ, ਦੜਪ ਤੇ ਸਿਲਹਰ ਆਦਿ ਇਲਾਕਿਆਂ ਦੇ ਲੋਕ ਅਕੀਦੇ ਨਾਲ ਪਿੰਡ ਧ੍ਰੋਂਕਲ ਵਿਖੇ ਜਾ ਕੇ ਸਖੀ ਸਰਵਰ ਦੇ ਅਸਥਾਨ 'ਤੇ ਮੱਥਾ ਟੇਕਦੇ ਹਨ। ਭਰਾਈ ਕੌਮ ਦੇ ਆਮ ਲੋਕ ਢੋਲ ਵਜਾ ਕੇ ਉਸ ਬਜ਼ੁਰਗ ਦੀ ਪੂਜਾ ਕਰਦੇ ਹਨ। ਲੋਕੀਂ ਉਸ ਦੇ ਨਾਉਂ 'ਤੇ ਭੇਟਾਵਾਂ ਉਸ ਕੌਮ ਦੇ ਆਦਮੀਆਂ ਨੂੰ ਹੀ ਦਿੰਦੇ ਹਨ। ਉਸ ਬਜ਼ੁਰਗ ਦੇ ਚੇਲਿਆਂ ਵਿੱਚੋਂ ਪੀਰ ਕ਼ਿਆਮਉੱਦੀਨ ਧ੍ਰੋਂਕਲ ਵਿਖੇ ਰਹਿੰਦਾ ਹੈ। ਸੁਲਤਾਨ ਸਖੀ ਸਰਵਰ ਆਪ ਮੁਲਤਾਨ ਤੋਂ ਚਾਲੀ ਕੋਹ ਚਲ ਕੇ ਦਰਿਆ ਸਿੰਧ ਦੇ ਦੂਜੇ ਬੰਨੇ ਕੋਹ ਬਲੋਚਾਂ ਦੀ ਘਾਟੀ ਵਿੱਚ ਸੁਰਗਵਾਸ ਹੋਇਆ। ਉੱਥੇ ਉਸ ਦੀ ਕਬਰ ਤੀਰਥ-ਸਥਾਨ ਹੈ। ਲੋਕੀਂ ਉਸ ਥਾਂ ਨੂੰ ਖਾਨਗਾਹ ਕਹਿੰਦੇ ਹਨ। ਸਮਾਪਤ।

ਸਿਆਲਕੋਟ ਨਾਲ ਸੰਬੰਧਤ ਇਲਾਕਿਆਂ ਵਿਚੋਂ ਖੱਕੜ ਚੀਮਾ ਇੱਕ ਵੱਡਾ ਪਿੰਡ ਹੈ। ਆਮ ਕਰਕੇ ਉੱਥੇ 'ਸੱਚਰ' ਤੇ 'ਤੁਲੀ' ਜਾਤਾਂ ਦੇ ਖੱਤਰੀ ਵਸਦੇ ਹਨ। ਸ਼ਾਹ ਦੌਲਾ ਗੁਜਰਾਤੀ ਦਾ ਸਮਕਾਲੀ, ਮਸਤ ਫਕੀਰ ਸ਼ਾਹ ਜਮਾਲ ਇਸੇ ਥਾਂ ਹੋਇਆ ਹੈ। ਫ਼ਾਰਸੀ ਤੇ ਅਰਬੀ ਦੇ ਗਿਆਨ ਵਿੱਚ ਨਿਪੁੰਨ ਸਈਅਦ ਮੁਹੰਮਦ ਅਲੀ ਸ਼ਾਹ ਹਕੀਮ ਇਸੇ ਪਿੰਡ ਰਹਿੰਦਾ ਹੈ।

ਇਬਰਾਹੀਮ ਆਬਾਦ ਸੋਹਦਰਾ ਇਕ ਨੱਗਰ ਹੈ ਜਿਸ ਦੀ ਨੀਂਹ ਅਲੀ ਮਰਦਾਨ ਖਾਂ ਨੇ ਆਪਣੇ ਪੁੱਤਰ ਦੇ ਨਾਉਂ 'ਤੇ ਰੱਖੀ। ਇਹ ਸ਼ੁਰੂ ਵਿੱਚ 'ਚੀਮਾ' ਜ਼ਾਤ ਦੀ ਵਿਰਾਸਤ ਦਾ ਇਕ ਪਿੰਡ ਸੀ।

ਜਹਾਂਗੀਰ ਦੇ ਰਾਜ-ਕਾਲ ਵਿੱਚ ਉਥੇ ਚੌਧਰੀ ਕਮਾਲ ਰਹਿੰਦਾ ਸੀ। ਉਸ ਦਾ ਜਵਾਈ ਮਲਕ ਖੁਸਰੋ ਨੂੰ ਫੜਨ ਵਿੱਚ ਸ਼ਾਹੀ ਮੁਲਾਜ਼ਿਮਾਂ ਦਾ ਸਹਾਇਕ ਬਣਿਆ ਸੀ। ਸੋਹਦਰਾ ਪਰਗਣੇ ਦੀ ਕਾਨੂੰਗੋਈ 'ਸਾਹਨੀ' ਖੱਤਰੀਆਂ ਦੇ ਨਾਉਂ ਲੱਗੀ ਰਹੀ ਹੈ। ਖੱਤਰੀ ਕੌਮ ਦੀਆਂ 'ਚਤਰਥ' ਤੇ 'ਬਧਾਵਨ' ਆਦਿ ਜਾਤਾਂ ਦੇ ਲੋਕ ਭੀ ਉੱਥੋਂ ਦੇ ਵੱਡੇ ਆਦਮੀਆਂ ਵਿਚੋਂ ਹੋਏ ਹਨ। ਖੱਤਰੀਆਂ ਦੀਆਂ ਹੋਰ ਬਹੁਤ ਧਨਵਾਨ ਜ਼ਾਤਾਂ ਭੀ ਉੱਥੇ ਨਿਵਾਸ ਕਰਦੀਆਂ ਸਨ ਜਿਵੇਂ ਕਿ ਦਸਦੇ ਹਨ ਕਿ ਇੱਕ ਦਿਨ 'ਬਧਾਵਨ' ਖੱਤਰੀਆਂ ਦੀਆਂ ਇਸਤਰੀਆਂ ਵਜ਼ੀਰਾਬਾਦ ਤੋਂ ਸੋਹਦਰੇ ਨੂੰ ਆਉਂਦੀਆਂ ਸਨ। ਰਾਹ ਵਿੱਚ ਨਦੀ ਦੇ ਕੰਢੇ ਚਿੱਕੜ ਸੀ। ਬਧਾਵਨ ਖੱਤਰੀਆਂ ਦੀ ਇਕ ਭੋਲਾ ਦਈ ਨਾਮੀਂ ਇਸਤਰੀ ਉਨ੍ਹਾਂ ਦੇ ਨਾਲ ਸੀ। ਉਸ ਨੇ ਕਿਹਾ, "ਇਸ ਰਾਹ ਵਿੱਚ ਕਿੰਨਾ ਚਿੱਕੜ ਤੇ ਗਾਰਾ ਹੁੰਦਾ ਹੈ, ਇਸ ਵਿਚੋਂ ਲੰਘਣਾ ਬਹੁਤ ਕਠਿਨ ਹੈ"। ਇੱਕ ਇਸਤਰੀ ਨੇ ਉਸ ਨੂੰ ਤਾਹਨਾ ਮਾਰਿਆ, "ਤੂੰ ਪੁਲ ਬਣਵਾ ਕੇ ਲੰਘ" ਕਹਿੰਦੇ ਹਨ ਕਿ ਉਹ ਉਥੇ ਹੀ ਬੈਠ ਗਈ ਤੇ ਥੋੜ੍ਹੇ ਸਮੇਂ ਵਿੱਚ ਹੀ ਬਹੁਤ ਧੰਨ ਖਰਚ ਕੇ ਪੁਲ ਬਣਵਾਇਆ ਅਤੇ ਘਰ ਨੂੰ ਗਈ। ਅੱਜ ਤੱਕ ਉਸ ਪੁਲ ਦਾ ਨਾਮ ਭੋਲਾ ਦਈ ਦੇ ਨਾਉਂ 'ਤੇ ਚਲਿਆ ਆਉਂਦਾ ਹੈ। ਖਾਲਸੇ ਦੇ ਰਾਜ ਦੇ ਅਰੰਭ ਤੋਂ ਹੀ ਨੱਗਰ ਸੋਹਦਰਾ ਉਜੜਿਆ ਪਿਆ ਹੈ ਫਿਰ ਭੀ ਉਸ ਦੀ ਥੋੜ੍ਹੀ ਜਿਹੀ ਵਸੋਂ ਹੈ। ਉਥੇ ਲੁਧਿਆਣਾ ਨੱਗਰ ਤੇ ਪੁਣਛ ਚੱਠਾ ਤੋਂ ਕਾਫੀ 'ਚੋਪੜਾ' ਖੱਤਰੀ ਲੋਕ ਆ ਕੇ ਵਸੇ ਹੋਏ ਹਨ। ਉੱਥੇ ਪੁਰਾਣੇ ਸਮਿਆਂ ਦੇ ਬਣੇ ਦੋ ਦੇਵੀ ਦੁਆਰੇ ਹਨ। ਇੱਕ ਸ਼ਹਿਰੋਂ ਬਾਹਰ ਦੱਖਣ ਵੱਲ ਸੀਤਲਾ ਦੇਵੀ ਦਾ ਅਸਥਾਨ ਹੈ। ਅੱਜ ਕਲ੍ਹ ਉਥੇ ਅੱਥਰ ਮੱਲ ਮੁਨਸ਼ੀ ਨੇ ਆਪਣੇ ਪੱਲਿਉਂ ਕੁਝ ਇਮਾਰਤ ਬਣਵਾਈ ਹੈ। ਦੂਜਾ ਸ਼ਹਿਰ ਵਿਚ ਕਾਲਕਾ ਦੇਵੀ ਦਾ ਅਸਥਾਨ ਹੈ। ਇਨ੍ਹਾਂ ਦੋਵੇਂ ਦੇਵੀਦੁਆਰਿਆਂ ਦੇ ਪੁਜਾਰੀ ਸੰਤ ਨਾਨੂੰ ਤੇ ਸੰਤ ਮੋਹੜਾ ਹਨ। ਪਿਛਲੇ ਸਮਿਆਂ ਵਿੱਚ ਸੋਹਦਰਾ ਵਿਖੇ ਸਾਧੂ ਗੋਕਲ ਦਾਸ ਰਹਿੰਦਾ ਸੀ। ਉਹ ਜੋ ਕੁਝ ਕਹਿੰਦਾ ਸੀ ਉਹੋ ਹੋ ਜਾਂਦਾ ਸੀ। ਸਾਹਿਬ ਸਿੰਘ ਦੇ ਰਾਜ-ਪ੍ਰਬੰਧ ਸਮੇਂ ਸਾਈਂ-ਲੋਕ ਮਸਤਾਨ ਸ਼ਾਹ ਕਰਾਮਾਤੀ ਹੋਇਆ ਹੈ। ਪਿਛਲੇ ਸਮੇਂ ਮੁਗਲਾਂ ਦੇ ਰਾਜ-ਕਾਲ ਵਿੱਚ ਸੋਹਦਰਾ ਵਿਖੇ ਸੁੰਦਰ ਲਿਖਾਈ ਕਰਨ ਵਾਲੇ ਲਿਖਾਰੀ (ਕਾਤਿਬ) ਬਹੁਤ ਪ੍ਰਸਿੱਧ ਤੇ ਉੱਘੇ ਸਨ। ਸਮਾਪਤ।

ਪਰਗਣਾ ਸੋਹਦਰਾ ਨਾਲ ਸੰਬੰਧਤ ਇਲਾਕਿਆਂ ਵਿੱਚੋਂ ਸਾਹੂ ਵਾਲਾ, ਭੋਪਾਲ ਵਾਲਾ, ਕਾਇਆਂ ਵਾਲਾ, ਬੇਗੋ ਵਾਲਾ ਤੇ ਮਿੱਤਰਾਂ ਵਾਲੀ ਆਦਿ ਕੁੱਝ ਵੱਡੇ ਪਿੰਡ ਹਨ।

ਵਜ਼ੀਰਾਬਾਦ ਨਗਰ ਦੇ ਨਾਲ ਲਗਦਾ ਇਕ ਪਿੰਡ ਕੋਟਲਾ ਸ਼ੈਖੁਲਹਿੰਦ ਹੈ। ਜ਼ਮਾਨੇ ਦਾ ਪੂਰਨ ਵਲੀ ਸਈਅਦ ਅਹਿਮਦ ਸ਼ੈਖੁਲਹਿੰਦ ਬਹਾਦੁਰ ਸ਼ਾਹ ਦੇ ਰਾਜ-ਕਾਲ ਵਿਚ ਬਗ਼ਦਾਦ ਤੋਂ ਪੰਜਾਬ ਆ ਕੇ ਇਸੇ ਪਿੰਡ ਵਿਖੇ ਪ੍ਰਲੋਕ ਸਿਧਾਰਿਆ ਹੈ। ਬਹੁਤੇ ਮੁਸਲਮਾਨ ਉਨ੍ਹਾਂ ਦੇ ਮੁਰੀਦ ਤੇ ਸ਼ਰਧਾਲੂ ਹਨ। ਝਨਾ ਦਰਿਆ ਦੇ ਸ਼ਾਹੀ ਪਤਨ 'ਤੇ ਵਜ਼ੀਰਾਬਾਦ ਨੱਗਰ ਇਕ ਬਸਤੀ ਹੈ। ਬਾਦਸ਼ਾਹ ਸ਼ਾਹਜਹਾਨ ਦੇ ਅਮੀਰਾਂ ਵਜ਼ੀਰਾਂ ਵਿਚੋਂ ਹਕੀਮ ਇਲਮ ਉੱਦੀਨ ਨੇ, ਜਿਸ ਨੂੰ ਵਜ਼ੀਰ ਖਾਂ ਦੇ ਨਾਉਂ ਨਾਲ ਸੱਦਦੇ ਹਨ, ਸੰਨ ੧੦੪੫ ਹਿਜਰੀ ਵਿਚ ਇਸ ਨਗਰ ਦੀ ਨੀਂਹ ਰੱਖ ਕੇ ਆਪਣੇ ਨਾਉਂ 'ਤੇ ਵਸਾਇਆ ਹੈ। ਸੋਹਦਰਾ ਤੇ ਸਿਆਲਕੋਟ ਪਰਗਣਿਆਂ ਦੇ ਕੁਝ ਪਿੰਡ ਕੱਟ ਕੇ ਇਹ ਇੱਕ ਵਖਰਾ ਪਰਗਣਾ ਥਾਪਿਆ ਗਿਆ। ਵਜ਼ੀਰਾਬਾਦ ਨੱਗਰ ਦਾ ਫੌਜਦਾਰ ਬਦੀਅ-ਉਲ-ਜਮਾਂ ਇਸੇ ਥਾਂ ਹੀ ਕਾਲ ਵੱਸ ਹੋਇਆ। ਵਜ਼ੀਰਾਬਾਦ ਤੋਂ ਲਹਿੰਦੇ ਵਲ ਉਸ ਦਾ ਮਕ਼ਬਰਾ ਉਸ ਦੀ ਨਿਸ਼ਾਨੀ ਹੈ। ਕਹਿੰਦੇ ਹਨ ਕਿ ਮੁਹੰਮਦ ਸ਼ਾਹ ਦੇ ਰਾਜ-ਕਾਲ ਤੱਕ ਇਸ ਨੱਗਰ ਵਿੱਚ ਬਹੁਤ ਰੌਣਕ ਠੌਣਕ ਸੀ। ਖਾਲਸਿਆਂ ਦੇ ਰਾਜ-ਕਾਲ ਦੇ ਸ਼ੁਰੂ ਵਿੱਚ ਵਜ਼ੀਰਾਬਾਦ ਦੀ ਵਸੋਂ ਉਜੜ ਗਈ ਮਗਰੋਂ ਸ੍ਰ: ਗੁਰਬਖਸ਼ ਸਿੰਘ 'ਵੜਾਇਚ' ਤੇ ਉਸ ਦੇ ਪੁੱਤਰ ਜੋਧ ਸਿੰਘ ਨੇ ਇਸ ਸ਼ਹਿਰ ਨੂੰ ਨਵੇਂ ਸਿਰਿਉਂ ਉਸਰਵਾਇਆ ਅਤੇ ਇਸ ਸ਼ਹਿਰ ਵਿਚ ਬਹੁਤ ਰੌਣਕ ਹੋ ਗਈ। ਇਸੇ ਦੌਰਾਨ ਸੰਮਤ ੧੮੮੯ ਬਿਕਰਮੀ ਵਿੱਚ (ਮੁਤਾਬਿਕ ਸੰਨ ੧੮੩੨ ਈ:) ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ-ਕਾਲ ਵਿਚ ਅਵੀਤਾਬੀਲ (ਅਬਤਬੇਲਾ) ਸਾਹਿਬ ਬਹਾਦੁਰ ਨੇ, ਜੋ ਇਥੋਂ ਦਾ ਹਾਕਮ ਸੀ, ਲਹੌਰੀ ਦਰਵਾਜ਼ੇ ਵਾਲੇ ਪਾਸੇ ਨਵਾਂ 'ਰਾਮ

ਕਟੜਾ' ਬਣਵਾਕੇ, ਬਜ਼ਾਰ ਨੂੰ ਹੋਰ ਚੌੜਾ ਕਟਵਾਕੇ, ਸਰਕਾਰੀ ਸਰਾਂ ਦੇ ਅੱਠ ਦਰਾ ਬੁਰਜ ਤੇ ਬਾਰਾਂਦਰੀ ਮੁਰੰਮਤ ਕਰਵਾ ਕੇ ਅਤੇ ਸ਼ਹਿਰ ਨੂੰ ਮਨਮੋਹਣੇ ਢੰਗ ਨਾਲ ਸਜਾ ਕੇ ਇਸ ਦੀ ਸੁਹੱਪਣ ਨੂੰ ਹੋਰ ਭੀ ਵਧਾ ਦਿੱਤਾ। ਪਹਿਲੇ ਸੁਲਤਾਨਾਂ ਦੇ ਰਾਜ-ਕਾਲ ਵਿੱਚ ਇਥੋਂ ਦੀ ਕਾਨੂੰਗੋਈ 'ਸਾਹਨੀ' ਖੱਤਰੀਆਂ ਦੇ ਨਾਉਂ ਸੀ। ਸ਼ੇਖ ਕਾਕਾ ਉਸੇ ਜ਼ਾਤ ਵਿੱਚੋਂ ਹੈ। ਚਬੂਤਰਾ ਤੇ ਸਾਰੇ ਵਜ਼ੀਰਾਬਾਦ ਦੀ ਕਾਨੂੰਗੋਈ 'ਸਾਹਨੀ' ਖੱਤਰੀਆਂ ਦੇ ਨਾਉਂ ਲੱਗੀ ਹੋਈ ਹੈ। ਸਰਦਾਰ ਜੋਧ ਸਿੰਘ ਦੇ ਰਾਜ-ਪ੍ਰਬੰਧ ਸਮੇਂ ਬ੍ਰਾਹਮਣ ਕੌਮ ਦਾ ਜੈ ਸਿੰਘ ਕਾਨੂੰਗੋ ਉਸ ਨੱਗਰ ਵਿਖੇ ਬਹੁਤ ਪ੍ਰਸਿੱਧ ਵਿਅੱਕਤੀ ਸੀ। ਉਥੋਂ ਦੇ ਪੁਰਾਣੇ ਵੱਡੇ ਆਦਮੀਆਂ ਵਿੱਚੋਂ 'ਵਡਹਿਰਾ' ਜ਼ਾਤ ਦੇ ਲੋਕ ਹਨ। ਵਜ਼ੀਰ ਖਾਂ ਦੇ ਰਾਜ-ਕਾਲ ਤੋਂ ਲੈ ਕੇ ਜ਼ਮੀਨ ਦਾ ਮਸੂਲ 'ਧਰਤ' ਸਰਕਾਰ ਵਲੋਂ ਉਨ੍ਹਾਂ ਦੇ ਨਾਉਂ ਲੱਗਿਆ ਰਿਹਾ। ਉੱਥੇ ਉਨ੍ਹਾਂ ਸਾਰਿਆਂ ਵਿੱਚੋਂ ਦਰਬਾਰੀ ਮੱਲ 'ਵਡਹਿਰਾ' ਜਿਸ ਦੀ ਵੰਸਾਵਲੀ ਮਹਿਤਾ ਕੀਕਾ ਮੱਲ ਨਾਲ ਮਿਲਦੀ ਹੈ, ਉੱਥੇ ਪ੍ਰਸਿੱਧ ਹੋਇਆ ਹੈ। ਭਾਵੇਂ ਉੱਥੇ ਹਰ ਜ਼ਾਤ ਦੇ ਖੱਤਰੀ ਲੋਕ ਰਹਿੰਦੇ ਹਨ ਪਰੰਤੂ 'ਦੁੱਗਲ' ਜ਼ਾਤ ਦੇ ਖੱਤਰੀ ਭੀ ਉਥੋਂ ਦੇ ਪੁਰਾਣੇ ਵਸਨੀਕਾਂ ਵਿਚੋਂ ਹਨ। ਦੱਸਦੇ ਹਨ ਕਿ ਸੰਨ ੧੧੩੦ ਹਿਜਰੀ ਵਿਚ ਨੱਗਰ ਵਜ਼ੀਰਾਬਾਦ ਵਿਖੇ ਸਰਾਂ ਦੇ ਨਾਲ ਲਗਦੀ ਹਰੀਆ ਨਾਮੀਂ 'ਦੁੱਗਲ' ਦੀ ਦੁਕਾਨ ਹੁੰਦੀ ਸੀ ਜਿੱਥੇ ਉਹ ਚੀਜ਼ਾਂ ਖਰੀਦਦਾ ਤੇ ਵੇਚਦਾ ਹੁੰਦਾ ਸੀ। ਉਹ ਸਾਧੂਆਂ ਤੇ ਰੱਬ ਦੇ ਪਿਆਰੇ ਸਾਈਂ-ਲੋਕਾਂ ਦੀ ਸੇਵਾ ਕਰਦਾ ਅਤੇ ਉਨ੍ਹਾਂ ਕੋਲ ਪੁੱਤਰ ਪੈਦਾ ਹੋਣ ਦੀ ਇੱਛਾ ਤੇ ਬੇਨਤੀ ਕਰਦਾ ਹੁੰਦਾ ਸੀ। ਸਬੱਬ ਨਾਲ ਗੁਸਾਈਂ ਰਘੂਨਾਥ ਗਿਰ ਸੰਨਿਆਸੀ ਬਨਾਰਸ ਤੇ ਕਾਂਸ਼ੀ ਵਲੋਂ ਤੁਰਦਾ ਫਿਰਦਾ ਉਸ ਦੇ ਭਾਗਾਂ ਨੂੰ ਉੱਥੇ ਆ ਪੁੱਜਿਆ। ਉਸ ਨੂੰ ਬੇਟਾ ਹੋਣ ਦੀ ਖੁਸ਼ਖਬਰੀ ਨਾਲ ਪ੍ਰਸੰਨ ਹੀ ਨਹੀਂ ਕੀਤਾ, ਸਗੋਂ ਉਸ ਨੂੰ ਆਪਣਾ ਖਾਸ ਚੇਲਾ ਬਣਾ ਕੇ ਮਨ ਦੀ ਸੁੱਧੀ ਭੀ ਬਖਸ਼ੀ ਅਤੇ ਖੁਦਾਸ਼ਨਾਸੀ ਵਿਚ ਬਾਬਾ ਹਰੀਆ ਦਾ ਨਾਮ ਪ੍ਰਸਿੱਧ ਹੋ ਗਿਆ। ਉਸਤਤਯੋਗ ਗੁਸਾਈਂ ਦੇ ਹੁਕਮ ਦੀ ਬਰਕਤ ਨਾਲ ਉਸ ਦੇ ਘਰ ਜਗਦੀਸ਼ ਨਾਮੀਂ ਇਕ ਪੁੱਤਰ ਹੋਇਆ। ਉਸ ਦਾ ਬੇਟਾ ਲਛਮੀ ਦਾਸ, ਲੱਛਮੀ ਦਾਸ ਦਾ ਪੁੱਤਰ ਕਿਸ਼ਨ ਕੌਰ ਤੇ ਕਿਸ਼ਨ ਕੌਰ ਦਾ ਬੇਟਾ ਭਾਗਵਾਨ ਮੁਨਸ਼ੀ ਸ਼ਿਵ ਦਿਆਲ ਹੋਇਆ। ਸ਼ਿਵ ਦਿਆਲ ਨੇ ਵਜ਼ੀਰਾਬਾਦ ਵਿਖੇ ਚੰਗੇ ਸੁਭਾ ਸਦਕਾ ਨਾਮਣਾ ਖੱਟਿਆ। ਬਾਹਲੇ ਬੇਰੁਜ਼ਗਾਰ ਮੁਨਸ਼ੀ ਮਸੱਦੀ ਤੇ ਸਫੈਦ ਪੋਸ਼ ਉਸ ਦੇ ਵਸੀਲੇ ਨਾਲ ਜੀਵਨ ਨਿਰਬਾਹ ਕਰਦੇ ਸਨ। ਪ੍ਰਮਾਤਮਾ ਨੇ ਉਸ ਨੂੰ ਅੱਠ ਲਾਇਕ ਬੇਟੇ ਬਖਸ਼ੇ, ਦੀਵਾਨ ਸ਼ੰਕਰਦਾਸ, ਮੱਈਆ ਦਾਸ, ਘਨੱਈਆ ਲਾਲ, ਜਵਾਹਰ ਮੱਲ, ਰਾਮ ਨਰੈਣ, ਸ਼ਾਮ ਦਾਸ, ਤਿਰਕਤਾ ਸਹਾਏ ਤੇ ਗੋਬਿੰਦ ਸਹਾਏ। ਇਨ੍ਹਾਂ ਵਿਚੋਂ ਹਰੇਕ ਰਸੂਖ ਵਾਲਾ ਵਿਅੱਕਤੀ ਸੀ। ਅੱਜ ਕਲ੍ਹ ਸਾਰੇ ਭਾਈਆਂ ਵਿਚੋਂ ਉੱਪਰ ਦੱਸੇ ਲਾਲਾ ਘਨੱਈਆ ਲਾਲ ਦਾ ਪੁੱਤਰ ਲਾਲਾ ਰਤਨ ਚੰਦ 'ਦੁੱਗਲ' ਮਾਣ ਇੱਜ਼ਤ ਵਾਲਾ ਪ੍ਰਸਿੱਧ ਵਿਅੱਕਤੀ ਹੈ। ਵਜ਼ੀਰਾਬਾਦ ਨੱਗਰ ਵਿੱਚ ਗੁਸਾਈਂ ਰਘੂਨਾਥ ਗਿਰ ਦੀ ਸੰਤਾਨ ਭੀ ਕਾਫੀ ਵਧ ਫੁੱਲ ਗਈ ਹੈ। ਕਹਿੰਦੇ ਹਨ ਕਿ ਉਸਤਤ ਯੋਗ ਗੁਸਾਈਂ ਦਾ ਨਾਉਂ ਰਾਮ ਕਿਸ਼ਨ ਸੀ। ਉਹ 'ਜੋਸ਼ੀ' ਜ਼ਾਤ ਦਾ ਬ੍ਰਾਹਮਣ ਸੀ। ਉਸ ਨੂੰ ਇਕ ਪੂਰਨ ਬ੍ਰਾਹਮ ਗਿਆਨੀ ਸਵਾਮੀ ਚੇਤਨ ਗਿਰ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਉਸ ਨੇ ਖੁਦਾਸ਼ਨਾਸੀ ਦੇ ਦਰਜੇ ਨੂੰ ਪਾ ਲਿਆ। ਬਖਸ਼ਿਸ਼ਾਂ ਦੇ ਮਾਲਕ ਉਸ ਦੇ ਕ੍ਰਿਪਾਲੂ ਗੁਰੂ ਨੇ ਉਸ ਨੂੰ ਗੁਸਾਈਂ ਰਘੂਨਾਥ ਗਿਰ ਦੀ ਪਦਵੀ ਬਖਸ਼ੀ। ਉਹ ਆਮ ਕਰਕੇ ਜਵਾਲਾ ਮੁਖੀ ਪਹਾੜਾਂ ਵਲ ਸਥਿੱਤ ਬਨਖੰਡੀ ਦੇ ਅਸਥਾਨ 'ਤੇ ਰਹਿੰਦਾ ਸੀ ਤੇ ਉਥੇ ਹੀ ਸੁਰਗਵਾਸ ਹੋਇਆ। ਉੱਥੇ ਉਸ ਦੀ ਸਮਾਧ ਨੂੰ ਲੋਕੀਂ ਮੱਥਾ ਟੇਕਦੇ ਹਨ। ਉਸ ਬਰਕਤੀਲੇ ਗੁਸਾਈਂ ਰਘੂਨਾਥ ਗਿਰ ਦੇ ਘਰ ਸ਼ਿਵ ਨਾਥ ਜੀ ਪੈਦਾ ਹੋਇਆ ਤੇ ਵਜ਼ੀਰਾਬਾਦ ਵਿਖੇ ਰਹਿਣ ਲੱਗ ਪਿਆ। ਉਹ ਭੀ ਪਿਤਾ ਵਾਂਗ ਗੈਬੀ ਗੱਲਾਂ ਦਾ ਜਾਣੂ ਹੋਣ ਤੇ ਕਰਾਮਾਤਾਂ ਸਦਕਾ ਪ੍ਰਸਿੱਧ ਹੋਇਆ। ਉਸ ਦੇ ਬੇਟਿਆਂ ਵਿੱਚੋਂ ਪੂਰਾਨ ਨਾਥ ਬਰਕਤ ਵਾਲਾ ਹੋਇਆ ਹੈ। ਉਸ ਦੇ ਭੀ ਦੋ ਪੁੱਤਰ ਹੋਏ, ਭੋਲਾ ਨਾਥ ਤੇ ਪਿਰਥੀ ਨਾਥ। ਗੋਪੀ ਨਾਥ ਦਾ ਆਗਿਆਕਾਰ ਬੇਟਾ ਭੋਲਾ ਨਾਥ ਸਾਹਿਬ ਹੈ। ਸ਼ੰਭੂ ਨਾਥ ਤੇ ਮਥਰਾ ਨਾਥ ਪਿਰਥੀ ਨਾਥ ਸਾਹਿਬ ਦੇ ਬੇਟੇ ਹਨ। ਉਹ ਨਰਮ-ਦਿਲ ਅਤੇ ਸਾਧੂ-ਸੁਭਾ ਹੋਣ ਸਦਕਾ ਸਾਰਿਆਂ ਨਾਲ ਅਪਣੱਤ ਰੱਖਦੇ ਹਨ। ਬਾਬਾ

ਹਰੀਆ 'ਦੁੱਗਲ' ਦੀ ਸੰਤਾਨ ਉਨ੍ਹਾਂ ਦੇ ਘਰਾਣੇ ਦੀ ਸ਼ਰਧਾਲੂ ਹੈ। ਉਨ੍ਹਾਂ ਤੋਂ ਬਿਨਾਂ ਹੋਰ ਆਮ ਖੱਤਰੀ ਲੋਕ ਭੀ ਰੱਬੀ ਭੇਦਾਂ ਨੂੰ ਪਰਗਟਾਉਣ ਵਾਲੇ ਇਸ ਘਰਾਣੇ 'ਤੇ ਸ਼ਰਧਾ ਰੱਖਦੇ ਹਨ। ਸਮਾਪਤ।

'ਕੋਹਲੀ' ਜ਼ਾਤ ਦੇ ਖੱਤਰੀ ਲੋਕ ਭੀ ਇਸ ਸ਼ਹਿਰ ਦੇ ਪੁਰਾਣੇ ਵਸਨੀਕਾਂ ਵਿੱਚੋਂ ਹਨ ਜਿਵੇਂ ਕਿ ਉੱਥੋਂ ਦੇ ਸ਼ਾਹੂਕਾਰਾਂ ਤੇ ਧਨਵਾਨਾਂ ਵਿਚੋਂ ਮੋਹਰਾ ਸ਼ਾਹ 'ਕੋਹਲੀ' ਪ੍ਰਸਿੱਧ ਹੈ। ਉੱਥੇ ਭਾਨਾ ਸ਼ਾਹ 'ਅਰੋੜਾ' ਭੀ ਧੰਨਵਾਨ ਹੋਣ ਕਰਕੇ ਪ੍ਰਸਿੱਧ ਸੀ। ਰਾਜ ਕੌਰ 'ਕੋਹਲੀ' ਦੀ ਧਰਮ ਪਤਨੀ ਜਿਸ ਦਾ ਨਾਉਂ ਜਿਉਣੀ ਸੀ ਤੇ ਜਿਸ ਨੂੰ ਆਪਣੇ ਪਿਆਰੇ ਪਤੀ ਨਾਲ ਬਹੁਤ ਜ਼ਿਆਦਾ ਪਿਆਰ ਤੇ ਸਨੇਹ ਸੀ, ਆਪਣੇ ਜਵਾਨ ਪਤੀ ਦੀ ਮੌਤ ਉਪ੍ਰੰਤ ਸੰਮਤ ੧੮੮੭ ਬਿਕਰਮੀ ਦੇ ਹਾੜ ਮਹੀਨੇ (ਮੁਤਾਬਿਕ ਸੰਨ ੧੮੩੦ ਈ:) ਵਿਚ ਆਪ ਭੀ ਉਸ ਦੇ ਨਾਲ ਸਤੀ ਹੋ ਗਈ। ਗੁਜਰਾਤ ਦੇ ਰਾਹ ਵਿਚ ਪਿਲਖੂ ਨਦੀ ਦੇ ਕੰਢੇ 'ਤੇ ਉਸ ਦੀ ਸਮਾਧ ਹਿੰਦੂਆਂ ਲਈ ਪੂਜਾ-ਸਥਾਨ ਹੈ। ਉਸ ਦੇ ਲਾਗੇ ਮਹਾਂਦੇਵ ਦਾ ਇੱਕ ਮੰਦਰ ਉਸੇ ਸਾਲ ਉਸਰਵਾਇਆ ਗਿਆ। ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ-ਕਾਲ ਵਿਚ ਬਾਹਲੇ ਪ੍ਰਸਿੱਧ ਵਿਅੱਕਤੀਆਂ ਨੇ ਸ਼ਹਿਰੋਂ ਬਾਹਰ ਫਲਦਾਰ ਬਾਗ਼ ਬਗੀਚੇ ਲਗਵਾ ਕੇ ਆਪਣੇ ਨਾਵਾਂ ਨੂੰ ਉੱਘਾ ਕੀਤਾ ਹੈ। ਜਿਵੇਂ ਕਿ ਸ਼ਹਿਰ ਦੇ ਨਾਲ ਲਗਦਾ ਕ੍ਰਿਪਾ ਰਾਮ 'ਚੋਪੜਾ' ਦਾ ਬਾਗ਼ ਪ੍ਰਸਿੱਧ ਹੈ। ਜੰਮੂ ਦੇ ਮਾਲਕ ਮਹਾਰਾਜਾ ਗੁਲਾਬ ਸਿੰਘ ਬਹਾਦੁਰ ਦੇ ਮੁਲਾਜ਼ਿਮ ਦੀਵਾਨ ਠਾਕਰ ਦਾਸ 'ਚੋਪੜਾ' ਦਾ ਬਾਗ਼ ਭੀ ਮਨਮੋਹਣੀ ਜਗ੍ਹਾ ਹੈ। ਕਿਸ਼ਨ ਕੌਰ 'ਬਾਣੀਆ' ਦਾ ਬਾਗ਼ ਭੀ ਮਨਮੋਹਣੀ ਜਗ੍ਹਾ ਹੈ। ਕਿਸ਼ਨ ਕੌਰ 'ਬਾਣੀਆ' ਦਾ ਬਾਗ਼, ਲੋਰੀਂਦੀ ਸ਼ਾਹ 'ਅਰੋੜਾ' ਪੁੱਤਰ ਭਾਨਾ ਸ਼ਾਹ ਦਾ ਬਾਗ਼, ਖੁਸ਼ਹਾਲ ਸਿੰਘ ਜਮਾਦਾਰ ਤੇ ਉੱਤਮ ਸਿੰਘ ਛਾਛੀ ਦੇ ਬਾਗ ਭੀ ਮਨ ਨੂੰ ਖੁਸ਼ ਕਰਨ ਵਾਲੇ ਹਨ। ਸਰਾਏ ਵਜ਼ੀਰਾਬਾਦ ਭੀ ਜਿੱਥੇ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਠਹਿਰਦੀ ਹੁੰਦੀ ਸੀ, ਮਨ-ਪਸੰਦ ਥਾਂ ਹੈ। ਇਸ ਸਰਾਂ ਵਿਚ ਵਿਚ ਇਕ ਸੁੰਦਰ ਬਾਗ਼ ਤੇ ਇਕ ਉੱਚਾ ਬੁਰਜ ਹੈ। ਭਾਵੇਂ ਉੱਥੇ ਗੁਰਦਵਾਰੇ ਤੇ ਠਾਕਰ ਦੋਵਾਰੇ ਬਹੁਤ ਹਨ ਪਰੰਤੂ ਗੁਰੂ ਹਰ ਗੋਬਿੰਦ ਸਾਹਿਬ ਦਾ ਗੁਰਦਵਾਰਾ ਜਿਸ ਨੂੰ 'ਕੋਠਾ ਗੁਰੂ' ਕਹਿੰਦੇ ਹਨ ਪੁਰਾਣਾ ਪੂਜਾ-ਸਥਾਨ ਹੈ। ਬਾਬਾ ਲਾਲ ਦੇ ਚੇਲਿਆਂ ਦਾ ਇਕ ਸਥਾਨ ਲਾਲ-ਦਵਾਰਾ ਭੀ ਉਥੇ ਪ੍ਰਸਿੱਧ ਹੈ। ਸ਼ਹਿਰ ਵਿਚਕਾਰ ਇਕ ਦੋ ਠਾਕਰਦਵਾਰੇ ਜੀ ਕਿਸਨੀਏ ਸਾਧਾਂ ਦੇ ਭੀ ਹਨ ਜੋ ਆਪਣੇ ਆਪ ਨੂੰ ਸ੍ਰੀ ਕ੍ਰਿਸ਼ਨ ਅਵਤਾਰ ਦੇ ਪੁਜਾਰੀ ਮੰਨਦੇ ਹਨ। ਇਸ ਵੇਲੇ ਰਤਨ ਚੰਦ 'ਦੁੱਗਲ' ਨੇ ਸੰਮਤ ੧੯੯੬ ਬਿਕਰਮੀ (ਮੁਤਾਬਿਕ ਸੰਨ ੧੮੩੯ ਈ:) ਨੂੰ ਸ੍ਰੀ ਮਹਾਦੇਵ ਦੇ ਮੰਦਰ ਦੀ ਮੁਰੰਮਤ ਕਰਵਾਈ ਹੈ ਅਤੇ ਗੁਸਾਈਂ ਸ਼ੰਭੂ ਨਾਥ ਤੇ ਮਥਰਾ ਨਾਥ ਇਸ ਅਸਥਾਨ ਦੇ ਪੁਜਾਰੀ ਹਨ। ਉਦਾਸੀ ਸਾਧੂਆਂ ਵਿਚੋਂ ਭਾਈ ਮੱਖਣ ਸਿੰਘ, ਜੋ ਆਤਮ ਗੁਣਾ ਤੇ ਅਦਵੈਤੀ ਹੋਣ ਕਰਕੇ ਜ਼ਮਾਨੇ ਵਿਚ ਪ੍ਰਸਿੱਧ ਸੀ, ਹਿੰਦੂ ਮੱਤ ਤੇ ਦੇਸੀ ਹਿਕਮਤ ਦੇ ਗਿਆਨ ਵਿਚ ਨਿਪੁੰਨ ਸੀ। ਲਾਲਾ ਗੋਪਾਲ ਸਹਾਏ 'ਵਡਹਿਰਾ' ਦੇਸੀ ਹਕੀਮੀ (ਆਯੁਰਵੈਦਿਕ) ਦੇ ਗਿਆਨ ਤੇ ਸ਼ਤਰੰਜ ਖੇਡਣ ਦੇ ਕਰਤੱਬ ਵਿਚ ਜਾਦੂ ਦਾ ਅਸਰ ਰੱਖਦਾ ਸੀ। ਉਹ ਇਨ੍ਹਾਂ ਦੋਹਾਂ ਹੁਨਰਾਂ ਵਿਚ ਲਾਸਾਨੀ ਸੀ। ਮੁਨਸ਼ੀ ਨੌਨਿਧ ਰਾਏ, ਜੋ ਗਦ ਰਚਨਾ ਵਿਚ ਪੂਰਾ ਮਾਹਿਰ ਸੀ, ਸੱਚ ਦਾ ਪੁਜਾਰੀ ਤੇ ਸਾਧੂ ਪੁਰਸ਼ ਸੀ। ਭਾਈ ਅਬਨਾਸ਼ਾ ਸਿੰਘ ਗੁੰਬੀ 'ਉੱਪਲ' ਖੱਤਰੀ ਸੰਤੋਖੀ ਆਦਮੀ ਸੀ। ਅੱਜ ਤੱਕ ਉਸ ਦੇ ਖਾਨਦਾਨ ਵਿਚ ਸਬਰ ਤੇ ਸੰਤੋਖ ਕਰਨ ਦਾ ਦਸਤੂਰ ਇਸ ਹੱਦ ਤੱਕ ਜਾਰੀ ਹੈ ਕਿ ਉਹਨਾਂ ਦੇ ਜਵਾਨ ਪੁੱਤਰ ਮਰਨ ਉਪ੍ਰੰਤ ਪੁਰਸ਼ ਤੇ ਉਹਨਾਂ ਦੀਆਂ ਇਸਤਰੀਆਂ ਪਰਮਾਤਮਾ ਦੇ ਭਾਣੇ ਵਿਚ ਰਹਿੰਦੇ ਹੋਏ ਰੋਣਾ ਧੋਣਾ, ਪਿਟ ਪਟੋਕਾ ਤੇ ਸੋਗ ਆਦਿ, ਜਿਹਾ ਕਿ ਹੋਰ ਲੋਕਾਂ ਵਿਚ ਪ੍ਰਚਲਤ ਹੈ, ਨਹੀਂ ਕਰਦੇ ਹਨ। ਬਾਬਾ ਨਰੈਣ ਦਾਸ ਬ੍ਰਾਹਮਣ ਭੀ ਆਤਮਦਰਸ਼ੀ ਹੋਇਆ ਹੈ। ਉਹ ਪਿਲਖੂ ਦੇ ਨਾਉਂ ਨਾਲ ਪ੍ਰਸਿੱਧ ਨਦੀ ਦੇ ਕੰਢੇ ਪੂਰਬ ਵਲ ਇਕਾਂਤ ਕੁਟੀਆ ਬਣਾ ਕੇ ਆਪਣੇ ਆਪ ਵਿਚ ਲੀਨ ਰਹਿੰਦਾ ਸੀ। ਉੱਥੇ ਬਗੀਚਾ ਤੇ ਠਾਕਰ ਦੁਆਰਾ ਉਸ ਦੀ ਨਿਸ਼ਾਨੀ ਹੈ। ਅੱਜ ਕੱਲ ਉਸ ਦਾ ਬੇਟਾ ਸੁਖਬਾਸ਼ੀ ਰਾਮ ਭੀ ਤਪੱਸਿਆ ਕਰਨ ਵਿਚ ਲੱਗਿਆ

ਹੋਇਆ ਹੈ । ਰਾਮ ਗੁਜਰਾਤੀ ਬ੍ਰਾਹਮਣ ਵੇਦਾਂ ਦੇ ਗਿਆਨ ਦਾ ਜਾਣੂ ਤੇ ਭਾਰਤੀ ਜੋਤਿਸ਼ ਵਿਦਿਆ ਵਿਚ ਚੰਗਾ ਮਾਹਿਰ ਸੀ । ਅੱਜ ਕੱਲ੍ਹ ਅਮੀਰ ਚੰਦ 'ਬ੍ਰਾਹਮਣ', ਜੋਤਿਸ਼ ਵਿਦਿਆ, ਗਣਿਤ ਗਿਆਨ ਤੇ ਹਿੰਦੂ ਧਰਮ ਦੇ ਸਿਧਾਂਤ ਜਾਣਨ ਵਿਚ ਉਥੋਂ ਦੇ ਸਾਰੇ ਵਸਨੀਕਾਂ ਵਿਚੋਂ ਸਿਰਕੱਢ ਹੈ । ਮੀਆਂ ਫ਼ਜ਼ਲ ਫ਼ਾਰਸੀ ਦੀਆਂ ਆਮ ਚਾਲੂ ਪੁਸਤਕਾਂ ਦੇ ਗਿਆਨ, ਅਲੰਕ੍ਰਿਤ ਗੱਦ ਲਿਖਣ ਤੇ ਸੁੰਦਰ ਲਿਖਤ ਕਰਨ ਵਿਚ ਸਾਰਿਆਂ ਨਾਲੋਂ ਅੱਗੇ ਸੀ । ਵਜ਼ੀਰਾਬਾਦ ਦੇ ਬਾਹਲੇ ਮੁਨਸ਼ੀ (ਲਿਖਾਰੀ) ਉਸ ਦੇ ਸ਼ਾਗਿਰਦ ਹਨ । ਹਕੀਮ ਗੁਲ-ਅਹਿਮਦ ਹਿਕਮਤ ਵਿਚ ਬਹੁਤ ਜ਼ਿਆਦਾ ਮਾਹਿਰ ਸੀ । ਫ਼ਕੀਰ ਇਮਾਮ ਸ਼ਾਹ ਅੰਦਰਮੁਖੀ ਤੇ ਬਾਹਰਮੁਖੀ ਗਿਆਨਾਂ ਦਾ ਚੰਗਾ ਗਿਆਤਾ ਸੀ। ਕਮਾਲ ਸ਼ਾਹ ਭੀ ਮਨ ਵਸ ਕਰਨ ਦੇ ਹੁਨਰ ਵਿਚ ਅਨਭਵੀ ਸੀ । ਉਸ ਦਾ ਸ਼ਰਧਾਲੂ ਮੁਲਾਂ ਗ਼ੁਲਾਮ ਮੁਸਤਫਾ ਉਸ ਦੇ ਅਨੋਖੇ ਕੰਮਾਂ ਬਾਰੇ ਬਹੁਤ ਸਾਰੀਆਂ ਕਹਾਣੀਆਂ ਦਸਦਾ ਹੈ । ਮੁੱਲਾਂ ਅਬਦੁਲ ਰਹਿਮਾਨ ਦੀਨੀ ਗਿਆਨ ਵਿਚ ਮਾਹਿਰ ਸੀ ਤੇ ਆਪਣੇ ਮਜ਼ਬ ਦਾ ਹਦੋਂ ਵੱਧ ਪੱਖ ਕਰਦਾ ਸੀ । ਉਦਾਸੀ ਸਾਧੂ ਬਾਬਾ ਸੰਤ ਦੀ ਕੁਟੀਆ ਸ਼ਹਿਰੋਂ ਬਾਹਰ ਪੱਛਮ ਵਾਲੇ ਪਾਸੇ ਸੀ ਤੇ ਉਹ ਉੱਥੇ ਭਗਤੀ ਕਰਨ ਵਿਚ ਲੱਗਾ ਰਹਿੰਦਾ ਸੀ । ਉਸ ਦਾ ਅਖਾੜਾ ਅਜ ਤਕ ਕਾਇਮ ਹੈ । ਲਾਲਾ ਨਵਾਹੂ ਰਾਮ ਖੱਤਰੀ 'ਵੈਦ' ਬਹੁਤ ਕ੍ਰਿਪਾਲੂ ਸੁਭਾ ਵਾਲਾ ਮਨੁੱਖ ਸੀ ਜੋ ਹਰ ਫਿਰਕੇ ਦੇ ਸਾਧੂ ਸੰਤਾਂ ਦੀ ਲੰਗਰ ਪਾਣੀ ਨਾਲ ਚੰਗੀ ਤਰ੍ਹਾਂ ਸੇਵਾ ਕਰਦਾ ਹੁੰਦਾ ਸੀ । ਲਾਹੌਰ ਦੇ ਰਾਹ 'ਤੇ ਪਿੰਡ ਤਲਵੰਡੀ ਤੇ ਪਿੰਡ ਨੱਤ ਦੇ ਨਾਲ ਲਗਦੀ ਬਾਉਲੀ ਉਸ ਦੀ ਨਿਸ਼ਾਨੀ ਹੈ । ਅਹਿਮਦ ਸ਼ਾਹ ਬਾਦਸ਼ਾਹ ਦੇ ਰਾਜ-ਕਾਲ ਵਿਚ ਮਲੇਰ ਕੋਟਲੇ ਦੇ ਬਜ਼ੁਰਗਾਂ ਵਿਚੋਂ ਬਾਕ਼ੀ ਸ਼ਾਹ ਔਲੀਆ ਵਜ਼ੀਰਾਬਾਦ ਨੱਗਰ ਵਿਖੇ ਪਾਰ ਦਰਸ਼ੀ ਤੇ ਕਰਾਮਾਤੀ ਵਿਅੱਕਤੀ ਹੋਇਆ ਹੈ । ਉਹ ਜਿਸ ਵਿਅੱਕਤੀ ਵਲ ਭੀ ਨਿਗ੍ਹਾ ਕਰਦਾ ਸੀ ਰੱਬੀ ਏਕਤਾ ਦੇ ਰੰਗ ਵਿਚ ਰੰਗਿਆ ਜਾਂਦਾ ਸੀ । ਬਹੁਤੇ ਵਿਅੱਕਤੀਆਂ ਨੇ ਉਸ ਦੀ ਨਿਗ੍ਹਾ ਦੀ ਰਹਿਮਤ ਤੋਂ ਲਾਭ ਉਠਾਉਂਦਿਆਂ ਹੋਇਆਂ ਖੁਦਾਸ਼ਨਾਸੀ ਦੇ ਰੁਤਬੇ ਨੂੰ ਪਾਇਆ । ਉਹਨਾਂ ਸਾਰਿਆਂ ਵਿਚੋਂ ਤਿੰਨ ਵਿਅੱਕਤੀ ਬ੍ਰਹਮਗਿਆਨੀ ਤੇ ਪੂਰਨ ਪਵਿੱਤਰ ਆਤਮਾ ਵਾਲੇ ਹੋਏ ਹਨ । ਪਹਿਲਾ ਦਾਇਮ ਸ਼ਾਹ ਜਿਸ ਦੀ ਖਾਨਗਾਹ ਵਜ਼ੀਰਾਬਾਦ ਵਿਖੇ ਲਾਹੌਰੀ ਦਰਵਾਜ਼ੇ ਦੇ ਨੇੜੇ ਰਾਮ ਕਟੜੇ ਵਿਚਕਾਰ ਉਸਤਤ ਯੋਗ ਬਾਕ਼ੀ ਸ਼ਾਹ ਦੇ ਮਕਬਰੇ ਦੇ ਨਾਲ ਲਗਦੀ ਸਥਿੱਤ ਹੈ । ਦੂਜਾ ਹਜ਼ਰਤ ਹਾਫਿਜ਼ ਹਯਾਤ, ਜਿਸ ਦਾ ਜ਼ਿਕਰ ਗੁਜਰਾਤ ਇਲਾਕੇ ਦੇ ਬਿਆਨ ਵਿਚ ਕੀਤਾ ਜਾ ਚੁੱਕਾ ਹੈ । ਤੀਜੀ ਮਾਈ ਦੂਰਗੋ ਨਾਮੀਂ ਹਿੰਦੂ ਇਸਤਰੀ, ਜੋ ਸੁਨਿਆਰਿਆਂ ਦੀ ਕੌਮ ਵਿਚੋਂ ਸੀ, ਬਾਕ਼ੀ ਸ਼ਾਹ ਦੀ ਸੇਵਾ ਕਰਨ ਸਦਕਾ ਅਦਵੈਤਵਾਦ ਦੀ ਸ਼ਰਾਬ ਨਾਲ ਮਸਤ ਹੋ ਕੇ ਸਾਰੇ ਫਕੀਰਾਂ 'ਚੋਂ ਬਾਜ਼ੀ ਲੈ ਗਈ । ਸ਼ਾਹ-ਜਹਾਨ ਬਾਦਸ਼ਾਹ ਦੇ ਰਾਜ-ਕਾਲ ਵਿਚ ਬੈਰਾਗੀ ਸਾਧ ਹੀਰਾ ਨੰਦ 'ਕੋਹਲੀ' ਭੀ ਅਧਿਆਤਮਿਕ ਵਿਅੱਕਤੀ ਹੋਇਆ ਹੈ । ਪਹਿਲਾਂ ਉਹ ਗੁਜਰਾਤ ਨੱਗਰ ਵਿਖੇ ਰਿਹਾ ਅਤੇ ਮਗਰੋਂ ਵਜ਼ੀਰਾਬਾਦ ਨੱਗਰ 'ਚ ਆ ਕੇ ਵਸ ਗਿਆ । ਮੁਗਲਾਂ ਦੀ ਵਿਰਾਸਤ ਦਾ ਵਜ਼ੀਰਾਬਾਦ ਦੇ ਨਾਲ ਲੱਗਦਾ ਇਕ ਪਿੰਡ ਨਜ਼ਾਮਾ-ਬਾਦ ਹੈ । ਉੱਥੇ ਅਤੀ ਮਿੱਠੇ ਅੰਬਾਂ ਦੇ ਬਾਗ ਹਨ ।

ਐਮਨਾਬਾਦ ਇਕ ਨੱਗਰ ਹੈ ਜਿਹੜਾ ਅਕਬਰ ਬਾਦਸ਼ਾਹ ਦੀ ਹਕੂਮਤ ਦੇ ਸਮੇਂ ਸੰਨ ੯੯੧ ਹਿਜਰੀ (ਮੁਤਾਬਿਕ ਸੰਨ ੧੫੮੩ ਈ:) ਵਿਚ ਮੁਹੰਮਦ ਅਮੀਨ ਫੌਜਦਾਰ ਦੀ ਕੋਸ਼ਿਸ਼ ਨਾਲ ਅਬਾਦ ਹੋਇਆ । ਖੱਤਰੀਆਂ ਦੀਆਂ ਬਾਹਲੀਆਂ ਜ਼ਾਤਾਂ ਦੇ ਲੋਕ ਉੱਥੇ ਰਹਿੰਦੇ ਹਨ । ਖੱਤਰੀਆਂ ਦੀਆਂ ਉਨ੍ਹਾਂ ਸਾਰੀਆਂ ਜ਼ਾਤਾਂ ਵਿਚੋਂ ਉੱਥੇ ਦੋ ਜ਼ਾਤਾਂ ਪ੍ਰਸਿੱਧ ਹਨ, ਇੱਕ 'ਨੰਦਾ' ਦੂਜੀ 'ਕੋਛੜ' । ਰਾਏ ਜ਼ਾਦਾ ਉੱਗਰ ਸੈਨ 'ਨੰਦਾ' ਬਾਬਰ ਬਾਦਸ਼ਾਹ ਦੇ ਨਾਲ ਘੋੜੇ 'ਤੇ ਸਵਾਰ ਹੋ ਕੇ ਲਾਹੌਰ ਆਇਆ । ਉਸ ਦੇ ਬੇਟੇ ਰਾਏਜ਼ਾਦਾ ਲੱਖੂ ਤੇ ਰਾਏਜ਼ਾਦਾ ਭਾਨਾ ਅਕਬਰ ਬਾਦਸ਼ਾਹ ਦੇ ਰਾਜ-ਕਾਲ ਵਿਚ ਐਮਨਾਬਾਦ ਦੀ ਸਰਦਾਰੀ ਤੇ ਉਸ ਪਰਗਣੇ ਦੀ ਕਾਨੂੰਗੋਈ ਦੇ ਅਹੁਦਿਆਂ ਦੀ ਕੁਰਸੀ 'ਤੇ ਸਸ਼ੋਭਤ ਹੋ ਕੇ ਐਮਨਾਬਾਦ ਨੱਗਰ ਵਿਖੇ ਰਹਿਣ ਲੱਗ ਪਏ । ਉਹ ਸੰਤਾਨ ਵਾਲੇ ਤੇ ਬਰਕਤੀਲੇ ਵਿਅੱਕਤੀ ਬਣ ਗਏ । ਭਾਵੇਂ ਪਿਛਲੇ ਰਾਜਿਆਂ

ਦੇ ਰਾਜ-ਕਾਲ ਵਿਚ 'ਨੰਦਾ' ਜ਼ਾਤ ਦੇ ਸਾਰੇ ਲੋਕੀਂ ਅਮੀਰ ਵਜ਼ੀਰ ਤੇ ਦਬਦਬੇ ਵਾਲੇ ਵਿਅੱਕਤੀ ਸਨ ਪਰੰਤੂ ਖਾਲਸਾ ਹਕੂਮਤ ਦੇ ਸਮੇਂ ਦੀਵਾਨ ਸੋਭਾ ਰਾਮ ਦੀਵਾਨੀ ਮਾਮਲਿਆਂ ਵਿਚ ਤੇ ਸ: ਮਹਾਂ ਸਿੰਘ ਮੁਖਤਿਆਰ ਹੋਣ ਦੇ ਨਾਤੇ ਉੱਘਾ ਹੋ ਗਿਆ । ਉੱਥੇ ਦਰਬਾਰੀ ਮੱਲ, ਜੋਧਾ ਰਾਮ, ਪਹਾੜ ਮੱਲ, ਭਵਾਨੀ ਸ਼ੰਕਰ ਤੇ ਮੱਘਰ ਸਿੰਘ ਆਦਿ ਨੇਕਨਾਮ ਵਿਅਕਤੀ ਹੋਏ ਹਨ । ਰਾਏਜ਼ਾਦਾ ਅੱਕੂ ਮੱਲ ਹਕੀਮੀ ਦੇ ਗਿਆਨ ਤੇ ਰੋਗੀਆਂ ਦਾ ਇਲਾਜ ਕਰਨ ਵਿਚ ਬੇਮਿਸਾਲ ਸੀ । ਇਸ ਸਮੇਂ ਦੀਵਾਨ ਅਮੀਰ ਚੰਦ ਦੇ ਬੇਟੇ ਦੀਵਾਨ ਜੁਆਲਾ ਸਹਾਏ, ਦੀਵਾਨ ਹਰੀ ਚੰਦ ਤੇ ਦੀਵਾਨ ਨਿਹਾਲ ਚੰਦ, ਜੋ ਜੰਮੂ ਤੇ ਕਸ਼ਮੀਰ ਦੇ ਮਾਲਕ, ਤੇਜਸਵੀ ਮਹਾਰਾਜਾ ਗੁਲਾਬ ਸਿੰਘ ਦੇ ਸਾਰੇ ਮਾਮਲਿਆਂ ਦੇ ਮੁਖੀ ਤੇ ਮੁਲਾਜ਼ਿਮ ਹਨ, ਸਾਰਿਆਂ ਨਾਲੋਂ ਸਿਰ ਕੱਢ ਹਨ । ਉਨ੍ਹਾਂ ਦੇ ਬਾਗ ਤੇ ਦਿਲਾਂ ਨੂੰ ਖੁਸ਼ ਕਰਨ ਵਾਲੀਆਂ ਇਮਾਰਤਾਂ ਐਮਨਾਬਾਦ ਦੀ ਰੌਣਕ ਵਧਾ ਰਹੀਆਂ ਹਨ । ਰਾਏਜ਼ਾਦਾ ਰਾਮ ਦਿਆਲ ਕਵਿਤਾ ਲਿਖਣ ਤੇ ਕਵਿਤਾ ਪੜ੍ਹਨ ਦੇ ਗਿਆਨ ਵਿਚ ਪੂਰੀ ਸੂਝ ਬੂਝ ਰੱਖਦਾ ਹੈ । ਰਾਮ ਦਾਸ ਭੀ ਗੱਦ ਰਚਨਾ ਕਰਨ ਵਿਚ ਉੱਚੀ ਸੋਚ ਉਡਾਰੀ ਦਾ ਮਾਲਕ ਹੈ ਪਰੰਤੂ ਇਸ ਸਮੇਂ ਉਸਤਤਯੋਗ ਦੀਵਾਨ ਜਵਾਲਾ ਸਹਾਏ ਦੇ ਵੱਡੇ ਸਪੁੱਤਰ ਦੀਵਾਨ ਕਿਰਪਾ ਰਾਮ ਨੇ ਛੋਟੀ ਉਮਰ ਹੁੰਦੇ ਹੋਏ ਭੀ ਕਵਿਤਾ, ਗੱਦ ਰਚਨਾ, ਅਲੰਕ੍ਰਿਤ ਗੱਦ ਲਿਖਣ, ਕਵਿਤਾ ਸਮਝਣ, ਗੱਦ ਰਚਨਾ ਨੂੰ ਪਰਖਣ, ਸਦਾਚਾਰਕ, ਸਾਹਿਤਕ ਤੇ ਸੰਗਤ ਕਰਨ ਦੇ ਗਿਆਨਾਂ, ਹਿਕਮਤ ਦੇ ਗ੍ਰੰਥਾਂ, ਸੂਰਜ, ਚੰਦ ਤੇ ਸਿਤਾਰਿਆਂ ਦੇ ਨਛੱਤਰਾਂ ਆਦਿ ਦੇ ਭੇਦਾਂ ਤੇ ਨਿਯਮਾਂ ਬਾਰੇ ਬਹੁਤ ਵੱਡੀ ਸੂਝ ਬੂਝ ਪ੍ਰਾਪਤ ਕੀਤੀ ਹੋਈ ਹੈ । ਪਰਮਾਤਮਾ ਉਸ ਦੀ ਆਯੂ ਲੰਮੀ ਕਰੇ ਤੇ ਉਸ ਦਾ ਪਰਤਾਪ ਵਧਾਵੇ ! ਅੱਜ ਕਲ੍ਹ ਸ਼ਹਿਰ ਦੇ ਪੰਚਾਂ ਤੇ ਵੱਡੇ ਆਦਮੀਆਂ ਵਿਚੋਂ ਭੋਲੂ 'ਕੋਛੜ', ਸੁੱਖਾ ਸ਼ਾਹ, ਰਾਧੇ ਕ੍ਰਿਸ਼ਨ 'ਧੰਮ' ਤੇ ਮਹਾਰਾਜ 'ਉਪਲ' ਅਮੀਰ ਵਿਅੱਕਤੀ ਹਨ । ਦਰਗਾਹੀ ਮੱਲ 'ਨੰਦਾ' ਭੀ ਪ੍ਰਸਿੱਧ ਵਿਅੱਕਤੀ ਹੈ ਤੇ ਨੇਕ-ਨਾਮ ਗਿਣਿਆ ਜਾਂਦਾ ਹੈ । ਕਾਜ਼ੀ ਜ਼ੈਨਉੱਦੀਨ ਤੇ ਉਸ ਦਾ ਬੇਟਾ ਕਾਜ਼ੀ ਅਲੀ ਅਸਗ਼ਰ 'ਹਸਨੀ' ਭੀ ਸ਼ਰੀਅਤ ਤੇ ਹਿਕਮਤ ਦੇ ਗਿਆਨਾਂ ਵਿਚ ਵਡੇ ਮਾਹਿਰ ਹੋਏ ਹਨ । ਸ਼ੇਖ ਮੁਸਤਫਾ ਕੱਕੇ ਜ਼ਈ ਭੀ ਉੱਥੇ ਪ੍ਰਸਿੱਧ ਵਿਅੱਕਤੀਆਂ ਵਿਚੋਂ ਹੈ । ਉਸ ਨੱਗਰ ਵਿਖੇ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦਾ ਸੇਵਾਦਾਰ ਰਾਮ ਸਹਾਏ 'ਅਰੋੜਾ' ਰਸੂਖ ਵਾਲਾ ਵਿਅਕਤੀ ਹੈ । ਲਾਹੌਰ ਦੇ ਰਾਹ 'ਚ ਇਕ ਬਾਉਲੀ ਤੇ ਐਮਨਾਬਾਦ ਵਿਖੇ ਹਵੇਲੀ, ਤਵੇਲਾ ਤੇ ਖੁਲ੍ਹਾ ਬਾਗ ਉਸ ਦੀਆਂ ਯਾਦਗਾਰਾਂ ਹਨ । ਉਥੇ ਗੁਰਦਿੱਤ ਸਿੰਘ 'ਸਹਿਗਲ' ਮਲਵਈ ਦੀ ਹਵੇਲੀ ਭੀ ਬਹੁਤ ਸੋਹਣੀ ਇਮਾਰਤ ਹੈ । ਇਸ ਸ਼ਹਿਰ ਦੇ ਭਵਨਾਂ ਦੇ ਮੂਹਰੇ ਨੱਗਰ ਤੋਂ ਪੱਛਮ ਵਲ ਬਾਬੇ ਨਾਨਕ ਦਾ ਪਵਿੱਤਰ ਅਸਥਾਨ ਤੇ ਸਰੋਵਰ, ਜਿਸ ਨੂੰ 'ਰੋੜੀ ਬਾਬਾ ਨਾਨਕ' ਕਹਿੰਦੇ ਹਨ, ਭੀ ਪੁਰਾਣਾ ਪੂਜਾ-ਸਥਾਨ ਹੈ । ਪੂਰਬ ਵੱਲ ਬੇਗਮ ਪੁਰਾ ਦੇ ਨਾਲ ਲੱਗਦਾ ਰਾਏਜ਼ਾਦਾ ਜਗਨ ਨਾਥ ਦਾ ਕਾਫੀ ਲੰਮਾ ਚੌੜਾ ਪੁਰਾਣਾ ਤਲਾ ਸੀ । ਸੱਈਅਦ ਮਨਸੂਰ, ਜੋ ਤਪੱਸਿਆ ਕਰਨ ਵਿਚ ਪ੍ਰਸਿੱਧ ਸੀ, ਦੀ ਖ਼ਾਨਗਾਹ ਸ਼ਹਿਰੋਂ ਦੱਖਣ ਵਲ ਸਥਿਤ ਹੈ । ਕਹਿੰਦੇ ਹਨ ਕਿ ਇਸ ਸ਼ਹਿਰ ਵਿਖੇ ਦੁੱਧ ਤੇ ਮਲਾਈ (ਰਬੜੀ) ਬਹੁਤ ਵਧੀਆ ਤੇ ਸੁਆਦਲੇ ਹੁੰਦੇ ਹਨ । ਪਰਗਣਾ ਸਿਆਲਕੋਟ ਦੇ ਬਾਹਲੇ ਪਿੰਡ ਕੱਟ ਕੇ ਐਮਨਾਬਾਦ ਦੇ ਪਰਗਣੇ ਨਾਲ ਲਾਏ ਗਏ ਹਨ । ਭਾਵੇਂ ਪਿਛਲੇ ਸਮਿਆਂ ਵਿਚ ਇਹ ਨੱਗਰ ਸੈਦਪੁਰ 'ਸਿਲਵੀਆ' ਨੱਗਰ ਵਜੋਂ ਪ੍ਰਸਿੱਧ ਸੀ ਤੇ ਸ਼ੇਰ ਖਾਂ ਅਫਗਾਨ ਨੇ ਆਪਣੀ ਹਕੂਮਤ ਦੇ ਦਿਨੀਂ ਇਸ ਪਰਗਣੇ ਦਾ ਨਾਉਂ ਸ਼ੇਰਗੜ੍ਹ ਰੱਖਿਆ ਤੇ ਉਥੋਂ ਦੀ ਕਾਨੂੰਗੋਈ ਤੇ ਸਰਦਾਰੀ ਦਾ ਅਹੁਦਾ 'ਬੇਦੀ' ਖੱਤਰੀਆਂ ਦੇ ਨਾਉਂ ਨੀਯਤ ਸੀ ਤੇ 'ਨੰਦਾ' ਜ਼ਾਤ ਦੇ ਖੱਤਰੀ ਉਨ੍ਹਾਂ ਦੇ ਨਿਗਰਾਨ ਸਨ ਪਰੰਤੂ ਇਸ ਸਮੇਂ ਪਰਗਣੇ ਦਾ ਨਾਉਂ ਐਮਨਾਬਾਦ ਪੈ ਗਿਆ ਤੇ ਉੱਥੋਂ ਦੀ ਸਰਦਾਰੀ 'ਤੇ 'ਨੰਦਾ' ਜ਼ਾਤ ਦੇ ਖੱਤਰੀ ਕਾਬਿਜ਼ ਹਨ । ਉਪਰ ਦੱਸੇ ਪਰਗਣੇ ਦੇ ਚਕਲੇ ਤੇ ਤਪਿਆ ਦਾ ਵੇਰਵਾ :—

ਗਿਆਰਾਂ ਤਪੇ

੧. ਹਵੇਲੀ	੨. ਅਕਬਰੀ

੩. ਬੜੀ ਪੱਤੀ (ਭਰੀ ਪੀਤੀ) । ੪. ਪੜਾਇਚਾ ।
੫. ਚੱਠਾ । ੬. ਸ਼ਾਹ ਪੁਰ ਝੀਵਰਾਂ ।
੭. ਸ਼ਾਹ ਪੁਰ ਭੱਦਰਾਂ । ੮. ਸ਼ਾਹ ਪੁਰ ਢਿਲੋਂ ।
੯. ਆਲਮ ਗੀਰੀ । ੧੦. ਆਲਮਗੀਰ ਪੁਰ ਦੋਸਤ ਮੁਹੰਮਦ ।
੧੧. ਕਾਲੜ ।

ਤਪਾ ਹਵੇਲੀ ਵਿਚ ਨੌ ਚਕਲੇ ਸ਼ਾਮਲ ਹਨ ।

ਪਹਿਲਾ ਚਕਲਾ ਖਾਸ ਨਗਰ ਐਮਨਾਬਾਦ ਹੈ ਜਿਸ ਦਾ ਬਿਆਨ ਉਪਰ ਕੀਤਾ ਜਾ ਚੁੱਕਾ ਹੈ ।

ਦੂਜਾ ਚਕਲਾ ਮਹੰਦਰਾਂ ਹੈ ਜਿਸ ਵਿਚ ਪਿੰਡ ਉਗੋ ਭਿੰਡਰ ਆਦਿ ਸ਼ਾਮਲ ਹਨ ।

ਤੀਜਾ ਚਕਲਾ ਜਲੋ ਸਿੱਧੂ ਹੈ ਜੋ ਕੋਟਲੀ ਘੁੰਮਣਾ ਕਰਕੇ ਪ੍ਰਸਿੱਧ ਹੈ ।

ਚੌਥਾ ਚਕਲਾ ਢੱਕ ਪਠਾਣ ਪ੍ਰਸਿੱਧ ਹੈ । ਇਸ ਵਿਚ ਨਡਾਲਾ ਤੇ ਨੰਦ ਪੁਰ ਆਦਿ ਪਿੰਡ ਸ਼ਾਮਲ ਹਨ ।

ਪੰਜਵਾਂ ਚਕਲਾ ਸਾਹੀਆਂ ਹੈ । ਇਸ ਚਕਲੇ ਦੇ ਸਾਰੇ ਪਿੰਡਾਂ ਵਿਚੋਂ ਪਿੰਡ ਧੀਰਾ ਸਾਹੀ ਸਮੇਤ ਕੋਟ ਰੂਪ ਚੰਦ ਉਰਫ ਡਸਕਾ ਇਕ ਵੱਡਾ ਪਿੰਡ ਹੈ । ਪੁਰਾਣਾ ਡਸਕਾ ਇਕ ਹੋਰ ਜਗ੍ਹਾ ਸੀ । ਇਹ ਪਿੰਡ ਡਸਕਾ ਨਿਧਾਨ ਸਿੰਘ ਵਾਲਾ, ਜੋ ਅੱਜ ਕੱਲ੍ਹ ਪ੍ਰਸਿੱਧ ਹੈ, ਸੰਮਤ ੧੭੦੮ ਬਿਕਰਮੀ ਵਿਚ ਚੌਧਰੀ ਧਰਮਾਂ ਉਰਫ਼ ਸਾਹੀ ਦੇ ਪ੍ਰਬੰਧ ਹੇਠ ਵਸਿਆ ਹੈ । ਉਸ ਦੇ ਬੰਦਿਆਂ ਨੇ ਖੱਤਰੀਆਂ ਨੂੰ ਦਿਲਾਸਾ ਦੇ ਕੇ ਤੇ ਹਰ ਥਾਂ ਤੋਂ ਲਿਆ ਕੇ ਆਪਣੇ ਪਿੰਡ ਵਿਚ ਵਸਾਇਆ ਹੈ । ਉਥੇ ਰਾਮ ਰੱਖਾ 'ਚੋਪੜਾ' ਤੇ ਸੋਖੂ ਸ਼ਾਹ 'ਨੱਈਅਰ' ਧੰਨਵਾਨ ਤੇ ਧਨਾਢ ਵਿਅੱਕਤੀ ਹੋਏ ਹਨ । ਭਵਾਨੀ ਸਹਾਏ ਤੇ ਗੁਜਰਾਤੀ ਮੱਲ 'ਚੋਪੜਾ' ਗੱਦ ਰਚਨਾ ਕਰਨ ਤੇ ਵਾਰਤਾ ਲਿਖਣ ਵਿਚ ਆਪਣੇ ਸਮੇਂ ਦੇ ਸਿਰਕੱਢ ਵਿਅੱਕਤੀ ਸਨ । ਹਿੰਦੀ (ਪੰਜਾਬੀ) ਸੀਹਰਫ਼ੀਆਂ ਲਿਖਣ ਵਾਲਾ ਕਵੀ ਭਾਈ ਗੋਪਾਲ ਸਿੰਘ 'ਉਦਾਸੀ' ਉਸੇ ਥਾਂ ਦਾ ਹੈ । ਹਰੀ ਦਾ ਸਿਮਰਨ ਕਰਨ ਵਿਚ ਮਿਸਰ ਹਰਭੱਜ ਧਰ ਕਾਫੀ ਪ੍ਰਸਿੱਧ ਹੈ । ਮੁਹੰਮਦ ਸ਼ਾਹ ਦੇ ਰਾਜ-ਕਾਲ ਵਿਚ ਪਿੰਡ ਡਸਕਾ ਵਿਖੇ ਚੌਧਰੀ ਰੂਪ ਚੰਦ 'ਸਾਹੀ' ਮਾਣ ਇੱਜ਼ਤ ਤੇ ਰੁਤਬੇ ਵਾਲਾ ਵਿਅੱਕਤੀ ਸੀ । ਜਿਸ ਦਿਨ ਹਕ਼ੀਕ਼ਤ ਰਾਏ 'ਪੁਰੀ' ਨੂੰ ਸਿਆਲਕੋਟ ਦੇ ਸਰਕਾਰੀ ਮੁਲਾਜ਼ਿਮ ਗ੍ਰਿਫਤਾਰ ਕਰਕੇ ਲਾਹੌਰ ਲੈਜਾ ਰਹੇ ਸਨ ਤਾਂ ਉਨ੍ਹਾਂ ਨੂੰ ਇਸ ਪਿੰਡ ਵਿਖੇ ਉਸ ਦੇ ਕੋਲ ਠਹਿਰਨ ਦਾ ਮੌਕਾ ਬਣਿਆ । ਉੱਪਰ ਦਸੇ ਰੂਪ ਚੰਦ ਨੇ ਉਨ੍ਹਾਂ ਸਾਰਿਆਂ ਦੀ ਚੰਗੀ ਸੇਵਾ ਕੀਤੀ । ਇਸੇ ਕਾਰਨ ਸਾਹਸ ਭਰਪੂਰ ਹੋਣ ਸਦਕਾ ਉਸ ਦਾ ਨਾਉਂ ਪ੍ਰਸਿੱਧ ਹੋ ਗਿਆ ।

ਛੇਵਾਂ ਚਕਲਾ ਸ਼ੇਰ ਗੜ੍ਹ ਹੈ । ਐਮਨਾਬਾਦ ਤੋਂ ਪਹਿਲਾਂ ਹਾਕਮ ਦਾ ਸਦਰ-ਮੁਕਾਮ ਉੱਥੇ ਹੁੰਦਾ ਸੀ । ਉਸ ਥਾਂ ਦੇ ਪੁਰਾਣੇ ਹਾਕਮਾਂ ਵਿਚੋਂ 'ਬੇਦੀ' ਤੇ 'ਰਿਖੀ' ਖੱਤਰੀ ਸਨ । ਉੱਗਰ ਸੈਨ 'ਨੰਦਾ' ਉਨ੍ਹਾਂ ਦੇ ਵਸੀਲੇ ਨਾਲ ਇਸ ਇਲਾਕੇ ਵਿਚ ਪੁੱਜਿਆ ਹੈ । ਪਿੰਡ ਮਹਿਮੂਦਪੁਰ ਖੋਖਰ ਉਰਫ ਗੁਨਾਊਰ, ਜੰਡਾਲੀ ਤੇ ਮਛਰਿਆਲਾ ਚਕਲਾ ਸ਼ੇਰ ਗੜ੍ਹ ਵਿਚੋਂ ਹਨ । ਇਨ੍ਹਾਂ ਪਿੰਡਾਂ ਵਿਖੇ ਬਰਸਾਤ ਦੇ ਦਿਨਾਂ ਵਿਚ ਮੱਛਰ ਬਹੁਤ ਤੰਗ ਕਰਦਾ ਹੈ । ਡਸਕੇ ਦੇ ਨਾਲ ਲੱਗਦਾ ਇਕ ਪਿੰਡ ਘਲੋਟੀਆਂ ਹੈ ਜਿਥੇ ਗੁਰੂ ਹਰ ਰਾਏ ਸਾਹਿਬ ਦਾ ਅਸਥਾਨ ਸਿੱਖਾਂ ਦਾ ਪੂਜਾ-ਸਥਾਨ ਹੈ । ਪੰਜਾਬੀ ਭਾਸ਼ਾ ਵਿਚ ਕਵਿਤਾ ਦੇ ਰੂਪ 'ਸੀ-ਹਰਫ਼ੀ' ਦਾ ਬਾਨੀ ਦਿਆਲ ਸਿੰਘ ਨਾਮੀਂ ਕਵੀ ਉੱਥੋਂ ਦੇ ਵਸਨੀਕਾਂ ਵਿਚੋਂ ਹੈ । ਉਸ ਪਿੰਡ ਤੋਂ ਭਾਟੜਾ ਕੌਮ ਦੇ ਬਹੁਤ ਸਾਰੇ ਲੋਕ ਭਿੱਖਿਆ ਮੰਗਣ ਵਾਸਤੇ ਹਰੇਕ ਇਲਾਕੇ ਵਲ ਜਾਂਦੇ ਹਨ ।

ਸੱਤਵਾਂ ਚਕਲਾ ਮੋਘਲਾਂ ਹੈ । ਉਸ ਚਕਲੇ ਦੇ ਸਾਰੇ ਪਿੰਡਾਂ ਵਿਚੋਂ ਪਿੰਡ ਮੋਘਲ ਪ੍ਰਸਿੱਧ ਹੈ । ਕੀਕਾ ਦੀ ਨਸਲ 'ਚੋਂ 'ਵਡਹਿਰਾ' ਜ਼ਾਤ ਦੇ ਖੱਤਰੀ ਲੋਕਾਂ ਦੇ ਬਹੁਤੇ ਘਰ ਉੱਥੇ ਹਨ । ਉਨ੍ਹਾਂ ਨੇ ਉੱਥੇ ਆਪਣੇ ਪਿਤਾ ਪਿਤਾਮਿਆਂ ਨੂੰ ਪੂਜਣ ਦੀ ਜਗ੍ਹਾ ਮੁਕੱਰਰ ਕੀਤੀ ਹੋਈ ਹੈ ।

ਅੱਠਵਾਂ ਚਕਲਾ ਸਤਰਾਹ ਹੈ ਜੋ ਆਮ ਪ੍ਰਸਿੱਧ ਹੈ ।

ਨੌਵਾਂ ਚਕਲਾ ਮੁਹੰਮਦ ਬੇਗੋ ਹੈ । ਪਿੰਡ ਮਾਂਝੀਕੇ ਤੇ ਚੂਹੜ ਜਾਹਰ ਉਰਫ ਲੋਹਣਕੇ ਇਸ ਚਕਲੇ ਵਿਚੋਂ ਹਨ ।

ਦੂਜਾ ਤਪਾ ਅਕਬਰੀ ਹੈ । ਉਸ ਵਿਚ ਪੰਜ ਚਕਲੇ ਹਨ ।

ਪਹਿਲਾ ਚਕਲਾ ਬੋਧਾ ਘੜਾਇਆ ਹੈ ਜਿਸ ਵਿਚ ਪਿੰਡ ਸੇਰੂ ਘੋੜਾਇਆ ਤੇ ਬੱਲੂ ਘੋੜਾਇਆ ਹਨ । ਪਿੰਡ ਮੀਰਖਾਨਪੁਰ ਰਾਮਦਾਸ ਉਰਫ ਚੱਕ ਪੋਰੀਆਂ ਉਸ ਚਕਲੇ ਦੇ ਪ੍ਰਬੰਧ ਹੇਠ ਹੈ । ਪਿੰਡ ਬੋਪੜਾ ਜਿਥੇ 'ਨੰਦਾ' ਖੱਤਰੀਆਂ ਦੇ ਬਾਹਲੇ ਘਰ ਹਨ, ਇਸੇ ਚਕਲੇ ਵਿਚੋਂ ਹੈ ।

ਦੂਜਾ ਚਕਲਾ ਧਾਮੋਂ ਕੇ ਘੋੜਾਇਆ ਹੈ । ਇਸ ਚਕਲੇ ਵਿਚ ਪਿੰਡ ਧਾਮੋਕੇ, ਦਰਵੇਸ਼ ਕੇ ਤੇ ਲੋਹਾਰਕੇ ਹਨ ।

ਤੀਜਾ ਚਕਲਾ ਸਹਿਸਰਾ ਘੋੜਾਇਆ ਹੈ । ਪਿੰਡ ਅਟਾਵਾ ਮੁਹੰਮਦ ਸ਼ਾਹ ਇਸੇ ਚਕਲੇ ਵਿਚੋਂ ਹੈ ।

ਚੌਥਾ ਚਕਲਾ ਲੱਧਾ ਵਾਲਾ ਹੈ ਜਿਸ ਵਿਚ ਪਿੰਡ ਮਾਝੀਕੇ ਘੋੜਾਇਆ ਸ਼ਾਮਲ ਹੈ ।

ਪੰਜਵਾਂ ਚਕਲਾ ਮੋਂਡੀਕੇ ਘੋੜਾਇਆ ਹੈ । ਪਿੰਡ ਮਾਂਗਾ, ਦੁੱਘਰੀ ਤੇ ਜਸਪਤ ਰਾਏ ਪੁਰ ਨਰੈਣ ਦਾਸ ਇਸੇ ਚਕਲੇ ਵਿਚ ਸ਼ਾਮਲ ਹਨ ।

ਤਪਾ ਭਰੀ ਪੀਤੀ ਵਿਚ ਪਿੰਡ ਲੁਬਾਣਾ ਵਾਲਾ ਤੇ ਪਿੰਡ ਤੋਤੀ ਖੋਖਰ ਆਦਿ ਸ਼ਾਮਲ ਹਨ ਜੋ ਪਰਗਣਾ ਭਰੀ ਨੇਸ਼ਤਾ ਤੇ ਹਾਫ਼ਜ਼ਾਬਾਦ ਵਿਚੋਂ ਕਢੇ ਗਏ ਹਨ ।

ਤਪਾ ਪੜਾਇਚ ਵਿਚ ਅੱਠ ਚਕਲੇ ਹਨ । ਪਹਿਲਾ ਪਨਾਖ ਦਾ ਪ੍ਰਸਿੱਧ ਚਕਲਾ ਹੈ । ਦੂਜਾ ਚਕਲਾ ਤਲਵੰਡੀ ਹੈ ਜੋ ਮੀਰਬਾਜ਼ ਦੇ ਨਾਉਂ ਨਾਲ ਪ੍ਰਸਿੱਧ ਹੈ । ਤੀਜਾ ਚਕਲਾ ਖਾਨ ਬਹਾਦੁਰਪੁਰ ਪੜਾਇਚ ਹੈ ਜਿਸ ਵਿਚ ਚੱਕ ਉਸਤਾਨਾ ਸ਼ਾਮਲ ਹੈ । ਚੌਥਾ ਚਕਲਾ ਡੋਗਰਾਂ ਵਾਲਾ ਪ੍ਰਸਿਧ ਹੈ । ਪੰਜਵਾਂ ਚਕਲਾ ਦੇਵਲਮਾਨ ਉਰਫ ਮਾਨ ਹੈ । ਪਿੰਡ ਕਾਮੋਂ ਮੱਲ੍ਹੀ ਇਸੇ ਚਕਲੇ ਵਿਚੋਂ ਹੈ । ਛੇਵਾਂ ਚਕਲਾ ਸਾਧੂ ਢੋਕਰ ਹੈ । ਸੱਤਵਾਂ ਚਕਲਾ ਕੋਂਦਲਾ ਵਾਲਾ ਹੈ ਜੋ ਵੱਡਾ ਪਿੰਡ ਤੇ ਪ੍ਰਸਿੱਧ ਹੈ । ਮਿਸਰ ਦੀਵਾਨ ਚੰਦ 'ਜ਼ਫਰ ਜੰਗ ਬਹਾਦੁਰ' ਉਸੇ ਪਿੰਡ ਹੀ ਹੋਇਆ ਹੈ । ਅੱਠਵਾਂ ਚਕਲਾ ਅਬਦੁੱਲ ਸਮਦ ਖਾਨਪੁਰ ਪੜਾਇਚ ਹੈ । ਪਿੰਡ ਕਲਿਆਣ ਪੁਰ ਕਿਸ਼ਨਾ-ਬਾਦ ਉਰਫ ਕੋਟ ਭਵਾਨੀ ਦਾਸ ਉਸ ਚਕਲੇ ਦੇ ਪ੍ਰਬੰਧ ਵਿਚ ਹੈ । ਪੁਸਤਕ ਰੁੱਕਾਤ-ਏ-ਇਨਸ਼ਾ-ਏ-ਖਾਦਮੇ ਦਾ ਕਰਤਾ ਇਸੇ ਥਾਂ ਦਾ ਹੈ ।

ਤਪਾ ਚੀਮਾਂ ਦੇ ਭੀ ਅੱਠ ਚਕਲੇ ਹਨ ।

ਪਹਿਲਾ ਚਕਲਾ ਆਦਮ ਪਠਾਣ ਹੈ । ਇਸ ਚਕਲੇ ਵਿਚ ਪਿੰਡ ਆਦਮ ਪਠਾਣ ਪ੍ਰਸਿੱਧ ਹੈ । ਹਾਫਜ਼ਾਬਾਦ ਦੇ ਨਾਲ ਲੱਗਦਾ ਪਿੰਡ ਕੈਰੋਂ ਮਾਂਗਟ ਭੀ ਇਸੇ ਚਕਲੇ ਵਿਚੋਂ ਹੈ।

ਦੂਜਾ ਚਕਲਾ ਜਾਵਾ ਸਧਾਰੀ ਹੈ ।

ਤੀਜਾ ਚਕਲਾ ਫੱਟੀ ਮਕੌਣ ਹੈ ।

ਚੌਥਾ ਚਕਲਾ ਛੱਜੂ ਮਹਿਤਾ ਹੈ ਜਿਸ ਵਿਚ ਸਾਰੋਕੀ ਪ੍ਰਸਿੱਧ ਪਿੰਡ ਹੈ ।

ਪੰਜਵਾਂ ਚਕਲਾ 'ਦੀਨਾ ਚੀਮਾ' ਹੈ ।

ਛੇਵਾਂ ਚਕਲਾ ਸੋਕਨ ਨਰੋਮਾ ਹੈ । ਪਿੰਡ ਅਬਦਾਲ ਚੀਮਾਂ, ਚੰਦ ਰਾਹ ਚੀਮਾਂ, ਪਿੰਡ ਲੋਹਾਰਾਂ ਵਾਲਾ ਤੇ ਸ਼ਾਹਪੁਰ ਦੇਵ ਰਾਜ ਇਸ ਚਕਲੇ ਵਿਚੋਂ ਹਨ ।

ਸੱਤਵਾਂ ਚਕਲਾ ਕਲਾਸਕੇ ਹੈ । ਦਰਵੇਸ਼ ਹਕੀਮ ਜੋ ਦੇਸੀ ਇਲਾਜ ਕਰਨ ਵਿਚ ਪ੍ਰਸਿੱਧ ਹੈ, ਇਸੇ ਥਾਂ ਹੋਇਆ ਹੈ । ਪਿੰਡ ਹਸਨ ਵਾਲੀ ਜਿਥੇ ਸ: ਰਾਮ ਸਿੰਘ ਬੱਲੀ ਦਾ ਘਰ ਹੈ, ਭੀ ਇਸੇ ਚਕਲੇ ਵਿਚ ਹੈ ।

ਅੱਠਵਾਂ ਚਕਲਾ ਲਾਲੂ ਪੰਜੂ ਹੈ ਜਿਸ ਵਿਚ ਪਿੰਡ ਬੱਦੋਕੀ ਚੀਮਾਂ ਹੈ । ਬੱਦੋਕੀ ਚੀਮਾਂ ਪਿੰਡ

ਦੇ ਨਾਲ ਲਗਦਾ ਗੁਸਾਈਂ ਨਰਹਰ ਦਾਸ ਬ੍ਰਾਹਮਣ ਦਾ ਪਿੰਡ, ਜੋ ਬੱਦੋਕੀ ਗੁਸਾਈਂ ਦੇ ਨਾਉਂ ਨਾਲ ਪ੍ਰਸਿੱਧ ਹੈ, ਭੀ ਉਸ ਚਕਲੇ ਦੇ ਪ੍ਰਬੰਧ ਹੇਠ ਹੈ। ਕਹਿੰਦੇ ਹਨ ਕਿ ਖੁਦਾਸ਼ਨਾਸ ਤੇ ਕਰਾਮਾਤਾਂ ਦਾ ਪਰਗਟਾਊ ਬਾਬਾ ਸਾਈਂ ਦਾਸ ਗੁਸਾਈਂ ਇਸੇ ਥਾਂ ਹੋਇਆ ਹੈ। ਉਥੇ ਉਸ ਦੀ ਸਮਾਧ ਪੂਜਾ-ਸਥਾਨ ਹੈ।

ਕਹਿੰਦੇ ਹਨ ਕਿ ਸਾਈਂ ਦਾਸ 'ਚੀਮਾਂ' ਜ਼ਾਤ ਦੇ ਜ਼ਿਮੀਂਦਾਰਾਂ ਦੇ ਪ੍ਰੋਹਤ ਬਲ ਰਾਏ ਬ੍ਰਾਹਮਣ ਉਰਫ ਭਾਨ ਭਾਸਰ ਦਾ ਬੇਟਾ ਸੀ। ਉਹ ਜੰਗਲ ਵਿਚ ਗਊਆਂ ਚਾਰਿਆ ਕਰਦਾ ਸੀ। ਇਕ ਦਿਨ ਪਰਮਾਨੰਦ, ਇਸ ਦੀ ਕੜੀ ਰਾਮਾ ਨੰਦ ਬੈਰਾਗੀ ਨਾਲ ਜੁੜਦੀ ਹੈ, ਦਾ ਚੇਲਾ ਸਾਧੂ ਮੁਕੰਦ ਦਾਸ ਜੰਗਲ ਵਿਚੋਂ ਲੰਘ ਰਿਹਾ ਸੀ। ਸਬੱਬ ਨਾਲ ਸਾਈਂ ਦਾਸ ਉਸ ਨੂੰ ਮਿਲ ਪਿਆ ਤੇ ਉਸ ਨੇ ਸਾਈਂ ਦਾਸ ਨੂੰ ਕਿਹਾ, "ਕੁਝ ਦੁੱਧ ਦੀ ਲੋੜ ਹੈ।" ਸਾਈਂ ਦਾਸ ਨੇ ਉੱਤਰ ਦਿੱਤਾ, "ਮੈਂ ਗਰਮ ਦੁੱਧ ਮਿੱਠਾ ਮਿਲਾ ਕੇ ਸ਼ਹਿਰੋਂ ਲੈ ਆਉਂਦਾ ਹਾਂ।" ਸਾਧੂ ਨੇ ਇਕ ਗਾਂ, ਜਿਹੜੀ ਅਜੇ ਸੂਈ ਨਹੀਂ ਸੀ, ਵਲ ਇਸ਼ਾਰਾ ਕੀਤਾ ਤੇ ਆਪਣਾ ਤੂੰਬਾ ਉਸ ਨੂੰ ਫੜਾ ਦਿਤਾ। ਉਹ ਸਾਧੂ ਦੀ ਸੇਵਾ ਖਾਤਰ ਉਸੇ ਗਾਂ ਹੇਠ ਬੈਠ ਗਿਆ ਤੇ ਦੁੱਧ ਚੋ ਕੇ ਸਾਧੂ ਨੂੰ ਫੜਾ ਦਿੱਤਾ ਤੇ ਮੱਥਾ ਟੇਕਿਆ। ਉਸ ਖੁਦਾਸ਼ਨਾਸ ਸਾਧੂ ਨੇ ਉਸ ਵਿਚੋਂ ਕੁਝ ਦੁੱਧ ਪੀ ਲਿਆ ਤੇ ਮਗਰੋਂ ਆਪਣਾ ਜੂਠਾ ਦੁੱਧ ਉਸ ਨੂੰ ਬਖਸ਼ ਦਿੱਤਾ। ਸਾਈਂ ਦਾਸ ਦੁੱਧ ਪੀਂਦੇ ਸਾਰ ਮਸਤ ਹੋ ਗਿਆ, ਰੱਬੀ ਨੂਰ ਉਸ ਦੇ ਦਿਲ ਵਿਚ ਪ੍ਰਵੇਸ਼ ਕਰ ਗਿਆ ਤੇ ਉਹ ਰੱਬ ਵਿਚ ਅਭੇਦ ਹੋ ਗਿਆ। ਸਾਧੂ ਨੇ ਪੈਰ ਦੀ ਠੋਕਰ ਨਾਲ ਉਸ ਨੂੰ ਹੋਸ਼ ਵਿਚ ਲਿਆਂਦਾ ਤੇ ਕਿਹਾ ਕਿ "ਦੁਨਿਆਵੀ ਕੰਮ ਧੰਧੇ ਕਰਨੋਂ ਨਹੀਂ ਹਟਣਾ ਚਾਹੀਦਾ ਅਤੇ ਦਿਲ ਰੱਬੀ ਪਿਆਰ ਵਲ ਲਾਈ ਰੱਖਣਾ ਚਾਹੀਦਾ ਹੈ।" ਸਾਧੂ ਇਹ ਕਹਿ ਕੇ ਅਲੋਪ ਹੋ ਗਿਆ। ਸਾਈਂ ਦਾਸ ਨੂਰਾਨੀ ਚਿਹਰੇ ਨਾਲ ਘਰ ਆਇਆ। ਉਸ ਤੋਂ ਆਮ ਕਰਕੇ ਕਰਾਮਾਤਾਂ ਹੋਣ ਲੱਗ ਪਈਆਂ। ਬਹੁਤ ਲੋਕ ਉਸ ਦੇ ਸ਼ਰਧਾਲੂ ਤੇ ਚੇਲੇ ਬਣ ਗਏ। ਉਸ ਨੂੰ ਅੰਦਰਮੁਖੀ ਤੇ ਬਾਹਰਮੁਖੀ ਬਹੁਤ ਭਾਗ ਪ੍ਰਾਪਤ ਹੋਇਆ। ਬਾਬਾ ਸਾਈਂ ਦਾਸ ਦੇ ਘਰ ਪੰਜ ਪੁੱਤਰਾਂ ਨੇ ਪੈਦਾ ਹੋਣ ਦਾ ਸੁਭਾਗ ਪ੍ਰਾਪਤ ਕੀਤਾ, ਉਨ੍ਹਾਂ ਵਿਚੋਂ ਪਹਿਲਾ ਅਮਰ ਦਾਸ, ਦੂਜਾ ਨਰਹਰ ਦਾਸ, ਪਿੰਡ ਨਰਹਰਦਾਸ ਪੁਰਾ ਉਸ ਦੇ ਨਾਉਂ 'ਤੇ ਹੈ, ਤੀਜਾ ਬਿਸ਼ਨ ਦਾਸ, ਚੌਥਾ ਸੁਖਾ ਨੰਦ ਤੇ ਪੰਜਵਾਂ ਰਾਮਾ ਨੰਦ ਜੋ ਬਾਰ੍ਹਾਂ ਸਾਲਾਂ ਦੀ ਆਯੂ ਵਿਚ ਹੀ ਕਰਾਮਾਤਾਂ ਵਿਖਾਉਣ ਲੱਗ ਪਿਆ ਸੀ। ਉਹ ਤਲਾ ਵਿਚ ਡੁਬਕੀ ਮਾਰ ਕੇ ਅਲੋਪ ਹੋ ਗਿਆ ਤੇ ਪ੍ਰਲੋਕ ਸਿਧਾਰ ਗਿਆ। ਉਸ ਦੇ ਸਰੋਵਰ 'ਤੇ ਵੈਸਾਖ ਸੁਦੀ ਚੌਦਸ ਵਾਲੇ ਦਿਨ ਭਾਰੀ ਮੇਲਾ ਲਗਦਾ ਹੈ। ਵੈਸਾਖ ਸੁਦੀ ਪੂਰਨਮਾਸ਼ੀ ਵਾਲੇ ਦਿਨ ਬਾਬਾ ਸਾਈਂ ਦਾਸ ਦੀ ਸਮਾਧ 'ਤੇ ਆਮ ਲੋਕੀ ਇਕੱਠੇ ਹੁੰਦੇ ਹਨ ਤੇ ਮੇਲਾ ਲਗਦਾ ਹੈ ਅਤੇ ਤਿੰਨ ਦਿਨ ਪੂਰਾ ਮੇਲਾ ਲੱਗਿਆ ਰਹਿੰਦਾ ਹੈ। ਆਮ ਕਰਕੇ ਗੁਸਾਈਂ, ਲੋਕਾਂ ਤੇ ਸ਼ਰਧਾਲੂਆਂ ਨੂੰ ਲੰਗਰ ਪਾਣੀ ਛਕਾਉਂਦੇ ਹਨ। ਜਦੋਂ ਅਮਰ ਦਾਸ ਨੇ ਆਪਣੇ ਪਿਤਾ ਦੇ ਹੁੰਦਿਆਂ ਸੰਸਾਰ ਨੂੰ ਤਿਆਗਿਆ ਤਾਂ ਬਜ਼ੁਰਗ ਪਿਤਾ ਦੇ ਚਲਾਣੇ ਮਗਰੋਂ ਗੁਸਾਈਂ ਨਰਹਰ ਦਾਸ ਗੱਦੀ 'ਤੇ ਬੈਠਾ। ਨਰਹਰ ਦਾਸ ਦੇ ਘਰ ਚਾਰ ਪੁੱਤਰ ਪੈਦਾ ਹੋਏ, ਪਹਿਲਾ ਮਹੰਤ ਕਾਸ਼ੀ ਦਾਸ, ਜੋ ਤਪਸਵੀ ਸੀ, ਦੂਜਾ ਮਾਧੋ ਦਾਸ, ਤੀਜਾ ਭਾਰਤੀ ਚੰਦ ਤੇ ਚੌਥਾ ਲਾਲ ਚੰਦ। ਸੋ ਮਹੰਤ ਕਾਂਸ਼ੀ ਦਾਸ ਦੇ ਘਰ ਤਿੰਨ ਬੇਟੇ ਜੰਮੇ, ਬਿਹਾਰੀ ਦਾਸ, ਮੁਰਾਰੀ ਦਾਸ ਤੇ ਜਗ ਜੀਵਨ। ਬਿਹਾਰੀ ਦਾਸ ਦੇ ਘਰ ਭੀ ਤਿੰਨ ਪੁੱਤਰ ਹੋਏ, ਕੇਵਲ ਰਾਮ ਜੋ ਕਰਾਮਾਤੀ ਸੀ, ਸਹੇਲ ਦਾਸ ਤੇ ਭਗਵਤੀ ਰਾਮ। ਸ੍ਰੀ ਰਾਮ ਦੀ ਕ੍ਰਿਪਾ ਨਾਲ ਕੇਵਲ ਰਾਮ ਦੇ ਘਰ ਛੇ ਬੇਟੇ ਹੋਏ, ਬਾਬਾ ਕਰਮ ਚੰਦ, ਹਰੀ ਰਾਮ, ਮਹਾਰਾਜ, ਸਾਹਿਬ ਰਾਏ, ਹਕੂਮਤ ਰਾਏ ਤੇ ਨਵਲ ਰਾਏ। ਉੱਪਰ ਦੱਸੇ ਬਾਬਾ ਕਰਮ ਚੰਦ ਦੀਆਂ ਕਰਾਮਾਤਾਂ ਬਾਰੇ ਇਉਂ ਪ੍ਰਸਿੱਧ ਹੈ ਕਿ ਇਕ ਉਸ ਨੇ ਆਪਣੇ ਵਚਨ ਅਨੁਸਾਰ, ਜੋ ਉਸ ਨੇ ਦੌਲਤਾਨਗਰ ਦੇ ਵਾਸੀ ਆਪਣੇ ਚੇਲੇ ਨਾਲ ਕੀਤਾ ਸੀ, ਦਰਿਆ ਝਨਾ ਪਾਰ ਕਰਨ ਦੀ ਇੱਛਾ ਕੀਤੀ। ਬਰਸਾਤ ਦੇ ਦਿਨਾਂ ਕਾਰਨ ਦਰਿਆ ਵਿਚ ਹੜ੍ਹ ਆਇਆ ਹੋਇਆ ਸੀ। ਮਲਾਹ ਕਿਸ਼ਤੀ ਨੂੰ ਦਰਿਆ ਦੀਆਂ ਘੁੰਮਣਘੇਰੀਆਂ ਵਿਚ ਲਿਜਾਂਦੇ ਨਹੀਂ ਸਨ। ਉਸਤਤ-

ਯੋਗ ਬਾਬਾ ਰੱਥ ਵਿਚ ਸਵਾਰ ਹੋ ਕੇ ਦਰਿਆ ਵਿਚੋਂ ਲੰਘ ਗਿਆ ਅਤੇ ਘੋੜਿਆਂ ਦੇ ਪੌੜ ਤੱਕ ਗਿੱਲੇ ਨਾ ਹੋਏ। ਉਹ ਇਸੇ ਤਰ੍ਹਾਂ ਜੀਵਨ ਬਤੀਤ ਕਰਦੇ ਹੋਏ ਪ੍ਰਲੋਕ ਸਿਧਾਰ ਗਏ। ਉਨ੍ਹਾਂ ਦਾ ਕੋਈ ਬੇਟਾ ਨਹੀਂ ਸੀ ਇਸ ਲਈ ਹਰੀ ਰਾਮ ਉਨ੍ਹਾਂ ਦੀ ਸਮਾਧ ਵਾਲੀ ਗੱਦੀ 'ਤੇ ਸਸ਼ੋਭਤ ਹੋ ਗਿਆ। ਬਾਬਾ ਹਰੀ ਰਾਮ ਦੇ ਘਰ ਚਾਰ ਬੇਟੇ ਪੈਦਾ ਹੋਏ, ਮਹੰਤ ਸੋਭਾ ਰਾਮ, ਸ਼ਿਵ ਰਾਮ, ਸਾਧੂ ਰਾਮ ਤੇ ਲੱਛਮੀਂ ਰਾਮ। ਸੋਭਾ ਰਾਮ ਦੇ ਘਰ ਮਹੰਤ ਕਿਰਪਾ ਰਾਮ ਨੇ ਜਨਮ ਲਿਆ। ਕਿਰਪਾ ਰਾਮ ਦੇ ਘਰ ਦੋ ਪੁੱਤਰ ਹੋਏ, ਮਹੰਤ ਅਭੈ ਰਾਮ ਤੇ ਸਰਧਾ ਰਾਮ। ਅਭੈ ਰਾਮ ਦੇ ਘਰ ਛੇ ਬੇਟੇ ਹੋਏ, ਮਹੰਤ ਰਾਮ ਕਰਨ, ਹਰ ਕਰਨ, ਮਥਰਾ, ਦਾਸ, ਬੈਕੁੰਠ ਦਾਸ, ਬਲਾਸ ਦਾਸ ਤੇ ਦਵਾਰਕਾ ਦਾਸ। ਇਸੇ ਤਰ੍ਹਾਂ ਬਾਬਾ ਕੇਵਲ ਰਾਮ ਦੇ ਤੀਜੇ ਪੁੱਤਰ ਮਹਾਰਾਜ ਦੇ ਘਰ ਪੰਜ ਪੁੱਤਰ ਹੋਏ, ਹਰ ਨਰੈਣ, ਨੰਦੀ ਰਾਮ, ਦਿਆਲ ਦਾਸ, ਮਨਸਾ ਰਾਮ ਤੇ ਭੋਲਾ ਰਾਮ। ਹਰ ਨਰੈਣ ਦੀ ਸੰਤਾਨ ਕਾਫੀ ਹੈ। ਬਾਬਾ ਨੰਦੀ ਰਾਮ ਸਖੀ ਦੇ ਘਰ ਪੂਰਨ ਆਤਮਦਰਸ਼ੀ ਦੋ ਪੁੱਤਰ ਰਾਮ ਦਾਸ ਤੇ ਗਰੀਬ ਦਾਸ ਹੋਏ। ਰਾਮ ਦਾਸ ਦੇ ਘਰ ਰਤਨ ਦਾਸ ਨਾਮੀਂ ਬੇਟਾ ਪੈਦਾ ਹੋਇਆ। ਰਤਨ ਦਾਸ ਦੇ ਤਿੰਨ ਪੁੱਤਰ ਸਨ ਸੁਖਬਾਸ਼ੀ ਰਾਮ, ਅਬਨਾਸੀ ਤੇ ਬਾਲ ਮੁਕੰਦ। ਸੁਖਬਾਸ਼ੀ ਰਾਮ ਦੇ ਘਰ ਇਕ ਬੇਟਾ ਹੋਇਆ ਜਿਸ ਦਾ ਨਾਉਂ ਗਣੇਸ਼ ਦਾਸ ਸੀ। ਗਣੇਸ਼ ਦਾਸ ਦੇ ਦੋ ਬੇਟੇ ਹੀਰਾ ਨੰਦ ਤੇ ਮੇਲਾ ਰਾਮ ਸਨ। ਅਬਨਾਸ਼ੀ ਰਾਮ ਔਤ ਚਲਾ ਗਿਆ। ਬਾਲ ਮੁਕੰਦ ਦੇ ਘਰ ਤਿੰਨ ਪੁੱਤਰ ਹੋਏ, ਹਰ ਭਗਤ, ਹਰ ਸਰਨ ਤੇ ਰਾਮ ਸਰਨ। ਬਾਬਾ ਗਰੀਬ ਦਾਸ ਦੇ ਘਰ ਬਾਬਾ ਪ੍ਰਸਿੱਧ ਰਾਮ ਨੇ ਜਨਮ ਲਿਆ। ਬਾਬਾ ਪ੍ਰਸਿੱਧ ਰਾਮ ਦੇ ਘਰ ਦੋ ਪੁੱਤਰ ਬਾਬਾ ਸੀਤਲ ਦਾਸ ਤੇ ਬਾਬਾ ਰਾਮ ਲਾਲ ਹੋਏ। ਬਾਬਾ ਸੀਤਲ ਦਾਸ ਦੇ ਘਰ ਕੌਲ ਦਾਸ ਤੇ ਕੌਲ ਦਾਸ ਦੇ ਘਰ ਸੁਭ ਕਰਨ ਨਾਮੀਂ ਇਕ ਪੁੱਤਰ ਪੈਦਾ ਹੋਇਆ। ਬਾਬਾ ਰਾਮ ਲਾਲ ਦੇ ਘਰ ਚਾਰ ਪੁੱਤਰ ਹਨ, ਤਾਰਾ ਚੰਦ, ਗੁਰਦਿੱਤਾ, ਦੇਵੀ ਦੱਤ, ਤੇ ਮੱਈਆ ਦਾਸ। ਇਸੇ ਤਰ੍ਹਾਂ ਬਾਬਾ ਸਾਈਂ ਦਾਸ ਦੀ ਸਾਰੀ ਸੰਤਾਨ ਬਰਕਤ ਵਾਲੀ ਤੇ ਸਤਿਕਾਰਯੋਗ ਹੈ। ਸਮਾਪਤ।

ਤਪਾ ਖਾਨ ਪੁਰ ਚਟੋਰਾ 'ਚ ਛੇ ਚਕਲੇ ਹਨ। ਪਹਿਲਾ ਚਕਲਾ ਬਸਰਾਵਾਂ ਹੈ। ਪਿੰਡ ਹਮੀਦ ਪੁਰ ਤੇ ਘੜਤਲ ਇਸੇ ਚਕਲੇ ਵਿਚੋਂ ਹਨ। ਦੂਜਾ ਚਕਲਾ ਭੱਦਰਾਂ ਹੈ ਜਿਸ ਵਿਚ ਗੰਗਾ ਭੱਦਰ ਆਦਿ ਪਿੰਡ ਹਨ। ਤੀਜਾ ਚਕਲਾ ਮੱਝ ਉਰਫ ਖਾਨ ਮੱਝ ਹੈ। ਚੌਥਾ ਚਕਲਾ ਮੋਨਾ ਲਾਠੀ ਪ੍ਰਸਿੱਧ ਹੈ ਜਿਸ ਵਿਚ ਪਿੰਡ ਲੁਹਾਵਾ ਤੇ ਪਿੰਡ ਚੰਨੋਂ ਢਿੱਲੋਂ ਸ਼ਾਮਲ ਹਨ। ਪੰਜਵਾਂ ਚਕਲਾ ਢੋਡਾ ਸੂਰਾ ਹੈ। ਇਹ ਚਕਲਾ ਪਿੰਡ ਢੋਡਾ ਤੇ ਕਲੇਰ ਕਰਕੇ ਪ੍ਰਸਿੱਧ ਹੈ। ਛੇਵੇਂ ਚਕਲੇ ਵਿਚ ਕਰਤੂ ਬੂਤਰ ਤੇ ਜਲੂ ਬੂਤਰ ਪਿੰਡ ਸ਼ਾਮਲ ਹਨ।

ਤਪਾ ਸ਼ਾਹਪੁਰ ਭੱਦਰਾਂ 'ਚ ਤਿੰਨ ਚਕਲੇ ਹਨ।

ਪਹਿਲਾ ਚਕਲਾ ਦਸੰਗ ਦਾਸ ਮਲ ਉਰਫ ਕੋਲੂਕੇ ਹੈ।

ਦੂਜਾ ਚਕਲਾ ਢੋਲਣ ਭੰਡਾਲ ਹੈ। ਪਿੰਡ ਜਸੜ ਭੰਡਾਲ ਉਸ ਚਕਲੇ ਵਿਚੋਂ ਹੈ।

ਤੀਜਾ ਚਕਲਾ ਦਾਨਾ ਭੰਡਾਲ ਹੈ। ਉਸ ਦੇ ਲਾਗੇ ਪਿੰਡ ਕਾਕਲੂ ਹੈ।

ਸ਼ਾਹਪੁਰ ਢਿਲੋਂ ਪੜਾਇਚ ਤਪੇ ਵਿਚ ਦੋ ਚਕਲੇ ਹਨ।

ਪਹਿਲਾ ਚਕਲਾ ਇਸਲਾਮ ਪੁਰ ਹੈ ਇਸ ਵਿਚ ਪਿੰਡ ਮਹਿਤਾ ਉਰਫ ਆਧੀ ਕਲਾਂ ਤੇ ਆਧੀ ਖੁਰਦ ਸ਼ਾਮਲ ਹਨ।

ਦੂਜਾ ਚਕਲਾ ਕਾਲਾ ਖਤਾਈ ਹੈ, ਜੋ ਪ੍ਰਸਿੱਧ ਹੈ।

ਤਪਾ ਆਲਮਗੀਰੀ 'ਚ ਦੋ ਚਕਲੇ ਹਨ।

ਪਹਿਲਾ ਚਕਲਾ ਰਾਮ ਰਾਏ ਹੈ, ਜੋ ਪ੍ਰਸਿੱਧ ਹੈ।

ਦੂਜਾ ਚਕਲਾ ਖਾਨ ਸਾਂਹਸੀ ਉਰਫ ਗੁਜਰਾਂਵਾਲਾ ਹੈ, ਜੋ ਛੋਟਾ ਪਿੰਡ ਸੀ। ਸ਼ਹਿਜ਼ਾਦਾ ਸਾਂਹਸੀ ਉਰਫ ਛਛਰਿਆਲੀ ਇਸ ਚਕਲੇ ਦੇ ਇਲਾਕੇ ਵਿਚ ਹੈ। ਕਹਿੰਦੇ ਹਨ ਕਿ ਇਹ ਗੁਜਰਾਂਵਾਲਾ ਇਕ ਛੋਟਾ ਪਿੰਡ ਸੀ ਪਰ ਚੜ੍ਹਤ ਸਿੰਘ ਤੇ ਮਹਾਂ ਸਿੰਘ ਦੇ ਰਾਜ ਪ੍ਰਬੰਧ ਦੇ ਸ਼ੁਰੂ ਸੰਮਤ ੧੮੨੩ ਵਿਚ ਰਾਜਧਾਨੀ ਬਣ ਗਿਆ ਅਤੇ ਵੱਡਾ ਨੱਗਰ ਵੱਸ ਗਿਆ। ਉੱਚੀ ਸ਼ਾਨ ਵਾਲੀ ਸਰਕਾਰ ਦੇ ਮੁਲਾਜ਼ਿਮ ਸ: ਹਰੀ ਸਿੰਘ ਨੇ ਇਸ ਨੱਗਰ ਦੀ ਬਹੁਤ ਜ਼ਿਆਦਾ ਰੌਣਕ ਵਧਾਈ। ਉਸ ਨੇ ਇਕ ਬਾਗ ਤੇ ਤਲਾ ਬਣਵਾਇਆ। ਉਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਪਿਤਾਮੇਂ ਸਰਦਾਰਾਂ ਦੀਆਂ ਸਮਾਧਾਂ ਨੂੰ ਨਵੇਂ ਸਿਰਿਉਂ ਉਸਰਵਾਕੇ ਸਤਿਕਾਰ ਯੋਗ ਸਥਾਨ ਥਾਪ ਦਿਤਾ। ਖੱਤਰੀਆਂ ਦੀਆਂ ਬਾਹਲੀਆਂ ਜ਼ਾਤਾਂ ਇਸ ਨੱਗਰ ਵਿਚ ਵਸ ਗਈਆਂ। ਉੱਥੋਂ ਦੇ ਵੱਡੇ ਆਦਮੀਆਂ ਵਿਚੋਂ 'ਲਛਮਣ ਚੋਪੜਾ' ਪ੍ਰਸਿੱਧ ਹੈ। ਮੀਆਂ ਫ਼ੈਜ਼ ਮੁਹੰਮਦ ਜਿਸ ਦਾ ਤਖੱਲੁਸ 'ਮਲਾਹਤ' ਹੈ ਉਥੋਂ ਦਾ ਸੀ। ਪੁਸਤਕ ਮਰਾਤੁਲ ਹਿਸਾਬ ਉਸ ਦੀ ਰਚਨਾ ਹੈ। ਉਸ ਨੇ "ਮਕਾਤਿਬਾਤ-ਏ-ਅੱਲਾਮੀ ਅਬੂਉਲ ਫ਼ਜ਼ਲ" ਤੇ "ਗੁਲ ਗਸ਼ਤੀ" ਪੁਸਤਕਾਂ ਦੀ ਚੰਗੀ ਤਰ੍ਹਾਂ ਵਿਅ ਖਿਆ ਕੀਤੀ ਹੈ। ਉੱਥੇ ਰਾਮ ਕਰਨ 'ਪੂਜ' ਤੇ ਮਹਾਰਾਜ 'ਬ੍ਰਾਹਮਣ' ਜੋਤਿਸ਼ ਵਿਦਿਆ 'ਚ ਨਿਪੁੰਨ ਸਨ। ਉਥੇ ਭਾਈ ਗੁਰਦਿਆਲ ਸਿੰਘ ਮਹਾਤਮਾ ਪੁਰਸ਼ ਹੋਇਆ ਹੈ। ਉਸ ਦਾ ਸਥਾਨ ਸ਼ਹਿਰੋਂ ਬਾਹਰ ਹੈ, ਜੋ ਪ੍ਰਸਿੱਧ ਹੈ। ਥਾਪਰ ਇਕ ਪਿੰਡ ਹੈ ਜੋ ਗੁਜਰਾਂਵਾਲੇ ਤੋਂ ਪੱਛਮ ਦੱਖਣ ਵਾਲੇ ਪਾਸੇ ਨੌਂ ਕੋਹ ਦੇ ਪੈਂਡੇ 'ਤੇ ਹੈ। ਉੱਥੇ ਬਾਬਾ ਮੁਰਾਰ ਦਾਸ ਬੈਰਾਗੀ ਦਾ ਡੇਰਾ ਹੈ ਜੋ ਬੱਦੋਕੀ ਵਾਲੇ ਬਾਬਾ ਕਾਸ਼ੀ ਦਾਸ ਤੋਂ ਅੰਦਰਮੁਖੀ ਗਿਆਨ ਦੀ ਬਖਸ਼ਿਸ ਪਾ ਕੇ ਖੁਦਾਸ਼ਨਾਸੀ ਦੇ ਰੁਤਬੇ ਨੂੰ ਪੁੱਜਿਆ। ਆਮ ਲੋਕੀਂ ਉਸ ਦੇ ਘਰਾਣੇ ਦੇ ਸ਼ਰਧਾਲੂ ਹਨ।

ਤਪਾ ਆਲਮਗੀਰ ਪੁਰ ਦੋਸਤ ਮੁਹੰਮਦ ਦਾ ਆਮ ਨਾਉਂ ਰੁਸਤਮ ਪੁਰ ਹੈ।

ਤਪਾ ਕਾਲੜ ਵਧੇਰੇ ਪ੍ਰਸਿੱਧ ਹੈ। ਪਿੰਡ ਮਰਵਾਨਾ, ਕੀਰਾਂ ਵਾਲੀ, ਅਕੇਰੀਆਂ ਤੇ ਔਰੰਗਾਬਾਦ ਦੇ ਨਾਲ ਲੱਗਦਾ ਤਲਵਾੜਾ ਅਲੀ ਖਾਂ, ਜੋ ਬੇਰਿਆਂ ਵਾਲੀ ਵਜੋਂ ਪ੍ਰਸਿੱਧ ਹੈ, ਕਾਲੜਾ ਤਪੇ ਦੇ ਪ੍ਰਬੰਧ ਹੇਠ ਹਨ। ਪਰਗਣਾ ਪੁਰਸਰੂਰ ਦੇ ਪ੍ਰਬੰਧ ਵਿਚ ਆਇਆ ਪਿੰਡ ਵਡਾਲਾ ਸੰਧੂਆਂ ਇਕ ਵੱਡਾ ਪਿੰਡ ਹੈ। ਉਥੇ ਕਾਫੀ ਖੱਤਰੀ ਲੋਕ ਰਹਿੰਦੇ ਹਨ। ਉਥੋਂ ਦੇ ਵਸਨੀਕਾਂ ਵਿਚੋਂ ਸ੍ਰ: ਨਿਧਾਨ ਸਿੰਘ ਵਡਾਲੀਆ ਭਲੀ ਭਾਂਤ ਪ੍ਰਸਿੱਧ ਸੀ। ਉਥੇ ਗੁਸਾਈਂ ਬਿੱਲੂ ਸਾਹਿਬ ਬੈਰਾਗੀ ਸਾਧ ਦੀ ਸਮਾਧ ਹੈ। ਉਸ ਦੀ ਸੰਤਾਨ ਵਿਚੋਂ ਰਾਮ ਦਾਸ ਅਦਵੈਤਵਾਦੀ ਸੀ। ਆਮ ਲੋਕੀਂ ਉਹਨਾਂ ਦੇ ਸ਼ਰਧਾਲੂ ਹਨ। ਬੋਤਾਲਾ ਵੱਡਾ ਪਿੰਡ ਹੈ ਜਿੱਥੇ ਸ੍ਰ: ਸ਼ਾਮ ਸਿੰਘ ਤੇ ਝੰਡਾ ਸਿੰਘ ਰਹਿੰਦੇ ਸਨ। ਫਰੋਕੇ (ਭੈਰੋਕੇ) ਇਕ ਵੱਡਾ ਪਿੰਡ ਹੈ ਜਿੱਥੇ ਮਹਿੰਦੀ ਬਹੁਤ ਹੁੰਦੀ ਹੈ।

ਹਾਫਜ਼ਾਬਾਦ ਇਕ ਪਰਗਣਾ ਹੈ। ਹਾਫਜ਼ਾਬਾਦ ਨੱਗਰ ਵਿੱਚ ਖੱਤਰੀਆਂ ਦੀਆਂ 'ਬਧਾਵਨ' ਤੇ 'ਚੋਪੜਾ' ਜ਼ਾਤਾਂ ਦੇ ਲੋਕ ਵਸਦੇ ਹਨ। ਜੰਡਿਆਲਾ ਸ਼ੇਰ ਖਾਂ ਛੋਟਾ ਨੱਗਰ ਹੈ। ਮੁਰਾਲੀ ਵਾਲਾ ਵਜੋਂ ਪ੍ਰਸਿੱਧ ਸ਼ਫੀਆਬਾਦ ਛੋਟਾ ਨੱਗਰ ਹੈ। ਉੱਥੋਂ ਦੇ ਵਾਰਿਸ ਮੁਗਲ ਹਨ। ਉੱਥੋਂ ਦੇ ਵੱਡੇ ਆਦਮੀਆਂ ਵਿਚੋਂ 'ਬਧਾਵਨ' ਖੱਤਰੀ ਹਨ। ਅੱਜ ਕੱਲ੍ਹ ਉੱਥੋਂ ਦੀ ਜਿਮੀਂਦਾਰੀ 'ਤੇ 'ਵਾਹਲਾ' ਜ਼ਾਤ ਦੇ ਜੱਟਾਂ ਦਾ ਕਬਜ਼ਾ ਹੈ। ਉਥੇ ਨਾਨਕਸ਼ਾਹੀ ਸਾਧਾਂ ਦਾ ਡੇਰਾ 'ਭਗਤ ਦੁਆਰਾ' ਹੈ ਜੋ ਦਿਲ ਨੂੰ ਖੁਸ਼ ਕਰਨ ਵਾਲੀ ਤੇ ਸਾਫ ਸੁਥਰੀ ਜਗ੍ਹਾ ਹੈ।

ਬੂਚਾ ਚੱਠਾ ਇਕ ਪਰਗਣੇ ਦਾ ਨਾਉਂ ਹੈ। ਬੂਚਾ ਨੱਗਰ ਉਜੜਿਆ ਹੋਇਆ ਹੈ। ਉਸ ਨੱਗਰ ਦੇ ਬਦਲੇ ਚੌਧਰੀ ਗੁਲਾਮ ਮੁਹੰਮਦ 'ਚੱਠਾ' ਨੇ ਦਰਿਆ ਝਨਾਂ ਦੇ ਕੰਢੇ ਰਸੂਲਨਗਰ ਨਾਮੀਂ ਨੱਗਰ ਵਸਾਇਆ ਸੀ ਅੱਜ ਕੱਲ੍ਹ ਜਿਸ ਦਾ ਨਾਉਂ ਰਾਮ ਨਗਰ ਸ਼ਹਿਰ ਹੈ। ਪੰਜਾਬੀ ਦਾ ਕਵੀ ਵਾਰਿਸ ਸ਼ਾਹ ਇਸੇ ਥਾਂ ਦਾ ਸੀ ਜਿਸ ਦੀਆਂ 'ਸੀ ਹਰਫ਼ੀਆਂ' ਲੋਕਾਂ ਦੀ ਜ਼ਬਾਨ 'ਤੇ ਹਨ ਤੇ ਹੀਰ ਰਾਂਝੇ ਦਾ ਕਿੱਸਾ ਭੀ ਉਸ ਦੀਆਂ ਰਚਨਾਵਾਂ ਵਿਚੋਂ ਹੈ। ਉਸ ਤੋਂ ਪਹਿਲਾਂ ਹੀਰ ਰਾਂਝੇ ਦਾ ਕਿੱਸਾ ਮੁਕ਼ਬਲ ਕਵੀ ਨੇ ਰਚਿਆ ਸੀ। ਉਸ ਤੋਂ ਮਗਰੋਂ ਇਸ ਕਿੱਸੇ ਦੀ ਉਸਤਤ ਯੋਗ ਵਾਰਿਸ ਨੇ ਤੇ ਮਗਰੋਂ ਹੋਰਾਂ ਨੇ ਭੀ ਰਚਨਾ ਕੀਤੀ ਹੈ।

ਉੱਥੇ ਸਾਈਂ ਸਾਹਿਬ ਤੇ ਗੁਰਮੁਖ ਰਾਏ 'ਬਧਾਵਨ' ਵਿਦਵਾਨ ਤੇ ਸਾਧੂ ਪੁਰਸ਼ ਹੋਏ ਹਨ। ਹਿੰਦੀ (ਪੰਜਾਬੀ) ਦੀ ਕਾਫੀ ਕਵਿਤਾ ਉਨ੍ਹਾਂ ਦੀ ਯਾਦਗਾਰ ਹੈ। ਬੋਧਾਇਆ ਭੀ ਇਕ ਨੱਗਰ ਦਾ ਨਾਉਂ ਹੈ ਉਹ ਭੀ ਉਜੜਿਆ ਪਿਆ ਹੈ। ਇਨ੍ਹਾਂ ਦੋਹਾਂ ਨੱਗਰਾਂ ਵਿੱਚ 'ਚੋਪੜੇ' ਵੱਡੇ ਆਦਮੀਂ ਸਨ। ਬੂਚਾ ਚੱਠਾ ਦੀ ਕਾਨੂੰਗੋਈ ਉਨ੍ਹਾਂ ਦੇ ਨਾਉਂ ਸੀ। ਅਕਾਲਗੜ੍ਹ ਉਰਫ ਅਲੀਪੁਰ ਬੂਚਾ ਚੱਠਾ ਪਰਗਣੇ ਵਿੱਚੋਂ ਹੈ। ਇਸ ਸਮੇਂ ਬਾਹਲੇ 'ਚੋਪੜਾ' ਖੱਤਰੀ ਬੂਚਾ 'ਚੋਂ ਨਿਕਲ ਕੇ ਅਕਾਲ ਗੜ੍ਹ ਆ ਵਸੇ ਹਨ। ਸੂਬਾ ਮੁਲਤਾਨ ਦੇ ਨਾਜ਼ਿਮ ਦੀਵਾਨ ਸਾਵਣ ਮੱਲ ਤੇ ਮੂਲ ਰਾਜ ਦਾ ਘਰ ਇੱਥੇ ਹੀ ਹੈ। ਦੀਵਾਨ ਦਿਲਬਾਗ ਰਾਏ 'ਕੋਛੜ' ਦਾ ਘਰ ਭੀ ਉਸੇ ਨੱਗਰ ਵਿੱਚ ਹੈ। ਕੌਮ 'ਚੱਠਾ' ਦਾ ਮੰਜਰ ਨਾਮੀਂ ਇੱਕ ਪਿੰਡ ਹੈ। ਚੀਮਾਂ ਚੱਠਾ ਇਕ ਪਰਗਣੇ ਦਾ ਨਾਉਂ ਹੈ। ਰਾਮ ਨੱਗਰ ਦੇ ਇਲਾਕੇ ਵਿੱਚ 'ਚੱਠਾ' ਜ਼ਿਮੀਂਦਾਰਾਂ ਦੀ ਵਿਰਾਸਤ ਪਿੰਡ ਮੰਢਾਲਾ ਹੈ। ਪਿੰਡ ਮੰਢਾਲੇ ਦੀ ਹੱਦ ਦੇ ਅੰਦਰ ਬਾਵਾ ਲਾਲ ਦਰਿਆਈ ਬੈਰਾਗੀ ਦੀ ਸਮਾਧ ਹੈ ਜੋ ਆਲਮਗੀਰ ਦੇ ਰਾਜ-ਕਾਲ ਵਿੱਚ ਬਹੁਤ ਜ਼ਿਆਦਾ ਕਰਾਮਾਤਾਂ ਦਾ ਪਰਗਟਾਊ ਬਣਿਆ ਰਿਹਾ। ਉਸ ਦੇ ਚੇਲਿਆਂ ਵਿਚੋਂ ਦੋ ਵਿਅਕਤੀ ਬਰਕਤ ਵਾਲੇ ਸਨ, ਇੱਕ ਸੰਤ ਦਾਸ ਤੇ ਦੂਜਾ ਸਾਈਂ ਦਾਸ। ਆਮ ਲੋਕੀਂ ਉਨ੍ਹਾਂ ਦੇ ਸ਼ਰਧਾਲੂ ਹਨ। ਝਨਾ ਦਰਿਆ ਦੇ ਕੰਢੇ ਗੜ੍ਹੀ ਨਾਮੀਂ ਇਕ ਪਿੰਡ ਹੈ। ਪਿੰਡ ਰਨੀ ਖਾਨਕੀ ਭੀ ਝਨਾ ਦਰਿਆ ਦੇ ਕੰਢੇ 'ਤੇ ਹੈ। ਪਿੰਡ ਵਨੇਕੀ ਭੀ ਇੱਕ ਵੱਡਾ ਪਿੰਡ ਹੈ। ਜਾਮਕੇ ਦੇ ਨਾਲ ਲੱਗਦਾ ਸ਼ਾਹ ਰਹਿਮਾਨ ਦਾ ਅਸਥਾਨ ਭੀ ਹੈ ਜੋ ਬਜ਼ੁਰਗ ਸੱਈਅਦਾਂ ਵਿੱਚੋਂ ਹੋਇਆ ਹੈ। ਸਮਾਪਤ।

ਕਿਲ੍ਹਾ ਮੀਹਾਂ ਸਿੰਘ ਇੱਕ ਪਿੰਡ ਹੈ ਜੋ ਕਰਨੈਲ ਮੀਹਾਂ ਸਿੰਘ ਦਾ ਵਸਾਇਆ ਹੋਇਆ ਹੈ। ਉਹ ਬਹੁਤ ਨੇਕ ਵਿਅੱਕਤੀ ਸੀ। ਕਸ਼ਮੀਰ ਦੀ ਕਚਹਿਰੀ ਵਿੱਚ ਉਸ ਦੇ ਨਿਆਂ ਦੀਆਂ ਧੁੰਮਾਂ ਪਈਆਂ ਹੋਈਆਂ ਹਨ। ਸਰਸਾ ਰਤਨ ਸਿੰਘ ਵਾਲਾ ਅਤੇ ਕੋਟ ਹਸਨ ਖਾਂ ਪ੍ਰਸਿੱਧ ਨੱਗਰ ਹਨ। ਅਹਿਮਦ ਨੱਗਰ ਛੋਟਾ ਨੱਗਰ ਹੈ। ਰਾਮ ਨੱਗਰ ਵਾਲੇ ਪਾਸੇ ਇਕ ਪਿੰਡ ਊਧੋਵਾਲੀ ਹੈ। ਉਥੇ ਬਾਹਲੇ 'ਵਧਾਵਨ' ਖੱਤਰੀ ਰਹਿੰਦੇ ਹਨ। ਕੌਮ ਤਾਰੜ ਦਾ ਇਕ ਪਿੰਡ ਕੋਲੂ ਤਾਰੜ ਹੈ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਮੋਰਚਾਬੰਦੀ ਕਰਕੇ ਇੱਜ਼ਤ ਬਖਸ਼ ਤਾਰੜ ਦੇ ਹਥੋਂ ਖੋਹਿਆ ਸੀ। ਸੁਲਤਾਨ ਪੁਰ ਭੀ ਪ੍ਰਸਿੱਧ ਹੈ। ਹਾਫਜ਼ਾਬਾਦ ਦੇ ਪ੍ਰਬੰਧ ਹੇਠ ਜਲਾਲਪੁਰ ਭੱਟੀਆਂ ਇਕ ਨੱਗਰ ਹੈ। ਉੱਥੋਂ ਦਾ ਹਾਕਮ ਸਰਦਾਰ ਜਲਾਲ ਖਾਂ ਭੱਟੀ ਪ੍ਰਸਿੱਧ ਸੀ। ਪਹਿਲੇ ਸਮਿਆਂ ਵਾਲਾ ਪੁਰਾਣਾ ਜਲਾਲਪੁਰ ਤਾਂ ਉਜੜਿਆ ਪਿਆ ਹੈ ਹੁਣ ਉਸ ਰਕਬੇ ਵਿਚ ਤਿੰਨ ਪਿੰਡ ਵਸੇ ਹੋਏ ਹਨ। ਇੱਕ ਪਿੰਡ 'ਅਨੰਦ' ਖੱਤਰੀਆਂ ਦਾ ਕੋਟਲਾ, ਜਿੱਥੇ ਕਾਲਕਾ ਦੇਵੀ ਦਾ ਪੂਜਾ-ਸਥਾਨ ਹੈ। ਦੂਜਾ ਪਿੰਡ ਬਹਾਉੱਦੀਨ ਹੈ ਜਿਥੇ ਸਾਈਂ ਬਹਾਉੱਦੀਨ ਦੀ ਖਾਨਗਾਹ ਤੀਰਥ-ਸਥਾਨ ਹੈ। ਤੀਜੇ ਪਿੰਡ ਦਾ ਨਾਮ ਚੰਦੇਰ ਹੈ ਜਿਸ ਉੱਤੇ 'ਚੰਦੇਰ' ਜ਼ਿਮੀਂਦਾਰ ਕਾਬਿਜ਼ ਹਨ। ਜਲਾਲ ਪੁਰ ਭੱਟੀਆਂ ਜੋ ਅੱਜ ਕੱਲ੍ਹ ਪ੍ਰਸਿੱਧ ਹੈ, ਦੀ ਨੀਂਹ ਸੰਮਤ ੧੮੧੦ ਬਿਕਰਮੀ (ਮੁਤਾਬਿਕ ਸੰਨ ੧੭੫੩ ਈ:) ਵਿੱਚ ਮੁਹੰਮਦ ਯਾਰ 'ਭੱਟੀ' ਨੇ ਰੱਖੀ ਹੈ। ਇਹ ਬਹੁਤ ਸੋਹਣੀ ਥਾਂ ਹੈ। ਕਾਫੀ ਦਾਨੇ ਲੋਕ ਇੱਥੇ ਹੋਏ ਹਨ। ਵਿਸ਼ੇਸ਼ ਕਰਕੇ ਬਾਬਾ ਸੰਤ ਦਾਸ ਬੈਰਾਗੀ ਬ੍ਰਹਮ ਗਿਆਨੀ ਮਹਾਤਮਾ ਇੱਥੇ ਹੋਇਆ ਹੈ। ਰਮਦਾਸ ਸਾਧੂਆਂ ਦੇ ਜਥੇ ਵਿੱਚੋਂ 'ਚੰਡਾਲੀ' ਖੱਤਰੀ ਮੱਥਰਾ ਦਾਸ ਸਾਧ ਭੀ ਇੱਥੇ ਹੋਇਆ ਹੈ। ਉਹ ਇੱਕ ਆਜ਼ਾਦ ਵਿਅੱਕਤੀ ਸੀ ਤੇ ਉਸ ਨੇ ਦਿਖਾਵੇ ਦੀ ਪੈਰਵੀ (ਪੂਜਾ ਪਾਠ) ਤੋਂ ਛੁਟਕਾਰਾ ਪਾ ਕੇ ਆਪਣੇ ਅੰਦਰ ਲਿਵ ਲਾਈ ਹੋਈ ਸੀ। ਉਸ ਦੇ ਆਜ਼ਾਦ ਸੁਭਾ ਦੀਆਂ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ। ਉਸ ਨੇ ਕਦੇ ਕਿਸੇ ਤੋਂ ਲਾਲਚ ਨਹੀਂ ਕੀਤਾ ਸੀ ਅਤੇ ਆਪਣੇ ਗੁਜ਼ਾਰੇ ਲਈ ਕੱਪੜੇ ਸਿਉਣ ਦਾ ਧੰਧਾ ਅਪਣਾਇਆ ਹੋਇਆ ਸੀ। ਉਹ ਬੇਦਾਗ ਚਿੱਟੇ ਕੱਪੜੇ ਪਾਉਂਦਾ ਸੀ। ਕਹਿੰਦੇ ਹਨ ਕਿ ਉਸ ਦੇ ਪੈਰੋਕਾਰ ਭੀ ਜਲਾਲਪੁਰ ਵਿਖੇ ਉਸ ਦੇ ਢੰਗ ਅਨੁਸਾਰ ਗੁਜ਼ਾਰਾ ਕਰਦੇ ਹਨ। ਲਾਲਾ ਜਤੀ ਰਾਮ 'ਮਹਿਰਾ' ਜਿਸ ਨੂੰ ਮਹਾਰਾਜਾ ਗੁਲਾਬ ਸਿੰਘ ਬਹਾਦੁਰ ਦੇ ਰਾਜ ਵਿੱਚ ਰਾਮ ਗੜ੍ਹ ਦੇ ਤੱਲਕੇ ਦਾ ਪ੍ਰਬੰਧ ਕਰਨ ਦਾ ਮਾਣ ਪ੍ਰਾਪਤ ਹੈ, ਨੇਕ ਪੁਰਖਿਸ਼, ਨੇਕ-ਆਲ ਤੇ ਤੇਜ਼ ਬੁੱਧੀ ਦਾ ਮਾਲਕ ਹੈ।

ਇੰਦਰਾ ਤੇ ਜੋਗ ਆਦਿ ਖੱਤਰੀ ਭੀ ਮਾਣ ਇੱਜ਼ਤ ਵਾਲੇ ਵਿਅੱਕਤੀ ਹਨ। ਪਿੰਡ ਹਸਨਪੁਰ ਤੇ ਪਿੰਡੀ ਭੱਟੀਆਂ ਭੀ ਪ੍ਰਸਿੱਧ ਸਥਾਨ ਹਨ। ਉੱਥੇ ਅਕਬਰ ਬਾਦਸ਼ਾਹ ਦੇ ਰਾਜ-ਕਾਲ ਵਿੱਚ ਦੁੱਲਾ ਭੱਟੀ ਹੋਇਆ ਹੈ ਜਿਸ ਦਾ ਕੰਮ ਹਕੂਮਤ ਦੇ ਵਿਰੁੱਧ ਬਗਾਵਤ ਕਰਨਾ ਸੀ। ਲੋਕ ਉਸ ਦੀ ਬਹਾਦਰੀ ਦੀਆਂ ਬਹੁਤ ਸਾਰੀਆਂ ਕਹਾਣੀਆਂ ਬਿਆਨ ਕਰਦੇ ਹਨ।

ਸੱਈਅਦ ਵਾਲਾ ਉੱਘਾ ਪਿੰਡ ਹੈ। ਗੋਬਿੰਦ ਪੁਰ ਤੱਲਕੇ ਦਾ ਨਾਉਂ ਹੈ ਅਤੇ ਦਰਿਆ ਦੇ ਕੰਢੇ ਇੱਕ ਪਿੰਡ ਦਾ ਭੀ ਨਾਉਂ ਹੈ। ਉਸ ਪਿੰਡ ਦੇ ਦੋਵੇਂ ਪਾਸੀਂ ਪਿੱਪਲ ਤੇ ਬੋਹੜ ਆਦਿ ਦੇ ਰੁੱਖਾਂ ਦੀਆਂ ਝੰਗੀਆਂ (ਝੁੰਡ) ਹਨ। ਉਸ ਅਸਥਾਨ ਨੂੰ ਚੋਂਤਰਾ ਰਾਮ ਲਛਮਣ ਕਹਿੰਦੇ ਹਨ। ਉੱਥੋਂ ਦੇ ਦਰਵੇਸਾਂ ਵਿੱਚੋਂ ਪ੍ਰੇਮ ਦਾਸ ਧਰਮਾਤਮਾਂ ਵਿਅੱਕਤੀ ਹੈ। ਚੰਦਿਓਟ (ਚਨਿਓਟ) ਇੱਕ ਪੁਰਾਣਾ ਸ਼ਹਿਰ ਹੈ। ਉੱਥੇ ਖੱਤਰੀਆਂ ਦੀਆਂ 'ਸਹਿਗਲ' ਆਦਿ ਕਈ ਜ਼ਾਤਾਂ ਦੇ ਲੋਕ ਰਹਿੰਦੇ ਹਨ। ਉੱਥੇ ਸ਼ਾਹ ਬੁਰਹਾਨ ਦੀ ਖਾਨਗਾਹ ਤੀਰਥ-ਸਥਾਨ ਹੈ। ਬਾਦਸ਼ਾਹ ਸ਼ਾਹ ਜਹਾਨ ਦਾ ਵਜ਼ੀਰ ਸਾਅਦ ਅੱਲ੍ਹਾ ਖਾਂ ਉੱਥੋਂ ਦੇ ਵੱਡੇ ਵਿਅੱਕਤੀਆਂ ਵਿੱਚੋਂ ਹੋਇਆ ਹੈ। ਖੋਜਾ ਤੇ ਪਰਾਚਾ ਕੌਮਾਂ ਦੇ ਬਾਹਲੇ ਲੋਕ ਉਥੇ ਧਨਾਢ ਤੇ ਸ਼ਾਹੂਕਾਰ ਹਨ। ਉੱਥੋਂ ਦੇ ਕਮਾਨਾ ਬਣਾਉਣ ਵਾਲੇ ਬਹੁਤ ਵਧੀਆ ਕਮਾਨਾਂ ਬਣਾਉਂਦੇ ਹਨ। ਖੂਹੀ ਸਿਆਲਾਂ ਇੱਕ ਪਿੰਡ ਹੈ ਜੋ ਪਹਿਲਾਂ ਵੱਡਾ ਨੱਗਰ ਹੁੰਦਾ ਸੀ। ਉੱਥੋਂ ਦੇ ਮਾਲਕ ਦਾ ਨਾਉਂ ਖਾਨ ਖੀਵਾ ਸੀ। ਖਾਨ ਸ਼ੇਰ ਤੇ ਖਾਨ ਅਮੀਰ ਨਾਮੀਂ ਉਸ ਦੇ ਦੋ ਪੁੱਤਰ ਸਨ। ਉਸ ਦੀ ਇੱਕ ਸੁੰਦਰ ਬੇਟੀ ਸੀ ਜਿਸ ਦਾ ਨਾਉਂ ਸਾਹਿਬਾ (ਸਾਹਿਬਾਂ) ਸੀ ਜਿਸ ਦਾ ਇਸ਼ਕ 'ਖਰਲ' ਜ਼ਾਤ ਦੇ ਮਿਰਜ਼ਾ ਨਾਮੀਂ ਵਿਅੱਕਤੀ ਨਾਲ ਪ੍ਰਸਿੱਧ ਹੋਇਆ। ਉਸ ਦਾ ਕਿੱਸਾ ਫਰੀਦਾਬਾਦ, ਜਿਥੋਂ ਦਾ ਮਿਰਜ਼ਾ ਸੀ, ਦੇ ਬਿਆਨ ਵਿੱਚ ਲਿਖਿਆ ਜਾਵੇਗਾ। ਝੰਗ ਸਿਆਲ ਇੱਕ ਪ੍ਰਸਿੱਧ ਜਗ੍ਹਾ ਹੈ ਜੋ ਹੁਸਨ ਤੇ ਇਸ਼ਕ ਕਾਰਨ ਪ੍ਰਸਿੱਧ ਹੈ। ਉਥੋਂ ਦੇ ਸਰਦਾਰ ਚੂਚਕ ਦੀ ਹੀਰ ਨਾਮੀਂ ਬੇਟੀ ਨੇ ਸਾਰੀ ਉਮਰ ਰਾਂਝੇ ਦੇ ਪ੍ਰੇਮ ਵਿੱਚ ਬਤੀਤ ਕੀਤੀ ਜਿਸ ਦਾ ਹਾਲ ਤਖਤ ਹਜ਼ਾਰੇ ਦੇ ਬਿਆਨ ਵਿਚ ਲੰਘ ਚੁਕਿਆ ਹੈ। 'ਸਿਆਲ' ਕੌਮ ਦਾ ਇੱਕ ਨੱਗਰ ਮਘਿਆਣਾ ਹੈ ਜਿਸ ਦੀ ਹੱਦ ਵਿਚ ਰਾਂਝੇ ਦੀ ਪ੍ਰੇਮਕਾ ਹੀਰ ਦੀ ਕਬਰ ਬਣੀ ਹੋਈ ਹੈ। ਤਲੰਬਾ ਇੱਕ ਪ੍ਰਸਿੱਧ ਕਿਲ੍ਹਾ ਹੈ, ਸ਼ੋਰ ਕੋਟ ਪ੍ਰਸਿੱਧ ਹੈ। ਦਰਿਆ ਰਾਵੀ ਦੇ ਕੰਢੇ ਫਰੀਦਾਬਾਦ ਇਕ ਛੋਟਾ ਨਗਰ ਹੈ। ਨਜੀਬ ਖਾਂ 'ਖਰਲ' ਦੇ ਉਸ ਨੱਗਰ ਵਿਖੇ ਰਹਿਣ ਸਦਕਾ ਉਹ ਨੱਗਰ ਬਹੁਤ ਪ੍ਰਸਿਧ ਹੋਇਆ। ਕਹਿੰਦੇ ਹਨ ਕਿ ਬਾਦਸ਼ਾਹ ਫਰੁਖਸੀਅਰ ਦੇ ਰਾਜ-ਕਾਲ ਵਿਚ ਉਥੋਂ ਦੇ ਮੁਕੱਦਮ ਦੇ ਘਰ ਮਿਰਜ਼ਾ ਨਾਮੀਂ ਬੇਟਾ ਪੈਦਾ ਹੋਇਆ। ਉਸ ਦੇ ਹਾਲਾਤ ਇਸ ਤਰ੍ਹਾਂ ਬਿਆਨ ਕਰਦੇ ਹਨ।

ਮਿਰਜ਼ਾ ਤੇ ਸਾਹਿਬਾ ਦੀ ਵਾਰਤਾ

ਰਚਨਾਬ ਦੁਆਬੇ ਦੀਆਂ ਖਬਰਾਂ ਦੱਸਣ ਵਾਲੇ ਲੋਕ ਰਾਵੀ ਦੇ ਕੰਢੇ ਸਥਿਤ ਨਗਰ ਫਰੀਦਾਬਾਦ ਬਾਰੇ ਗੱਲ ਨੂੰ ਇਸ ਤਰ੍ਹਾਂ ਬਣਾ ਸੁਆਰ ਕੇ ਦੱਸਦੇ ਹਨ ਕਿ ਫਰੀਦਾਬਾਦ ਦੇ ਸਰਦਾਰ ਦੇ ਘਰ ਇਕ ਬੇਟਾ ਜੰਮਿਆਂ ਜਿਸ ਨੂੰ ਸੁੰਦਰਤਾ ਧੁਰੋਂ ਪ੍ਰਾਪਤ ਹੋਈ ਹੋਈ ਸੀ।

(ਸ਼ਿਅਰ) ਜਦੋਂ ਉਸ ਦੇ ਪਿਤਾ ਨੇ ਉਸ ਦਾ ਮੂੰਹ ਤੱਕਿਆ ਤਾਂ ਉਹ
ਮੀਰ (ਸਰਦਾਰ) ਬਣ ਗਿਆ ਅਤੇ ਉਸ ਨੇ ਆਪਣੇ ਪੁੱਤਰ
ਦਾ ਨਾਉਂ ਮੀਰ ਜ਼ਾ (ਅਮੀਰ ਜ਼ਾਦਾ) ਰੱਖਿਆ।

ਜਦੋਂ ਉਸ ਨੇ ਸੁਰਤ ਸੰਭਾਲੀ ਤਾਂ ਉਸ ਦੀ ਭੂਆ ਉਸ ਨੂੰ ਪੜ੍ਹਾਉਣ ਲਿਖਾਉਣ ਤੇ ਵਿਦਿਆ ਦਿਵਾਉਣ ਲਈ ਆਪਣੇ ਘਰ ਖੀਵਾ ਸਿਆਲ ਨਗਰ, ਜੋ ਝੰਗ ਸਿਆਲ ਦੇ ਪ੍ਰਬੰਧ ਹੇਠ ਹੈ ਤੇ ਜਿਸ ਇਲਾਕੇ ਵਿਚ ਹੁਸਨ ਤੇ ਇਸ਼ਕ ਇਕੱਠੇ ਜੰਮੇ ਤੇ ਹਾਣੀ ਹਨ, ਵਿਖੇ ਲੈ ਗਈ। ਉਸ ਦੀ ਭੂਆ ਨੇ ਉਸ ਨੂੰ ਕੁਰਾਨ ਪੜ੍ਹਨਾ ਸਿਖਾਉਣ ਲਈ ਮਦਰਸੇ ਵਿਚ ਵਿਦਵਾਨ ਉਸਤਾਦ ਦੇ ਹਵਾਲੇ ਕਰ ਦਿਤਾ।

(ਸ਼ਿਅਰ) ਉਹ ਖੁਦਾ ਦੀ ਬਰਕਤ ਨਾਲ ਖਿੜਿਆ ਰਹਿੰਦਾ ਸੀ
ਤੇ ਬੁਰੀ ਨਿਗ੍ਹਾ ਤੋਂ ਦੂਰ ਸੀ,
ਉਹ ਬਾਗ 'ਚੋਂ ਨਿਕਲ ਕੇ ਪਰੀ-ਘਰ ਵਿਚ ਜਾ ਵੜਿਆ।

ਅਧਿਆਪਕ ਦਿਲੀ ਪਿਆਰ ਤੇ ਦਿਲੀ ਚਾਹ ਨਾਲ ਉਸ ਨੂੰ ਸੰਥਾ ਦਿੰਦਾ ਸੀ ਤੇ 'ਸੂਰ੍ਹਾ-ਏ-ਯੂਸਿਫ' ਦਾ ਮੰਤਰ ਉਸ 'ਤੇ ਪੜ੍ਹਦਾ ਸੀ ਤਾਂ ਜੋ ਉਹ ਸੰਸਾਰੀ ਜ਼ੁਲੇਖਾਂ ਦੀ ਲਾਲਸਾ ਤੋਂ ਬਚਿਆ ਰਵ੍ਹੇ। ਸਬੱਬ ਨਾਲ ਉਸ ਮੁਹਾਲ ਦੇ ਮਾਲਿਕ ਖਾਨ ਖੀਵਾ ਸਿਆਲ ਦੀ ਇਕ ਅਤਿ ਸੁੰਦਰ ਬੇਟੀ ਸੀ ਉਸ ਦਾ ਨਾਉਂ ਸਾਹਿਬਾ ਸੀ। ਉਸ ਨੇ ਸੈਂਕੜੇ ਸ਼ਗਨ ਮਨਾ ਕੇ ਤੇ ਠਾਠ ਬਾਠ ਨਾਲ ਵਿਦਿਆ ਤੇ ਕਲਾ ਸਿੱਖਣ ਲਈ ਆਪਣੀ ਬੇਟੀ ਨੂੰ ਉਸੇ ਮਸੀਤ ਵਿਚ ਭੇਜ ਦਿਤਾ।

(ਸ਼ਿਅਰ) ਪਰੀ ਵਰਗੀ ਸੁੰਦਰ ਬੱਚੀ ਸਕੂਲ ਜਾਂਦੀ ਹੈ
ਉਸਤਾਦ ਨੂੰ ਨਵੀਂ ਮੌਤ ਦੀ ਵਧਾਈ ਹੋਵੇ!
ਚਾਹੇ ਉਸਤਾਦ ਖੁਦ ਅਫਲਾਤੂਨ ਹੋਵੇ ਤਾਂ ਭੀ
ਥੋੜ੍ਹੇ ਦਿਨਾਂ ਵਿਚ ਉਹ ਮਜਨੂੰ ਬਣ ਜਾਵੇਗਾ।

ਜਦੋਂ ਸਾਹਿਬਾ ਨੇ ਉਸਤਾਦ ਦੇ ਕੋਲ ਬੈਠ ਕੇ 'ਬਿਸਮਿੱਲਾ' ਪੜ੍ਹਨਾ ਸ਼ੁਰੂ ਕੀਤਾ ਤਾਂ ਮਿਰਜ਼ਾ, ਜੋ ਉਸ ਦੇ ਐਨ ਕੋਲ ਬੈਠਾ ਸੀ, ਉਸ ਦੀ ਪਹਿਲੀ ਤੱਕਣੀ ਨਾਲ ਹੀ ਘਾਇਲ ਹੋ ਗਿਆ ਤੇ ਸਾਹਿਬਾ ਭੀ ਮਿਰਜ਼ੇ ਦੇ ਅਲਫ ਵਰਗੇ ਸਿੱਧੇ ਕੱਦ ਵੱਲ ਖਿੱਚੀ ਗਈ। ਮਿਰਜ਼ਾ ਮੁਸ਼ਤਰੀ ਸਿਤਾਰੇ ਵਾਂਗ ਜ਼ੁਹਰਾ ਸਿਤਾਰੇ ਦੇ ਮੇਲ ਲਈ ਕੁਰਾਨ ਪੜ੍ਹਦਾ ਸੀ ਤੇ ਸਾਹਿਬਾ ਵਰਣਮਾਲਾ ਦੇ ਅੱਖਰਾਂ ਨੂੰ ਜ਼ਬਾਨੀ ਯਾਦ ਕਰਦੀ ਸੀ। ਉਸਤਾਦ ਉਸ ਨੂੰ ਵਰਣਮਾਲਾ ਦੇ ਅੱਖਰਾਂ ਦੇ ਨਿਯਮ ਯਾਦ ਕਰਵਾਉਂਦਾ ਸੀ ਪਰੰਤੂ ਸਾਹਿਬਾ ਮੀਮ, ਰੇ ਤੇ ਜ਼ੇ ਅੱਖਰ (ਮਿਰਜ਼ਾ) ਰੱਟਦੀ ਜਾਂਦੀ ਸੀ। ਦੋਵੇਂ ਪ੍ਰੇਮੀ ਇਕੱਠੇ ਬੈਠ ਕੇ ਆਸ਼ਕੀ ਦਾ ਬਾਜ਼ਾਰ ਗਰਮ ਰੱਖਦੇ ਸਨ।

(ਸ਼ਿਅਰ) ਇਕੋ ਸਕੂਲ ਵਿਚ ਇਸ਼ਕ ਮੁਹੱਬਤ ਦਾ ਦਮ ਭਰਦੇ ਸਨ।
ਗੋਡੇ ਨਾਲ ਗੋਡਾ ਜੋੜ ਕੇ ਬੈਠਦੇ ਸਨ,
ਸੰਥਾ ਲੈਣ ਸਮੇਂ ਇਕ ਦੂਜੇ ਦੇ ਨੇੜੇ ਪੁਸਤਕ ਦੇ ਦੋ ਪੰਨਿਆਂ ਵਾਂਗ ਜੁੜਦੇ ਸਨ।
ਦੋਵੇਂ ਵੱਖਰੇ ਬੈਠਣ ਦੀ ਰੁਚੀ ਰੱਖਦੇ ਤੇ ਇਕ ਦੂਜੇ ਨਾਲ ਕਾਨਾਫੂਸੀ ਕਰਦੇ ਰਹਿੰਦੇ।
ਜਦੋਂ ਸਾਹਿਬਾ ਘਰ ਨੂੰ ਜਾਂਦੀ ਤਾਂ ਮਿਰਜ਼ਾ ਭੀ ਕਿਸੇ ਨਾ ਕਿਸੇ ਬਹਾਨੇ ਉਸ ਦੇ ਪਿੱਛੇ ਹੋ ਲੈਂਦਾ।
ਜਦੋਂ ਉਹ ਸਕੂਲ ਵੱਲ ਰੁੱਖ ਕਰਦੀ ਤਾਂ ਮਿਰਜ਼ਾ ਢਿੱਲ ਕੀਤੇ ਬਿਨਾਂ ਸੁਗੰਧੀ ਵਾਂਗ ਆ ਟਪਕਦਾ।

ਭਾਵੇਂ ਉਸਤਾਦ ਉਨ੍ਹਾਂ ਨੂੰ ਜ਼ਬਤ ਵਿਚ ਰਹਿਣ ਲਈ ਬਥੇਰਾ ਪ੍ਰੇਰਦਾ ਸੀ ਪਰ ਉਹ ਇਸ਼ਕਬਾਜ਼ੀ ਨਹੀਂ ਛੱਡਦੇ ਸਨ। ਉਸਤਾਦ ਨੇ ਮਜਬੂਰ ਹੋ ਕੇ ਸਾਹਿਬਾ ਦੀ ਮਾਂ ਨੂੰ ਉਸ ਦਾ ਸਾਰਾ ਹਾਲ ਜਾ ਦੱਸਿਆ। ਮਾਂ ਨੇ ਬੇਟੀ ਨੂੰ ਨਰਮੀ ਨਾਲ ਤੇ ਫਿਟਕਾਰਾਂ ਪਾ ਕੇ ਸਮਝਾਇਆ ਤੇ ਉਸ ਨੂੰ ਮਸੀਤ ਜਾਣੋ ਰੋਕ ਦਿੱਤਾ ਤੇ ਕਿਹਾ :—

(ਸ਼ਿਅਰ) "ਚਾਹੇ ਅੱਖ ਵਿਚ ਰਹਿ ਚਾਹੇ ਦਿਲ ਵਿਚ ਰਹਿ,
ਚਰਾਗਦਾਨ ਦੀ ਬੱਤੀ ਤੇ ਚੰਨ ਬਣੀ ਰਹਿ।"

ਜਦੋਂ ਸਾਹਿਬਾ ਸਕੂਲੇ ਨਾ ਪੁੱਜੀ,
ਤਾਂ ਮਿਰਜ਼ਾ ਭੀ ਉਥੋਂ ਖਿਸਕ ਗਿਆ।
ਉਹ ਆਪਣੇ ਜਮਾਤੀਆਂ ਤੋਂ ਕਤਰਾਉਣ ਲਗ ਪਿਆ
ਜਿਵੇਂ ਬਾਗ ਵਿਚ ਫੁੱਲ ਮੁਰਝਾ ਗਿਆ ਹੋਵੇ।

ਉਸਤਾਦ ਜਦੋਂ ਮਿਰਜ਼ੇ ਨੂੰ ਗਿਆਨ ਗ੍ਰਹਿਣ ਕਰਨ ਲਈ ਪ੍ਰੇਰਨਾ ਕਰਦਾ ਸੀ ਤਾਂ ਉਹ ਜਵਾਬ ਵਿਚ ਇਹ ਕਵਿਤਾ ਪੜ੍ਹਦਾ ਸੀ:—

(ਸ਼ਿਅਰ) ਰਿਵਾਜ਼ੀ ਗਿਆਨ ਉੱਕਾ ਹੀ ਵਾਧੂ ਝਗੜਾ ਹੈ
ਇਸ ਗਿਆਨ ਨਾਲ ਨਾ ਤਾਂ ਕੁੱਝ ਦਿਲ ਨੂੰ
ਪ੍ਰਾਪਤ ਹੁੰਦਾ ਹੈ ਤੇ ਨਾ ਹੀ ਇਨਸਾਨ ਦੀ
ਅਵਸਥਾ ਇਸ ਨਾਲ ਬਦਲਦੀ ਹੈ।
ਆਸ਼ਕੀ ਦੇ ਗਿਆਨ ਤੋਂ ਬਿਨਾਂ ਕੋਈ ਗਿਆਨ ਆਪ ਕੁਝ ਨਹੀਂ ਹੈ,
ਅਸੀਂ ਹਮੇਸ਼ਾ ਬਦਬਖਤ ਸ਼ੈਤਾਨ ਦੇ ਜਾਮੇ ਵਿਚ ਰਹਿੰਦੇ ਹਾਂ।

ਸੋ ਮਿਰਜ਼ੇ ਨੇ ਸਕੂਲ ਦੀ ਫੁੱਲਵਾੜੀ 'ਤੋਂ ਮੁੱਖ ਮੋੜ ਲਿਆ ਅਤੇ ਬੁਲਬੁਲ ਵਾਂਗ ਉਸ ਗੁਲਾਬ ਦੇ ਚਿਹਰੇ ਵਾਲੀ ਸੁੰਦਰੀ ਦੀ ਸੁਗੰਧੀ ਦੇ ਪਿੱਛੇ ਗਲੀ ਬਜ਼ਾਰ ਵਿਚ ਇਹ ਗੀਤ ਗਾਉਂਦਾ ਫਿਰਦਾ ਸੀ।

(ਸ਼ਿਅਰ) ਤੂੰ ਕੀ ਵੇਖਿਆ ? ਕਿ ਸਾਥੋਂ ਇਸ ਤਰ੍ਹਾਂ ਭੱਜ ਗਈ,
ਮੈਂ ਤੈਥੋਂ ਕੁਰਬਾਨ ਹੋ ਗਿਆ,
ਤੂੰ ਦੱਸ ਮੇਰੇ ਵਿਚ ਕੀ ਕਸੂਰ ਵੇਖਿਆ ?
ਐ ਬੇਗੁਨਾਹ ਨੂੰ ਮਾਰਨ ਵਾਲੀ !
ਦਸ ਇਹ ਕੀ ਤਰੀਕਾ ਹੈ ?
ਇਹ ਰਹੁ ਰੀਤੀ ਕਿਸ ਮੁਲਕ ਤੇ ਇਲਾਕੇ ਦੀ ਹੈ ?
ਬੇਵਫਾਈ ਕਰਨਾ ਹੁਸੀਨਾਂ ਦਾ ਕੰਮ ਹੈ।
ਪ੍ਰੇਮਕਾਵਾਂ ਦਾ ਦਸਤੂਰ ਦੋਸਤੀ ਨਾ ਕਰਨਾ ਹੈ,

ਘਰ ਵਿਚ ਸਾਹਿਬਾ ਭੀ ਬੀਮਾਰ ਰਹਿੰਦੀ ਸੀ ਤੇ ਦਿਨ ਰਾਤ ਪਿਆਰੇ ਦੇ ਗ਼ਮ ਵਿਚ ਨਾਂ ਸੌਂਦੀ ਤੇ ਨਾ ਕੁੱਝ ਖਾਂਦੀ ਸੀ। ਉਸ ਨੂੰ ਆਪਣੀ ਕੋਈ ਸੁਰਤ-ਸੰਭਾਲ ਨਹੀਂ ਸੀ ਤੇ ਨਾ ਹੀ ਉਹ ਕਿਸੇ ਦੀ ਗੱਲ ਸੁਣਦੀ ਸੀ।

(ਸ਼ਿਅਰ) ਉਸ ਨੇ ਪ੍ਰੇਮੀ ਦੀ ਖਾਤਰ ਅਕਲ ਛਿੱਕੇ ਤੇ ਟੰਗ ਦਿੱਤੀ,
ਉਹ ਕੇਵਲ ਪਿਆਰੇ ਲਈ ਚੁਕੰਨੀ ਰਹਿੰਦੀ।

ਇਸੇ ਦੌਰਾਨ ਮਿਰਜ਼ੇ ਦੇ ਮਾਪੇ ਉਸ ਨੂੰ ਫ਼ਰੀਦਾਬਾਦ ਲੈ ਗਏ ਤੇ ਉਸ ਨੂੰ ਕਿਸੇ ਕੰਮ ਧੰਧੇ ਵਿਚ ਲਾ ਦਿੱਤਾ ਪਰੰਤੂ ਉਸ ਨੂੰ ਪਿਆਰ-ਮਤੀ ਸਾਹਿਬਾ ਦੀ ਸੰਗਤ ਦਾ ਜੋਸ਼ ਭੁਲਦਾ ਨਹੀਂ ਸੀ, ਹਰ ਘੜੀ ਉਸ ਦੇ ਇਸ਼ਕ ਦੀ ਦੇਗ ਉਬਲਦੀ ਰਹਿੰਦੀ ਸੀ। ਅੰਤ ਨੂੰ ਉਸ ਨੇ ਹਰਨਾਖੀ ਪ੍ਰੇਮਕਾ ਦੀ ਯਾਦ ਵਿਚ ਤੀਰ ਚਲਾਉਣ ਦਾ ਹੁਨਰ ਸਿੱਖ ਲਿਆ ਤੇ ਉਹ ਇਸ ਹੁਨਰ ਵਿਚ ਤਾਕ ਹੋ ਗਿਆ। ਉਹ ਨੀਲੇ ਰਗ ਵਾਲੀ ਤੇਜ਼ ਰਫਤਾਰ ਘੋੜੀ 'ਤੇ ਸੰਝ ਸਵੇਰ ਸਵਾਰੀ ਕਰਦਾ ਸੀ ਅਤੇ ਪ੍ਰੇਮਕਾ ਦੇ ਇਲਾਕੇ ਦੀ ਤਾਂਘ ਉਸ ਦੇ ਮਨ ਵਿਚ ਵਸੀ ਰਹਿੰਦੀ ਹੀ। ਇਸੇ ਦੌਰਾਨ ਝੰਗ ਤੇ ਖੀਵੀ ਸਿਆਲ ਵਲੋਂ ਇਕ ਤਜਰਬੇਕਾਰ ਤੇ ਸਾਰੇ ਘੁਮਿਆਂ ਫਿਰਿਆ ਬਿਰਧ ਆਦਮੀ ਉਥੇ ਆ ਪੁੱਜਾ। ਉਸ ਨੇ ਉਸ ਸਭਾ ਵਿਚ, ਜਿੱਥੇ ਮਿਰਜ਼ਾ

ਬੈਠਾ ਸੀ, ਲਾਸਾਨੀ ਸਾਹਿਬਾ ਦੀ ਜਵਾਨੀ ਤੇ ਰੂਪ ਦੀ ਕਹਾਣੀ ਮਿੱਠੀ ਜ਼ਬਾਨ ਵਿਚ ਸੁਣਾਉਣੀ ਸ਼ੁਰੂ ਕੀਤੀ ਤੇ ਫ਼ਰੀਦਾਬਾਦ ਦੇ ਵਸਨੀਕ ਖੁਸਰੋ-ਸੁਭਾ ਸਰੋਤਿਆਂ ਨੂੰ ਫਰਹਾਦ ਵਰਗੇ ਬਣਾ ਦਿੱਤਾ। ਉਸ ਨੇ ਮਿਰਜ਼ੇ ਦੇ ਤਨ ਬਦਨ ਨੂੰ ਅੱਗ ਲਾ ਦਿੱਤੀ। ਪਤੰਗੇ ਦੇ ਅੱਗੇ ਬੱਤੀ ਲਿਆ ਰੱਖੀ ਤੇ ਹਾਥੀ ਨੂੰ ਹਿੰਦੋਸਤਾਨ ਦੀ ਯਾਦ ਦਿਵਾਈ। ਮਿਰਜ਼ੇ ਨੇ ਉਸ ਨੂੰ ਇਨਾਮ ਤੇ ਸਿਰੋਪੇ ਨਾਲ ਨਿਵਾਜ਼ਿਆ ਤੇ ਆਪ ਸੂਰਜ ਦੇ ਚੜ੍ਹਾ ਨਾਲ ਤੇਜ਼ਰਫਤਾਰ ਘੋੜੀ 'ਤੇ ਚੜ੍ਹ ਕੇ ਖੀਵੇ ਸ਼ਹਿਰ ਦਾ ਪੈਂਡਾ ਮੁਕਾ ਲਿਆ। ਉਹ ਆਪਣੀ ਭੂਆ ਦੇ ਘਰ ਜਾ ਕੇ ਬੇਹੋਸ਼ ਹੋ ਗਿਆ। ਉਸ ਦੀ ਭੂਆ ਨੇ ਢਾਰਸ ਬਨ੍ਹਾਉਂਦਿਆਂ ਹੋਇਆਂ ਉਸ ਦਾ ਹਾਲ ਚਾਲ ਪੁੱਛਿਆ। ਉਹ ਹਾਏ ਹਾਏ ਕਰਕੇ ਰੋਣ ਲੱਗ ਪਿਆ ਤੇ ਉਸ ਨੇ ਕਿਹਾ :—

(ਸ਼ਿਅਰ) "ਤੇਰੀ ਦਰਗਾਹ ਦੀ ਚਾਰ ਦੀਵਾਰੀ ਵਿਚ
ਬੇਨਤੀ ਕਰਨ ਦੀ ਲੋੜ ਨਹੀਂ ਜਾਪਦੀ,
ਕਿਉਂਕਿ ਤੇਰੇ ਸਿਆਣੇ ਦਿਲ ਤੋਂ ਕਿਸੇ ਦਾ
ਭੇਦ ਛੁਪਿਆ ਨਹੀਂ ਹੋਇਆ।

ਮੈਨੂੰ ਉਹੋ ਪੁਰਾਣਾ ਘਾਉ ਹੈ ਜਿਹੜਾ ਨਾਸੂਰ ਵਾਂਗ ਹਰ ਸਮੇਂ ਰਿਸਦਾ ਰਹਿੰਦਾ ਹੈ ਤੇ ਹਰ ਘੜੀ ਦਿਲ ਵਿਚ ਜਲਣ ਪੈਦਾ ਕਰਦਾ ਰਹਿੰਦਾ ਹੈ। ਮਿਲਾਪ ਦੀ ਮਲ੍ਹਮ ਤੋਂ ਬਿਨਾਂ ਉਸ ਦਾ ਕੋਈ ਇਲਾਜ ਨਹੀਂ ਹੈ।

(ਮਿਸਰਾ) 'ਇਸ਼ਕ ਦੇ ਰੋਗੀ ਦਾ ਇਲਾਜ ਕੇਵਲ
ਪਿਆਰੇ ਦਾ ਦੀਦਾਰ ਹੀ ਹੈ।'

ਐ ਕ੍ਰਿਪਾਲੂ ਮਾਂ ! ਇਹ ਮੇਰੀ ਬੇਨਤੀ ਹੈ ਤੇ ਇਹੋ ਮੇਰਾ ਮਨੋਰਥ ਹੈ।

(ਸ਼ਿਅਰ) ਮੇਰੀ ਬਾਂਕੀ ਪ੍ਰੇਮਕਾ ਨੂੰ ਬੁਲਾ,
ਉਸ ਦੇ ਬੁਲ੍ਹਾਂ ਦੇ ਉਨਾਬ ਨੂੰ ਮੇਰੇ
ਬੁਖਾਰ ਦਾ ਇਲਾਜ ਬਣਾ।"

ਸਤਿਕਾਰਯੋਗ ਭੂਆ ਰੋਗੀ ਦੀ ਟਹਿਲ ਸੇਵਾ ਤੇ ਹਮਦਰਦੀ ਕਰਦੀ ਹੋਈ ਸਾਹਿਬਾ ਦੇ ਘਰ ਟੁਰ ਗਈ। ਉਸ ਨੇ ਉਸ ਨੂੰ ਬਿਸਤਰੇ 'ਚ ਬੀਮਾਰ ਪਈ ਨੂੰ ਤੱਕਿਆਂ। ਉਸ ਨੇ ਬੀਮਾਰ ਦੀ ਖਬਰ ਸਾਰ ਪੁੱਛੀ ਤੇ ਉਸ ਦੀ ਸਿਹਤ ਬਾਰੇ ਪਤਾ ਕੀਤਾ। ਉਸ ਨੇ ਉਸ ਨਾਲ ਕਾਫੀ ਗੱਲਾਂ ਬਾਤਾਂ ਕਰਕੇ ਹਰ ਢੰਗ ਨਾਲ ਗੱਲ ਚਲਾਈ। ਉਸ ਨੇ ਗੱਲਾਂ ਕੱਥਾਂ ਵਿਚ ਮਿਰਜ਼ੇ ਦਾ ਨਾਉਂ ਲਿਆ। ਮਿਰਜ਼ੇ ਦਾ ਨਾਉਂ ਸੁਣਦੇ ਸਾਰ ਸਾਹਿਬਾ ਦਾ ਦਿਲ ਤੜਪ ਗਿਆ ਤੇ ਉਸ ਦੀ ਜਾਨ ਨੂੰ ਦੁੱਖ ਹੋਇਆ।

(ਸ਼ਿਅਰ) ਆਸ਼ਿਕ ਦੀ ਨਬਜ਼ ਪਿਆਰੇ ਦੇ ਨਾਉਂ ਤੋਂ ਬਿਨਾਂ ਨਹੀਂ ਟਪਦੀ,
ਏਡਾ ਵੱਡਾ ਹਕੀਮ ਹੁੰਦੇ ਹੋਏ ਭੀ ਬੂਅਲੀ ਇਸ਼ਕ ਦੇ ਰੋਗ ਦਾ
ਇਲਾਜ ਕਰਨੋਂ ਅਸਮਰਥ ਹੈ।

ਉਸ ਦੀ ਭੂਆ ਸਮਝ ਗਈ ਕਿ ਇਸ ਨੂੰ ਭੀ ਇਸ਼ਕ ਦਾ ਗੁੱਝਾ ਰੋਗ ਲੱਗਿਆ ਹੋਇਆ ਹੈ। ਇਸ ਦੇ ਚਿਹਰੇ ਦੇ ਰੰਗ ਤੋਂ ਇਸ਼ਕ ਦਾ ਸਾਫ ਪਤਾ ਲੱਗ ਰਿਹਾ ਹੈ ਤੇ ਉਸ ਦੀ ਨਬਜ਼ ਯਾਰ ਦਾ ਨਾਉਂ ਲਏ 'ਤੇ ਟਪਦੀ ਹੈ। ਮਿਰਜ਼ੇ ਦੀ ਭੂਆ ਨੇ ਛੇਤੀ ਦੇ ਕੇ ਸਾਹਿਬਾ ਦੇ ਕੰਨ ਵਿਚ ਕਿਹਾ, "ਮਿਰਜ਼ਾ ਮੇਰੇ ਘਰ ਪੁੱਜ ਚੁੱਕਾ ਹੈ ਤੇ ਤੈਨੂੰ ਬੁਲਾਉਂਦਾ ਹੈ।" ਉਹਦਾ ਚਿਹਰਾ ਖਿੜ ਗਿਆ ਤੇ ਮਿਰਜ਼ੇ ਦੀ ਭੂਆ ਨੂੰ ਇਸ਼ਾਰਾ ਕੀਤਾ ਕਿ ਉਹ ਮਾਂ ਤੋਂ ਆਗਿਆ ਲੈ ਲਵੇ। ਨੇਕ ਵਿਚੋਲਣ ਨੇ ਉਸ ਦੀ ਮਾਂ ਨੂੰ ਜਾ ਕੇ ਕਿਹਾ, "ਤੇਰੀ ਬੇਟੀ ਕਾਫੀ ਸਮੇਂ ਤੋਂ ਬੀਮਾਰ ਹੈ ਜੇਕਰ ਉਹ ਕੁਝ ਦਿਨ ਸਾਡੇ ਘਰ ਰਹੇ ਤਾਂ ਖੁਦਾ ਦੀ ਮਿਹਰ ਦੁਆਰਾ ਉਹ ਸਾਡੇ ਦਵਾ ਦਾਰੂ ਨਾਲ ਤੰਦਰੁਸਤ ਹੋ ਜਾਵੇਗੀ।" ਉਸ ਦੀ ਮਾਂ ਨੇ ਉੱਤਰ

ਦਿੱਤਾ, "ਸਾਡੇ ਤੇ ਤੁਹਾਡੇ ਵਿਚ ਕੋਈ ਫਰਕ ਨਹੀਂ ਹੈ। ਇਹ ਤੇਰੀ ਹੀ ਬੇਟੀ ਹੈ। ਤੂੰ ਇਸ ਨੂੰ ਆਪਣੇ ਨਾਲ ਲੈ ਜਾ।" ਉਹ ਬੁੱਢੀ ਇਸਤਰੀ ਉਸ ਪਵਿੱਤਰ-ਨਸਲ ਬੇਟੀ ਨੂੰ ਜਿਵੇਂ ਮੋਤੀ ਨੂੰ ਡੱਬੀ ਵਿਚ ਪਾ ਕੇ ਲੈ ਜਾਈਦਾ ਹੈ, ਬਗ਼ਲ ਨਾਲ ਲਾ ਕੇ ਆਪਣੇ ਘਰ ਲੈ ਆਈ ਤੇ ਉਡੀਕਵਾਨ ਮਿਰਜ਼ੇ ਨੂੰ ਉਸ ਚੰਦ ਦੇ ਟੁਕੜੇ ਦੇ ਦਰਸ਼ਨਾ ਨਾਲ ਪਰਸੰਨ ਕੀਤਾ। ਉਹ ਵਿਛੜੇ ਹੋਏ ਦੋਵੇਂ ਇਕ ਦੂਜੇ ਨੂੰ ਮਿਲ ਕੇ ਪ੍ਰਸੰਨ ਹੋ ਗਏ। ਦੋਹਾਂ ਨੇ ਦਿਲ ਦੀ ਮਰਜ਼ੀ ਨਾਲ ਇਕ ਦੂਜੇ ਨੂੰ ਗਲਵਕੜੀ ਪਾਈ ਤੇ ਚੁੰਮਣ ਵਟਾਏ।

(ਸ਼ਿਅਰ) ਉਹ ਦਿਨ ਚੰਗਾ ਹੈ ਤੇ ਉਹ ਸਮਾਂ ਸੁਭਾਗਾ ਹੁੰਦਾ ਹੈ
ਜਿਸ ਦਿਨ ਪ੍ਰੇਮੀ ਆਪਣੇ ਪਿਆਰੇ ਨੂੰ ਮਿਲਦਾ ਹੈ।

ਉਹਨਾਂ ਨੇ ਕੁੱਝ ਦਿਨ ਸੁੱਖ ਚੈਨ ਤੇ ਖੁਸ਼ੀ ਨਾਲ ਕੱਟੇ ਅਤੇ ਸ਼ੀਰਾਜ ਦੇ ਵਸਨੀਕ ਫ਼ਾਰਸੀ ਕਵੀ 'ਹਾਫ਼ਿਜ਼' ਦੀ ਇਹ ਤੁਕ ਪੜ੍ਹਦੇ ਰਹੇ :—

(ਸ਼ਿਅਰ) ਮੈਂ ਭਾਗਾਂ ਦਾ ਰਿਣੀ ਹਾਂ ਤੇ ਜ਼ਮਾਨੇ ਦਾ ਭੀ
ਕਿਉਂਕਿ ਯਾਰ ਦਾ ਦੀਦਾਰ ਤੇ ਮਿਲਾਪ ਪ੍ਰਾਪਤ ਹੋ ਗਿਆ।

ਅੰਤ ਨੂੰ ਨਿਰਦਈ ਆਕਾਸ਼ ਨੇ ਉਨ੍ਹਾਂ ਦੇ ਮਿਲਾਪ 'ਤੇ ਸਾੜਾ ਖਾਧਾ ਤੇ ਗੱਦਾਰ ਜ਼ਮਾਨੇ ਨੇ ਈਰਖਾ ਤੋਂ ਕੰਮ ਲਿਆ ਭਾਵ ਉਸ ਸੁੰਦਰ ਲੜਕੀ ਦੇ ਕਰੀਬੀਆਂ 'ਚੋਂ ਇਕ ਆਦਮੀ ਨੇ ਉਹਨਾਂ ਦੋਹਾਂ ਸ਼ਾਨਦਾਰ ਮੋਤੀਆਂ ਨੂੰ ਇਕ ਰੱਸੀ ਵਿਚ ਪਰੋਤਿਆਂ ਕਿਸੇ ਮੌਕੇ ਵੇਖ ਲਿਆ (ਮਿਰਜ਼ਾ ਤੇ ਸਾਹਿਬਾਂ ਨੂੰ ਇਕੱਠਿਆਂ ਵੇਖ ਲਿਆ)। ਉਸ ਨੇ ਗੈਰਤ ਖਾਧੀ ਤੇ ਮਿਰਜ਼ੇ ਦੀ ਭੂਆ ਨੂੰ ਲਾਅਨਤਾਂ ਪਾਈਆਂ। ਉਸ ਨੇ ਸਾਹਿਬਾ ਨੂੰ ਮਿਰਜ਼ੇ ਦੀ ਭੂਆ ਦੇ ਘਰੋਂ ਲੈ ਜਾਕੇ ਉਸ ਦੀ ਮਾਂ ਦੇ ਹਵਾਲੇ ਕੀਤਾ। ਫੁਰਤੀਲਾ ਮਿਰਜ਼ਾ ਉਸੇ ਸਮੇਂ ਤੇਜ਼ ਰਫਤਾਰ ਘੋੜੀ 'ਤੇ ਚੜ੍ਹ ਬੈਠਾ ਅਤੇ ਫਰੀਦਾਬਾਦ ਵੱਲ ਪੌਣ ਵਾਂਗ ਉਡ ਗਿਆ। ਸਾਹਿਬਾ ਨੇ ਘਰ ਆ ਕੇ ਮੁਆਮਲਾ ਉਲਟਾ ਕਰ ਵਿਖਾਇਆ। ਉਸ ਨੇ ਰੋ ਕੇ ਮਾਂ ਬਾਪ ਅੱਗੇ ਗਿਲਾ ਕੀਤਾ ਕਿ "ਤੁਹਾਡਾ ਇਹ ਸ਼ਰੀਕ ਵਿਅੱਕਤੀ ਮੈਨੂੰ ਫਜ਼ੂਲ ਬਦਨਾਮ ਕਰਦਾ ਹੈ। ਮੈਨੂੰ ਝੂਠੀ ਊਜ ਲਾਉਂਦਾ ਤੇ ਮੇਰਾ ਭਲਾ ਨਹੀਂ ਚਾਹੁੰਦਾ। ਮੈਂ ਕਿੱਥੇ ਤੇ ਮਿਰਜ਼ਾ ਕਿੱਥੇ। ਦੇਖ, ਰਾਹ ਦੀ ਦੂਰੀ ਕਿੱਥੋਂ ਤੋਂ ਕਿੱਥੇ ਤਕ ਹੈ।"

ਮੁੱਕਦੀ ਗੱਲ ਉਸ ਸਿਆਣੀ ਬਾਲਗ ਲੜਕੀ ਦੇ ਮਾਪਿਆਂ ਨੇ ਆਪੋ ਵਿਚ ਸਲਾਹ ਕੀਤੀ ਕਿ ਉਸ ਦਾ ਵਿਆਹ ਕਰ ਦੇਣਾ ਚਾਹੀਦਾ ਹੈ ਤਾਕਿ ਚੁਗਲਖੋਰਾਂ ਦਾ ਮੂੰਹ ਬੰਦ ਹੋ ਜਾਵੇ। ਭਾਵੇਂ ਉਸ ਦੀ ਮਾਂ ਨੇ ਆਪਣੀ ਬੇਟੀ ਦਾ ਲਿਹਾਜ਼ ਕਰਦੇ ਹੋਏ ਸਭ ਤੋਂ ਪਹਿਲਾਂ ਆਪਣੇ ਪਤੀ ਨੂੰ ਸਲਾਹ ਦਿੰਦੇ ਹੋਏ ਮਿਰਜ਼ੇ ਦਾ ਨਾਉਂ ਲਿਆ ਤੇ ਕਿਹਾ ਕਿ, "ਉਹ ਭੀ ਆਪਣੇ ਬਰਾਬਰ ਦੇ ਘਰਾਣੇ ਵਿਚੋਂ ਹੈ" ਪਰੰਤੂ ਸਾਹਿਬਾ ਦਾ ਪਿਤਾ ਸਿਆਲ ਇਹ ਗੱਲ ਸੁਣਦੇ ਸਾਰ ਪਾਣੀ ਦੇ ਹੜ੍ਹ ਵਾਂਗ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਅੱਖਾਂ 'ਚੋਂ ਅੱਥਰੂ ਕੇਰੇ ਤੇ ਕਹਿਣ ਲੱਗਾ :—

(ਸ਼ਿਅਰ) "ਮੇਰੇ ਜ਼ਖਮੀ ਦਿਲ 'ਤੇ ਇਹ ਘਾਉ ਨਾ ਲਾ,
ਮੇਰੇ ਸਾਹਮਣੇ ਉਸ ਕੁਨਸਲੇ ਦਾ ਨਾਉਂ ਨਾ ਲੈ।
ਮੈਂ ਉਸ ਦੇ ਹਥੋਂ ਬਹੁਤ ਤੰਗ ਹਾਂ,
ਉਸ ਪੱਥਰ ਦਾ ਮੇਰੇ ਸੀਨੇ ਉਤੇ ਭਾਰ ਹੈ।
ਆਪਣੇ ਮੋਤੀ (ਬੇਟੀ) ਨੂੰ ਪੱਥਰ ਉਤੇ ਮਾਰਿਆ ਨਹੀਂ ਜਾ ਸਕਦਾ,
ਆਪਣੇ ਨਾਉਂ ਦੀ ਬਦਨਾਮੀ ਨਹੀਂ ਕਰਾਈ ਜਾ ਸਕਦੀ।
ਮੈਂ ਸਾਹਿਬਾ ਦਾ ਵਿਆਹ ਮਿਰਜ਼ੇ ਨਾਲ ਨਹੀਂ ਕਰਦਾ,
ਭਾਵੇਂ ਮੈਂ ਮਰ ਜਾਵਾਂ ਤੇ ਹਾਂ ਨਹੀਂ ਕਰਾਂਗਾ।"

ਉਸ ਸਮੇਂ ਤਾਹਰ ਖਾਂ ਇਕ ਸਰਦਾ ਪੁਜਦਾ ਸਰਦਾਰ ਸੀ। ਸਾਹਿਬਾ ਨੂੰ ਉਸ ਨਾਲ ਮੰਗ ਦਿੱਤਾ। ਉੱਚੀ ਸ਼ਾਨ ਵਾਲਾ ਖਾਨ ਇਸ ਨਾਤੇ ਤੋਂ, ਜਿਸ ਦੀ ਉਸ ਨੂੰ ਆਸ ਨਹੀਂ ਸੀ, ਬਹੁਤ ਖੁਸ਼ ਹੋਇਆ ਤੇ ਉਸ ਨੇ ਵਿਆਹ ਕਰਾਉਣ ਦੀ ਤਿਆਰੀ ਅਰੰਭ ਦਿਤੀ। ਉਸ ਨੇ ਬਰੀ ਪੁੜੀ ਭੇਜਣ ਲਈ ਤੇ ਜੰਞ ਲੈ ਜਾਣ ਦੀ ਇੱਛਾ ਪਰਗਟ ਕੀਤੀ ਅਤੇ ਨਿਕਾਹ ਦਾ ਸੁਭਾਗਾ ਦਿਨ ਮਿਥਿਆ ਗਿਆ। ਸੂਝਵਾਨ ਸਾਹਿਬਾ ਨੇ ਰੋਗ ਦੇ ਪਛਾਣੂ ਮਿਰਜ਼ੇ ਨੂੰ ਛੇਤੀ ਤੋਂ ਛੇਤੀ ਮੰਗਵਾਉਣ ਲਈ ਇਕ ਤੇਜ਼ ਰਫ਼ਤਾਰ ਦੂਤ ਖੁਫ਼ੀਆ ਤੌਰ ਤੇ ਭੇਜਿਆ ਤੇ ਮਿਰਜ਼ੇ ਨੂੰ ਸੁਨੇਹਾ ਦਿਤਾ :—

(ਸ਼ਿਅਰ) "ਮੇਰੇ ਵਲੋਂ ਮਿਰਜ਼ੇ ਨੂੰ ਬੇਨਤੀ ਕਰਨੀ ਕਿ ਤੂੰ ਇਹ
ਹਾਲ ਸੁਣ ਤੇ ਉਸ ਨੂੰ ਮੇਰੇ ਵਲੋਂ ਕਹਿਣਾ,
"ਐ ਮਿਰਜ਼ੇ! ਤੂੰ ਮੈਨੂੰ ਕਦੇ ਯਾਦ ਨਹੀਂ ਕਰਦਾ ਹੈਂ
ਤੂੰ ਤੈਨੂੰ ਵਿਸਰਿਆ ਨਹੀਂ ਹੈ ਇਸ ਲਈ ਮੈਂ ਖੁਸ਼ ਹਾਂ।
ਦਿਲ ਦੇ ਦਰਿਆ ਵਿਚ ਤੇਰੇ ਮਿਲਾਪ ਦੀ ਪਿਆਸੀ
ਤੈਰਨ ਲਈ ਬਹੁਤ ਹਥ ਪੈਰ ਮਾਰਦੀ ਹੈ।"

ਕੌਲ ਕਰਾਰਾਂ ਦੀ ਇਹ ਲਿਖਤ ਸਾਹਿਬਾ ਨੇ ਆਪਣੇ ਹਥ ਨਾਲ ਲਿਖੀ :—

(ਸ਼ਿਅਰ) "ਮੈਨੂੰ ਬੁਝੇ ਹੋਏ ਦਿਲ ਵਾਲੀ ਬੰਦ ਕਣੀ ਨਾ ਰਹਿਣ ਦੇ,
ਐ ਮਿਹਰਾਂ ਦੇ ਬੱਦਲ! ਮੇਰੇ ਸਿਰ ਉਤੇ ਵਰ੍ਹ।
ਮੈਂ ਇਸ ਦੁਖ ਦਰਦ ਨਾਲ ਭਰੀ ਜਾਨ ਨੂੰ ਤੇਰੇ
ਉਤੇ ਕੁਰਬਾਨ ਕੀਤਾ ਹੈ,
ਮੇਰੀ ਸ਼ਮ੍ਹਾ (ਬੱਤੀ) ਨੂੰ ਬਿਗਾਨੇ ਦੀ ਸਭਾ ਵਿਚ ਨਾ ਜਲਾ।"
ਹਰਕਾਰੇ ਨੂੰ ਚਿੱਠੀ ਦਿੱਤੀ। ਦੂਤ ਟੁਰ ਗਿਆ।
ਜਿੱਥੇ ਤਕ ਨਿਗ੍ਹਾ ਜਾਂਦੀ ਸੀ ਉਹ ਚਲਿਆ ਗਿਆ,
ਬਿਜਲੀ ਹੋ ਗਿਆ ਤੇ ਹਵਾ ਹੋ ਗਿਆ।

ਮਿਰਜ਼ਾ ਇਹ ਖਬਰ ਸੁਣਦੇ ਸਾਰ ਤੇਜ਼ ਰਫ਼ਤਾਰ ਘੋੜੀ (ਬੱਕੀ) 'ਤੇ ਸਵਾਰ ਹੋ ਬੈਠਾ।

(ਸ਼ਿਅਰ) ਉਹ ਤੇਜ਼ ਰਫ਼ਤਾਰ ਲਹਿਰ ਵਾਂਗ ਚਲਣ ਵਾਲੇ ਨੀਲੇ
ਤੇ ਸਬਜ਼ ਰੰਗ ਦੀ ਸੁਭਾਗੀ ਘੋੜੀ 'ਤੇ,
ਜਿਵੇਂ ਸ਼ਿਕਾਰ 'ਤੇ ਭੁੱਖਾ ਸ਼ੇਰ ਟੁੱਟ ਕੇ ਪੈ ਜਾਂਦਾ ਹੈ, ਚੜ੍ਹ ਬੈਠਾ,
ਇਸੇ ਤਰ੍ਹਾਂ ਹੀ ਉਸ ਨੂੰ ਬਹਾਦੁਰੀ ਨਾਲ ਇਕੱਲੇ
ਨੇ ਹੀ ਰਾਤ ਨੂੰ ਸਫ਼ਰ ਕੀਤਾ।
ਉਸ ਨੇ ਅਜਿਹੇ ਕੱਪੜੇ ਪਾਏ ਕਿ
ਉਸ ਨੂੰ ਕਿਸੇ ਨਾ ਪਛਾਤਾ,
ਉਸ ਨੇ ਆਪਣੀ ਸ਼ਕਲ ਕੁੱਝ ਹੋਰ ਹੀ ਬਣਾ ਲਈ।

ਉਸੇ ਦਿਨ ਜਿਸ ਰੋਜ਼ ਜੰਞ ਦੀ ਧੂਮ ਧਾਮ ਤੇ ਵਿਆਹ ਦੇ ਰੰਗ ਤਮਾਸ਼ੇ ਹੁੰਦੇ ਸਨ, ਮਿਰਜ਼ਾ ਪੌਣ ਵਾਂਗ ਪੁੱਜ ਗਿਆ ਤੇ ਤਾਹਰ ਖਾਂ ਦੀ ਜੰਞ ਨਾਲ ਰਲ ਗਿਆ। ਉਹ ਪਰਮਾਤਮਾ ਦੀ ਕੁਦਰਤ ਦਾ ਰੰਗ ਵੇਖ ਰਿਹਾ ਸੀ। ਪਿਆਰੇ ਦੇ ਨਾ ਪੁੱਜਣ ਸਦਕਾ ਸਾਹਿਬਾ ਦੀ ਜਾਨ ਬੁਲ੍ਹਾਂ ਤੇ ਆਈ ਹੋਈ ਸੀ। ਜਿਵੇਂ ਹਨੇਰੀ ਰਾਤ ਵਿਚ ਚੁਪ ਦੀਵੇ ਵਾਂਗ ਉਹ ਖਿਲਰੇ ਵਾਲਾਂ ਨਾਲ ਪਿਆਰੇ ਦੇ ਗ਼ਮ ਵਿਚ ਬੈਠੀ ਸੀ।

ਅਚਣਚੇਤ ਹਜ਼ਰਤ ਈਸਾ ਦੀ ਜਵਾਉ ਸ਼ਕਤੀ ਵਾਲੇ ਦੂਤ ਨੇ ਇਹ ਖਬਰ ਦੇ ਕੇ ਨਵੀਂ ਰੂਹ ਫੂਕੀ ਕਿ "ਬੇਫਿਕਰ ਜਵਾਨ ਮਿਰਜ਼ਾ ਤਾਹਰ ਖਾਨ ਦੀ ਜੰਞ ਵਿਚ ਵਧੀਆ ਘੋੜੀ ਤੇ ਸਵਾਰ ਸ਼ਾਮਲ ਹੈ।"

(ਸ਼ਿਅਰ) ਉਹ ਹੁਣ ਵੱਡ ਭਾਗਾ ਹੋ ਕੇ ਆਇਆ
ਜੇ ਤੂੰ ਉਸ ਦਾ ਸਵਾਗਤ ਕਰਨਾ ਹੈ ਤਾਂ ਉੱਠ।

ਸਾਹਿਬਾ ਪੂਰੇ ਜੋਸ਼ ਨਾਲ ਆਪਣੀ ਥਾਂ ਤੋਂ ਉੱਠੀ ਤੇ ਆਪਣੇ ਹਾਣ ਦੀਆਂ ਕੁੜੀਆਂ ਨਾਲ ਜੰਞ ਨੂੰ ਵੇਖਣ ਲਈ ਕੋਠੇ ਦੀ ਛੱਤ 'ਤੇ ਚੜ੍ਹ ਗਈ।

(ਸ਼ਿਅਰ) ਉਸ ਦਾ ਕੋਠੇ 'ਤੇ ਚੜ੍ਹਨਾ ਆਪਣੇ ਪਤੀ ਨੂੰ ਵੇਖਣ ਦਾ ਇਕ ਬਹਾਨਾ ਸੀ,
ਉਸ ਦਾ ਦਿਲ ਤਾਂ ਆਪਣੇ ਲਾਸਾਨੀ ਪਿਆਰੇ ਵੱਲ ਲੱਗਿਆ ਹੋਇਆ ਸੀ।
ਇਸੇ ਦੌਰਾਨ ਸਾਹਿਬਾ ਚਲਾਕੀ ਨਾਲ ਤੇ ਕੰਨ-ਅੱਖੀਆਂ ਨਾਲ ਯਾਰ ਵੱਲ
ਨਿਗ੍ਹਾ ਮਾਰਦੀ ਸੀ।

ਜਦੋਂ ਸਾਹਿਬਾ ਦੀ ਨਿਗ੍ਹਾ ਦਾ ਸ਼ਹਿਬਾਜ਼ ਆਪਣੇ ਸ਼ਿਕਾਰ 'ਤੇ ਜਾ ਪਿਆ ਭਾਵ ਸਾਹਿਬਾ ਨੇ ਮਿਰਜ਼ੇ ਨੂੰ ਵੇਖਿਆ ਤੇ ਉਸ ਨੇ ਮਿਰਜ਼ੇ ਨੂੰ ਚੰਗੀ ਤਰ੍ਹਾਂ ਪਛਾਣ ਲਿਆ ਤਾਂ ਉਹ ਸਹੇਲੀਆਂ ਨੂੰ ਦਸੇ ਬਿਨਾ ਨਿਰਾਸ ਜਿਹੀ ਛੱਤ ਤੋਂ ਹੇਠ ਉੱਤਰੀ ਤੇ ਮਿਰਜ਼ੇ ਦੇ ਪਿਛਲੇ ਪਾਸੇ ਘੋੜੀ ਦੀ ਪਿੱਠ ਤੇ ਚੜ੍ਹ ਬੈਠੀ।

(ਸ਼ਿਅਰ) ਉਸ ਨੇ ਸ਼ਰਮ ਛਡ ਕੇ ਉਸ ਦੇ ਹਥ ਚੁੰਮੇ,
ਉਹ ਵਿਆਹ ਵਾਲੀ ਨਵੀਂ ਪੁਸ਼ਾਕ 'ਚ ਬਾਹਰ ਨਿਕਲ ਆਈ।

ਉਸ ਸਮੇਂ ਮਿਰਜ਼ੇ ਨੇ ਅੱਖ ਦੇ ਫੋਰੇ 'ਚ ਘੋੜੀ ਨੂੰ ਤੇਜ਼ ਭਜਾਇਆ ਤੇ ਵਹੁਟੀ ਨੂੰ ਜਾਂਞੀਆਂ ਵਿਚਕਾਰੋਂ ਲੈ ਉੜਿਆ। ਲਾੜੇ ਨੇ, ਜਿਸ ਨੂੰ ਇਸ ਗਲ ਦਾ ਪਤਾ ਨਹੀਂ ਸੀ; ਘਰ ਦੇ ਦਰਵਾਜ਼ੇ ਰਾਹੀਂ ਅੰਦਰ ਪ੍ਰਵੇਸ਼ ਕੀਤਾ ਤੇ ਘਰ ਵਾਲੇ ਨਿਕਾਹ ਪੜ੍ਹਾਉਣ ਲਈ ਸਾਹਿਬਾ ਨੂੰ ਲਿਆਉਣ ਗਏ ਤਾਂ ਉਹ ਉਹਨਾਂ ਨੂੰ ਘਰ ਵਿਚ ਨਾ ਮਿਲੀ।

(ਸ਼ਿਅਰ) ਉਹ ਨਿਕਾਹ ਦੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਅੰਦਰ ਗਏ
ਤੇ ਪੜਦਾ ਚੁਕਿਆ, ਪਰੰਤੂ ਸਾਹਿਬਾ ਕੋਠੜੀ 'ਚ ਨਹੀਂ ਸੀ।
ਉਹ ਹੱਥ ਮਲਦੇ ਸਨ ਤੇ ਸਹਿਬਾ ਨੂੰ ਫਿਟਕਾਰਾਂ ਪਾਉਂਦੇ ਸਨ,
ਉਹ ਬੇਵਸ ਗੁੱਸੇ ਵਿਚ ਪਛਤਾਂਦੇ ਸਨ ਤੇ ਚਰਚਾ ਕਰਦੇ ਸਨ।
ਕਿ ਉਸ ਸੁੰਦਰੀ ਨੇ ਕੀ ਖੇਲ ਰਚਾਇਆ,
ਉਸ ਨੇ ਕਿਸ ਮਨੋਰਥ ਨਾਲ ਇਹ ਝਗੜਾ ਖੜਾ ਕੀਤਾ।
ਉਸ ਦਾ ਪਿਤਾ ਬੇਟੀ ਦੇ ਇਸ ਕੰਮ ਤੋਂ ਪਰੇਸ਼ਾਨ ਸੀ,
ਉਸ ਦਾ ਰੋਮ ਰੋਮ ਰੋਹ ਨਾਲ ਭਰਿਆ ਪਿਆ ਸੀ।
ਸਾਹਿਬਾ ਦੇ ਦੋ ਭਾਈ ਵਿਰੋਧੀ ਬਣ ਕੇ ਤਿਆਰ ਹੋਏ
ਜਿਵੇਂ ਉਨ੍ਹਾਂ ਦੋਹਾਂ ਨੇ ਉਸ ਨੂੰ ਮਾਰਨ ਦੀ ਨੀਅਤ ਧਾਰ ਲਈ ਹੋਵੇ।
ਉਹ ਉਸ ਪਿਆਰੀ ਦਾ ਪਿੱਛਾ ਕਰਨ ਲੱਗੇ ਅਤੇ
ਵਧੀਆ ਤੇ ਤੇਜ਼ ਰਫਤਾਰ ਘੋੜੇ ਨੂੰ ਨਠਾਇਆ।

ਉਸ ਦੇ ਮਾਂ ਬਾਪ ਉਦਾਸ-ਚਿੱਤ ਬੈਠੇ ਸਨ। ਸਹਿਬਾ ਦੇ ਭਰਾ ਖਾਨ ਸ਼ੇਰ ਤੇ ਖਾਨ ਅਮੀਰ ਨੇ ਕਾਫੀ ਲਾਉ ਲਸਕਰ ਲੈ ਕੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਉਨ੍ਹਾਂ ਦੇ ਪਿੱਛੇ ਹੋ ਟੁਰੇ। ਰੱਬ ਸਬੱਬੀਂ ਇਸੇ ਦੌਰਾਨ ਗਰਮੀ ਤੇ ਲੂ ਕਾਰਨ ਇਸ ਨੱਠ ਭੱਜ ਦੇ ਸਮੇਂ ਮਿਰਜ਼ੇ ਦੀ ਤਬੀਅਤ ਨੂੰ ਨੀਂਦ ਨੇ ਆ ਘੇਰਿਆ ਅਤੇ ਸਾਹਿਬਾ ਨੇ ਭੀ ਚੌਬ੍ਹੀ ਘੰਟੇ ਦੇ ਸਫਰ ਕਾਰਨ ਥੋੜ੍ਹੀ ਜਿਹੀ ਦੇਰ ਠਹਿਰਣ ਦੀ ਇੱਛਾ ਪਰਗਟ ਕੀਤੀ। ਉਹ ਰਾਹ ਤੋਂ ਪਰੇ ਹਟ ਕੇ ਦਰੱਖਤਾਂ ਦੇ ਇਕ ਝੁੰਡ ਵੱਲ ਚਲੇ ਗਏ ਤੇ ਇਕ ਘੜੀ ਆਰਾਮ ਕੀਤਾ। ਮਿਰਜ਼ੇ ਨੂੰ ਥੋੜ੍ਹੀ ਜਿਹੀ ਨੀਂਦ ਆ ਗਈ ਤੇ ਸਾਹਿਬਾ ਦੇਖ ਭਾਲ ਕਰਨ ਦੀ ਜ਼ਿੰਮੇਵਾਰ ਬਣ

ਗਈ। ਮਿਰਜ਼ੇ ਦੀ ਕਮਾਨ ਤੇ ਤਰਕਸ਼ ਉਸ ਦੇ ਮੋਢੇ 'ਚ ਪਏ ਹੋਏ ਸਨ। ਇਸ ਲਈ ਪਿਆਰੀ ਪ੍ਰੇਮਕਾ ਨੇ ਕਮਾਨ ਤੇ ਤਰਕਸ਼ ਨੂੰ ਹੌਲੀ ਦੇ ਕੇ ਮੋਢੇ 'ਚੋਂ ਕੱਢਿਆ ਤੇ ਰੁੱਖ ਦੀ ਟਾਹਣੀ ਉਤੇ ਟੰਗ ਦਿੱਤਾ। ਹਰਣਾਖੀ ਪ੍ਰੇਮਕਾ ਨੇ ਦ੍ਰਿੜ ਇਰਾਦੇ ਨਾਲ ਪਿੱਛਾ ਕਰਨ ਵਾਲਿਆਂ ਵਲ ਨਿਗ੍ਹਾ ਰੱਖੀ। ਲਸਕਰ ਦੀ ਧੂੜ ਤੇ ਘੋੜਿਆਂ ਦੀ ਹਿਣਹਿਣਾਹਟ ਦਾ ਪਤਾ ਲੱਗਣ 'ਤੇ ਉਸ ਨੇ ਜਾਨ ਤੋਂ ਪਿਆਰੇ ਨੂੰ ਗੂੜ੍ਹੀ ਨੀਂਦ ਤੋਂ ਜਗਾਇਆ। ਮਿਰਜ਼ਾ ਬੇਵਸ ਹੋ ਕੇ ਨੀਂਦਰ ਭਰੀਆਂ ਅੱਖਾਂ ਨਾਲ ਹੀ ਘੋੜੀ 'ਤੇ ਸਵਾਰ ਹੋ ਗਿਆ, ਸਾਹਿਬਾ ਨੂੰ ਪਿੱਛੇ ਬੈਠਾ ਲਿਆ ਅਤੇ ਘੋੜੀ ਨਠਾ ਦਿੱਤੀ। ਉਹ ਤਰਕਸ਼ ਉਥੇ ਹੀ ਭੁੱਲ ਗਿਆ। ਪਿੱਛਾ ਕਰਨ ਵਾਲੇ ਸਵਾਰ ਭੀ ਘੋੜਿਆਂ ਨੂੰ ਅੱਡੀਆਂ ਮਾਰਦੇ ਪੁੱਜ ਗਏ। ਇਸੇ ਹਫੜਾ ਦਫੜੀ ਵਿਚ ਉਹ ਸਿਰ ਤੋਂ ਪੈਰਾਂ ਤਕ ਨਖਰੇ ਵਾਲੀ ਬਾਂਕੀ ਸਾਹਿਬਾ ਤੇਜ਼ ਘੋੜੀ ਤੋਂ ਡਿਗ ਪਈ। ਲਹੂ ਦੇ ਪਿਆਸੇ ਭਾਈਆਂ ਨੇ ਤਲਵਾਰ ਦੇ ਇਕ ਵਾਰ ਨਾਲ ਹੀ ਉਸ ਨੂੰ ਕਤਲ ਕਰ ਦਿਤਾ। ਮੰਦੇ ਭਾਗਾਂ ਵਾਲਾ ਮਿਰਜ਼ਾ ਤੁਰੰਤ ਉਸ ਕੋਲ ਪੁੱਜ ਗਿਆ। ਜਦੋਂ ਉਸ ਨੇ ਵੇਖਿਆ ਕਿ ਮੁਆਮਲਾ ਹਥੋਂ ਨਿਕਲ ਚੁੱਕਾ ਹੈ ਤਾਂ ਉਸ ਨੇ ਹੌਕਾ ਭਰਿਆ ਤੇ ਕਿਹਾ, ਅਫਸੋਸ! ਜੇਕਰ ਸਾਹਿਬਾ ਮੇਰਾ ਤਰਕਸ਼ ਉੱਚੇ ਰੁੱਖ ਦੀ ਟਾਹਣੀ ਨਾਲ ਨਾ ਟੰਗਦੀ ਤੇ ਮੇਰੀ ਕਮਾਨ ਮੇਰੇ ਹੱਥ 'ਚ ਹੁੰਦੀ ਤਾਂ ਮੈਂ ਬਹਾਦੁਰ ਰੁਸਤਮ ਦੀ ਤਰ੍ਹਾਂ ਸਾਰਿਆਂ ਨੂੰ ਇਕ ਵਾਰ ਨਾਲ ਹੀ ਜਾਨ-ਲੇਵੇ ਤੀਰ ਨਾਲ ਵਿੰਨ ਕੇ ਰੱਖ ਦਿੰਦਾ ਤੇ ਇਹ ਅਭਾਗਾ ਦਿਨ ਨਾ ਵੇਖਦਾ"। ਉਸ ਨੇ ਅਫਸੋਸ ਕੀਤਾ, ਤੇਗ ਕੱਢੀ, ਬਿਫਰੇ ਸ਼ੇਰ ਵਾਂਗ ਭੇਡਾਂ ਦੇ ਇੱਜੜ ਵਿਚ ਜਾ ਵੜਿਆ। ਉਸ ਨੇ ਬਹੁਤਿਆਂ ਨੂੰ ਤਲਵਾਰ ਦੀ ਭੇਟ ਕੀਤਾ ਤੇ ਬਾਹਲਿਆਂ ਨੂੰ ਮਿੱਟੀ 'ਚ ਮਿਲਾ ਦਿਤਾ। ਕਿਉਂਕਿ ਵੈਰੀਆਂ ਦੀ ਗਿਣਤੀ ਕਾਫੀ ਸੀ ਇਸ ਲਈ ਉਨ੍ਹਾਂ ਦੇ ਹਥੋਂ ਉਸ ਦੀ ਜਾਨ ਬਚ ਨਾ ਸਕੀ। ਕਹਿੰਦੇ ਹਨ ਇਕੱਠਾ ਹੋਇਆ ਮੱਛਰ ਭੀ ਹਾਥੀ 'ਤੇ ਹਮਲਾ ਕਰ ਦਿੰਦਾ ਹੈ। ਪਰੰਤੂ ਮਿਰਜ਼ੇ ਨੇ ਆਸ਼ਿਕ ਵਾਂਗ ਗਰਮ ਜੋਸ਼ੀ ਨਾਲ ਜਾਨ ਦਿੱਤੀ ਤੇ ਪ੍ਰੇਮਕਾ ਦੇ ਕਤਲ ਹੋਣ ਦੀ ਥਾਂ 'ਤੇ ਸਿਰ ਦਿਤਾ।

(ਸ਼ਿਅਰ) ਉਹ ਸੁਭਾਗਾ ਵਿਅੱਕਤੀ ਹੈ ਜਿਸ ਨੇ ਇਸ਼ਕ ਲਈ ਹੀ ਜਾਨ ਦਿੱਤੀ,
ਇਸ਼ਕ ਉਹ ਚੀਜ਼ ਹੈ ਜਿਸ ਵਾਸਤੇ ਜਾਨ ਵਾਰਨੀ ਜਾਇਜ਼ ਹੈ।
ਇਹ ਲਾਟ ਹਰੇਕ ਦੀਵੇ 'ਚੋਂ ਨਹੀਂ ਨਿਕਲਦੀ,
ਇਹ ਸਫਲਤਾ ਹਰੇਕ ਨੂੰ ਨਹੀਂ ਮਿਲਦੀ।

ਅੰਤ ਨੂੰ ਖੂਨੀ ਚਲੇ ਗਏ। ਲਾਗੇ ਚਾਗੇ ਤੇ ਮੁਸਲਮਾਨਾਂ ਨੇ ਇਕੱਠੇ ਹੋ ਕੇ ਉਸ ਸ਼ਹੀਦ ਨੂੰ ਉਸੇ ਥਾਂ ਦੱਬ ਦਿਤਾ। ਉਸ ਦੀ ਕਬਰ ਫਰੀਦਾਬਾਦ ਦੇ ਰਾਹ 'ਤੇ ਮਾਨਤਾ-ਸਥਾਨ ਹੈ। ਕਹਿੰਦੇ ਹਨ ਕਿ ਕੋਠਾ ਤਾਂ ਢਹਿ ਗਿਆ ਹੈ ਪਰੰਤੂ ਕਬਰ ਕਾਇਮ ਹੈ। ਸਮਾਪਤ।

ਪਿੰਡ ਖੀਵਾ ਸਿਆਲਾਂ ਦੇ ਕਾਫੀ ਸਮੇਂ ਤੋਂ ਉਜੜ ਜਾਣ ਦੇ ਬਾਵਜੂਦ ਉਸ ਮਸੀਤ ਦੀ ਕੰਧ ਜਿੱਥੇ ਮਿਰਜ਼ਾ ਸਾਹਿਬਾ ਪਾਠ ਪੜ੍ਹਦੇ ਹੁੰਦੇ ਸਨ ਅੱਜ ਤਕ ਕਾਇਮ ਹੈ ਤੇ ਮਿਰਜ਼ਾ ਸਾਹਿਬਾ ਦੇ ਨਾਉਂ ਨਾਲ ਆਮ ਪ੍ਰਸਿੱਧ ਹੈ।

ਬਾਰ (ਜੰਗਲ) ਦੇ ਇਲਾਕੇ ਵਿਚ ਚੂਹੜ ਕਾਣਾ ਪ੍ਰਸਿੱਧ ਪਿੰਡ ਹੈ। ਕਰਨਾਲ ਵੱਡਾ ਪਿੰਡ ਹੈ। ਸ਼ਾਹੂ ਮੱਲ੍ਹੀ ਪ੍ਰਸਿੱਧ ਥਾਂ ਹੈ। ਚੰਦਨ ਵਿਰਕ ਇਕ ਵੱਡਾ ਪਿੰਡ ਹੈ। ਮੱਲ੍ਹਾਂ ਇਕ ਪਰਗਣਾ ਹੈ ਜਿਥੋਂ ਦੀ ਕਾਨੂੰਗੋਈ ਦੇ ਅਹੁਦੇ 'ਤੇ 'ਵਧਾਵਨ' ਤੇ 'ਚੋਪੜਾ' ਦੋਹਾਂ ਜ਼ਾਤਾਂ ਦੇ ਖੱਤਰੀ ਨਿਯੁੱਕਤ ਹਨ। ਮਾਂਗਟਾਂ ਵਾਲਾ ਇਕ ਪ੍ਰਸਿੱਧ ਪਰਗਣਾ ਹੈ। ਜਹਾਂਗੀਰਾਬਾਦ ਜੋ ਸ਼ੇਖੂਪੁਰਾ ਵਜੋਂ ਪ੍ਰਸਿੱਧ ਹੈ, ਇਕ ਪਰਗਣਾ ਹੈ ਜੋ ਜਹਾਂਗੀਰ ਬਾਦਸ਼ਾਹ ਦੇ ਰਾਜ-ਕਾਲ ਵਿਚ ਉਸ ਦੇ ਤਖਤ 'ਤੇ ਬੈਠਣ ਤੋਂ ਦੂਜੇ ਸਾਲ (ਸੰਨ ੧੦੧੫ ਹਿਜਰੀ) ਪਰਗਣਾ ਬਣਾਇਆ ਗਿਆ ਹੈ। ਉਸ ਵਿਚ ਅੱਠ ਤਪੇ ਸ਼ਾਮਲ ਹਨ।

ਪਹਿਲਾ ਤਪਾ ਹਵੇਲੀ ਹੈ, ਜੋ ਖਾਸ ਸ਼ੇਖੂਪੁਰਾ ਨੱਗਰ ਹੈ। ਇਸ ਨੱਗਰ ਦੇ ਮਾਲਕ ਚਾਰ ਜ਼ਾਤਾ

ਦੇ ਲੋਕ ਹਨ। ਪਹਿਲੀ 'ਹਿਜਰਾ' ਜਿਨ੍ਹਾਂ ਦੇ ਮੁਕੱਦਮ ਦਾ ਨਾਮ ਸਧਾਰ ਸੀ। ਦੂਜੀ ਜ਼ਾਤ 'ਮੱਲ੍ਹੀ', ਤੀਜੀ 'ਵਿਰਕ' ਜਿਨ੍ਹਾਂ ਦੀ ਵਿਰਾਸਤ ਠਠਿਆਰਿਆਂ ਦਾ ਪਿੰਡ ਈਦੂਕੀ ਹੈ। ਚੌਥੀ 'ਲੱਖਵਰ੍ਹੀ' ਜ਼ਾਤ ਦੇ ਖੱਤਰੀ ਕਾਨੂੰਗੋ। ਸ਼ੇਖ਼ੂ ਪੁਰੇ ਦੀ ਕਾਨੂੰਗੋਈ ਉਨ੍ਹਾਂ ਦੀ ਵਿਰਾਸਤ ਹੈ।

ਦੂਜਾ ਤਪਾ ਮੱਲ੍ਹਾਂ ਹੈ, ਤੀਜਾ ਤਪਾ ਮਿਹਰ ਵਾਲਾ, ਚੌਥਾ ਤਪਾ ਮੁਰਾਦੀ, ਪੰਜਵਾਂ ਤਪਾ ਕਾਲੋਕੇ, ਛੇਵਾਂ ਤਪਾ ਛੰਗੀ, ਸਤਵਾਂ ਤਪਾ ਭਵਾ ਪੁਰ ਤੇ ਅੱਠਵਾਂ ਤਪਾ ਇਸਲਾਮ ਨੱਗਰ ਹੈ।

ਕਹਿੰਦੇ ਹਨ ਕਿ ਬਾਦਸ਼ਾਹ ਜਲਾਲਉੱਦੀਨ ਮੁਹੰਮਦ ਅਕਬਰ ਦੇ ਰਾਜ-ਕਾਲ ਵਿਚ ਸ਼ਹਿਜ਼ਾਦਾ ਜਹਾਂਗੀਰ, ਜਿਸ ਦਾ ਨਾਉਂ ਸੁਲਤਾਨ ਸ਼ੇਖ਼ੂ ਸੀ, ਸ਼ਿਕਾਰ ਖੇਡਣ ਲਈ ਇਸ ਪਾਸੇ ਆਉਂਦਾ ਹੁੰਦਾ ਸੀ। ਉਸ ਨੇ ਸ਼ਾਹ ਮੋਤੀ, ਜੋ ਸ਼ਾਹ ਜਮਾਲ ਦੇ ਨਾਉਂ ਨਾਲ ਪ੍ਰਸਿੱਧ ਹੈ, ਦੀ ਖਾਨਗਾਹ ਦੇ ਨਾਲ ਲੱਗਦਾ ਇਕ ਪਿੰਡ ਵਸਾਇਆ ਤੇ ਉਸ ਦਾ ਨਾਉਂ ਆਪਣੇ ਨਾਉਂ 'ਤੇ ਰੱਖਿਆ ਅਤੇ ਉਸ ਦੇ ਆਲੇ ਦੁਆਲੇ ਦੇ ਇਲਾਕੇ ਨੂੰ ਸ਼ਿਕਾਰ ਖੇਡਣ ਦੀ ਥਾਂ ਨੀਯਤ ਕੀਤਾ। ਜਦੋਂ ਜਹਾਂਗੀਰ ਆਪਣੇ ਪਿਤਾ ਦੀ ਮੌਤ ਉਪਰੰਤ ਰਾਜ ਸਿੰਘਾਸਣ 'ਤੇ ਬੈਠਾ ਤਾਂ ਸ਼ੇਖ਼ੂ ਪੁਰੇ ਦਾ ਨਾਉਂ ਜਹਾਂਗੀਰਾਬਾਦ ਰੱਖ ਕੇ ਪਰਗਣਾ ਬਣਾ ਦਿਤਾ। ਉੱਥੋਂ ਦੀ ਕਾਨੂੰਗੋਈ ਦਾ ਅਹੁਦਾ 'ਲਖਵਰ੍ਹਾ' ਜ਼ਾਤ ਦੇ ਖੱਤਰੀ ਵਿਅੱਕਤੀਆਂ ਭਾਗੋ ਦਾਸ, ਰਾਜੂ ਦਾਸ ਤੇ ਕਲਿਆਣ ਦਾਸ ਨੂੰ ਬਖਸ਼ ਦਿੱਤਾ। ਉਨ੍ਹਾਂ ਦੀ ਸੰਤਾਨ ਅੱਜ ਤੱਕ ਉੱਥੇ ਵਸ ਰਹੀ ਹੈ। ਜਹਾਂਗੀਰ ਨੇ ਉੱਥੇ ਇਕ ਪੱਕਾ ਕਿਲ੍ਹਾ ਬਣਵਾਇਆ ਤੇ ਨੱਗਰ ਦੀ ਰੌਣਕ ਵਧਾਈ। ਖੱਤਰੀਆਂ ਦੀਆਂ ਬਹੁਤੀਆਂ ਜ਼ਾਤਾਂ ਦੇ ਲੋਕ ਉੱਥੇ ਵਸ ਗਏ। ਨੱਗਰ ਤੋਂ ਦੋ ਕੋਹ ਦੀ ਦੂਰੀ 'ਤੇ ਉੱਤਰ ਪੱਛਮ ਵਲ ਖਾਸ ਸ਼ਿਕਾਰਗਾਹ ਵਿਚ ਹਿਰਨ ਦੀ ਸ਼ਕਲ ਦਾ ਇਕ ਥੰਮ, ਜਿਸ ਨੂੰ 'ਹਰਨ ਮੁਨਾਰਾ' ਕਹਿੰਦੇ ਹਨ, ਅਤੇ ਇਕ ਤਲਾ ਬਣਵਾਇਆ। ਕਿਲ੍ਹੇ, ਤਲਾ ਤੇ ਥੰਮ ਦੀ ਉਸਾਰੀ 'ਤੇ ਲੱਗ ਭੱਗ ਇਕ ਲੱਖ ਪੰਜਾਹ ਹਜ਼ਾਰ ਰੁਪਿਆ ਖਰਚ ਹੋਇਆ। ਪੀਰ ਜਮਾਲ ਸ਼ਾਹ, ਪੀਰ ਬਾਰਾਂ ਹਜ਼ਾਰੀ ਤੇ ਪੀਰ ਫਤਹਿ ਦੀਨ ਦੀਆਂ ਖਾਨਗਾਹਾਂ ਕਿਲ੍ਹੇ ਦੇ ਲਾਗੇ ਹਨ। ਬਾਬਾ ਬਲਰਾਮ ਦਾਸ ਬੈਰਾਗੀ, ਜੋ ਮਹਾਤਮਾ ਪੁਰਸ਼ ਸੀ, ਦੀ ਸਮਾਧ ਭੀ ਕਿਲ੍ਹੇ ਤੇ ਸ਼ਹਿਰ ਦੇ ਨਾਲ ਲਗਦੀ ਹੈ। ਉਸ ਨੱਗਰ ਦੇ ਸ਼ਾਹੂਕਾਰਾਂ ਤੇ ਵੱਡੇ ਆਦਮੀਆਂ ਵਿਚੋਂ ਪਿੰਡੀ ਦਾਸ ਨਾਮੀ 'ਘੋਗੜ' ਖੱਤਰੀ ਹੈ। ਉੱਥੇ ਦੇ ਹੋਰ ਵਸਨੀਕ ਭੀ ਲਾਇਕ ਤੇ ਪ੍ਰਸਿਧ ਵਿਅੱਕਤੀ ਹੋਏ ਹਨ। ਇਸ ਸਮੇਂ ਲਾਲਾ ਦੱਤ ਮਲ ਤੇ ਅਮੀਰ ਚੰਦ 'ਲੱਖ ਵਰ੍ਹਾ' ਗੁਣਾ ਦੇ ਗੁਥਲੇ ਤੇ ਸੁੰਦਰ ਲਿਖਾਈ ਕਰਨ ਵਾਲੇ ਹਨ। ਸਮਾਪਤ।

ਬੀਆਬਾਨ ਤੇ ਜੰਗਲ 'ਚ ਮਹਾਂ ਦੇਵੀ ਦਾ ਥੰਮ ਪ੍ਰਸਿੱਧ ਹੈ। ਇਸ ਥਾਂ ਨੂੰ ਸ਼ਿਕਾਰਗਾਹ ਭੀ ਕਹਿੰਦੇ ਹਨ। ਸਾਂਦਲਬਾਰ ਨਾਮੀ ਜੰਗਲ ਪ੍ਰਸਿੱਧ ਹੈ ਸਾਂਦਲ ਬਾਰ ਵਿਚ ਸਰਕਪ ਰਾਜੇ ਦਾ ਸ਼ਹਿਰ ਸੀ ਜੋ ਕਾਫੀ ਸਮੇਂ ਤੋਂ ਉਜੜਿਆ ਪਿਆ ਹੈ। ਅੱਜ ਕੱਲ੍ਹ ਉਸ ਦੇ ਨਾਲ ਲਗਦਾ ਪਿੰਡ ਬਲ੍ਹੜਕੇ ਵਸਿਆ ਹੋਇਆ ਹੈ। ਉਸੇ ਚਰਾਂਦ ਵਿੱਚ ਕਾਪੀ ਤੇ ਕਾਲਬ੍ਹੀ ਲਾਠਾਂ ਭੀ ਢੱਠੀਆਂ ਪਈਆਂ ਹਨ।

ਲਾਹੌਰ ਦੇ ਇਸ ਬੰਨੇ ਰਾਵੀ ਦਰਿਆ ਦੇ ਕੰਢੇ 'ਤੇ ਸ਼ਾਹਦਰਾ ਇੱਕ ਨੱਗਰ ਹੈ। ਉੱਥੇ ਨੂਰਜਹਾਂ ਬੇਗਮ ਦੇ ਬਾਗ ਵਿਚਕਾਰ ਹਜ਼ਰਤ ਨੂਰਉੱਦੀਨ ਜਹਾਂਗੀਰ ਬਾਦਸ਼ਾਹ ਦਾ ਮਕਬਰਾ ਬਣਿਆ ਹੋਇਆ ਹੈ ਜੋ ਇੱਕ ਦਰਸ਼ਨੀ ਸਥਾਨ ਹੈ। ਕਰਾਮਾਤਾਂ ਦਾ ਪਰਗਟਾਉ ਸ਼ਾਹ ਹੁਸੈਨ "ਦੂਰ" ਭੀ ਉੱਥੇ ਹੀ ਹੋਇਆ ਹੈ। ਨੂਰ ਜਹਾਂ ਬੇਗਮ ਤੇ ਆਸਿਫ ਖਾਂ ਦੇ ਮਕਬਰੇ ਭੀ ਇਸੇ ਥਾਂ ਬਣੇ ਹੋਏ ਹਨ। ਅਜ ਕਲ੍ਹ ਉਥੋਂ ਦੇ ਸ਼ਾਹੂਕਾਰਾਂ ਵਿਚੋਂ ਦਿਆਲ ਸ਼ਾਹ 'ਅਰੋੜਾ', ਜਵਾਹਰ ਸਿੰਘ 'ਭੰਡਾਰੀ' ਖਤਰੀ ਤੇ ਰਾਮਾ ਸ਼ਾਹ ਹੋਰਾਂ ਸਾਰਿਆਂ ਨਾਲੋਂ ਵੱਡੇ ਸ਼ਾਹੂਕਾਰ ਹਨ। ਉੱਥੇ ਨਾਨਕ ਸ਼ਾਹੀ ਉਦਾਸੀ ਸਾਧੂਆਂ ਦਾ ਦੋ ਮੰਜ਼ਲਾ ਡੇਰਾ ਹੈ ਜਿੱਥੇ ਆਏ ਗਏ ਪਾਂਧੀ ਵਿਸ਼ਰਾਮ ਕਰਦੇ ਹਨ। ਭਾਵੇਂ ਸ਼ਾਹਦਰਾ ਦੇ ਆਲੇ ਦੁਆਲੇ ਪੁਰਾਣੇ ਬਾਗ ਬਹੁਤ ਹਨ ਪਰੰਤੂ ਇਸ ਸਮੇਂ ਗੰਗੂ ਸ਼ਾਹ 'ਮਹਿਰਾ' ਤੇ ਲਾਲਾ ਰੁਲੀਆ ਰਾਮ 'ਚੋਪੜਾ' ਦੇ ਬਾਗ

ਨਵੇਂ ਤੇ ਤਾਜ਼ੇ ਹਨ। ਸ਼ਾਹਦਰਾ ਵਿਖੇ ਐਮਨਾਬਾਦ ਦੇ ਰਾਹ 'ਤੇ ਡੇਕ ਨਦੀ ਉੱਤੇ ਗੁਜਰਾਤ ਵਾਲੇ ਹਜ਼ਰਤ ਸ਼ਾਹ ਦੌਲਾ 'ਦਰਿਆਈ' ਦਾ ਬਣਾਇਆ ਹੋਇਆ ਪੁਲ ਅੱਜ ਤੱਕ ਕਾਇਮ ਹੈ। ਪਿੰਡ ਖੋੜੀ ਦੁੱਲਾ ਸਿੰਘ ਤੇ ਸ਼ਾਹਦਰਾ ਦੇ ਰਾਹ ਦੇ ਅੱਧ ਵਿੱਚ ਬਹਿਮਣਾ ਵਾਲਾ ਦੇ ਨਾਲ ਲੱਗਦਾ ਉਪਰ ਦੱਸੀ ਡੇਕ ਨਦੀ 'ਤੇ ਜਮਾਦਾਰ ਖੁਸ਼ਹਾਲ ਸਿੰਘ ਨੇ ਨਵਾਂ ਪੁਲ ਬਣਵਾਇਆ ਹੈ। ਉਸੇ ਰਾਹ 'ਚ ਪਾਉੜੀਆਂ ਵਾਲਾ ਖੂਹ ਭਾਵ ਬਾਉਲੀ ਤੇ ਆਉਣ ਜਾਣ ਵਾਲਿਆਂ ਦੇ ਠਹਿਰਨ ਲਈ ਇੱਕ ਸਰਾਂ ਉਸਤਤ ਯੋਗ ਜਮਾਦਾਰ ਦੀ ਯਾਦਗਾਰ ਵਜੋਂ ਕਾਇਮ ਹਨ ਜੋ ਉਸ ਨੇ ਸੰਮਤ ੧੮੯੬ ਬਿਕਰਮੀ ਵਿੱਚ ਨਵੇਂ ਉਸਰਵਾਏ ਸਨ। ਸਮਾਪਤ।

ਦੁਆਬਾ ਬਾਰੀ

ਚੌਥਾ ਦੁਆਬਾ ਬਾਰੀ ਹੈ ਜੋ ਬਿਆਸ ਤੇ ਰਾਵੀ ਦਰਿਆਵਾਂ ਵਿਚਕਾਰ ਸਥਿੱਤ ਹੈ। ਰਾਵੀ ਦਰਿਆ ਦੇ ਅਸਲੀ ਸੋਮੇਂ ਬਾਰੇ ਲਿਖਿਆ ਜਾ ਚੁੱਕਾ ਹੈ। ਬਿਆਸ ਦਰਿਆ, ਜਿਸ ਨੂੰ ਦਰਿਆ ਬਿਆਹ ਕਹਿੰਦੇ ਹਨ, ਦੇ ਸੋਮੇਂ ਦਾ ਆਰਭ ਭਵੰਤ ਅਸਥਾਨ ਤੋਂ ਹੋਇਆ ਦੱਸਦੇ ਹਨ ਜੋ ਕੁੱਲੂ ਭਵੰਤ ਦੇ ਪਹਾੜਾਂ ਵਿੱਚ ਸਥਿੱਤ ਹੈ। ਦਰਿਆ ਬਿਆਸ ਇੱਕ ਤਲਾ ਵਿੱਚੋਂ ਉਮਡਦਾ ਹੈ। ਉਸ ਥਾਂ ਤੋਂ ਵਹਿ ਕੇ ਕੁੱਲੂ ਨੱਗਰ ਦੀ ਹੱਦ ਟੱਪ ਜਾਂਦਾ ਹੈ ਤੇ ਇੱਥੋਂ ਮੰਡੀ ਤੇ ਸੁਕੇਤ ਨੱਗਰ ਦੇ ਨੇੜਿਉਂ ਹੁੰਦਾ ਹੋਇਆ ਰੰਜਨ ਤੇ ਮਹਲ ਮੋਰੀ ਪੁੱਜਦਾ ਹੈ। ਨਾਦੌਣ ਸ਼ਹਿਰ ਦੇ ਹੇਠਾਂ, ਗੁਲੀਰ ਦੀਆਂ ਹੱਦਾਂ ਤੇ ਇਲਾਕਾ ਨੂਰ ਪੁਰ ਦੇ ਪਿੰਡਾਂ ਵਿੱਚੋਂ ਲੰਘਦਾ ਹੋਇਆ ਪਹਾੜ 'ਚੋਂ ਬਾਹਰ ਨਿਕਲ ਆਉਂਦਾ ਹੈ ਤੇ ਮੈਦਾਨ ਵਿੱਚ ਪੁੱਜ ਜਾਂਦਾ ਹੈ। ਕਾਹਨੂੰਵਾਨ, ਜੋ ਸ਼ਿਕਾਰ ਖੇਡਣ ਲਈ ਨਿਸਚਿਤ ਥਾਂ ਹੈ, ਦੇ ਹੇਠੋਂ ਤੇ ਨੱਗਰ ਰੁਹੇਲਾ, ਜਿਸ ਨੂੰ ਸਿਰੀ ਗੋਬਿੰਦ ਪੁਰ ਸੱਦਦੇ ਹਨ, ਕੋਲੋਂ ਵਹਿੰਦਾ ਹੋਇਆ ਸ਼ਹਿਰ ਗੋਇੰਦਵਾਲ ਤੇ ਵੈਰੋ ਵਾਲ ਨੱਗਰ ਤੱਕ ਪੁੱਜਦਾ ਹੈ। ਇਨ੍ਹਾਂ ਦੋਹਾਂ ਥਾਵਾਂ 'ਤੇ ਸ਼ਾਹੀ ਪੱਤਣ ਨੀਯਤ ਹਨ। ਇੱਥੋਂ ਲੰਘਦਾ ਹੋਇਆ ਪਿੰਡ ਲੋਹ ਦੇ ਨੇੜੇ ਸਤਲੁਜ ਦਰਿਆ ਵਿੱਚ ਜਾ ਮਿਲਦਾ ਹੈ। ਇਹ ਦੋਵੇਂ ਦਰਿਆ ਇਕੱਠੇ ਹੋ ਕੇ ਮਮਦੋਟ ਨੱਗਰ ਤੇ ਫੀਰੋਜ਼ਪੁਰ ਦੀਆਂ ਹੱਦਾਂ ਲੰਘਦੇ ਹੋਏ ਦੀਪਾਲ ਪੁਰ ਦੀਆਂ ਹੱਦਾਂ ਵਿੱਚ ਪੁੱਜ ਕੇ ਦੋ ਭਾਗਾਂ ਵਿੱਚ ਵੰਡੇ ਜਾਂਦੇ ਹਨ। ਇੱਕ ਦੱਖਣ ਵਲ ਜਾ ਕੇ ਸਤਲੁਜ ਕਹਾਉਂਦਾ ਹੈ ਤੇ ਦੂਜਾ ਉੱਤਰ ਵਲ ਕਬੋਲਾ ਤੋਂ ਲੰਘਦਾ ਹੋਇਆ ਬਿਆਹ ਸਦਵਾਉਂਦਾ ਹੈ। ਇਹ ਦੋਵੇਂ ਦਰਿਆ ਕੁੱਝ ਫਰਲਾਂਗ ਅੱਡ ਅੱਡ ਵਹਿੰਦੇ ਹੋਏ ਫਿਰ ਆਪਸ ਵਿੱਚ ਮਿਲ ਜਾਂਦੇ ਹਨ । ਫਤਹਿਪੁਰ ਤੇ ਖਰੂੜ ਦੀਆਂ ਹੱਦਾਂ ਟੱਪਦਾ ਹੋਇਆ ਘਲੂਘਾਰਾ ਕਹਾਉਂਦਾ ਹੈ। ਝਨਾਂ ਦਰਿਆ ਨਾਲ ਮਿਲ ਕੇ ਬਲੋਚਿਸਤਾਨ ਦੇ ਇਲਾਕੇ 'ਚ ਸਿੰਧ ਦਰਿਆ ਵਿੱਚ ਜਾ ਮਿਲਦਾ ਹੈ। ਸੋ ਇਸ ਦੁਆਬੇ, ਜਿਸ ਦੀ ਚੌੜਾਈ ਅਨੁਮਾਨ ਅਨੁਸਾਰ ਤੀਹ ਕੋਹ ਤੋਂ ਕੁੱਝ ਘੱਟ ਹੋਵੇਗੀ, ਦਾ ਨਾਉਂ ਬਾਰੀ ਹੈ।

ਦੁਆਬਾ ਬਾਰੀ, ਜਿਸ ਨੂੰ ਦੁਆਬਾ ਲਾਹੌਰ ਤੇ ਮਾਝਾ ਦੇਸ਼ ਭੀ ਕਹਿੰਦੇ ਹਨ, ਦੇ ਪਿੰਡਾਂ, ਨਗਰਾਂ, ਸ਼ਹਿਰਾਂ ਤੇ ਇਲਾਕਿਆਂ ਦਾ ਬਿਆਨ

ਲਾਹੌਰ ਸ਼ਹਿਰ, ਜੋ ਪੰਜਾਬ ਦੇ ਇਲਾਕਿਆਂ ਦੀ ਰਾਜਧਾਨੀ ਹੈ, ਰਾਵੀ ਦਰਿਆ ਦੇ ਕੰਢੇ 'ਤੇ ਸਥਿੱਤ ਹੈ। ਇਹ ਗੱਲ ਪ੍ਰਸਿੱਧ ਹੈ ਕਿ ਸਭ ਤੋਂ ਪਹਿਲਾਂ ਇਸ ਸ਼ਹਿਰ ਦੀ ਨੀਂਹ ਸ੍ਰੀ ਰਾਮ ਚੰਦਰ ਦੇ ਬੇਟੇ ਲਵ ਦੇ ਨਾਉਂ 'ਤੇ ਰੱਖੀ ਗਈ ਸੀ। ਯੁਗਾਂ ਦੇ ਬੀਤਣ ਨਾਲ ਇਹ ਸ਼ਹਿਰ ਉਜੜ ਗਿਆ ਤੇ ਪੰਜਾਬ ਦੀ ਰਾਜਧਾਨੀ ਸ਼ਹਿਰ ਸਿਆਲਕੋਟ ਥਾਪਿਆ ਗਿਆ। ਕੁਝ ਸਮੇਂ ਮਗਰੋਂ ਰਾਜਾ ਬਿਕਰਮਾਜੀਤ ਨੇ ਲਾਹੌਰ ਸ਼ਹਿਰ ਨੂੰ ਨਵੇਂ ਸਿਰਿਉਂ ਚੰਗੀ ਤਰ੍ਹਾਂ ਵਸਾਇਆ। ਫਿਰ ਰਾਜਾ ਸਾਲਬ੍ਹਾਨ ਦੇ ਰਾਜ-ਕਾਲ ਵਿੱਚ ਲਾਹੌਰ ਸ਼ਹਿਰ ਦੀ ਰੌਣਕ ਖਤਮ ਹੋ ਗਈ ਤੇ ਲਾਹੌਰ ਦੇ ਕੁੱਝ ਖਿੰਡਵੇਂ ਮਹੱਲੇ ਜਿਵੇਂ ਕਿ ਦੱਰਾ, ਗੋਮਤੀ ਤੇ ਵਛੋਵਾਲੀ ਬਾਕੀ ਰਹਿ ਗਏ। ਇਸਲਾਮੀ ਰਾਜ ਸਥਾਪਤ ਹੋਣ ਨਾਲ ਉਹ ਮੁਹੱਲੇ ਭੀ ਬੇਰੌਣਕ ਹੋਣੇ ਸ਼ੁਰੂ ਹੋ ਗਏ। ਮਗਰੋਂ ਸੁਲਤਾਨ ਮਹਿਮੂਦ ਗਜ਼ਨਵੀ ਦੇ ਚਹੇਤੇ ਮਲਕ ਅੱਯਾਜ਼ ਨੇ ਸੰਨ ੪੧੦ ਹਿਜ਼ਰੀ (ਮੁਤਾਬਿਕ

ਸੰਨ ੧੦੯੧ ਈ:) ਵਿੱਚ ਇੱਟਾਂ ਦਾ ਪੱਕਾ ਕਿਲ੍ਹਾ ਉਸਰਵਾਇਆ ਤੇ ਸ਼ਹਿਰ ਨੂੰ ਵਸਾਉਣ ਵਲ ਧਿਆਨ ਦਿੱਤਾ। ਲੋਕ ਹੌਲੀ ਹੌਲੀ ਹਰ ਪਾਸਿਉਂ ਇਕੱਠੇ ਹੋ ਗਏ। ਕਹਿੰਦੇ ਹਨ ਕਿ ਮਲਕ ਅੱਯਾਜ਼ ਇਸੇ ਸ਼ਹਿਰ ਵਿਖੇ ਕਾਲਵਸ ਹੋਇਆ। ਉਸ ਦੀ ਕਬਰ ਟਕਸਾਲ ਦੇ ਨਾਲ ਲੱਗਦੀ ਹੈ, ਜੋ ਪ੍ਰਸਿੱਧ ਹੈ। ਸੁਲਤਾਨ ਮਲਕ ਖੁਸਰੋ ਨੇ ਇਸ ਸ਼ਹਿਰ ਨੂੰ ਆਪਣੀ ਰਾਜਧਾਨੀ ਥਾਪਿਆ ਅਤੇ ਇੱਥੇ ਰਾਜ-ਸਿੰਘਾਸਣ 'ਤੇ ਬੈਠ ਕੇ ਇਸ ਦੀ ਰੌਣਕ ਹੋਰ ਵਧਾ ਦਿੱਤੀ । ਬਹਿਲੋਲ ਲੋਧੀ ਦੀ ਹਕੂਮਤ ਦੇ ਸਮੇਂ ਤੱਤਾਰ ਖਾਂ ਨੇ ਪੰਜਾਬ ਦਾ ਨਾਜ਼ਿਮ ਬਣ ਕੇ ਲਾਹੌਰ ਨੂੰ ਬਹੁਤ ਚੰਗੀ ਤਰ੍ਹਾਂ ਅਬਾਦ ਕੀਤਾ । ਮਗਰੋਂ ਬਾਬਰ ਦੇ ਪੁੱਤਰ ਕਾਮਰਾਨ ਨੇ ਭੀ ਲਾਹੌਰ ਦੀ ਆਬਾਦੀ ਨੂੰ ਵਧਾਉਣ ਵਲ ਧਿਆਨ ਦਿੱਤਾ । ਹਜ਼ਰਤ ਜਲਾਲਉੱਦੀਨ ਅਕਬਰ ਬਾਦਸ਼ਾਹ ਨੇ ਇੱਟਾਂ ਦਾ ਕਿਲ੍ਹਾ, ਸ਼ਹਿਰ ਦੀ ਚਾਰ ਦੀਵਾਰੀ ਤੇ ਵੱਡਾ ਮਹੱਲ ਨਵੇਂ ਸਿਰਿਉਂ ਬਣਵਾਇਆ। ਉਸ ਨੇ ਕਚਹਿਰੀ ਦੀ ਇਮਾਰਤ ਬਣਵਾਕੇ ਲਾਹੌਰ ਦੇ ਲੋਕਾਂ ਦੇ ਦਿਲਾਂ ਨੂੰ ਖ਼ੁਸ਼ ਕਰ ਦਿੱਤਾ। ਰਾਜਾ ਭਗਵੰਤ ਦਾਸ ਤੇ ਕੰਵਰ ਮਾਨ ਸਿੰਘ, ਜੋ ਅਕਬਰ ਬਾਦਸ਼ਾਹ ਦੇ ਦਰਬਾਰ ਵਲੋਂ ਸੂਬੇਦਾਰ ਸਨ, ਨੇ ਛੋਟੇ ਵੱਡੇ ਵਿਅੱਕਤੀਆਂ ਨਾਲ ਕਾਫੀ ਲਿਹਾਜ਼ ਤੇ ਮਿਹਰਬਾਨੀਆਂ ਕੀਤੀਆਂ। ਬਾਦਸ਼ਾਹ ਜਹਾਂਗੀਰ ਦੇ ਰਾਜ-ਕਾਲ ਵਿਚ ਅਬੂਉੱਲਹਸਨ ਆਸਿਫ ਖਾਂ 'ਇਅਤਮਾਦੁੱਲ ਦੌਲਾ' ਇਸ ਸ਼ਹਿਰ ਦੇ ਵਸਨੀਕਾਂ 'ਤੇ ਹੱਦ ਦਰਜੇ ਦੀ ਕ੍ਰਿਪਾਲਤਾ ਕਰਦਾ ਸੀ। ਹਜ਼ਰਤ ਸ਼ਾਹ ਜਹਾਨ ਬਾਦਸ਼ਾਹ ਤੇ ਔਰੰਗਜ਼ੇਬ 'ਆਲਮਗੀਰ' ਨੇ ਇਸ ਜਗ੍ਹਾ ਨੂੰ ਅਨੋਖੀ ਤਰ੍ਹਾਂ ਸਜਾਇਆ। ਰਾਵੀ ਦਰਿਆ ਸ਼ਹਿਰ ਦੇ ਭਵਨਾਂ ਨੂੰ ਹਾਨੀ ਪੁਚਾਉਂਦਾ ਸੀ। ਇਸ ਲਈ ਹਜ਼ਰਤ 'ਆਲਮਗੀਰ' ਨੇ ਆਪਣੇ ਰਾਜ-ਸਿੰਘਾਸਣ 'ਤੇ ਬੈਠਣ ਤੋਂ ਚੌਥੇ ਮੁਬਾਰਕ ਸਾਲ ਵਿਚ ਦਰਿਆ ਦੇ ਅੰਦਰ ਕੋਠੜੀਆਂ ਸਣੇਂ ਇਕ ਕੋਹ ਲੰਮੀ ਕੰਧ ਉਸਰਵਾ ਕੇ ਦਰਿਆ ਦੇ ਪਾਣੀ ਦੇ ਹੜ੍ਹ ਤੇ ਟੱਕਰ ਤੋਂ ਸ਼ਹਿਰ ਦਾ ਬਚਾਉ ਕੀਤਾ। ਕਹਿੰਦੇ ਹਨ ਕਿ ਅਕਬਰ ਬਾਦਸ਼ਾਹ ਦੇ ਰਾਜ-ਕਾਲ ਵਿਚ ਸ਼ਹਿਰ ਦੀ ਚਾਰ ਦੀਵਾਰੀ ਦੇ ਅੰਦਰ ਨੌਂ ਬਾਜ਼ਾਰ ਵਸੇ ਹੋਏ ਸਨ। ਇਨ੍ਹਾਂ ਦੋਹਾਂ ਬਾਦਸ਼ਾਹਾਂ ਦੇ ਰਾਜ-ਕਾਲ ਵਿਚ ਸ਼ਹਿਰ ਦੀ ਚਾਰ ਦੀਵਾਰੀ ਤੋਂ ਬਾਹਰ ਬਾਰਾਂ ਬਾਜ਼ਾਰ ਵੱਸ ਗਏ ਅਤੇ ਅਮੀਰਾਂ ਤੇ ਸ਼ਹਿਜ਼ਾਦਿਆਂ ਦੀਆਂ ਕੋਠੀਆਂ ਨਵੇਂ ਢੰਗ ਨਾਲ ਬਣ ਗਈਆਂ। ਇਹ ਸ਼ਹਿਰ ਦਿਨੋਂ ਦਿਨ ਵਧਦਾ ਗਿਆ ਤੇ ਵੱਡਾ ਸ਼ਹਿਰ ਬਣ ਗਿਆ। ਮੁਹੰਮਦ ਸ਼ਾਹ ਦੇ ਰਾਜ-ਕਾਲ ਵਿਚ ਨਵਾਬ ਜ਼ਕਰੀਆ ਖਾਂ, ਜੋ ਖਾਨ ਬਹਾਦੁਰ, ਸੂਬਾ ਅਦਲੀ ਕਰਕੇ ਮਸ਼ਹੂਰ ਸੀ, ਨਿਆਂ ਤੇ ਸਖਾਵਤ ਕਾਰਨ ਲਾਹੌਰ ਦੇ ਲੋਕਾਂ ਦੇ ਦਿਲਾਂ ਨੂੰ ਆਪਣੇ ਵੱਲ ਖਿੱਚੀ ਰੱਖਦਾ ਸੀ। ਕਿਉਂਕਿ ਨਵਾਬ ਦੀ ਆਦਤ ਭੰਗ ਪੀਣ ਦੀ ਸੀ ਇਸ ਲਈ ਉਸ ਦੇ ਰਾਜ-ਪ੍ਰਬੰਧ ਵਿਚ ਲਾਹੌਰ ਦੇ ਬਾਹਲੇ ਲੋਕਾਂ 'ਚ ਭੰਗ ਪੀਣ ਦਾ ਰਿਵਾਜ ਪੈ ਗਿਆ। ਉਸਤਤ ਯੋਗ ਨਵਾਬ ਦੇ ਦਰਬਾਰੀ ਦੀਵਾਨ ਲੱਖਪਤ ਰਾਏ ਦਾ ਨਾਉਂ ਨੇਕੀ, ਸਖਾਵਤ, ਠੱਠੇ ਮਖੌਲ ਤੇ ਖੁਸ਼ ਰਹਿਣ ਸਦਕਾ ਲੋਕਾਂ ਦੀ ਜ਼ਬਾਨ 'ਤੇ ਆਮ ਚੜ੍ਹਿਆ ਹੋਇਆ ਸੀ। ਮਗਰੋਂ ਅਹਿਮਦ ਸ਼ਾਹ ਅਫਗਾਨ ਦੀ ਲੁੱਟ ਮਾਰ ਤੇ ਖਾਲਸੇ, ਜੋ ਸਿੰਘਾਂ ਵਜੋਂ ਪ੍ਰਸਿੱਧ ਹਨ, ਦੇ ਹਲੇ 'ਚ ਸ਼ਹਿਰ ਲਾਹੌਰ ਉੱਕਾ ਉਜੜ ਗਿਆ। ਚਾਰ ਦੀਵਾਰੀ ਤੋਂ ਬਾਹਰ ਦੇ ਬਾਰਾਂ ਬਾਜ਼ਾਰ ਬਿਲਕੁਲ ਢਹਿ ਢੇਰੀ ਹੋ ਗਏ ਤੇ ਅੰਦਰਲੇ ਨੌਂ ਬਾਜ਼ਾਰਾਂ ਦੀਆਂ ਥੋੜ੍ਹੀਆਂ ਜਿਹੀਆਂ ਇਮਾਰਤਾਂ ਬਾਕੀ ਬਚੀਆਂ । ਜਦੋਂ ਖਾਲਸਾ ਸਰਦਾਰਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਤਾਂ ਉਨ੍ਹਾਂ ਨੇ ਇਸ ਸ਼ਹਿਰ ਨੂੰ ਵਸਾਉਣ ਵਲ ਧਿਆਨ ਦਿੱਤਾ । ਉਨ੍ਹਾਂ ਨੇ ਪਰਜਾ ਤੇ ਖ਼ਲਕ ਨੂੰ ਬੁਲਾ ਕੇ ਉੱਥੇ ਆਬਾਦ ਕੀਤਾ ਜਿਸ ਸਮੇਂ ਇਹ ਰਾਜਧਾਨੀ (ਲਾਹੌਰ ਸ਼ਹਿਰ) ਸਰਕਾਰ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਮੁਲਾਜ਼ਿਮਾਂ ਦੇ ਹੱਥ ਆਈ ਤਾਂ ਉਹਨਾਂ ਨੇ ਇਸ ਪੁਰਾਣੇ ਸ਼ਹਿਰ ਨੂੰ ਨਵੇਂ ਸਿਰਿਉਂ ਰੌਣਕ ਬਖਸ਼ੀ। ਉਨ੍ਹਾਂ ਨੇ ਕਿਲ੍ਹਾ, ਬੁਰਜ, ਸ਼ਾਹੀ ਮਹੱਲ, ਸਮਨ ਬੁਰਜ ਤੇ ਦਰਬਾਰ-ਸਥਾਨ ਨੂੰ ਬਹੁਤ ਚੰਗੀ ਤਰ੍ਹਾਂ ਸਜਾਇਆ ਤੇ ਅਕਬਰ ਦੇ ਸਮੇਂ ਦੀ ਟੁੱਟੀ ਤੇ ਢੱਠੀ ਫ਼ਸੀਲ ਸੰਮਤ ੧੮੭੦ ਬਿਕਰਮੀ (ਮੁਤਾਬਿਕ ਸੰਨ ੧੮੧੩ ਈ:) ਵਿੱਚ ਨਵੇਂ ਸਿਰਿਉਂ ਮੁਰੰਮਤ ਕਰਵਾ ਕੇ ਉਸਰਵਾਈ ਅਤੇ ਸ਼ਹਿਰ ਦੇ

ਵਸਨੀਕਾਂ ਨੂੰ ਚੋਰਾਂ ਦੀ ਲੁੱਟ ਘਸੁਟ ਤੋਂ ਬਚਾਇਆ ਬਲਕਿ ਇਸ ਤੋਂ ਬਿਨਾਂ ਪੱਕੀ ਖਾਈ ਤੇ ਕਰਕੋਟ ਬਣਵਾਈ ਤੇ ਬਹੁਤ ਸੁਹਣੇ ਢੰਗ ਨਾਲ ਸਾਰੇ ਦਰਵਾਜ਼ਿਆਂ ਦੇ ਅੱਗੇ ਡਿਉਢੀਆਂ ਬਣਵਾਈਆਂ ਅਤੇ ਇਸ ਤਰ੍ਹਾਂ ਹੋਰ ਪਕਿਆਈ ਕਰ ਦਿੱਤੀ। ਵੱਡੇ ਆਦਮੀਆਂ, ਅਹਿਲਕਾਰਾਂ ਤੇ ਸਰਦਾਰਾਂ 'ਚੋਂ ਹਰੇਕ ਨੇ ਆਪਣੀ ਆਪਣੀ ਪੱਦਵੀ ਅਨੁਸਾਰ ਸ਼ਹਿਰ ਵਿੱਚ ਹਵੇਲੀਆਂ ਤੇ ਮਾਲਕਾਂ ਕੋਲੋਂ ਜ਼ਮੀਨ ਦੇ ਕਿਤੇਅ ਮੁੱਲ ਲੈ ਕੇ ਵਧੀਆ ਇਮਾਰਤਾਂ ਬਣਵਾਈਆਂ ਅਤੇ ਸ਼ਹਿਰ ਤੇ ਬਾਜ਼ਾਰਾਂ ਦੀ ਰੌਣਕ ਨੂੰ ਵਧਾਇਆ। ਸ਼ਹਿਰ ਵਿੱਚ ਧਰਮਸਾਲਾਂ, ਸ਼ਿਵਦੁਆਲੇ, ਠਾਕਰ ਦੁਆਰੇ, ਮੁਸਾਫਿਰ ਖਾਨੇ, ਬਾਗ, ਖੂਹ ਤੇ ਬਾਉਲੀਆਂ ਆਦਿ ਉਸਰਵਾਏ ਗਏ। ਸ਼ਾਹ ਜਹਾਨ ਬਾਦਸ਼ਾਹ ਦੇ ਬਣਵਾਏ ਹੋਏ ਸ਼ਾਲਾਮਾਰ ਬਾਗ ਦੀ ਟੁੱਟ ਭੱਜ ਨੂੰ ਪਰਤਾਪੀ ਮਹਾਰਾਜੇ ਨੇ ਨਵੇਂ ਸਿਰਿਉਂ ਠੀਕ ਕਰਵਾ ਕੇ ਨਵਾਂ ਪਣ ਬਖਸ਼ਿਆ ਤੇ ਉਸ ਦਾ ਨਾਉਂ 'ਸ਼ਾਲਾ ਬਾਗ' ਰੱਖਿਆ। ਕਈ ਇਸ ਬਾਗ ਨੂੰ 'ਸ਼ਹਲਾ ਬਾਗ' ਕਹਿੰਦੇ ਹਨ। ਨਾਦਰ ਨਾਮੇਂ ਵਿੱਚ ਉਸ ਦਾ ਨਾਉਂ 'ਸ਼ੁਅਲਾ-ਏ-ਮਾਹ' ਲਿਖਿਆ ਹੈ। ਇਸੇ ਪ੍ਰਕਾਰ ਦੂਜੇ ਸਰਦਾਰਾਂ ਨੇ ਬਾਗ ਬਗ਼ੀਚੇ ਆਪਣੇ ਆਪਣੇ ਨਾਮਾਂ 'ਤੇ ਲਗਵਾਏ ਜਿਵੇਂ ਕਿ ਕੰਵਰ ਖੜਕ ਸਿੰਘ ਦੀ ਮਾਂ ਬੀਬੀ ਨੁਕੈਨ ਦਾ ਬਾਗ, ਮਾਈ ਸਦਾ ਕੌਰ ਦਾ ਬਾਗ, ਬਾਦਾਮੀ ਬਾਗ, ਵੇਸਵਾ ਮੋਰਾਂ ਦੀ ਬਗੀਚੀ, ਭਾਈ ਮਾਹੂੰ ਸਿੰਘ ਤੇ ਭਾਈ ਵਸਤੀ ਰਾਮ ਦੇ ਬਾਗ, ਬਾਗ ਘਨੱਈਆ ਸ਼ਾਹ, ਬਾਗ ਜਮਾਂਦਾਰ ਖੁਸ਼ਹਾਲ ਸਿੰਘ, ਬਾਗ ਸ਼ੇਰ ਸਿੰਘ, ਮਿਸਰ ਦੀਵਾਨ ਚੰਦ, ਦੀਵਾਨ ਮੁਹਕਮ ਚੰਦ ਤੇ ਦੀਵਾਨ ਮੋਤੀ ਰਾਮ ਦੇ ਬਾਗ, ਬਾਗ ਰਾਜਾ ਤੇਜ ਸਿੰਘ, ਰਾਜਾ ਧਿਆਨ ਸਿੰਘ ਤੇ ਰਾਜਾ ਸੁਚੇਤ ਸਿੰਘ ਦੇ ਬਾਗ, ਜਵਾਲਾ ਸਿੰਘ ਭੰਢਾਨੀਆ ਤੇ ਦਲ ਸਿੰਘ ਦੇ ਬਾਗ, ਬਾਗ ਸਰਦਾਰ ਹਿੰਮਤ ਸਿੰਘ, ਬਾਗ ਸ਼ਾਮ ਸਿੰਘ ਅਟਾਰੀ ਵਾਲਾ, ਬਾਗ ਰਤਨ ਚੰਦ ਦਾਹੜੀ ਵਾਲਾ, ਰਤਨ ਚੰਦ 'ਦੁੱਗਲ' ਵਜ਼ੀਰਾਬਾਦੀਏ ਦਾ ਬਾਗ, ਦੀਵਾਨ ਕਿਰਪਾ ਰਾਮ ਚੋਪੜਾ ਦਾ ਬਾਗ ਤੇ ਤਲਾ, ਹਕ਼ੀਕ਼ਤ ਰਾਏ ਦੀ ਸਮਾਧ, ਰਾਜਾ ਦੀਨਾ ਨਾਥ ਦਾ ਬਾਗ ਸਣੇ ਦੇਵੀ ਪੁਰਾ, ਬਾਗ ਬਖਸ਼ੀ ਭਗਤ ਰਾਮ, ਬਾਗ ਸ਼ਾਮ ਦਾਸ ਡਿਉਢੀ ਵਾਲਾ, ਬਾਗ ਜਵਾਹਰ ਸਿੰਘ ਬਸਤੀ ਵਾਲਾ, ਬਾਗ ਲਹਿਣਾ ਸਿੰਘ, ਮਿਸਰ ਬੇਲੀ ਰਾਮ ਖਜ਼ਾਨਚੀ ਦੇ ਭਰਾ ਮਿਸਰ ਰਾਮ ਕਿਸ਼ਨ ਦਾ ਬਾਗ, ਬਾਗ ਛੋਟਾ ਰਾਮ ਸਰਕਾਰੀ, ਬਾਗ ਫਕੀਰ ਅਜ਼ੀਜ਼ਉੱਦੀਨ; ਬਾਗ ਫਤਹਿ ਗੜ੍ਹ ਵਾਲਾ, ਬਾਗ ਬਿਸ਼ਨ ਸਿੰਘ 'ਮਹਿਰਾ', ਸਬਜ਼ ਪੀਰ ਦੇ ਨਾਲ ਲਗਦਾ ਜਵਾਲਾ ਸਹਾਏ 'ਨੰਦਾ' ਦਾ ਬਾਗ ਜੋ ਉਨ੍ਹਾਂ ਦੇ ਪਿਤਾ ਪਿਤਾਮਿਆ ਦਾ ਪੂਜਾ-ਸਥਾਨ ਭੀ ਹੈ, ਬਾਗ ਪਰਸ ਰਾਮ ਬੈਰਾਗੀ, ਬਾਗ ਲਛਮਣ ਦਾਸ ਬੈਰਾਗੀ, ਬਗੀਚਾ ਜਾਨਕੀ ਦਾਸ ਬੈਰਾਗੀ, ਦਿਆਲਾ ਸਿਲ੍ਹੜੀਆ ਦਾ ਬਾਗ ਅਤੇ ਮਾਈ ਮੰਗਲਾਂ ਦਾ ਬਾਗ ਆਦਿ ਹੋਰ ਪੁਰਾਣੇ ਤੇ ਨਵੇਂ ਬਹੁਤ ਸਾਰੇ ਬਾਗ ਹਨ ਜਿਨ੍ਹਾਂ ਵਿਚੋਂ ਬਾਹਲਿਆਂ ਦੇ ਨਾਉਂ ਮੈਨੂੰ ਯਾਦ ਨਹੀਂ ਹਨ। ਸੁਲਤਾਨਾਂ ਦੇ ਰਾਜ-ਕਾਲਾਂ ਵਿਚ ਲਾਹੌਰ ਦੇ ਆਲੇ ਦੁਆਲੇ ਦੇ ਇਲਾਕੇ ਦਾ ਨਾਉਂ 'ਪਰਗਣਾ ਭੜੀ' ਸੀ। ਪਰਗਣਾ ਭੜੀ ਦੀ ਕਾਨੂੰਗੋਈ ਤੇ ਸਰਕਾਰੀ ਮੁਨਸ਼ੀ ਦੀ ਪਦਵੀ ਰਾਏਜ਼ਾਦਾ ਲਾਲ ਚੰਦ ਤੇ ਸੁੰਦਰ ਦਾਸ 'ਚੋਪੜਾ' ਖੱਤਰੀ ਦੇ ਨਾਉਂ ਰਹੀ ਹੈ। ਸੁਲਤਾਨਾਂ ਦੇ ਰਾਜ-ਕਾਲ ਵਿਚ ਸੁਲਤਾਨ ਸਿੰਘ 'ਚੋਪੜਾ' ਧੰਨਵਾਨ ਵਿਅਕਤੀ ਹੋਇਆ ਹੈ। ਉਸ ਦੀ ਸੰਤਾਨ ਵਿਚ ਲਾਲਾ ਰਾਮ ਚੰਦ 'ਰੁਤਬੀ' ਮੌਜੂਦ ਹੈ। ਬੀਤੇ ਜ਼ਮਾਨਿਆਂ 'ਚ ਉੱਥੋਂ ਦੇ ਵੱਡੇ ਆਦਮੀਆਂ ਵਿਚੋਂ ਦੀਵਾਨ ਸੂਰਤ ਸਿੰਘ, ਦੀਵਾਨ ਲੱਖ ਪਤ ਰਾਏ, ਜਸਪਤ ਰਾਏ ਅਤੇ ਸਹਿਜ ਰਾਮ ਹੋਏ ਹਨ। ਅੱਜ ਕੱਲ੍ਹ ਲਾਹੌਰ ਦੇ ਵਸਨੀਕਾਂ ਵਿਚੋਂ ਭਾਈ ਰਾਮ ਸਿੰਘ, ਫਕੀਰ ਅਜ਼ੀਜ਼ਉੱਦੀਨ ਅਤੇ ਹਕੀਮ ਹਾਕਮ ਰਾਏ ਸਿਰਕੱਢ ਹਨ। ਸ਼ਹਿਰ ਦੇ ਪੰਚਾਂ ਤੇ ਸ਼ਾਹੂਕਾਰਾਂ ਵਿਚੋਂ ਲਾਲਾ ਗੰਗੂ ਸ਼ਾਹ 'ਮਹਿਰਾ', ਘਨੱਈਆ ਸ਼ਾਹ 'ਕਪੂਰ' ਕਾਹਨ ਸਿੰਘ 'ਖੰਨਾ', ਕਾਹਨ ਚੰਦ 'ਸੋਢੀ', ਚੇਤੂ ਬਹਾਦੁਰ 'ਵਾਹੀ', ਹਰਜਸ ਰਾਏ 'ਜਾਹਰੀ', ਦਿੱਤੂ ਸ਼ਾਹ 'ਅਰੋੜਾ' ਤੇ ਹੀਰਾ ਨੰਦ ਸਰਾਫ ਅਤੇ ਇਨ੍ਹਾਂ ਤੋਂ ਬਿਨਾਂ ਹੋਰ ਬਹੁਤ ਵਿਅੱਕਤੀ ਹਨ। ਲਾਹੌਰ ਵਿਖੇ 'ਖਾਰੀ ਖੂਹੀ' ਦੇ ਨਾਲ ਲੱਗਦਾ ਫਕੀਰ ਗੁਲਾਮ ਮਹੀਉੱਦੀਨ ਸ਼ਾਹ ਪੁੱਤਰ ਅਬਦੁੱਲਾ

'ਅਨਸਾਰੀ' ਦਾ ਘਰ ਹੈ ਜੋ ਗ੍ਰਿਸਤੀ ਹੁੰਦੇ ਹੋਏ ਭੀ ਦੁਨਿਆਵੀ ਬੰਧਨਾਂ ਤੋਂ ਮੁਕਤ ਸੀ। ਉਸ ਦੇ ਤਿੰਨ ਲਿਆਕਤ ਵਾਲੇ ਪੁੱਤਰ ਹੋਏ। ਪਹਿਲਾ ਫਕੀਰ ਅਜ਼ੀਜ਼ਉੱਦੀਨ 'ਅਨਸਾਰੀ' ਜੋ ਹਕੀਮੀ ਤੇ ਸਦਾਚਾਰਕ ਗਿਆਨ ਜਾਨਣ 'ਚ ਲਾਸਾਨੀ ਤੇ ਨਿਪੁੰਨ ਹੈ। ਦੂਜਾ ਇਮਾਮਉੱਦੀਨ ਜੋ ਆਪਣੇ ਦੀਨ ਵਿਚ ਪੱਕਾ ਹੈ ਤੇ ਤੀਜਾ ਖਲੀਫਾ ਨੂਰਉੱਦੀਨ ਜੋ ਹਰ ਪਰਕਾਰ ਦੇ ਹੁਨਰਾਂ ਦੀ ਬਾਰੀਕ ਸੂਝ ਰੱਖਣ ਵਿਚ ਅਦੁੱਤੀ ਵਿਅੱਕਤੀ ਹੈ। ਇਸੇ ਤਰ੍ਹਾਂ ਲਾਹੌਰ ਵਿਖੇ ਹਾਫਿਜ਼ ਰੂਹ ਅੱਲ੍ਹਾ ਇਕ ਵਿਅੱਕਤੀ ਸੀ ਜੋ ਸਾਰੇ ਗਿਆਨਾਂ ਦੀਆਂ ਬਰੀਕੀਆਂ ਦਾ ਜਾਣੂ ਸੀ। ਖ਼ਲੀਫਾ ਗੁਲਾਮ ਰਸੂਲ ਅਰਬੀ ਤੇ ਦੀਨੀ ਗਿਆਨ ਜਾਨਣ ਵਿਚ ਆਪਣੇ ਸਮੇਂ ਦਾ ਉਸਤਾਦ ਹੈ। ਨਜੂਮ ਅਤੇ ਜੋਤਸ਼ ਵਿਦਿਆ ਦੇ ਮਾਹਿਰਾਂ ਵਿਚੋਂ ਲਾਲਾ ਬਲ੍ਹੂ ਰਾਮ ਜੋਤਸ਼ੀ ਤੇ ਲਾਲਾ ਦਲਪਤ ਰਾਏ, 'ਸਹਿਗਲ' ਨਜੂਮੀ ਪ੍ਰਸਿੱਧ ਹਨ। ਇਹ ਦੋਵੇਂ ਲਾਲਾ ਸਹਿਜ ਰਾਮ ਨਜੂਮੀ, ਜੋ ਅਹਿਮਦ ਸ਼ਾਹ ਦੇ ਰਾਜ-ਕਾਲ ਵਿਚ ਆਪਣੇ ਹੁਨਰ ਦਾ ਆਚਾਰੀਆ ਸੀ, ਦੇ ਚੇਲੇ ਹੋਏ ਹਨ। ਇਸ ਸਮੇਂ ਦੇ ਹਕੀਮਾਂ ਵਿਚੋਂ ਹਕੀਮ ਅਨਾਯਤ ਸ਼ਾਹ ਪੁੱਤਰ ਸੱਈਅਦ ਗ਼ਾਲਿਬ ਸ਼ਾਹ, ਹਕੀਮ ਨੂਰ ਮੁਹੰਮਦ, ਹਕੀਮ ਖੈਰੀ ਸ਼ਾਹ, ਮੀਆਂ ਕਾਦਰ ਬਖਸ਼ 'ਅੱਤਾਰ' (ਦਵਾ ਫਰੋਸ਼), ਸ਼ਾਹੀ ਹਕੀਮ ਲਾਲਾ ਹਾਕਮ ਰਾਏ, ਨੂਰ ਮੁਹੰਮਦ ਰੱਮਾਲ (ਜੋਤਸ਼ੀ), ਅਤੇ ਮੀਆਂ ਬਾਕਰ ਜਰਾਹ (ਸਰਜਨ) ਬੇਮਿਸਾਲ ਹਨ। ਲਾਹੌਰ ਸ਼ਹਿਰ ਵਿਚ ਵਲੀਆਂ ਅਤੇ ਫਕੀਰਾਂ ਦੀਆਂ ਕਾਫੀ ਖਾਨਗਾਹਾਂ ਤੀਰਥ-ਸਥਾਨ ਹਨ। ਇਨ੍ਹਾਂ ਸਾਰੀਆਂ ਵਿਚੋਂ ਖੁਆਜਾ ਅਲੀ ਹਜਵੀਰੀ ਉਰਫ ਦਾਤਾ ਗੰਜ ਬਖਸ਼ ਦੀ ਖਾਨਗਾਹ ਅਤੀ ਪ੍ਰਸਿੱਧ ਹੈ। ਦੱਸਦੇ ਹਨ ਕਿ ਸੁਲਤਾਨ ਮਹਿਮੂਦ ਦੇ ਰਾਜ-ਕਾਲ ਵਿਚ ਉਸਤਤ ਯੋਗ ਖਵਾਜਾ ਆਪਣੇ ਦੇਸ਼ੋ ਆ ਕੇ ਸ਼ਹਿਰ ਗਜ਼ਨੀ ਵਿਖੇ ਰਹਿਣ ਲੱਗ ਪਿਆ। ਕੁਝ ਸਮਾਂ ਮਗਰੋਂ ਸੰਨ ੪੫੧ ਹਿਜਰੀ ਵਿਚ ਲਾਹੌਰ ਵਿਖੇ ਉਸ ਦਾ ਸ਼ੁਭ-ਆਗਮਨ ਹੋਇਆ। ਉਸ ਸਮੇਂ ਲਾਹੌਰ ਵਿਚ ਬਾਹਲੇ ਹਿੰਦੂ ਧਰਮ ਦੇ ਗੁੱਜਰ ਲੋਕ ਰਹਿੰਦੇ ਸਨ। ਉਹ ਗੁੱਜਰ ਉਸ ਦੇ ਸ਼ਰਧਾਲੂ ਬਣ ਗਏ ਤੇ ਉਨ੍ਹਾਂ ਨੇ ਇਸਲਾਮ ਧਰਮ ਕਬੂਲ ਕਰ ਲਿਆ। ਉਹ ਚੌਦਾਂ ਸਾਲਾਂ ਮਗਰੋਂ ਸੁਲਤਾਨ ਇਬਰਾਹੀਮ ਗਜ਼ਨਵੀ ਦੇ ਰਾਜ ਵਿਚ ਸੰਨ ੪੬੫ ਹਿਜਰੀ (ਮੁਤਾਬਿਕ ਸੰਨ ੧੦੭੨-੭੩ ਈ:) ਨੂੰ ਲਾਹੌਰ ਵਿਖੇ ਸੁਰਗਵਾਸ ਹੋ ਗਿਆ। ਕਿਉਂਕਿ ਉਹ (ਸੂਫੀ) ਫਕੀਰਾਂ ਦੀ ਜਮਾਤ ਦਾ ਮੁੱਖੀ ਸੀ ਇਸ ਲਈ ਉਸ ਦੇ ਪ੍ਰਲੋਕ ਸਿਧਾਰਨ ਦੀ ਮਿਤੀ 'ਸਰਦਾਰ' ਸ਼ਬਦ 'ਤੋਂ ਕੱਢੀ ਗਈ ਹੈ।

"ਉਸ ਦੀ ਮੂਤ ਦਾ ਸਾਲ ਬਨਿਆਂ :— "ਸਰਦਾਰ" ਉਸ ਦੀ ਕਬਰ 'ਤੇ ਜੁਮੇਂ

ਸੰਨ ੪੬੫ ਹਿਜਰੀ

ਵਾਲੇ ਦਿਨ ਭਾਰੀ ਮੇਲਾ ਲੱਗਦਾ ਹੈ। ਹੋਰ ਸ਼ਾਹ ਅਬੂਉਲਮਆਲੀ, ਜੋ ਸੰਨ ੯੬੩ ਹਿਜਰੀ (ਮੁਤਾਬਿਕ ਸੰਨ ੧੫੫੫-੫੬ ਈ:) ਵਿਚ ਲਾਹੌਰ ਦਾ ਨਾਜ਼ਿਮ ਸੀ, ਦੇ ਮਕਬਰੇ ਦੇ ਦਰਸ਼ਨ ਕਰਨ ਲਈ ਭੀ ਲੋਕੀਂ ਇਕੱਠੇ ਹੁੰਦੇ ਹਨ। ਇਸ ਤਰ੍ਹਾਂ ਫੱਗਣ ਮਹੀਨੇ 'ਚ ਬਸੰਤ ਪੰਚਮੀ ਦੇ ਦਿਨ ਮਾਧੋ ਲਾਲ ਹੁਸੈਨ ਦੀ ਕਬਰ 'ਤੇ ਭਾਰੀ ਮੇਲਾ ਲੱਗਦਾ ਹੈ। ਕਹਿੰਦੇ ਹਨ ਕਿ ਮਾਧੋ ਇਕ ਸੁੰਦਰ ਲੜਕਾ ਸੀ ਜੋ ਜਵਾਨ ਹੋਣ ਤੋਂ ਪਹਿਲਾਂ ਹੀ ਮਰ ਗਿਆ। ਖੁਦਾਰਸੀਦਾ ਫਕੀਰ ਲਾਲ ਹੁਸੈਨ ਉਸ 'ਤੇ ਆਸ਼ਿਕ ਸੀ। ਉਸ ਦੀ ਦੁਆ ਤੇ ਰੂਹਾਨੀ ਸ਼ਕਤੀ ਨਾਲ ਮਾਧੋ ਨੇ ਦੁਬਾਰਾ ਜਿੰਦਗੀ ਪਾਈ। ਉਸ ਨੇ ਕਾਫੀ ਸਾਲ ਮੁਰਸ਼ਦ ਦੀ ਸੇਵਾ ਕੀਤੀ ਤੇ ਉੱਚਾ ਰੂਹਾਨੀ ਮਰਤਬਾ ਪ੍ਰਾਪਤ ਕੀਤਾ। ਸ਼ਾਹ ਬਿਲਾਵਲ ਭੀ ਖੁਦਾ ਰਸੀਦਾ ਫਕੀਰ ਸੀ। ਸੰਨ ੧੦੨੮ ਹਿਜਰੀ ਵਿਚ ਬਾਦਸ਼ਾਹ ਜਹਾਂਗੀਰ ਦੇ ਰਾਜ-ਕਾਲ ਵਿਚ ਮੀਆਂ ਮੁਹੰਮਦ ਦਰਵੇਸ਼ ਵਿਦਵਾਨ ਤਪੱਸਵੀ ਹੋਇਆ ਹੈ। ਉਸ ਦੀ ਕਥਨੀ ਤੇ ਕਰਣੀ ਇਕ ਸੀ। ਸ਼ਾਹ ਜਹਾਨ ਦੇ ਰਾਜ-ਕਾਲ ਵਿਚ ਹਜ਼ਰਤ ਮੀਆਂ ਮੀਰ ਹੋਇਆ ਹੈ ਜੋ ਦੁਨਿਆਵੀ ਤੇ ਅਧਿਆਤਮਕ ਗਿਆਨਾਂ ਦਾ ਭੰਡਾਰ ਸੀ। ਉਹ ਰੱਬੀ ਗੱਲਾਂ ਦਾ ਜਾਣੂ ਤੇ ਕਰਾਮਾਤੀ ਸੀ। ਉਹ ਸੰਨ ੧੦੪੫ ਹਿਜਰੀ ਦੇ ਰਬੀਅ-ਉਲ-ਅੱਵਲ (ਅਰਬੀ ਸਾਲ ਦਾ ਤੀਜਾ ਮਹੀਨਾ) ਮਹੀਨੇ ਦੀ ਸੱਤ ਤ੍ਰੀਕ ਨੂੰ ਅੱਸੀ ਸਾਲ ਦੀ ਆਯੂ ਵਿਚ ਸੁਰਗਵਾਸ ਹੋਇਆ। ਉਸ ਦਾ ਮਕਬਰਾ ਸੁੰਦਰ

ਜਗ੍ਹਾ ਤੇ ਤੀਰਥ-ਸਥਾਨ ਹੈ। ਹਜ਼ਰਤ ਮੀਆਂ ਮੀਰ ਦੇ ਚੇਲਿਆਂ ਵਿਚੋਂ ਮੁਲਾਂ ਸ਼ਾਹ ਖੁਦਾਸ਼ਨਾਸ ਵਿਅੱਕਤੀ ਹੋਇਆ ਹੈ। ਸ਼ਹਿਜ਼ਾਦਾ ਦਾਰਾ ਸ਼ਿਕੋਹ ਨੇ ਉਸ ਉੱਤੇ ਅਕੀਦਾ ਕੀਤਾ ਤੇ ਉਸ ਨੇ ਰੂਹਾਨੀ ਰੁਤਬੇ ਨੂੰ ਪਾ ਲਿਆ ਜਿਵੇਂ ਕਿ ਦਾਰਾ ਸ਼ਿਕੋਹ ਦਾ ਸ਼ਿਅਰ ਪ੍ਰਸਿੱਧ ਹੈ।

(ਸ਼ਿਅਰ) ਹੁਣ ਮੈਂ ਖੁਦਪ੍ਰਸਤੀ (ਵੇਦਾਂਤ) ਦੇ ਦਰਜੇ ਤੇ ਪੁੱਜਾ ਹਾਂ
ਉਹ ਸਮਾਂ ਗਿਆ ਜਦੋਂ ਮੈਂ ਖੁਦਾ ਪ੍ਰਸਤ (ਰੱਬ-ਪੂਜ) ਸੀ।

ਮੁੱਲਾਂ ਸ਼ਾਹ ਦਾ ਦੇਹਾਂਤ ੧੦੬੯ ਹਿਜਰੀ (ਮੁਤਾਬਿਕ ੧੬੫੮-੫੯ ਈ:) ਵਿਚ ਹੋਇਆ। ਹੋਰ 'ਕਾਨਵਾਂ ਵਾਲੇ' ਨਾਮੀਂ ਫਕੀਰ ਭੀ ਹਜ਼ਰਤ ਮੀਆਂ ਮੀਰ ਦੇ ਚੇਲਿਆਂ ਵਿਚੋਂ ਸੀ ਤੇ ਉਹ ਭੀ ਖੁਦਾ-ਰਸੀਦਾ ਫਕੀਰ ਬਣ ਗਿਆ। ਉਹ ਨਮਾਜ਼ ਨਹੀਂ ਪੜ੍ਹਦਾ ਸੀ ਤੇ ਰੋਜ਼ਾ ਨਹੀਂ ਰੱਖਦਾ ਸੀ। ਇਕ ਦਿਨ ਇਕ ਉੱਚਅਧਿਕਾਰੀ ਨੇ ਉਸ ਦੀ ਜਵਾਬਤਲਬੀ ਕੀਤੀ, "ਤੂੰ ਨਮਾਜ਼ ਕਿਉਂ ਨਹੀਂ ਪੜ੍ਹਦਾ ?" ਉਸ ਨੇ ਉੱਤਰ ਦਿਤਾ, "ਤੂੰ ਹੱਜ ਕਿਉਂ ਨਹੀਂ ਕਰਦਾ ਤੇ ਜ਼ਕਾਤ ਕਿਉਂ ਨਹੀਂ ਦਿੰਦਾ ? ਮੁਸਲਮਾਨੀ ਧਰਮ ਦੇ ਚਾਰ ਥੰਮ ਹਨ, ਨਮਾਜ਼, ਰੋਜ਼ਾ, ਹੱਜ ਤੇ ਜ਼ਕਾਤ। ਮੈਂ ਉਨ੍ਹਾਂ ਵਿਚੋਂ ਇਕ ਛੱਡਿਆ, ਤੂੰ ਦੋ ਛੱਡ ਦਿੱਤੇ" ਅਮੀਰ ਨਿਰੁੱਤਰ ਹੋ ਗਿਆ। ਲਾਹੌਰ ਦੇ ਹੀਜੜਿਆਂ ਦੇ ਟੋਲੇ ਵਿਚੋਂ ਸੰਦਲ ਨਾਮੀਂ ਹੀਜੜਾ, ਜੋ ਖੁਦਾਸ਼ਨਾਸ ਸੀ, ਮੀਆਂ ਮੀਰ ਦਾ ਸਮਕਾਲੀ ਸੀ। ਉਸ ਸਮੇਂ ਵਿਚ ਮੀਂਹ ਨਾ ਪਿਆ। ਮੀਆਂ ਮੀਰ ਦੇ ਕਹਿਣ 'ਤੇ ਲੋਕੀਂ ਫਕੀਰ ਸੰਦਲ ਦੀ ਸੇਵਾ ਵਿਚ ਹਾਜ਼ਰ ਹੋਏ ਤੇ ਮੀਂਹ ਵਾਸਤੇ ਬੇਨਤੀ ਕੀਤੀ। ਪਹਿਲਾਂ ਤਾਂ ਉਸ ਨੇ ਹੀਜੜਿਆਂ ਵਾਲੀਆਂ ਗੱਲਾਂ ਕਹਿ ਕੇ ਉਨ੍ਹਾਂ ਦੀ ਬੇਨਤੀ ਨੂੰ ਟਾਲ ਦਿੱਤਾ ਪਰੰਤੂ ਜਦੋਂ ਲੋਕਾਂ ਨੇ ਉਸ ਦਾ ਖਹਿੜਾ ਨਾ ਛੱਡਿਆ ਤਾਂ ਉਸ ਨੇ ਅਸਮਾਨ ਵਲ ਮੂੰਹ ਕਰਕੇ ਕਿਹਾ, "ਐ ਪੈਦਾ ਕਰਨ ਵਾਲੇ ! ਮੀਂਹ ਵਰ੍ਹਾ ਨਹੀਂ ਤਾਂ ਜਿਹੜੀ ਛੋਟੀ ਤਸਬੀ ਮੈਂ ਪਾਈ ਹੋਈ ਹੈ ਤੋੜ ਸੁੱਟਾਂਗਾ"। ਉਸੇ ਵੇਲੇ ਹੀ ਮੀਂਹ ਪੈ ਗਿਆ ਤੇ ਸਾਰਾ ਪੰਜਾਬ ਹਰਾ ਭਰਾ ਹੋ ਗਿਆ। ਰਾਮਾ ਨੰਦ ਬੈਰਾਗੀ ਦੇ ਚੇਲਿਆਂ ਦੀ ਕੜੀ 'ਚੋਂ ਮਿਰਜ਼ਾ ਸਾਲਹਿ ਤੇ ਮਿਰਜ਼ਾ ਹੈਦਰ ਦੋਵੇਂ ਬੈਰਾਗੀ ਸਨ ਅਤੇ ਆਮ ਤੌਰ ਤੇ ਹਿੰਦੋਸਤਾਨ ਵਿੱਚ ਪੂਰੀ ਖੁਲ੍ਹ ਨਾਲ ਰਟਨ ਕਰਦੇ ਸਨ। ਉਹ ਲਾਹੌਰ ਵਿੱਚ ਭੀ ਚਰਨ ਪਾ ਕੇ ਸ਼ਹਿਰ ਦੀ ਰੌਣਕ ਵਧਾਂਦੇ ਸਨ।

ਇੱਕ ਹੋਰ 'ਸੂਰਤ-ਬਾਰੀ' ਨਾਮੀ ਫਕੀਰ ਆਤਮ-ਦਰਸੀ ਸੀ ਤੇ ਆਪਣੇ ਆਪ ਨੂੰ ਤਾਹਰ (ਪਵਿੱਤਰ) ਅਖਵਾਉਂਦਾ ਸੀ। ਉਹ ਹਰ ਵਿਅੱਕਤੀ ਦੀ ਸ਼ਕਲ ਵਿੱਚ ਰੱਬ ਦੀ ਹਸਤੀ ਪ੍ਰਤੀਤ ਕਰਦਾ ਸੀ। ਉਹ ਜਿਹੜਾ ਰੂਪ ਧਾਰਨ ਕਰਨਾ ਚਾਹੁੰਦਾ ਸੀ, ਧਾਰ ਲੈਂਦਾ ਸੀ। ਸੰਨ ੧੦੬੨ ਹਿਜਰੀ (ਮੁਤਾਬਿਕ ੧੬੫੨ ਈ:) ਦੇ ਰਬੀਅ-ਉਲ-ਅੱਵਲ ਮਹੀਨੇ ਦੇ ਐਤਵਾਰ ਵਾਲੇ ਦਿਨ ਸੁਰਗਵਾਸ ਹੋਇਆ। ਸ਼ੇਖ ਹਸਨ ਫਰੀਦ, ਜੋ ਅੰਦਰ ਮੁਖੀ ਤੇ ਬਾਹਰ ਮੁਖੀ ਗੁਣਾਂ ਦਾ ਭੰਡਾਰ ਸੀ, ਭੀ 'ਸੂਰਤ ਬਾਰੀ' ਦੇ ਕੂਚ ਕਰਨ ਤੋਂ ਕੁੱਝ ਦਿਨ ਪਹਿਲਾਂ ਹੀ ਪ੍ਰਲੋਕ ਸਿਧਾਰਿਆ। ਉਹ ਅਨੁਭਵੀ ਤੇ ਕਰਾਮਾਤੀ ਸੀ। ਉਸ ਨੇ ਬਹੁਤ ਚਮਤਕਾਰ ਵਿਖਾਏ। ਉਹ ਨਮਾਜ਼ ਅਦਾ ਨਹੀਂ ਕਰਦਾ ਸੀ ਤੇ ਕਲਮਾ ਨਹੀਂ ਪੜ੍ਹਦਾ ਸੀ। ਮੁੱਲਾ ਅਬਦੁੱਲ ਹਕੀਮ ਸਿਆਲਕੋਟੀਏ ਨੇ ਉਸ ਦਾ ਚੇਲਾ ਬਣਨ ਲਈ ਬਥੇਰੀ ਬੇਨਤੀ ਕੀਤੀ ਪਰੰਤੂ ਉਸ ਨੇ ਪਰਵਾਨ ਨਾ ਕੀਤੀ। ਕਹਿੰਦੇ ਹਨ ਕਿ ਉਸ ਕੋਲ ਜਿਹੜਾ ਭੀ ਅਭਿਲਾਸ਼ੀ ਆਉਂਦਾ ਸੀ ਉਸ ਦੀ ਮੁਰਾਦ ਪੂਰੀ ਹੋ ਜਾਂਦੀ ਸੀ। ਇੱਕ ਦਿਨ ਇੱਕ ਧੰਨਵਾਨ ਨੇ ਉਸ ਦੀ ਸੇਵਾ ਵਿੱਚ ਪੁੱਜ ਕੇ ਬੇਨਤੀ ਕੀਤੀ ਕਿ, "ਮੇਰਾ ਦਿਲ ਇੱਕ ਇਸਤਰੀ ਦੇ ਪਿਆਰ ਵਿੱਚ ਫਸਿਆ ਹੋਇਆ ਹੈ। ਮੈਂ ਉਸ ਨੂੰ ਮਿਲਣ ਲਈ ਬਹੁਤ ਵਾਹ ਲਾਈ ਹੈ ਤੇ ਖਰਚ ਕੀਤਾ ਹੈ ਪਰ ਉਸ ਦਾ ਮਿਲਾਪ ਨਸੀਬ ਨਹੀਂ ਹੋਇਆ"। ਉਸ ਨੇ ਫੁਰਮਾਇਆ, "ਕੁੱਝ ਦਿਨ ਉਸ ਦੇ ਖਾਸ ਪਿੰਡ ਦੇ ਨਾਉਂ ਦਾ ਜਾਪ ਕਰ"। ਜਦੋਂ ਉਸ ਨੇ ਦੋ ਦਿਨ ਉਸ ਦੇ ਦੱਸੇ ਅਨੁਸਾਰ ਅਮਲ ਕੀਤਾ ਤਾਂ ਤੀਜੇ ਦਿਨ ਉਸ ਦੀ ਪ੍ਰੇਮਕਾ ਆਪਣੇ ਆਪ ਉਸ ਦੇ ਕੋਲ ਆ ਗਈ ਤੇ ਉਸ ਧਨਾਢ ਦੀ ਮੁਰਾਦ ਪੂਰੀ ਹੋ ਗਈ। ਇਸੇ ਤਰ੍ਹਾਂ ਦੀਆਂ ਉਸ ਸਬੰਧੀ

ਹੋਰ ਬਹੁਤ ਸਾਰੀਆਂ ਕਹਾਣੀਆਂ ਹਨ। ਉਸ ਦੀ ਮੌਤ ਸਮੇਂ ਮੁੱਲਾਂ ਅਬਦੁੱਲ ਹਕੀਮ ਆਦਿ ਨੇ ਉਸ ਕੋਲ ਜਾ ਕੇ ਕਿਹਾ, "ਕਲਮਾ ਪੜ੍ਹੋ"। ਉਸ ਨੇ ਅੱਖਾਂ ਪੁੱਟਦੇ ਹੋਏ ਉੱਤਰ ਦਿੱਤਾ, "ਮੈਥੋਂ ਬਿਨਾਂ ਕੋਈ ਪੂਜਨੀਯ (ਇਸ਼ਟ) ਨਹੀਂ ਹੈ"। ਇਹ ਕਹਿ ਕੇ ਚਲ ਵਸਿਆ। ਸ਼ੇਖ ਹਸਨ ਲਾਹੌਰੀ ਕਈ ਬਾਰ ਕਹਿੰਦਾ ਹੁੰਦਾ ਸੀ, "ਬੰਦਗੀ ਕਰਨੀ ਕੁਫਰ ਹੈ ਅਤੇ ਖੁਦਾਸ਼ਨਾਸੀ ਹੀ ਈਮਾਨ ਹੈ। ਕਾਫਰ ਉਹ ਹੈ ਜੋ ਈਮਾਨ-ਰਹਿਤ ਹੈ। 'ਰੱਬ ਲੋਕਾਂ ਦੀਆਂ ਸ਼ਕਲਾਂ ਵਿੱਚ ਵੱਸਿਆ ਹੋਇਆ ਹੈ, ਅੱਲ੍ਹਾ ਅੰਦਰ ਬਾਹਰ ਕਿਤੇ ਨਹੀਂ ਹੈ'।" ਇਸੇ ਤਰ੍ਹਾਂ ਦੇ ਕੀ ਹਿੰਦੂ ਤੇ ਕੀ ਮੁਸਲਮਾਨ ਹੋਰ ਬਹੁਤ ਸਾਰੇ ਖੁਦਾਸ਼ਨਾਸ ਹੋਏ ਹਨ। ਕਈਆਂ ਦੇ ਨਾਮ ਨਿਸ਼ਾਨ ਬਾਕੀ ਹਨ ਅਤੇ ਕਈਆਂ ਦੇ ਪਰਗਟ ਨਹੀਂ ਹੋਏ। ਹਿੰਦੂਆਂ ਵਿੱਚੋਂ ਛੱਜੂ ਨਾਮੀ ਭਗਤ ਮਹਾਤਮਾ ਪੁਰਸ਼ ਤੇ ਬਹੁਤ ਕਰਾਮਾਤੀ ਸੀ। ਉਸ ਦਾ ਮਕਾਨ, ਜਿਸ ਨੂੰ ਛੱਜੂ ਭਗਤ ਦਾ ਚੁਬਾਰਾ ਕਹਿੰਦੇ ਹਨ, ਰਮਣੀਕ ਜਗ੍ਹਾ ਤੇ ਪੂਜਾ-ਸਥਾਨ ਹੈ। ਉੱਥੇ ਸੋਮਵਾਰ ਵਾਲੇ ਦਿਨ ਇਸਤਰੀਆਂ ਪੁਰਸ਼ਾਂ ਦਾ ਮੇਲਾ ਲਗਦਾ ਹੈ। ਛੱਤਾ ਬਜ਼ਾਰ ਦੇ ਨਾਲ ਸੁਆਮੀ ਸਾਹਿਬ ਬ੍ਰਾਹਮਣ ਰਹਿੰਦਾ ਸੀ ਤੇ ਕਰਾਮਾਤਾਂ ਵਿਖਾਉਣ ਵਿੱਚ ਪ੍ਰਸਿੱਧ ਸੀ। ਭਾਟੀ ਦਰਵਾਜ਼ੇ ਵੱਲ ਬਾਬਾ ਧੀਰਾ ਤੇ ਲੰਗਾ ਮੰਡੀ ਵਾਲੇ ਪਾਸੇ ਬਾਬਾ ਬਲਾਕਾ ਇਕਾਂਤੀ ਭਗਤ ਸਨ। ਲਾਹੌਰ ਵਿਖੇ ਸੰਨ ੧੦੪੮ ਹਿਜਰੀ ਵਿੱਚ ਮਨੀ ਰਾਮ ਨਾਮੀ ਇੱਕ ਬ੍ਰਾਹਮਣ ਸੰਤੋਖੀ ਤੇ ਪਾਰਸਾ ਆਦਮੀਂ ਸੀ। ਉਹ ਕਿਸੇ ਹੋਰ ਧਰਮ ਵਾਲੇ ਤੋਂ ਕੋਈ ਸ਼ੈ ਨਹੀਂ ਲੈਂਦਾ ਸੀ। ਸ਼ਾਹਜਹਾਨ ਦੇ ਅਮੀਰਾਂ ਵਜ਼ੀਰਾਂ ਵਿੱਚੋਂ ਇੱਕ ਸਰਦਾਰ ਨੇ ਤਿੰਨ ਲੱਖ ਰੁਪਏ ਉਸ ਦੀ ਭੇਟਾ ਕੀਤੇ। ਉਸ ਨੇ ਲੈਣੇ ਪਰਵਾਨ ਨਾ ਕੀਤੇ। ਹੋਰ ਉਸੇ ਸਮੇਂ ਨਰੈਣ ਦਾਸ ਬੈਰਾਗੀ ਹੋਇਆ ਹੈ ਜੋ ਪੂਰਨ ਅਜ਼ਾਦੀ ਨਾਲ ਜੀਵਨ ਬਤੀਤ ਕਰਦਾ ਸੀ। ਉਹ ਜਿਸ ਕਿਸੇ ਵਿਅੱਕਤੀ ਨੂੰ ਬੀਮਾਰ ਵੇਖਦਾ ਸੀ, ਉਸ ਨੂੰ ਆਤਮਿਕ ਇਲਾਜ ਨਾਲ ਠੀਕ ਕਰ ਦਿੰਦਾ ਸੀ। ਮੀਆਂ ਮੀਰ ਦੇ ਘਰ ਨਾਲ ਲਗਦਾ ਗੁਰੂ ਰਾਮ ਦਾਸ 'ਸੋਢੀ' ਦਾ ਮਕਾਨ ਹੈ। ਉੱਥੇ ਨਾਨਕ ਸ਼ਾਹੀ ਸੰਪਰਦਾਇ ਦੇ ਸੰਤਾਂ ਦਾ ਇੱਕ ਪਰਗਣਾ ਹੈ। ਉੱਥੇ ਇੱਕ ਪਵਿੱਤਰ 'ਖੂਹੀ' (ਬਾਉਲੀ) ਹੈ ਅਤੇ ਲੋਕ ਉਸ ਨੂੰ ਬਰਕਤ ਵਾਲੀ ਥਾਂ ਸਮਝਦੇ ਹਨ। ਭਾਦੋਂ ਦੇ ਮਹੀਨੇ 'ਚ ਉੱਥੇ ਮੇਲਾ ਲੱਗਦਾ ਹੈ। ਬੇਗਮਪੁਰਾ ਦੇ ਨਾਲ ਲੱਗਦਾ ਉਨ੍ਹਾਂ ਦੇ ਗੁਰੂ ਦਾ ਨਿਵਾਸ-ਸਥਾਨ ਹੈ। ਉਹ ਉਸ ਥਾਂ ਇੱਕ ਦਿਨ ਦੀਪਮਾਲਾ ਕਰਦੇ ਹਨ ਅਤੇ ਉਸ ਦਿਨ ਉੱਥੇ ਭਾਰੀ ਮੇਲਾ ਲਗਦਾ ਹੈ।

ਸ਼ਹਿਰ ਵਿੱਚ ਸੱਈਅਦ ਮਿੱਠੇ ਦੀ ਖਾਨਗਾਹ ਪ੍ਰਸਿੱਧ ਹੈ। ਟਕਸਾਲੀ ਦਰਵਾਜ਼ੇ ਦੇ ਨਾਲ ਲੱਗਦਾ ਸ਼ਾਹ ਮਦਾਰ ਦੇ ਨਾਉਂ 'ਤੇ ਇੱਕ ਮੇਲਾ ਲੱਗਦਾ ਹੈ ਜਿਸ ਨੂੰ ਛੜਿਆਂ ਦਾ ਮੇਲਾ ਕਹਿੰਦੇ ਹਨ। ਵੀਰਵਾਰ ਵਾਲੇ ਦਿਨ ਆਮ ਲੋਕੀਂ ਵਜ਼ੀਰ ਖਾਂ ਦੀ ਮਸੀਤ ਦੇ ਦਰਸ਼ਨਾਂ ਲਈ ਜਾਂਦੇ ਹਨ ਤੇ ਮੇਲਾ ਲਾਉਂਦੇ ਹਨ। ਲਾਹੌਰੀ ਅਤੇ ਸ਼ਾਹ ਆਲਮ ਦੇ ਦਰਵਾਜ਼ਿਆਂ ਵਿਚਕਾਰ ਸੀਤਲਾ ਦੇਵੀ ਦੇ ਅਸਥਾਨ 'ਤੇ ਮੰਗਲਵਾਰ ਦੇ ਦਿਨ ਹਿੰਦੂਆਂ ਦਾ ਬੜਾ ਭਾਰੀ ਮੇਲਾ ਲੱਗਦਾ ਹੈ। ਕਾਲਕਾ ਦੇਵੀ ਦਾ ਸਥਾਨ ਭੀ ਪੂਜਾ-ਸਥਾਨ ਹੈ। ਲਾਹੌਰ ਵਿਖੇ ਸਤਵੰਤੀਆਂ ਇਸਤਰੀਆਂ ਵਿੱਚੋਂ ਲੋਕਾਂ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੀਆਂ ਰਾਜੋ ਤੇ ਧਰਮੋਂ ਦੇਵੀਆਂ ਹਨ ਉਨ੍ਹਾਂ ਦਾ ਮਕਾਨ ਭੀ ਪੂਜਾ-ਸਥਾਨ ਹੈ। ਲਾਹੌਰ ਤੋਂ ਪੰਜ ਕੋਹ ਦੀ ਦੂਰੀ 'ਤੇ ਭੱਦਰ ਕਾਲੀ ਦੇਵੀ ਦਾ ਸਥਾਨ ਹੈ ਜਿੱਥੇ ਜੇਠ ਦੇ ਮਹੀਨੇ ਹਰ ਪਾਸਿਉਂ ਬਹੁਤ ਲੋਕ ਇਕੱਠੇ ਹੋ ਕੇ ਮੇਲਾ ਲਾਉਂਦੇ ਹਨ। ਲਾਹੌਰ ਵਿਖੇ ਲਾਹੌਰੀ ਦਰਵਾਜ਼ੇ ਦੇ ਸਾਹਮਣੇ ਭੀ ਲੋਕ ਆਉਂਦੇ ਹਨ ਅਤੇ ਸਖੀ ਸਰਵਰ ਦੇ ਨਾਉਂ 'ਤੇ ਢੋਲ ਵਜਾਉਣ ਵਾਲੇ ਭਰਾਈਆਂ ਨੂੰ ਦਾਨ ਪੁੰਨ ਕਰਦੇ ਤੇ ਭੇਟਾਵਾਂ ਦਿੰਦੇ ਹਨ। ਇਸੇ ਪਰਕਾਰ ਈਦ, ਨੌਰੋਜ਼ ਤੇ ਮਹੱਰਮ ਦੇ ਮੌਕਿਆਂ 'ਤੇ ਆਮ ਲੋਕਾਂ ਦੇ ਬੜੇ ਭਾਰੀ ਮੇਲੇ ਲੱਗਦੇ ਹਨ। ਹੋਰ ਬੰਦਗੀ ਕਰਨ ਵਾਲੇ ਭਗਤਾਂ ਵਿੱਚੋਂ ਇਸ ਸਮੇਂ ਠਾਕਰ ਹਰਜਸ ਰਾਏ ਬ੍ਰਾਹਮਣ ਵੱਡਾ ਤਪੱਸਵੀ ਹੈ। ਬਾਬਾ ਬ੍ਰਹਮ ਨਾਥ ਸੰਨਿਆਸੀ, ਜਿਸ ਦਾ ਡੇਰਾ ਛੱਤਾ ਬਾਜ਼ਾਰ ਵਿੱਚ ਸਥਿੱਤ ਹੈ, ਰੱਬ ਨੂੰ ਪੁੱਜਿਆ ਹੋਇਆ ਸੀ ਤੇ ਹੁਣ ਸਮਾ ਗਿਆ ਹੈ। ਹੋਰ ਫਕੀਰਾਂ, ਫਿਲਾਸਫਰਾਂ, ਹਕੀਮਾਂ, ਅਮੀਰਾਂ ਵਜ਼ੀਰਾਂ ਤੇ ਵਿਦਵਾਨਾਂ ਦਾ ਤਾਂ ਸ਼ੁਮਾਰ ਹੀ ਨਹੀਂ ਕਿਉਂਕਿ

ਹਰੇਕ ਆਪਣੇ ਖੇਤਰ ਵਿੱਚ ਪ੍ਰਬੀਨ ਹੈ । ਭਿੰਨ ਭਿੰਨ ਕੌਮਾਂ ਤੇ ਜ਼ਾਤਾਂ ਦੇ ਸਮੂਹ ਅਤੇ ਇਸ ਸ਼ਹਿਰ ਵਿੱਚ ਵੱਸਣ ਵਾਲੇ ਹਿੰਦੂ ਮੁਸਲਮਾਨ ਕਾਰੀਗਰਾਂ ਦਾ ਕੀ ਵੇਰਵਾ ਦੱਸਿਆ ਤੇ ਲਿਖਿਆ ਜਾਵੇ ਕਿਉਂਕਿ ਇਹ ਸੰਖੇਪ ਕੰਮ ਲੰਮਾ ਹੋ ਜਾਵੇਗਾ ।

ਸ਼ਹਿਰ ਲਾਹੌਰ ਤੇ ਪੰਜਾਬ ਦੇ ਇਲਾਕਿਆਂ ਵਿੱਚ ਵੱਡੇ ਤੇ ਭਲੇ ਮਾਣਸਾਂ ਵਜੋਂ ਪ੍ਰਸਿੱਧ ਖੱਤਰੀਆਂ ਦੀ ਨਸਲ ਅਤੇ ਪੀੜ੍ਹੀ ਬਾਰੇ ਥੋੜ੍ਹਾ ਜਿਹਾ ਲਿਖਦੇ ਹਾਂ । ਇਸ ਕੌਮ ਦੇ ਕਈ ਤਬਕੇ ਹਨ ਪਰੰਤੂ ਤਿੰਨ ਤਬਕੇ ਪ੍ਰਸਿੱਧ ਹਨ । ਪਹਿਲਾ 'ਬਾਹਰੀ', ਦੂਜਾ 'ਬਵੰਜਾਹੀ' ਅਤੇ ਤੀਜਾ 'ਸਰੀਨ' ਜਿਨ੍ਹਾਂ ਦੇ ਨਿਵਾਸ ਅਸਥਾਨ ਪੰਜਾਬ ਦੇ ਸ਼ਹਿਰ, ਮੁਲਤਾਨ, ਉੱਚ, ਦੀਪਾਲਪੁਰ, ਪਟਨ, ਸਾਮਾਣਾ, ਸਰਹੰਦ ਅਤੇ ਭਟਨੇਰ ਹਨ । ਇਹ ਲੋਕ ਹੋਰ ਕਿਸੇ ਇਲਾਕੇ ਵਿੱਚ ਨਹੀਂ ਹਨ । ਜਿਹੜੇ ਹਿੰਦੋਸਤਾਨ, ਬਨਾਰਸ, ਹੈਦਰਾਬਾਦ ਅਤੇ ਕਲਕੱਤੇ ਵੱਸਦੇ ਹਨ ਉਹ ਪੰਜਾਬ ਵਿੱਚੋਂ ਉੱਠ ਕੇ ਉੱਥੇ ਗਏ ਹਨ । ਅਸਲ ਵਿੱਚ ਖੱਤਰੀਆਂ ਦੀਆਂ ਇਨ੍ਹਾਂ ਜ਼ਾਤਾਂ ਦਾ ਧੰਧਾ ਫੌਜੀ ਨੌਕਰੀ, ਘੋੜ ਸਵਾਰੀ, ਸੁਦਾਗਰੀ ਤੇ ਬਿਉਪਾਰ, ਮੁਨਸ਼ੀ ਮਸੱਦੀ ਦਾ ਕੰਮ , ਵੇਲੇ ਦੇ ਹ ਕਮਾਂ ਦੇ ਹੁਕਮ ਦੀ ਪਾਲਣਾ ਕਰਨਾ ਤੇ ਉਨ੍ਹਾਂ ਦੀ ਨੌਕਰੀ ਕਰਨਾ ਹੈ । ਜਿਹੜਾ ਕੰਮ ਖੱਤਰੀਆਂ ਦੇ ਜ਼ਿੰਮੇਂ ਲੱਗ ਜਾਂਦਾ ਹੈ ਉਹ ਉਸ ਕੰਮ ਨੂੰ ਸਾਰੇ ਖਤਰੇ ਝੱਲ ਕੇ ਭੀ ਨੇਪਰੇ ਚਾੜ੍ਹਦੇ ਹਨ । ਸਚਾਈ ਤੇ ਈਮਾਨਦਾਰੀ ਉਨ੍ਹਾਂ ਦੀ ਆਦਤ ਹੈ । ਇਸੇ ਕਰਕੇ ਪਹਿਲੇ ਰਾਜਿਆਂ ਤੇ ਮੁਸਲਮਾਨ ਸੁਲਤਾਨਾਂ ਨੇ ਅਤਿਅੰਤ ਚਾਅ ਨਾਲ ਉਨ੍ਹਾਂ ਨੂੰ ਮੁਲਾਜ਼ਿਮ ਰੱਖ ਕੇ ਮਹਾਨ ਸੇਵਾਵਾਂ ਦੇ ਅਹੁਦਿਆਂ 'ਤੇ ਨਿਯੁਕਤ ਕੀਤਾ ਅਤੇ ਉਨ੍ਹਾਂ ਤੋਂ ਵਾਜਬ ਸੇਵਾਵਾਂ ਲੈਂਦੇ ਸਨ । ਸੱਚੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਲੋਕਾਂ ਨੇ ਕਦੇ ਉਪੱਦਰ ਤੇ ਬਗਾਵਤ ਨਹੀਂ ਕੀਤੀ ਅਤੇ ਆਪਣੇ ਮਾਲਕ ਦੀ ਖੁਦਾ ਵਾਂਗ ਪੂਜਾ ਕਰਦੇ ਹਨ । ਬਾਦਸ਼ਾਹੀ ਹੁਕਮ ਦੀ ਰੱਬੀ ਹੁਕਮ ਵਾਂਗ ਪਾਲਣਾ ਕਰਦੇ ਹਨ । ਅਕਬਰ ਬਾਦਸ਼ਾਹ ਦੇ ਰਾਜ-ਕਾਲ ਵਿੱਚ ਰਾਜਾ ਟੋਡਰ ਮੱਲ 'ਟਨਨ' ਖੱਤਰੀ ਸਾਰੇ ਮੁਲਕੀ ਤੇ ਮਾਲੀ ਮਾਮਲਿਆਂ ਦਾ ਨਾਜ਼ਿਮ (ਪ੍ਰਬੰਧਕ) ਸੀ । ਜਹਾਂਗੀਰ ਬਾਦਸ਼ਾਹ ਦੇ ਰਾਜ-ਕਾਲ ਵਿੱਚ ਮਥਰਾ ਦਾਸ ਖੱਤਰੀ, ਜਿਸ ਨੂੰ ਰਾਜਾ ਬਿਕਰਮਾਜੀਤ ਦਾ ਖਿਤਾਬ ਮਿਲਿਆ ਹੋਇਆ ਸੀ, ਸਾਰੇ ਸ਼ਾਹੀ ਤੋਪ ਖਾਨੇ ਦਾ ਨਿਗਰਾਨ ਅਤੇ ਭਾਰਤੀ ਫੌਜਾਂ ਦਾ ਮੁੱਖੀ ਹੋਇਆ ਹੈ । ਦੀਵਾਨ ਮੋਹਨ ਦਾਸ ਅਤੇ ਕਿਸ਼ਨ ਦਾਸ ਭੀ ਜਹਾਂਗੀਰ ਬਾਦਸ਼ਾਹ ਦੇ ਕਾਰਮੁਖਤਿਆਰ ਸਨ । ਸ਼ਾਹ ਜਹਾਨ ਦੇ ਰਾਜ-ਕਾਲ ਵਿੱਚ ਸੁੰਦਰ ਦਾਸ, ਜਿਸ ਨੂੰ ਰਾਜੇ ਦਾ ਖਿਤਾਬ ਮਿਲਿਆ ਹੋਇਆ ਸੀ, ਹਕੂਮਤ ਦੇ ਮਾਮਲਿਆਂ ਨੂੰ ਨੇਪਰੇ ਚਾੜ੍ਹਦਾ ਸੀ । ਵਜ਼ੀਰ ਸਾਅਦ ਅੱਲ੍ਹਾ ਖਾਂ ਦਾ ਨਾਇਬ ਦੀਵਾਨ ਜਸਵੰਤ ਸਿੰਘ ਸਾਰੇ ਮੁਲਕੀ ਮਾਮਲਿਆਂ ਦਾ ਜ਼ਿਮੇਂਵਾਰ ਸੀ । ਇਸੇ ਤਰ੍ਹਾਂ ਦੇਸ਼ ਦੇ ਸੂਬੇਦਾਰਾਂ, ਪਰਗਣਿਆਂ ਦੇ ਫੌਜਦਾਰਾਂ, ਵੱਡੇ ਦਰਜਿਆਂ ਦੇ ਅਮੀਰਾਂ ਵਜ਼ੀਰਾਂ ਅਤੇ ਅਮਲੇ ਫੈਲੇ ਦੇ ਪ੍ਰਬੰਧਕਾਂ ਅਧੀਨ ਖੱਤਰੀ ਲੋਕ ਮੁਲਾਜ਼ਿਮ ਸਨ । ਉਹ ਰਾਜਗੀ, ਦੀਵਾਨੀ, ਫ਼ੌਜਦਾਰੀ ਤੇ ਫ਼ੌਜਾਂ ਨੂੰ ਤਨਖਾਹ ਵੰਡਣ ਦੇ ਅਹੁਦਿਆਂ 'ਤੇ ਨਿਯੁੱਕਤ ਹੋ ਕੇ ਵੱਡੇ ਵੱਡੇ ਖਿਤਾਬ ਪ੍ਰਾਪਤ ਕਰਦੇ ਸਨ । ਮੁਸਲਮਾਨਾਂ ਦੀ ਹਕੂਮਤ ਮਗਰੋਂ ਪੰਜਾਬ ਉੱਤੇ ਸਿੱਖ ਕੌਮ ਦਾ ਕਬਜ਼ਾ ਹੋ ਗਿਆ । ਭਾਵੇਂ ਪਹਿਲਾਂ ਪਹਿਲਾਂ ਖੱਤਰੀ ਆਪਣੀ ਇੱਜ਼ਤ ਦਾ ਖ਼ਤਰਾ ਮੰਨਦੇ ਹੋਏ ਖਾਲਸੇ ਦੀ ਨੌਕਰੀ ਕਰਨ ਦੇ ਧੰਧੇ ਨੂੰ ਅਪਣਾਉਂਦੇ ਨਹੀਂ ਸਨ ਅਤੇ ਵਿਉਪਾਰ ਦਾ ਕੰਮ ਧੰਧਾ ਕਰਨ ਲੱਗ ਗਏ ਪਰੰਤੂ ਜਦੋਂ ਸਿੱਖਾਂ ਨੂੰ ਇਹ ਗੱਲ ਸਪੱਸ਼ਟ ਹੋ ਗਈ ਕਿ ਇਸ ਕੌਮ ਦੀ ਨਿਰਾਦਰੀ ਕਰਨ ਨਾਲ ਮੁਲਕੀ ਅਤੇ ਮਾਲੀ ਕੰਮ ਸਹੀ ਢੰਗ ਨਾਲ ਨਹੀਂ ਚਲ ਸਕਦੇ ਹਨ ਤਾਂ ਸਿੱਖਾਂ ਨੇ ਉਨ੍ਹਾਂ ਨੂੰ ਇੱਜ਼ਤ ਮਾਣ ਨਾਲ ਘਰਾਂ ਤੋਂ ਬੁਲਾ ਕੇ ਆਪਣੇ ਦੀਵਾਨੀ ਕੰਮਾਂ ਦੇ ਮੁਖਤਿਆਰ ਬਣਾ ਦਿੱਤਾ । ਹੁੰਦੇ ਹੁੰਦੇ ਪਿਛਲੇ ਸੁਲਤਾਨਾ ਦੀ ਸੇਵਾ ਕਰਨ ਵਾਂਗ ਉਹ ਤਨੋਂ ਮਨੋਂ ਖਾਲਸੇ ਦੀਆਂ ਸੇਵਾਵਾਂ ਕਰਨ ਲੱਗ ਪਏ । ਇਹ ਲੋਕ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ ਪ੍ਰਬੰਧ ਵਿੱਚ ਬਹੁਤ ਜ਼ਿਆਦਾ ਮਾਣ ਇੱਜ਼ਤ ਪਾ ਕੇ ਚੰਗੇ ਰੁਤਬਿਆਂ 'ਤੇ ਪੁੱਜ ਗਏ । ਇਸ ਸਮੇਂ ਜਦੋਂ ਕਿ ਪੰਜਾਬ 'ਤੇ ਅੰਗਰੇਜ਼ ਸਾਹਿਬਾਂ ਨੇ ਕਬਜ਼ਾ ਕਰ ਲਿਆ ਹੈ, ਬਾਹਲੇ ਨੌਕਰੀ ਪੇਸ਼ਾ ਖੱਤਰੀ, ਵਹਿਮ ਅਤੇ ਡਰ ਜੋ ਇਸ ਕੌਮ ਦੀ ਵਿਸ਼ੇਸ਼ਤਾ ਹੈ

ਮਹਿਸੂਸ ਕਰਕੇ ਘਰਾਂ ਵਿਚ ਬੈਠ ਗਏ ਹਨ । ਬਹੁਤੇ ਖੱਤਰੀਆਂ ਨੇ ਵਿਉਪਾਰ ਤੇ ਦੁਕਾਨਦਾਰੀ ਦੇ ਧੰਧੇ ਅਪਨਾ ਕੇ ਬਜ਼ਾਰ ਦੀ ਰੌਣਕ ਵਧਾਈ ਹੈ । ਜਿਨ੍ਹਾਂ ਖੱਤਰੀਆਂ ਨੇ ਰੁਜ਼ਗਾਰ ਦੀ ਭਾਲ ਵਿਚ ਮਜਬੂਰੀ ਕਾਰਨ ਅੰਗਰੇਜ਼ ਸਾਹਿਬਾਂ ਦੇ ਰਾਜ ਵਿਚ ਨੌਕਰੀ ਪੇਸ਼ਾ ਅਪਣਾ ਭੀ ਲਿਆ ਹੈ ਉਹਨਾਂ ਦੇ ਦਿਲ ਵਿਚ ਆਪਣੀ ਇੱਜ਼ਤ ਦਾ ਪੂਰਾ ਖ਼ਤਰਾ ਬਣਿਆ ਹੋਇਆ ਹੈ ਪਰੰਤੂ ਖੱਤਰੀ ਕੌਮ ਤੋਂ ਬਿਨਾਂ ਹੋਰ ਪੰਜਾਬੀ ਲੋਕ ਜਿਵੇਂ ਮੁੱਲਾਂ-ਜ਼ਾਦਿਆਂ, ਤਰਖਾਣਾ ਲੁਹਾਰਾਂ, ਪੇਸ਼ਾਵਰ ਲੋਕਾਂ, ਜੁਲਾਹਿਆਂ, ਖੋਜਿਆਂ ਅਤੇ ਸ਼ੇਖਜ਼ਾਦਿਆਂ, ਨੇ ਆਪਣੇ ਪੇਸ਼ੇ ਛਡ ਕੇ ਦਲੇਰੀ ਤੇ ਨਿਡਰਤਾ ਨਾਲ ਵੱਡੀ ਸ਼ਾਨ ਵਾਲੀ ਅੰਗਰੇਜ਼ੀ ਸਰਕਾਰ ਦੀ ਨੌਕਰੀ ਕਰ ਲਈ ਹੈ ਤੇ ਖੁਸ਼ਹਾਲ ਹੋ ਗਏ ਹਨ । ਜਿਵੇਂ ਕਿ ਇਕ ਕਵੀ ਨੇ ਇਸ ਖੱਤਰੀ ਕੌਮ ਬਾਰੇ ਕਿਹਾ :—

(ਸ਼ਿਅਰ) ਥੋੜ੍ਹਾ ਜਿਹਾ ਗਿਆਨ ਪਾ ਕੇ ਇਹ ਨਿਲੱਜ ਕੌਮ
ਨੌਕਰੀ ਕਰਨੋਂ ਸ਼ਰਮ ਕਰਦੀ ਹੈ ਅਤੇ ਬਜ਼ੁਰਗੀ ਵਿਚ ਪੈਰ ਧਰਦੀ ਹੈ ।

ਅੱਜ ਤੱਕ ਖੱਤਰੀ ਫਿਰਕੇ ਦੇ ਲੋਕ ਖਤਰੇ ਅਤੇ ਵਸਵਸੇ ਦੀ ਘੁੰਮਣਘੇਰੀ ਵਿਚ ਫਸੇ ਸਫੈਦਪੋਸ਼ੀ ਦੀ ਨਦੀ ਵਿਚ ਗੋਤੇ ਖਾ ਰਹੇ ਹਨ । ਖੱਤਰੀ ਲੋਕ ਮਾਲ, ਜਾਨ, ਇੱਜ਼ਤ ਅਤੇ ਈਮਾਨ ਦੇ ਚਾਰਾਂ ਖਤਰਿਆਂ ਨੂੰ ਹਮੇਸ਼ਾ ਧਿਆਨ ਗੋਚਰ ਰਖਦੇ ਹਨ । ਇਸੇ ਲਈ ਅਸੀਂ ਇਨ੍ਹਾਂ ਲੋਕਾਂ ਨੂੰ 'ਖ਼ੱਤਰੀ' ਕਰਕੇ ਲਿਖਿਆ ਹੈ । ਵੈਸਾਖਾ ਸਿੰਘ ਅਦਾਲਤੀ ਦੇ ਪਿਤਾ ਭਾਈ ਗੰਡਾ ਸਿੰਘ 'ਬਹਲ' ਪਿੰਡ ਘੜਤਲ ਨਿਵਾਸੀ, ਜੋ ਦਾਨਾ ਵਿਅੱਕਤੀ ਸੀ ਅਤੇ ਖਾਲਸਾ ਧਰਮ ਦਾ ਚੰਗਾ ਜਾਣੂ ਸੀ, ਤੋਂ ਭੀ ਮੈਂ ਸੁਣਿਆ ਸੀ ਕਿ ਜਦੋਂ ਗੁਰੂ ਗੋਬਿੰਦ ਸਿੰਘ ਨੇ ਸਿਖਾਂ ਨੂੰ ਪਾਹੁਲ ਦੇ ਕੇ ਖਾਲਸੇ ਦਾ ਖਿਤਾਬ ਬਖਸ਼ਿਆ ਤਾਂ ਪਹਿਲਾਂ ਖੱਤਰੀ ਫਿਰਕੇ ਨੂੰ ਪ੍ਰੇਰਨਾ ਕੀਤੀ ਕਿ ਉਹ 'ਸ਼ਸਤਰਧਾਰੀ ਹੋ ਕੇ ਮੁਸਲਮਾਨ ਸੁਲਤਾਨਾ ਦੀਆਂ ਫੌਜਾਂ ਨਾਲ ਜੰਗ ਕਰਨ ਅਤੇ ਆਪਣੀ ਹਕੂਮਤ ਕਾਇਮ ਕਰ ਲੈਣ", ਉਹਨਾਂ ਨੇ ਉੱਤਰ ਵਿਚ ਬੇਨਤੀ ਕੀਤੀ ਕਿ, "ਅਸੀਂ ਮੁੱਠੀ ਭਰ ਕਮਜ਼ੋਰ ਲੋਕ ਸੁਲਤਾਨਾ ਦਾ ਕਿਵੇਂ ਮੁਕਾਬਲਾ ਕਰ ਸਕਦੇ ਹਾਂ । ਸਾਨੂੰ ਖਿਮਾ ਕਰੋ ।" ਗੁਰੂ ਜੀ ਨੇ ਗੁੱਸੇ ਹੋ ਕੇ ਹੁਕਮ ਦਿੱਤਾ, "ਤੁਸੀਂ ਖੱਤਰੀ ਨਹੀਂ ਬਲਕਿ ਖ਼ੱਤਰੀ (ਖਤਰਾ ਮੰਨਣ ਵਾਲੇ) ਹੋ । ਤੁਹਾਡੇ ਭਾਗਾਂ ਵਿਚ ਹਮੇਸ਼ਾ ਖ਼ਤਰਾ ਰਹੇਗਾ ।" ਸੋ ਗੁਰੂ ਸਾਹਿਬ ਨੇ ਖੱਤਰੀਆਂ ਵਲੋਂ ਮੁੱਖ ਭਵਾ ਕੇ ਜੱਟ ਕੌਮ ਦੇ ਜ਼ਿਮੀਂਦਾਰਾਂ ਵਲ ਧਿਆਨ ਕੀਤਾ । ਉਹਨਾਂ ਨੇ ਤੁਰੰਤ ਗੁਰੂ ਜੀ ਦਾ ਹੁਕਮ ਪਰਵਾਨ ਕੀਤਾ ਅਤੇ ਜੰਗਾਂ ਯੁੱਧਾਂ ਵਿਚ ਰੁੱਝ ਗਏ । ਉਹਨਾਂ ਨੇ ਭਾਰੀ ਕਤਲ ਖੂਨ ਕਰਕੇ ਪੰਜਾਬ ਦਾ ਰਾਜ ਪ੍ਰਾਪਤ ਕੀਤਾ ਅਤੇ ਖੱਤਰੀਆਂ ਤੇ ਹੋਰਾਂ ਲੋਕਾਂ ਨੂੰ ਆਪਣੇ ਅਧੀਨ ਕਰ ਕੇ ਆਪਣੇ ਨੌਕਰ ਬਣਾ ਲਿਆ ।

ਇਹ ਗੱਲ ਗੁੱਝੀ ਨਾ ਰਵ੍ਹੇ ਕਿ ਇਨ੍ਹਾਂ ਸਾਰੇ ਖੱਤਰੀਆਂ ਦੀ ਬੰਸਾਵਲੀ ਹਿੰਦੋਸਤਾਨ ਦੇ ਰਾਜਿਆਂ ਦੀ ਨਸਲ ਨਾਲ ਮਿਲਦੀ ਹੈ । ਸਮੇਂ ਅਤੇ ਪੁਸ਼ਤਾਂ ਦੇ ਬੀਤਣ ਨਾਲ ਖੱਤਰੀਆਂ ਦੀ ਨਸਲ ਉਹਨਾਂ ਰਾਜਿਆਂ ਨਾਲੋਂ ਅੱਡ ਹੋ ਗਈ । ਉਹ ਆਪਣੇ ਦੇਸ਼ ਹਿੰਦੋਸਤਾਨ 'ਚੋਂ ਨਿਕਲ ਆਏ ਤੇ ਪੰਜਾਬ ਵਲ ਆ ਕੇ ਵਸ ਗਏ ਅਤੇ ਇੱਥੇ ਹੀ ਪਲੇ । ਇਸੇ ਲਈ ਇਹ ਲੋੜ ਪੈ ਗਈ ਕਿ ਇਨ੍ਹਾਂ ਲੋਕਾਂ ਦੀ ਪੈਦਾਇਸ਼ ਬਾਰੇ ਇਸ਼ਾਰਾ ਕਰ ਦਿਤਾ ਜਾਵੇ ।

ਹਿੰਦੂ ਧਾਰਮਕ ਗਰੰਥਾਂ ਵਿਚ ਦਰਜ ਹੈ ਕਿ ਪਰਮਾਤਮਾ ਨੇ ਚਾਹਿਆ ਕਿ ਆਪਣੇ ਗੁਣਾਂ ਨੂੰ ਵਿਸਥਾਰ ਸਹਿਤ ਪਰਗਟ ਕਰੇ । ਇਹ ਇੱਛਾ ਪਰਗਟ ਹੋਣ ਸਾਰ ਦੈਵੀ ਸੂਰਤਾਂ ਵਿਚੋਂ ਪੂਰਨ ਸ਼ਕਤੀ ਸਹਿਤ ਤਿੰਨ ਵਿਸ਼ੇਸ਼ ਗੁਮਾਸ਼ਤੇ (ਏਜੈਂਟ) ਪਰਗਟ ਹੋਏ, ਇਕ ਬ੍ਰਹਮਾ ਜੋ ਸਰਿਸ਼ਟੀ ਦਾ ਕਰਤਾ ਅਤੇ ਵੇਦਾਂ ਦਾ ਰਚਣਹਾਰ ਹੈ, ਦੂਜਾ ਬਿਸ਼ਨ, ਜੋ ਸ੍ਰਿਸ਼ਟੀ ਨੂੰ ਪਾਲਦਾ ਹੈ ਤੇ ਰਿਜ਼ਕ ਪਹੁੰਚਾਉਂਦਾ ਹੈ ਅਤੇ ਤੀਜਾ ਮਹਾਂਦੇਵ ਜੋ ਮੌਤ ਤੇ ਕਿਆਮਤ ਦਾ ਸਾਧਨ ਹੈ । ਸਭ ਤੋਂ ਪਹਿਲਾਂ ਬ੍ਰਹਮਾਂ ਦੀ ਨਿਗ੍ਹਾ ਨਾਲ ਮਰੀਖ, ਅਸਤਰ, ਪੁਲਿਟਸਤ, ਪੱਲਾ, ਕਰਤਵ, ਕਸ਼ਯਪ, ਵਿੱਛਾ, ਕਰੋਮ ਤੇ ਰੋਚ ਪੈਦਾ ਹੋਏ । ਇਸ ਸ਼ਰੇਣੀ ਨੂੰ ਬ੍ਰਹਮਾਂ ਦੇ ਪੁੱਤਰ ਕਹਿੰਦੇ ਹਨ । ਸੋ ਬ੍ਰਹਮਾ ਅਤੇ ਉਸ ਦੇ ਬੇਟਿਆ ਤੋਂ ਬਹੁਤ ਪ੍ਰਕਾਰ ਦੀ ਖਲਕਤ ਜਿਵੇਂ

ਦੇਵਤੇ, ਦੈਂਤ, ਅਕਾਸ਼, ਸੂਰਜ, ਤਾਰਾ ਮੰਡਲ, ਤੱਤ, ਤਿੰਨ ਖਾਣੀਆਂ ਅਤੇ ਚੁਰਾਸੀ ਲਖ ਜੂਨੀ ਆਦਿ ਪੈਦਾ ਹੋਏ ਪਰੰਤੂ ਜਦੋਂ ਬ੍ਰਹਮਾ ਨੇ ਵੇਖਿਆ ਕਿ ਉਸ ਭਾਂਤ ਦਾ ਆਦਮ ਤਾਂ ਪੈਦਾ ਹੀ ਨਹੀਂ ਹੋਇਆ ਜਿਸ ਨੂੰ ਪੈਦਾ ਕਰਨਾ ਉਸ ਦਾ ਅਸਲੀ ਮਨੋਰਥ ਹੈ । ਸੋ ਬ੍ਰਹਮਾ ਨੇ ਆਪਣੀ ਸੱਜੀ ਵੱਖੀ 'ਚੋਂ 'ਸ਼ਿਬੋਮਨ' ਨਾਮੀ ਇਕ ਮਰਦ ਅਤੇ ਖੱਬੀ ਵੱਗੀ 'ਚੋਂ 'ਸੱਤ ਰੂਪਾ' ਨਾਮੀ ਇਕ ਇਸਤਰੀ ਪੈਦਾ ਕੀਤੀ । ਵੇਦ ਅਨੁਸਾਰ ਦੋਨਾਂ ਨੂੰ ਇਕੱਠੇ ਕਰਕੇ ਭੋਗ ਕਰਨ ਦਾ ਹੁਕਮ ਦਿੱਤਾ । ਮੌਜੂਦਾ ਭਾਂਤ ਦਾ ਆਦਮ ਉਹਨਾਂ ਦੀ ਨਸਲ ਵਿਚੋਂ ਹੈ । ਪਹਿਲਾਂ ਸਤਜੁਗ ਦੇ ਸ਼ੁਰੂ ਜ਼ਮਾਨੇ ਵਿਚ ਸ਼ਿਬੋਮਨ ਵਿਚੋਂ ਸੱਤ ਰੂਪਾ ਦੀ ਕੁੱਖੋਂ ਪਿਰਯਾ ਬਰਤ ਤੇ ਉਦਾਨ ਪਾਦ ਨਾਮੀ ਦੋ ਪੁੱਤਰਾਂ ਅਤੇ ਦੇਵਹੋਤੀ, ਪਰਸੋਤੀ ਤੇ ਅਕੋਤੀ ਨਾਮੀ ਤਿੰਨ ਬੇਟੀਆਂ ਨੇ ਜਨਮ ਲਿਆ । ਇਹਨਾਂ ਤਿੰਨਾਂ ਲੜਕੀਆਂ ਦਾ ਵਿਆਹ ਬ੍ਰਹਮਾ ਦੇ ਬੇਟਿਆਂ ਕਰੋਮ, ਵਿੱਛਾ ਪਰਜਾਪਤ ਅਤੇ ਰੋਚ ਪਰਜਾਪਤ ਨਾਲ ਕਰ ਦਿੱਤਾ ਗਿਆ । ਇਨ੍ਹਾਂ ਤਿੰਨਾਂ ਲੜਕੀਆਂ 'ਚੋਂ ਹਰੇਕ ਦੇ ਬਹੁਤ ਜ਼ਿਆਦਾ ਪੁੱਤਰ ਪੋਤਰੇ ਪੈਦਾ ਹੋਏ । ਇਨ੍ਹਾਂ ਸਾਰਿਆਂ ਨੂੰ ਬ੍ਰਾਹਮਣ ਕਹਿੰਦੇ ਹਨ । ਭਗਤੀ, ਤਪੱਸਿਆ, ਗੁਣ ਅਤੇ ਵਿਦਿਆ ਪ੍ਰਾਪਤ ਕਰਨੀ ਉਹਨਾਂ ਦਾ ਕਰਤਵ ਸੀ । ਇਨ੍ਹਾਂ ਸਾਰਿਆਂ ਵਿਚੋਂ ਸਤ ਟੋਲੇ ਪ੍ਰਸਿੱਧ ਹੋਏ ਅਤੇ ਇਨ੍ਹਾਂ ਸਤਾਂ ਟੋਲਿਆਂ ਦੇ ਬ੍ਰਾਹਮਣਾਂ ਦੀ ਸੰਤਾਨ ਬਹੁਤ ਜ਼ਿਆਦਾ ਸੀ । ਜਿਵੇਂ ਕਿ ਇਕ ਟੋਲੇ ਨੂੰ 'ਕਸ਼ਬ' ਨਾਲ ਸੰਬੰਧਤ ਕਰਦੇ ਹਨ । ਬਾਕੀ ਸਾਰੀ ਬ੍ਰਾਹਮਣ ਜਨਤਾ ਨੂੰ ਅਸਤਰ, ਪਲਿਟਸਤ, ਪੱਲਾ, ਏਕੜਾ, ਭਾਰਦਵਾਜ, ਬਿਸਵਾ ਮਿੱਤਰ ਅਤੇ ਗੌਤਮ ਨਾਲ ਜੋੜਦੇ ਹਨ । ਉਹਨਾਂ ਵਿੱਚੋਂ ਹਰੇਕ ਟੋਲੇ ਦੀਆਂ ਬਹੁਤ ਸ਼ਾਖਾਵਾਂ ਹੋ ਗਈਆਂ ਹਨ । ਅੱਜ ਕੱਲ੍ਹ ਜੋ ਜ਼ਿਆਦਾ ਪ੍ਰਸਿੱਧ ਹਨ ਉਹਨਾਂ ਨੇ ਆਪਣੇ ਨਾਵਾਂ ਨੂੰ ਦਸਾਂ ਦੇਸ਼ਾਂ ਦੇ ਨਾਵਾਂ ਨਾਲ ਪ੍ਰਸਿੱਧ ਕੀਤਾ ਹੋਇਆ ਹੈ । ਉਹਨਾਂ ਵਿਚੋਂ ਇਕ ਦਰਾਵੜ ਹਨ, ਦੂਜੇ ਗੁਜਰਾਤੀ ਉਰਫ ਬੇਦਵਹਿ, ਤੀਜੇ ਤਲੰਗ, ਚੌਥੇ ਮਹਾਂਰਾਸ਼ਟ, ਪੰਜਵੇਂ ਕਰਨਾਟਕ ਹਨ । ਇਨ੍ਹਾਂ ਪੰਜਾਂ ਨੂੰ ਦਰਾਵੜ ਜਾਤੀ ਕਹਿੰਦੇ ਹਨ । ਛੇਵੇਂ ਘਰੜ, ਸਤਵੇਂ ਕਨੌਜੀ, ਅਠਵੇਂ ਵੰਕਲ, ਨੌਵੇਂ ਮਿੱਤਲ ਅਤੇ ਦਸਵੇਂ ਸਾਰਸੁੱਤ ਹਨ ਜਿਹੜੇ ਪੰਜਾਬ, ਮੁਲਤਾਨ ਅਤੇ ਕਸ਼ਮੀਰ ਵਿਚ ਵਸਦੇ ਹਨ। ਇਨ੍ਹਾਂ ਪੰਜਾਂ ਜ਼ਾਤਾਂ ਨੂੰ ਘਰੜ ਤਬਕੇ 'ਚ ਗਿਣਦੇ ਹਨ। ਬ੍ਰਾਹਮਣਾਂ ਦੀਆਂ ਇਹ ਦਸ ਸ਼ਾਖਾਵਾਂ ਸਾਰੀਆਂ ਨਾਲੋਂ ਉੱਤਮ ਹਨ । ਇਸੇ ਤਰ੍ਹਾਂ ਸ਼ਿਬੋਮਨ ਦੇ ਪੁੱਤਰਾਂ ਪਿਰਯਾ ਬਰਤ ਤੇ ਉਦਾਨ ਪਾਦ ਦੀ ਸੰਤਾਨ ਵਧ ਫੁਲ ਕੇ ਖੱਤਰੀ ਭਾਵ ਦੁਨੀਆਂ ਦੇ ਰਖਵਾਲੇ ਕਹਾਉਣ ਲੱਗ ਪਏ । ਪਰੰਤੂ ਇਹ ਖੱਤਰੀ ਭੀ ਬ੍ਰਾਹਮਣਾਂ ਵਾਂਗ ਜੀਵਨ ਬਤੀਤ ਕਰਦੇ ਸਨ ਅਤੇ ਦੂਜਿਆਂ ਦੀ ਰੱਖਿਆ ਕਰਨੀ ਭੀ ਜ਼ਰੂਰੀ ਸਮਝਦੇ ਸਨ । ਪਰ ਰੱਬ ਦੀ ਸਾਰੀ ਖਲਕ ਦਾ ਜੀਵਨ ਸਚਾਈ ਅਤੇ ਪਰਮਾਤਮਾ ਦੀ ਭਗਤੀ ਵਾਲਾ ਸੀ ।

ਜਦੋਂ ਸਤਯੁਗ ਬੀਤ ਗਿਆ ਅਤੇ ਤਰੇਤਾ ਜੁਗ ਅਰੰਭ ਹੋਇਆ ਤਾਂ ਲੋਕਾਂ ਵਿਚਕਾਰ ਜ਼ੁਲਮ ਤੇ ਦੰਗਾ ਫਸਾਦ ਚਾਲੂ ਹੋ ਗਿਆ । ਰਿਸ਼ੀ ਅਤੇ ਬ੍ਰਾਹਮਣ ਇਕੱਠੇ ਹੋ ਕੇ ਬ੍ਰਹਮਾ ਕੋਲ ਗਏ ਅਤੇ ਬ੍ਰਹਮਾ ਨੂੰ ਅਸਲੀ ਹਾਲਾਤ ਤੋਂ ਜਾਣੂ ਕਰਾਇਆ । ਬ੍ਰਹਮਾਂ ਨੇ ਉਹਨਾਂ ਨੂੰ ਵੇਦ ਦੇ ਅਰਥ ਵੇਰਵੇ ਸਹਿਤ ਦੱਸਦੇ ਹੋਏ ਸਿੱਖਿਆ ਦਿਤੀ ਕਿ ਉਹ ਵੇਦਾਂ ਅਨੁਸਾਰ ਅਮਲ ਕਰਨ । ਹਕੀਕਤ ਦੇ ਖੋਜੀਆਂ ਦੇ ਇਸ ਜਥੇ ਨੇ ਬ੍ਰਹਮਾ ਕੋਲੋਂ ਉੱਠ ਕੇ ਬਿਸ਼ਨ ਦੇ ਸਾਹਮਣੇ ਹਾਜ਼ਰ ਹੋ ਕੇ ਹਾਲਾਤ ਬਿਆਨ ਕੀਤੇ । ਬਿਸ਼ਨ ਨੇ ਫੁਰਮਾਇਆ, "ਜ਼ੁਲਮ ਨੂੰ ਹਟਾ ਸਕਣ ਵਾਲੀ ਸ਼ੈ ਹੋਰ ਹੈ । ਵੇਦ ਦੀ ਵਿਆਖਿਆ ਜ਼ਾਲਮਾਂ 'ਤੇ ਕੋਈ ਅਸਰ ਨਹੀਂ ਕਰਦੀ ।" ਉਸ ਸਮੇਂ ਬਿਸ਼ਨ ਨੇ ਆਪਣੇ ਦਿਲ 'ਚੋਂ ਇਕ ਜਵਾਨ ਪੈਦਾ ਕੀਤਾ । ਉਸ ਦਾ ਨਾਉਂ ਪਰਜਾਪਤ ਰੱਖ ਕੇ ਹੁਕਮ ਦਿਤਾ, "ਤੈਨੂੰ ਮਾਤ ਲੋਕ 'ਚ ਜਾਣਾ ਚਾਹੀਦਾ ਹੈ ਅਤੇ ਹਕੂਮਤ ਕਰਨੀ ਚਾਹੀਦੀ ਹੈ ।" ਉਸ ਵਿਅਕਤੀ ਨੇ ਬੇਨਤੀ ਕੀਤੀ, "ਮੈਨੂੰ ਡਰ ਤੇ ਖਤਰਾ ਹੈ ਕਿ ਮੈਥੋਂ ਕੋਈ ਅਵੱਗਿਆ ਨਾ ਹੋ ਜਾਵੇ ਤੇ ਮੈਂ ਪਰਮਾਤਮਾ ਦੀ ਕਰੋਪੀ ਦਾ ਸ਼ਿਕਾਰ ਹੋ ਜਾਵਾਂਗਾ । ਮੈਨੂੰ ਖਿਮਾਂ ਕਰੋ ਤਾਕਿ ਮੈਂ ਪਰਮਾਤਮਾ ਦੇ ਸਿਮਰਨ ਵਿਚ ਜੁਟਿਆ ਰਹਾਂ ।" ਬਿਸ਼ਨ ਨੇ ਉਸ ਦੀ ਬੇਨਤੀ ਪਰਵਾਨ ਕਰ ਲਈ ਅਤੇ ਬਿਸ਼ਨ ਦੇ

ਅਰਦਾਸ ਕਰਨ 'ਤੇ ਉਸ ਦੇ ਅੰਦਰੋਂ ਕੀਰਤਮਤ ਨਾਮੀ ਇਕ ਬੇਟਾ ਪਰਗਟ ਹੋਇਆ । ਇਸੇ ਤਰ੍ਹਾਂ ਅਲਕ ਨਾਮੀ ਇਕ ਹੋਰ ਬੇਟਾ ਪੈਦਾ ਹੋਇਆ । ਇਹ ਦੋਵੇਂ ਭੀ ਪਹਿਲੇ ਵਿਅੱਕਤੀ (ਪਰਜਾਪਤ) ਵਾਂਗ ਬੰਦਗੀ ਕਰਨ ਵਿਚ ਜੁੱਟ ਗਏ ਫਿਰ (ਬਿਸਨ ਦੇ) ਦਿਲ ਵਿਚੋਂ ਵਾਕ ਅਟਲ ਨਾਮੀ ਬੇਟਾ ਪੈਦਾ ਹੋਇਆ । ਭਾਵੇਂ ਉਸ ਨੇ ਭੀ ਇਕਾਂਤ ਵਿਚ ਬੈਠ ਕੇ ਭਗਤੀ ਕਰਨ ਲਈ ਬੇਨਤੀ ਕੀਤੀ ਪਰੰਤੂ ਬਿਸ਼ਨ ਨੇ ਉਸ ਨੂੰ ਜ਼ਬਰਦਸਤੀ ਮਾਤਲੋਕ 'ਤੇ ਹਕੂਮਤ ਕਰਨ ਲਈ ਨਿਯੁੱਕਤ ਕਰ ਦਿਤਾ । ਉਹ ਸਾਧੂਆਂ ਵਾਲਾ ਬਾਣਾ ਪਾ ਕੇ ਹਕੂਮਤ ਦੇ ਕੰਮਾਂ ਧੰਧਿਆਂ ਵਿਚ ਰੁੱਝਿਆ ਰਹਿੰਦਾ ਅਤੇ ਦੁਨੀਆਂ ਦੀ ਦੇਖ ਭਾਲ ਦਾ ਪ੍ਰਬੰਧ ਕਰਨ ਵਿਚ ਲੱਗਾ ਰਹਿੰਦਾ ਸੀ । ਕੁਝ ਸਮੇਂ ਮਗਰੋਂ ਉਸ ਦੇ ਘਰ ਪੁੱਤਰ ਜੰਮਿਆਂ ਜਿਸ ਦਾ ਨਾਉਂ 'ਅਨਕ' ਸੀ। ਆਪਣੇ ਪਿਤਾ ਦੇ ਮਗਰੋਂ ਇਹ ਵਿਅੱਕਤੀ ਪੂਰਨ ਸਚਾਈ, ਖੁਦਾ ਪ੍ਰਸਤੀ, ਨਿਆਂ ਅਤੇ ਪਾਰਸਾਈ ਨਾਲ ਹਕੂਮਤ ਦੇ ਕੰਮਾਂ ਧੰਧਿਆਂ ਵਿਚ ਰੁੱਝ ਗਿਆ । ਉਹ ਲੋਕਾਂ ਵਾਸਤੇ ਬਹੁਤ ਨਿਆਂਕਾਰ ਅਤੇ ਰੱਬ ਦਾ ਭੈ ਮੰਨਣ ਵਾਲਾ ਵਿਅੱਕਤੀ ਸੀ । ਉਸ ਦੇ 'ਬੈਨ' ਨਾਮੀ ਇਕ ਬੇਟਾ ਹੋਇਆ । ਆਪਣੇ ਪਿਤਾ ਦੇ ਚਲਾਣੇ ਤੋਂ ਮਗਰੋਂ ਰਾਜ-ਗੱਦੀ 'ਤੇ ਬੈਠਾ ਅਤੇ ਉਸ ਨੇ ਖੁਦਾ ਹੋਣ ਦਾ ਦਾਵ੍ਹਾ ਕੀਤਾ । ਉਹ ਖਲਕਤ ਨੂੰ ਖੁਦਾ ਦੀ ਪੂਜਾ ਕਰਨੋਂ ਰੋਕਦਾ ਸੀ ਅਤੇ ਲੋਕਾਂ ਨੂੰ ਆਪਣੀ ਬੰਦਗੀ ਤੇ ਪੂਜਾ ਕਰਨ ਦਾ ਹੁਕਮ ਦਿੰਦਾ ਸੀ । ਬ੍ਰਾਹਮਣਾਂ ਨੇ ਦੁਰਸੀਸ ਦਿਤੀ ਕਿ ਉਹ ਅਤਿਆਚਾਰੀ ਮਰ ਜਾਵੇ ਭਾਵ ਰਾਜ-ਗੱਦੀ ਤੋਂ ਲਹਿ ਜਾਵੇ । ਸੋ ਬ੍ਰਾਹਮਣਾਂ ਤੇ ਰਿਸ਼ੀਆਂ ਨੇ ਇਕੱਠੇ ਹੋ ਕੇ ਵੇਦ ਦੇ ਮੰਤਰਾਂ ਨਾਲ ਉਸ ਦੇ ਦੋ ਬੇਟੇ ਪੈਦਾ ਕੀਤੇ । ਪਹਿਲਾ ਪੁੱਤਰ ਕਾਲੇ ਰੰਗ ਤੇ ਭੈੜੇ ਸੁਭਾ ਵਾਲਾ ਵਿਅੱਕਤੀ ਸੀ । ਉਹਨਾਂ ਨੇ ਉਸ ਨੂੰ (ਪੱਛਮੀ) ਜੰਗਲਾਂ ਵਲ ਦੇ ਮਾਰਿਆ । ਭੀਲ, ਧਾੜਵੀ ਅਤੇ ਮਲੇਛ ਉਸ ਦੀ ਸੰਤਾਨ ਵਿੱਚੋਂ ਹਨ ।

ਉਸ ਦੇ ਦੂਜਾ ਬੇਟਾ ਪੈਦਾ ਹੋਇਆ ਜੋ ਬੇਹੱਦ ਸੁੰਦਰਤਾ, ਗੁਣਾਂ ਅਤੇ ਪ੍ਰਸੰਸਾ ਯੋਗ ਸਦਾਚਾਰ ਦਾ ਮਾਲਕ ਸੀ । ਬ੍ਰਾਹਮਣਾਂ ਨੇ ਉਸ ਦਾ ਨਾਉਂ ਰਾਜਾ ਭਰਤ ਰੱਖਿਆ ਅਤੇ ਰਾਜਗੱਦੀ 'ਤੇ ਬੈਠਾ ਦਿੱਤਾ । ਉਹ ਜਨਤਾ ਦੀ ਭਲਾਈ ਦੇ ਪ੍ਰਬੰਧ ਵਿਚ ਚੰਗੀ ਤਰ੍ਹਾਂ ਜੁੱਟ ਗਿਆ ਅਤੇ ਉਸ ਨੇ ਲੋਕਾਂ ਨੂੰ ਵੇਦਾਂ ਅਨੁਸਾਰ ਪ੍ਰਮਾਤਮਾ ਦੀ ਪੂਜਾ ਕਰਨ ਦਾ ਹੁਕਮ ਦਿੱਤਾ । ਧਰਤੀ ਤੋਂ ਪਹਾੜਾਂ ਨੂੰ ਚੁੱਕ ਕੇ ਥਾਂ ਪੁਰ ਥਾਂ ਰੱਖਿਆ ਅਤੇ ਧਰਤੀ ਦੇ ਵਿਛੌਣੇ ਨੂੰ ਪੱਧਰਾ ਕਰਕੇ ਸ਼ਹਿਰ ਤੇ ਪਿੰਡ ਅਬਾਦ ਕੀਤੇ । ਹੱਲ ਚਲਾਉਣ, ਖੇਤੀ ਬਾੜੀ ਕਰਨ, ਸੁਦਾਗਰੀ ਅਤੇ ਇਮਾਰਤਾਂ ਬਣਾਉਣ ਦੀ ਲੀਹ ਤੋਰੀ । ਉਸ ਨੇ ਸਾਰੇ ਉਦਯੋਗ ਪੈਦਾ ਕੀਤੇ । ਉਸ ਨੇ ਲਿਬਾਸ, ਪੁਸ਼ਾਕ, ਤਖਤ ਅਤੇ ਤਾਜ ਪੈਦਾ ਕੀਤੇ । ਉਸ ਨੇ ਰਾਜਗੀ ਦਾ ਖਿਤਾਬ ਪਾਇਆ । ਜਦੋਂ ਉਸ ਨੇ ਸਿਰ 'ਤੇ ਤਾਜ ਰੱਖਿਆ ਤਾਂ ਉਸ ਦਾ ਨਾਉਂ ਛੱਤਰੀ ਪੈ ਗਿਆ । ਉਹ ਪਰਜਾ ਦੀ ਦੇਖਭਾਲ ਕਰਦਾ ਸੀ ਇਸ ਲਈ ਉਸ ਦਾ ਨਾਉਂ 'ਖੱਤਰੀ' ਹੋ ਗਿਆ । ਸਾਰੇ ਖੱਤਰੀ ਉਸ ਦੀ ਸੰਤਾਨ ਵਿੱਚੋਂ ਹਨ । ਉਸ ਦੀ ਸੰਤਾਨ ਨੂੰ 'ਛੱਤਰੀ' ਭੀ ਕਹਿੰਦੇ ਹਨ ਕਿਉਂਕਿ ਸੰਸਕ੍ਰਿਤ ਭਾਸ਼ਾ ਵਿਚ ਖੱਤਰੀ ਛੱਤਰੀ ਦਾ ਇੱਕੋ ਅਰਥ ਹੈ । ਹਿੰਦੀ ਵਿਚ ਸ਼ਬਦ 'ਛਾ' ਤੇ 'ਖਾ' ਬਦਲ ਜਾਂਦੇ ਹਨ ਜਿਵੇਂ ਅੱਖਰ ਨੂੰ ਅੱਛਰ ਕਹਿੰਦੇ ਹਨ । ਉਸ ਨੇ ਚਾਰੇ ਵਰਣਾ ਬ੍ਰਾਹਮਣ, ਖੱਤਰੀ, ਵੈਸ਼, ਅਤੇ ਸ਼ੂਦਰ ਨੂੰ ਇਕ ਦੂਜੇ ਨਾਲੋਂ ਅੱਡ ਕਰਕੇ ਕੰਮ ਧੰਧੇ ਤੇ ਪੇਸ਼ੇ ਅਨੁਸਾਰ ਉਨ੍ਹਾਂ ਦੇ ਨਾਉਂ ਰੱਖੇ ਅਤੇ ਸਖਤ ਤਾਕੀਦ ਕੀਤੀ ਕਿ "ਹਰੇਕ ਵਿਅੱਕਤੀ ਆਪਣੇ ਜਿਮੇਂ ਲੱਗੇ ਕੰਮ ਵਿਚ ਰੁੱਝਾ ਰਹੇ । ਦੂਜਾ ਦੂਜੇ ਦੇ ਧੰਧੇ ਨੂੰ ਨਾ ਅਪਣਾਵੇ ।" ਉਸ ਨੇ ਨਿਆ ਦਾ ਢੰਗ ਅਦਾਲਤ ਅਤੇ ਨਿਆਂ ਲਈ ਕਾਨੂੰਨ ਬਣਾਏ । ਨਿਰੰਕੁਸ਼ ਪ੍ਰਮਾਤਮਾ ਨੇ ਉਸ ਦੇ ਰਾਜ-ਕਾਲ ਵਿਚ ਉਸ ਦੇ ਅਮਲਾਂ ਦੀ ਉਸਤਤ ਕਰਵਾਉਣ ਲਈ ਦੋ ਤਿਅੱਕਤੀਆਂ ਨੂੰ ਪੈਦਾ ਕੀਤਾ ਤਾਕਿ ਜੋ ਵਿਅੱਕਤੀ ਭੀ ਉਸ ਮਗਰੋਂ ਰਾਜਾ ਬਣੇ, ਉਸ ਦੀ ਉਸਤਤ ਸੁਣਕੇ ਉਸੇ ਰਹੁ ਰੀਤ ਅਨੁਸਾਰ ਦੁਨਿਆਵੀ ਕੰਮਾਂ ਧੰਧਿਆਂ ਨੂੰ ਨੇਪਰੇ ਚਾੜ੍ਹੇ । ਉਨ੍ਹਾਂ ਦੋਹਾਂ ਵਿਅੱਕਤੀਆਂ ਵਿਚ ਇਕ ਦਾ ਨਾਉਂ ਸੂਤ ਅਤੇ ਦੂਜੇ ਦਾ ਨਾਉਂ ਮਾਗਦ ਸੀ। ਰਾਜਾ ਭਰਤ ਨੇ ਅਨੂਪ ਦਾ ਇਲਾਕਾ, ਜਿਹੜਾ ਬੰਗਾਲ ਵਿਚ ਸ਼ਾਮਲ ਹੈ, ਸੂਤ ਨੂੰ ਦੇ ਦਿੱਤਾ ਅਤੇ

ਮਗਧ ਦਾ ਇਲਾਕਾ ਜੋ ਬਿਹਾਰ ਸੂਬੇ ਵਿਚ ਹੈ, ਮਾਗਦ ਨੂੰ ਜਗੀਰ ਵਜੋਂ ਬਖਸ਼ ਦਿੱਤਾ। ਸਾਰੇ ਖੁਸ਼ਾਮਦੀ ਲੋਕ ਭਾਵ 'ਭਾਟ' ਅਤੇ 'ਜਾਨ' ਉਨ੍ਹਾਂ ਦੋਨਾਂ ਦੀ ਨਸਲ ਵਿਚੋਂ ਹਨ। ਮੁੱਕਦੀ ਗੱਲ ਰਾਜਾ ਭਰਤ ਨੇ ਨਿਆਂ ਕਰਦਿਆਂ ਹੋਇਆਂ ਇਕ ਹਜ਼ਾਰ ਸਾਲ ਰਾਜ ਕੀਤਾ ਅਤੇ ਜੋਗਾ ਭਿਆਸ ਨਾਲ ਪ੍ਰਾਨ ਤਿਆਗੇ। ਬਾਅਦ ਵਿਚ ਉਸ ਦੇ ਬੇਟੇ ਕਈ ਦੇਸ਼ਾਂ 'ਤੇ ਅੱਡ ਅੱਡ ਰਾਜ ਕਰਨ ਲੱਗ ਪਏ। ਕਈ ਹਜ਼ਾਰ ਰਾਜੇ ਉਸ ਦੀ ਸੰਤਾਨ ਵਿੱਚੋਂ ਹੋਏ ਹਨ ਜੋ ਗਿਣੇ ਨਹੀਂ ਜਾ ਸਕਦੇ। ਜਦੋਂ ਉਸ ਦੀ ਸੰਤਾਨ ਕਾਫੀ ਵਧ ਫੁਲ ਗਈ ਤਾਂ ਉਨ੍ਹਾਂ 'ਚ ਵਿਰੋਧਤਾ, ਸ਼ਰੀਕਾ ਤੇ ਈਰਖਾ ਪੈਦਾ ਹੋ ਗਈ। ਉਨ੍ਹਾਂ 'ਚੋਂ ਕੋਈ ਭੀ ਯੋਗ ਵਿਅੱਕਤੀ ਨਾ ਰਿਹਾ ਜੋ ਹਕੂਮਤ ਦੀ ਵਾਗ ਡੋਰ ਸੰਭਾਲ ਸਕੇ ਅਤੇ ਪਰਜਾ 'ਤੇ ਹੁੰਦੇ ਅੱਤਿਆਚਾਰ ਨੂੰ ਹਟਾ ਸਕੇ। ਫਿਰ ਧਰਤੀ ਤੇ ਅਕਾਸ਼ ਨੂੰ ਪੈਦਾ ਕਰਨ ਵਾਲੇ ਪਰਮਾਤਮਾ ਨੇ ਹਕੂਮਤ ਦੇ ਭਾਰੀ ਕੰਮਾਂ ਦੇ ਪ੍ਰਬੰਧ ਲਈ ਸੰਸਾਰ ਨੂੰ ਰੋਸ਼ਨੀ ਦੇਣ ਵਾਲੇ ਸੂਰਜ ਦੇ ਨੂਰ 'ਚੋਂ ਇਕ ਹਸਤੀ ਪੈਦਾ ਕੀਤੀ ਜਿਸ ਨੂੰ ਮੰਨੂ ਕਹਿੰਦੇ ਹਨ। ਉਸ ਦਾ ਨਾਮ ਸਰਾਦਾ ਦੇਵ ਭੀ ਹੈ। ਉਸ ਨੂੰ ਬਹੋਸਤਮਨ ਭੀ ਕਹਿੰਦੇ ਹਨ। ਉਸ ਨੂਰਾਨੀ ਸਰੀਰ ਵਾਲੇ ਵਿਅੱਕਤੀ ਦੀਆਂ ਦੋ ਪਤਨੀਆਂ ਸਨ। ਉਸ ਦੀ ਇਕ ਪਤਨੀ ਦੇ ਢਿੱਡੋਂ ਏਲਾ ਨਾਮੀਂ ਇਕ ਲੜਕੀ ਨੇ ਜਨਮ ਲਿਆ। ਬੁੱਧ ਸਿਤਾਰੇ ਤੋਂ ਉਸ ਲੜਕੀ ਦੇ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਮ ਪਰਦਰ ਸੀ। ਦੂਜੀ ਪਤਨੀ 'ਚੋਂ ਉਸ ਦੇ 'ਖਵਾਕ' ਆਦਿ ਦਸ ਪੁੱਤਰ ਪੈਦਾ ਹੋਏ। ਉਸ ਦੇ ਇਹ ਦਸ ਬੇਟੇ ਵੱਡੇ ਰਾਜੇ ਬਣੇ। ਉਨ੍ਹਾਂ ਨੇ ਆਪਣਾ ਖਿਤਾਬ 'ਸੂਰਜ ਬੰਸੀ' ਰੱਖਿਆ। ਖਵਾਕ ਦੀ ਸੰਤਾਨ ਵਿੱਚੋਂ ਰਾਜਾ ਰਘੂ ਪ੍ਰਸਿੱਧ ਹੋਇਆ ਹੈ। ਹਿੰਦੂਆਂ ਦੇ ਕਥਨ ਅਨੁਸਾਰ ਬੁੱਧ ਸਿਤਾਰਾ ਚੰਦ ਦਾ ਬੱਚਾ ਹੈ ਇਸ ਲਈ ਪਰਦਰ ਦੀ ਸੰਤਾਨ 'ਚੰਦਰ ਬੰਸੀ' ਖਿਤਾਬ ਨਾਲ ਪ੍ਰਸਿੱਧ ਹੋ ਗਈ। ਸੋ ਸੂਰਜ ਤੇ ਚੰਦ ਦੀ ਸੰਤਾਨ ਦੇ ਦੋਵੇਂ ਗਰੁਪ ਹਕੂਮਤ ਦੇ ਕੰਮਾਂ ਨੂੰ ਬਹੁਤ ਚੰਗੀ ਤਰ੍ਹਾਂ ਚਲਾਉਂਦੇ ਰਹੇ। ਉਹ ਰਾਜੇ ਭਰਤ ਵਾਂਗ ਰਾਜ ਕਰਦੇ ਸਨ ਅਤੇ ਉਨ੍ਹਾਂ ਨੇ ਆਪਣਾ ਨਾਮ 'ਛੱਤਰੀ' ਰੱਖਿਆ। ਉਨ੍ਹਾਂ ਨੇ ਰਾਜਾ ਭਰਤ ਦੀ ਸੰਤਾਨ ਨੂੰ ਹਕੂਮਤ 'ਚੋਂ ਕੱਢ ਦਿੱਤਾ। ਉਨ੍ਹਾਂ ਵਿੱਚੋਂ ਬਾਹਲਿਆਂ ਨੇ ਉੱਪਰ ਦੱਸੇ ਰੁਅਬ ਦਾਬ ਵਾਲੇ ਦੋਵੇਂ ਗੁੱਟਾਂ ਦੀ ਚਾਕਰੀ ਤੇ ਗੁਲਾਮੀ ਪਰਵਾਨ ਕਰ ਲਈ। ਉਨ੍ਹਾਂ ਵਿੱਚੋਂ ਕਈ ਧਨਾਢਾਂ ਨੇ ਅਧੀਨਗੀ ਦੀ ਨਿਰਾਦਰੀ ਸਹਿਨ ਨਾ ਕਰਦੇ ਹੋਏ ਵਿਉਪਾਰ ਦਾ ਕਿੱਤਾ ਅਪਣਾ ਲਿਆ। ਜ਼ਮਾਨੇ ਦੇ ਕਈ ਦੌਰ ਬੀਤਣ, ਵੱਡੀ ਅਦਲਾ ਬਦਲੀ ਹੋਣ ਅਤੇ ਕਲਜੁਗ ਦੇ ਪਰਭਾਵ ਕਾਰਨ ਮਗਰੋਂ ਇਨ੍ਹਾਂ ਦੋਵੇਂ ਸਮੂਹਾਂ ਦੇ ਵੱਡੇ ਤੇ ਵੱਡਭਾਗੇ ਰਾਜਿਆਂ ਨੇ ਬੇਹੱਦ ਘੁਮੰਡ ਅਤੇ ਅਧਿਕ ਕਾਮ ਵਾਸ਼ਨਾ ਕਾਰਨ ਇਸਤਰੀਆਂ ਦੀ ਸੁੰਦਰਤਾ 'ਤੇ ਮੋਹਤ ਹੋ ਕੇ ਤੇ ਸੁੰਦਰਤਾ ਨੂੰ ਕੁਲੀਨਤਾ ਦੀ ਵਡਿਆਈ ਨਾਲੋਂ ਚੰਗਾ ਸਮਝ ਕੇ ਛੋਟੀਆਂ ਤੇ ਅਸੱਭਯ ਕੌਮਾਂ ਜਿਵੇਂ ਨਾਈਆਂ, ਸ਼ਰਾਬ ਵੇਚਣ ਵਾਲਿਆਂ, ਕ੍ਰਿਸਾਨਾਂ, ਨੌਕਰਾਣੀਆਂ, ਗੁਲਾਮਾਂ ਅਤੇ ਇਨ੍ਹਾਂ ਤੋਂ ਬਿਨਾਂ ਹੋਰ ਛੋਟੀਆਂ ਕੌਮਾਂ ਦੀਆਂ ਬਾਹਲੀਆਂ ਇਸਤਰੀਆਂ ਨਾਲ ਸ਼ਾਦੀ ਕਰਕੇ ਆਪਣੀਆਂ ਪਤਨੀਆਂ ਬਣਾ ਲਈਆਂ। ਇਨ੍ਹਾਂ ਇਸਤਰੀਆਂ 'ਚੋਂ ਉਨ੍ਹਾਂ ਦੇ ਬੇਟੇ ਪੈਦਾ ਹੋਏ ਅਤੇ ਆਪਣੇ ਪਿਉਆਂ ਦੀ ਥਾਂ ਰਾਜ-ਗੱਦੀ 'ਤੇ ਬੈਠੇ। ਅਸਲੀ ਛੱਤਰੀਆਂ ਤੇ ਖੱਤਰੀਆਂ ਨੇ ਹਕੂਮਤ ਦੇ ਬਾਗ ਦੇ ਇਨ੍ਹਾਂ ਤਾਜ਼ੇ ਬੂਟਿਆਂ ਦਾ ਖਿਤਾਬ 'ਰਾਜਪੂਤ' ਨੀਯਤ ਕਰ ਦਿੱਤਾ ਅਤੇ ਉਨ੍ਹਾਂ ਦੇ ਹੱਥੋਂ ਖਾਣ ਪੀਣ ਵਾਲੀਆਂ ਚੀਜ਼ਾਂ ਲੈਣੀਆਂ ਛੱਡ ਦਿੱਤੀਆਂ। ਉਨ੍ਹਾਂ ਨੇ ਬ੍ਰਾਹਮਣਾ ਨੂੰ ਭੀ ਰੋਕ ਦਿੱਤਾ ਕਿ ਰਾਜਪੂਤਾਂ ਦੀਆਂ ਇਸਤਰੀਆਂ ਦੇ ਹੱਥੋਂ ਰੋਟੀ ਪਾਣੀ ਨਾ ਖਾਣ। ਇਸੇ ਕਾਰਨ ਰਾਜਪੂਤਾਂ ਦਾ ਖੱਤਰੀਆਂ ਨਾਲ ਝਗੜਾ ਹੋ ਗਿਆ। ਸੋ ਦੋ ਪ੍ਰਕਾਰ ਦੇ ਰਾਜੇ ਬਣ ਗਏ, ਇੱਕ ਰਾਜਪੂਤ ਤੇ ਦੂਜੇ ਛੱਤਰੀ। ਕਈਆਂ ਛੱਤਰੀਆਂ ਨੇ ਭੀ ਬਹੁਤੇ ਮਾਮਲਿਆਂ 'ਚ ਰਾਜਪੂਤਾਂ ਨਾਲ ਸਹਿਯੋਗ ਕਰ ਲਿਆ। ਇਸੇ ਕਾਰਨ ਆਮ ਲੋਕ ਛੱਤਰੀਆਂ ਨੂੰ ਭੀ ਰਾਜਪੂਤ ਕਹਿਣ ਲੱਗ ਪਏ। ਰਾਜਪੂਤ ਕੌਮ ਦਾ ਕਾਫੀ ਪਸਾਰਾ ਹੋ ਗਿਆ ਜਿਵੇਂ ਰਾਠੌਰ, ਹਾਵਾ, ਕਛਵਾਹਾ, ਰੋਟਲਾ, ਬੰਦੇਲਾ, ਚੌਹਾਨ, ਤੂਰ, ਸੈਣ, ਬਰਹਾਰ, ਪਵਾਰ, ਸਵਾਰ, ਬਡਗੁਜਰ ਅਤੇ ਨਰਾੜਨਾ ਆਦਿ। ਇਨ੍ਹਾਂ ਸਾਰੀਆਂ ਕੌਮਾਂ ਨੇ ਫੌਜੀ ਪੇਸ਼ਾ ਆਪਣਾ ਲਿਆ ਅਤੇ ਹੋਰ ਪੁਰਾਣੇ ਦਸਤੂਰਾਂ ਨੂੰ ਛੱਡ ਦਿੱਤਾ। ਉਨ੍ਹਾਂ ਲੋਕਾਂ, ਜਿਨ੍ਹਾਂ ਨੇ ਛੱਤਰੀਆਂ ਨਾਲ ਉੱਕਾ ਹੀ ਖਾਣ ਪੀਣ ਤੇ ਰਿਸ਼ਤੇਦਾਰੀ ਛੱਡ ਦਿੱਤੀ ਆਪਣੇ ਆਪ ਨੂੰ

ਖੱਤਰੀ ਅਖਵਾ ਕੇ ਉਨ੍ਹਾਂ ਰਾਜਪੂਤ ਸ਼੍ਰੇਣੀਆਂ ਨਾਲ ਘਿਰਣਾ ਤੇ ਵਖੇਵਾਂ ਕਰਦੇ ਹੋਏ ਤੇ ਫੌਜੀ ਧੰਧਾ ਛੱਡ ਕੇ ਹੋਰ ਧੰਧੇ ਅਪਣਾ ਲਏ। ਇਸ ਤਰ੍ਹਾਂ ਖੱਤਰੀ ਲੋਕ ਰਾਜਪੂਤਾਂ ਦੇ ਹਾਵੀ ਹੋਣ ਕਾਰਨ, ਜੋ ਹਰੇਕ ਮਾਮਲੇ 'ਚ ਉਨ੍ਹਾਂ ਦੇ ਜਾਨ ਮਾਲ ਨੂੰ ਹਾਨੀ ਪੁਚਾਉਂਦੇ ਸਨ, ਹਿੰਦੋਸਤਾਨ 'ਚੋਂ ਨਿਕਲਕੇ ਪੰਜਾਬ ਦੀ ਧਰਤੀ 'ਤੇ ਆ ਕੇ ਵਸ ਗਏ ਅਤੇ ਵਧੇ ਫੁਲੇ। ਸੋ ਪੰਜਾਬ ਦੇ ਬਾਹਲੇ ਖੱਤਰੀ ਰਾਜਾ ਭਰਤ ਦੀ ਨਸਲ 'ਚੋਂ ਹਨ ਜਿਸ ਦੇ ਖਾਨਦਾਨ ਦੀ ਬੰਸਾਵਲੀ ਰਾਜਾ ਪਰਜਾਪਤ, ਜੋ ਸ੍ਰੀ ਕਿਸ਼ਨ 'ਚੋਂ ਪੈਦਾ ਹੋਇਆ, ਨਾਲ ਮਿਲਦੀ ਹੈ। ਕਈ ਸੂਰਜਬੰਸੀ ਰਾਜਾ ਰਘੂ, ਜੋ ਜਸਰਥ ਵਜੋਂ ਪ੍ਰਸਿੱਧ ਹੈ, ਦੀ ਸੰਤਾਨ ਵਿੱਚੋਂ ਹਨ। ਥੋੜ੍ਹੇ ਖੱਤਰੀ ਚੰਦਰ-ਬੰਸੀ ਰਾਜਾ ਪਰਦਰ ਦੀ ਸੰਤਾਨ ਵਿੱਚੋਂ ਹਨ। ਇਹ ਪੰਜਾਬ ਦੇ ਗੁਆਂਢੀ ਇਲਾਕਿਆਂ, ਮੁਲਤਾਨ ਤੇ ਉਸ ਪਾਸੇ ਵਲ ਹੋਰ ਵਸਦੇ ਗਏ ਅਤੇ ਉਨ੍ਹਾਂ ਨੇ ਆਪਣਾ ਨਾਮ ਖੱਤਰੀ ਰੱਖਿਆ ਹੈ। ਉਹ ਹੁਣ ਹਿੰਦੁਸਤਾਨ ਦੇ ਖੱਤਰੀਆਂ ਤੇ ਰਾਜਪੂਤਾਂ ਨਾਲ ਉੱਕਾ ਮੇਲ ਜੋਲ ਨਹੀਂ ਰੱਖਦੇ। ਉਹ ਹਕੂਮਤ ਦਾ ਕੰਮ ਛੱਡ ਕੇ ਆਪਣਾ ਜੀਵਨ ਨਿਰਵਾਹ ਨੌਕਰੀ, ਮੁਨਸ਼ੀ ਪੁਣਾ, ਵਿਉਪਾਰ ਅਤੇ ਹੋਰ ਧੰਧਿਆਂ ਦੁਆਰਾ ਕਰਦੇ ਹਨ ਪਰੰਤੂ ਰਾਜਾ ਬਿਕਰਮਾਜੀਤ, ਸਾਲਬ੍ਹਾਨ ਅਤੇ ਜੈਪਾਲ ਦੇ ਰਾਜ-ਕਾਲ ਵਿਚ ਇਨ੍ਹਾਂ ਦਾ ਮਾਣ ਇੱਜ਼ਤ ਹਿੰਦੁਸਤਾਨ ਦੇ ਰਾਜਿਆਂ ਵਾਂਗ ਬਹੁਤ ਸੀ। ਜਦੋਂ ਸੁਲਤਾਨ ਮਹਿਮੂਦ ਗਜ਼ਨਵੀ ਪੰਜਾਬ ਆਇਆ, ਕਤਲਾਮ ਕੀਤਾ ਅਤੇ ਬਾਹਲੇ ਹਿੰਦ ਵਾਸੀਆਂ ਨੂੰ ਮੁਸਲਮਾਨ ਬਣਾਇਆ ਤਾਂ ਖੱਤਰੀਆਂ ਨੇ ਇੱਜ਼ਤ, ਜਾਨ ਅਤੇ ਈਮਾਨ ਦੇ ਖਤਰੇ ਕਾਰਨ ਮਜਬੂਰ ਹੋ ਕੇ ਮੁਲਕ ਨੂੰ ਤਿਆਗਿਆ ਅਤੇ ਪਹਾੜਾਂ 'ਚ ਅਲੰਘ ਥਾਵਾਂ 'ਤੇ ਚਲੇ ਗਏ। ਫਿਰ ਜਿਸ ਸਮੇਂ ਗੌਰੀ, ਲੋਧੀ ਤੇ ਚੁਗਤਾਈ ਆਦਿ ਸੁਲਤਾਨਾਂ ਨੇ ਤਰਸ ਖਾ ਕੇ ਮੁਲਕ ਨੂੰ ਅਬਾਦ ਕੀਤਾ ਅਤੇ ਦੀਨ ਦੀ ਪੱਖ ਪਾਤ ਛੱਡੀ ਤਾਂ ਖੱਤਰੀ ਲੋਕ ਹੌਲੀ ਹੌਲੀ ਸ਼ਹਿਰਾਂ ਤੇ ਵੱਡੇ ਪਿੰਡਾਂ ਵਿਚ ਇਕੱਠੇ ਹੋ ਗਏ ਪਰੰਤੂ ਉਨ੍ਹਾਂ ਨੇ ਹਕੂਮਤ ਦੇ ਕੰਮ ਤੇ ਸੁਲਤਾਨਾ ਦੀ ਨੌਕਰੀ ਅਖਤਿਆਰ ਨਾ ਕੀਤੀ। ਉਹ ਵਿਉਪਾਰ, ਦੁਕਾਨਦਾਰੀ, ਬਜ਼ਾਜ਼ੀ ਤੇ ਸਰਾਫ਼ੀ ਦੇ ਧੰਧਿਆਂ ਅਤੇ ਰੇਸ਼ਮ, ਸੋਨੇ ਚਾਂਦੀ ਦੀਆਂ ਤਾਰਾਂ ਨੂੰ ਰੇਸ਼ਮ ਤੇ ਚੜ੍ਹਾ ਕੇ ਵੱਟਣ ਤੇ ਸੁਨਹਿਰੀ ਕਸੀਦਾਕਾਰੀ ਦੇ ਕੰਮ ਕਰਕੇ ਆਪਣਾ ਗੁਜ਼ਾਰਾ ਕਰਨ ਲਈ ਲਗ ਪਏ। ਹਲ ਚਲਾਉਣ ਅਤੇ ਖੇਤੀ ਬਾੜੀ ਕਰਨ ਕਰਕੇ ਜੱਟ ਕੌਮ ਦੇ ਲੋਕ ਪੰਜਾਬ ਦੇ ਇਲਾਕਿਆਂ 'ਤੇ ਕਾਬਿਜ ਹੋ ਗਏ। ਹੌਲੀ ਹੌਲੀ ਜਦੋਂ ਸੁਲਤਾਨਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਲਗ ਗਿਆ ਕਿ ਇਹ ਖੱਤਰੀ ਕੌਮ ਇੱਜ਼ਤ ਮਾਣ ਦੇ ਲਾਇਕ ਤੇ ਸਰਕਾਰੀ ਨੌਕਰੀ ਦੇ ਯੋਗ ਹੈ ਤਾਂ ਸੁਲਤਾਨਾਂ ਨੇ ਅਤਿਅੰਤ ਚਾਅ ਨਾਲ ਉਨ੍ਹਾਂ ਨੂੰ ਪ੍ਰੇਰਕੇ ਮੁਲਾਜ਼ਿਮ ਬਣਾ ਲਿਆ। ਉਨ੍ਹਾਂ ਵਿਚ ਫ਼ਾਰਸੀ ਵਿਦਿਆ ਨੂੰ ਪ੍ਰਚਲਤ ਕੀਤਾ। ਸੁਲਤਾਨ ਪੰਜਾਬ ਵਿਚ ਖੱਤਰੀਆਂ ਤੇ ਬ੍ਰਾਹਮਣਾਂ ਤੋਂ ਬਿਨਾਂ ਹੋਰ ਕਿਸੇ ਨੂੰ ਫ਼ਾਰਸੀ ਦਾ ਗਿਆਨ ਅਤੇ ਹਿਸਾਬ ਕਿਤਾਬ ਦੇ ਕਾਇਦੇ ਸਿੱਖਣ ਨਹੀਂ ਦਿੰਦੇ ਸਨ। ਇਸੇ ਕਾਰਨ ਇਸ ਕੌਮ ਦੀ ਪਰਤੀਤ ਵੱਧ ਗਈ। ਇਨ੍ਹਾਂ ਵਿੱਚੋਂ ਬਾਹਲੇ ਵਜ਼ੀਰੀ ਤੇ ਦੀਵਾਨੀ ਰੁਤਬਿਆਂ 'ਤੇ ਪੁੱਜ ਗਏ। ਕਈ ਹਕੂਮਤ ਅਤੇ ਰਾਜ ਵਲੋਂ ਖਿਤਾਬ ਮਿਲਣ ਸਦਕਾ ਸਤਿਕਾਰਯੋਗ ਵਿਅੱਕਤੀ ਬਣ ਗਏ। ਕਈਆਂ ਨੇ ਕਾਨੂੰਗੋਈ, ਚੌਧਰਪੁਣਾਂ, ਅਮੀਨੀ (ਖਜ਼ਾਨਚੀ ਦਾ ਕੰਮ) ਫੌਜੀ ਕਮਾਨਦਾਰੀ, ਗਿਰਦਾਵਰੀ, ਤਹਿਸੀਲਦਾਰੀ, ਸਰਿਸ਼ਤਾਦਾਰੀ, ਬਖਸ਼ੀ ਗਿਰੀ (ਫ਼ੌਜਾਂ ਨੂੰ ਤਨਖਾਹ ਵੰਡਣਾ) ਹੈਡਕਲੱਰਕੀ ਅਤੇ ਕਲਰਕੀ ਆਦਿ ਦੇ ਅਹੁਦਿਆਂ 'ਤੇ ਸਰਕਾਰੀ ਸੇਵਾਵਾਂ ਨਿਭਾਉਣ ਦਾ ਮਾਣ ਪ੍ਰਾਪਤ ਕੀਤਾ। ਮੁੱਕਦੀ ਗੱਲ ਅੱਜ ਕੱਲ੍ਹ ਖੱਤਰੀਆਂ ਦੀ ਇਸ ਕੌਮ ਦੇ ਚਾਰ ਵਰਗ ਪ੍ਰਸਿੱਧ ਹਨ। ਪਹਿਲਾ 'ਬਾਹਰੀ' ਹੈ ਜਿਸ ਵਿਚ ਬਾਰਾਂ ਜ਼ਾਤਾਂ ਹਨ। ਇਨ੍ਹਾਂ ਬਾਰਾਂ ਜ਼ਾਤਾਂ ਵਿਚੋਂ ਚਾਰ ਜ਼ਾਤਾਂ ਆਪਣੇ ਆਪ ਨੂੰ ਢਾਈ ਹਿੱਸੇ ਗਿਣਦੀਆਂ ਹਨ ਜੋ ਆਪਣੀ ਕੁੱਲ ਵਿਚ ਸਾਰੀਆਂ ਜ਼ਾਤਾਂ ਨਾਲੋਂ ਉੱਤਮ ਹਨ। ਦੂਜਾ 'ਬਵੰਜਾਹੀ' ਹੈ। ਇਸ ਤਬਕੇ 'ਚ ਬਹੁਤ ਜ਼ਾਤਾਂ ਹਨ। ਲੱਗ ਭੱਗ ਪੰਜ ਸੌ ਹੋਣਗੀਆਂ। ਉਨ੍ਹਾਂ ਸਾਰੀਆਂ ਵਿੱਚੋਂ ਬਵੰਜਾ ਜ਼ਾਤਾਂ ਉੱਚੀਆਂ ਹਨ। ਇਸ ਸਮੇਂ ਉਨ੍ਹਾਂ ਵਿਚ ਬਾਰਾਂ ਜ਼ਾਤਾਂ ਉੱਚਤਮ ਹਨ ਜਿਨ੍ਹਾਂ ਦੇ ਲੋਕ ਆਪਣੇ ਆਪ ਨੂੰ 'ਬਾਹਰੀ ਬਵੰਜਾਹੀ' ਕਹਿੰਦੇ ਹਨ। ਉਨ੍ਹਾਂ ਵਿਚੋਂ ਚਾਲੀ ਜ਼ਾਤਾਂ ਆਪਣੇ ਆਪ ਨੂੰ 'ਧਰਮਾਂ' ਸਦਵਾਉਂਦੀਆਂ ਹਨ। ਬਾਕੀ ਰਹਿੰਦੀਆਂ ਸਾਰੀਆਂ ਜ਼ਾਤਾਂ 'ਬਵੰਜਾਹੀ' ਦੇ ਨਾਉਂ ਨਾਲ ਪ੍ਰਸਿੱਧ ਹਨ। ਤੀਜਾ ਵਰਗ 'ਖੋਖਰਾਂ' ਹੈ। ਅਸਲ

'ਚ ਇਹ ਛੇ ਜ਼ਾਤਾਂ ਸਨ । ਹੁਣ ਵੱਧ ਹੋ ਗਈਆਂ ਹਨ । ਚੌਥਾ ਵਰਗ 'ਸਰੀਨ' ਹੈ । ਜਿਸ ਵਿਚ ਅੰਦਾਜ਼ੇ ਨਾਲ ਸੌ ਤੋਂ ਵੱਧ ਜ਼ਾਤਾਂ ਹੋਣਗੀਆਂ ਪਰੰਤੂ ਬਾਹਰਲੀਆਂ ਜ਼ਾਤਾਂ ਬਵੰਜਾਹੀ ਤਬਕੇ 'ਚੋਂ ਨਿਕਲਕੇ ਉਨ੍ਹਾਂ ਵਿਚ ਮਿਲ ਗਈਆਂ ਹਨ । 'ਸਰੀਨ' ਤਬਕੇ ਵਿਚ ਭੀ ਬਾਰਾਂ ਜ਼ਾਤਾਂ ਵੱਡੀਆਂ ਹਨ ਪਰੰਤੂ ਉਹ ਆਪਸ ਵਿਚ ਨਾਤੇ ਅਤੇ ਰਿਸ਼ਤੇਦਾਰੀਆਂ ਗੰਢਣ 'ਚ ਐਨਾ ਸੰਕੋਚ ਨਹੀਂ ਕਰਦੇ ਜਿੰਨਾਂ ਕਿ ਦੂਜੇ ਖੱਤਰੀ ਕਰਦੇ ਹਨ । ਕਿਉਂਕਿ ਉਨ੍ਹਾਂ ਵਿਚੋਂ ਕਈ ਤਾਂ ਵਿਧਵਾ ਇਸਤਰੀਆਂ ਨਾਲ ਵਿਆਹ ਕਰਨਾ ਪਰਵਾਨ ਕਰ ਲੈਂਦੇ ਹਨ । ਖੱਤਰੀਆਂ ਦੇ ਧਰਮ 'ਚ ਵਿਧਵਾ ਅਤੇ ਛੱਡੀਆਂ ਹੋਈਆਂ ਇਸਤਰੀਆਂ ਨਾਲ ਵਿਆਹ ਕਰਵਾਉਣਾ ਬੜਾ ਭਾਰੀ ਦੋਸ਼ ਹੈ । ਪਹਿਲਾਂ ਪਹਿਲ ਕਈ ਲੋਕਾਂ ਨੇ ਵਿਧਵਾ ਇਸਤਰੀਆਂ ਕਬੂਲ ਕੀਤੀਆਂ । ਦੂਜੇ ਲੋਕ ਉਨ੍ਹਾਂ ਦੀ ਸੰਤਾਨ ਨੂੰ 'ਸਰੀਨ' ਕਹਿੰਦੇ ਹਨ । ਸਰੀਨ ਉਸ ਫਸਲ ਨੂੰ ਕਹਿੰਦੇ ਹਨ ਜੋ ਇਕੋ ਖੇਤ ਵਿਚੋਂ ਦੁਬਾਰਾ ਪੈਦਾ ਹੁੰਦੀ ਹੈ । ਜਿਵੇਂ ਧਾਨ, ਜੋ ਇਕ ਪੂਰੀ ਫਸਲ ਹੈ, ਬੀਜ ਕੇ ਵੱਢ ਲਏ ਜਾਂਦੇ ਹਨ ਅਤੇ ਉਸੇ ਜ਼ਮੀਨ 'ਚ ਦੁਬਾਰਾ ਜੌਂ ਬੀਜ ਦਿੱਤੇ ਜਾਂਦੇ ਹਨ ਤਾਂ ਜੌਆਂ ਦੀ ਫਸਲ ਨੂੰ ਸਰੀਨ ਕਹਿੰਦੇ ਹਨ । ਜਿਸ ਦਾ ਝਾੜ ਘੱਟ ਹੁੰਦਾ ਹੈ । ਸਮਾਪਤ ।

ਕਹਿੰਦੇ ਹਨ ਕਿ ਖੱਤਰੀਆਂ ਦੀਆਂ ਇਹ ਜ਼ਾਤਾਂ ਜੋ ਪੰਜਾਬ, ਮੁਲਤਾਨ, ਸਰਹੰਦ ਅਤੇ ਉਨ੍ਹਾਂ ਪਾਸਿਆਂ ਵਲ ਵਸ ਰਹੀਆਂ ਹਨ, ਸੱਤ ਸੌ ਦੇ ਲੱਗ ਭੱਗ ਹਨ । ਕਈ ਤਾਂ ਇਨ੍ਹਾਂ ਨੂੰ ਹਜ਼ਾਰ ਦੱਸਦੇ ਹਨ । ਜੇਕਰ ਜ਼ਿੰਦਗੀ ਨੇ ਮੌਕਾ ਦਿੱਤਾ ਤਾਂ ਖੱਤਰੀਆਂ ਦੀਆਂ ਸਾਰੀਆਂ ਜ਼ਾਤਾਂ ਦੇ ਨਾਉਂ ਵੱਖਰੀ ਪੁਸਤਕ 'ਚ ਲਿਖਾਂਗਾ । ਇੱਥੇ ਇੰਨਾ ਕਹਿ ਕੇ ਹੀ ਬੱਸ ਕਰਦਾ ਹਾਂ ।

ਪਿੰਡ ਮੌਝਕ ਲਾਹੌਰ ਤੋਂ ਇਕ ਕੋਹ ਹੈ । ਉਥੇ ਪੰਜਾਹ ਕੁ ਦੁਕਾਨਾਂ ਹੋਣਗੀਆਂ । ਅਛਰਾ, ਲਾਹੌਰ ਤੋਂ ਤਿੰਨ ਕੋਹ ਹੈ । ਉਥੇ ਭੈਰਵਾ ਦਾ ਅਸਥਾਨ ਹੈ । ਜਿੱਥੇ ਏਕਮ (ਜਿਸ ਰਾਤ ਨਵਾਂ ਚੰਦ ਚੜ੍ਹਦਾ ਹੈ) ਵਾਲੇ ਦਿਨ ਭਾਰੀ ਮੇਲਾ ਲੱਗਦਾ ਹੈ । ਨਵਾਂ ਕੋਟ ਤਿੰਨ ਕੁ ਕੋਹ ਹੈ । ਨਿਆਜ਼ ਬੇਗ ਲਾਹੌਰ ਤੋਂ ਲੱਗਭੱਗ ਛੇ ਕੋਹ ਹੈ । ਉਸ ਦੇ ਨਾਲ ਲਗਦਾ ਭੱਦਰ ਕਾਲੀ ਦਾ ਅਸਥਾਨ ਹੈ ਜਿੱਥੇ ਜੇਠ ਦੇ ਮਹੀਨੇ ਇਕਾਦਸ਼ੀ ਵਾਲੇ ਦਿਨ ਮੇਲਾ ਲੱਗਦਾ ਹੈ । ਭੜੀ ਪਰਗਣੇ ਦੇ ਪਿੰਡ ਖੁਦਪੁਰ ਬਾਲਕਾ, ਰਾਈਆਂ, ਆਵਾਨ, ਕੋਂਦਾ ਅਤੇ ਬਿਹਾਰੀ ਪੁਰ ਲਾਹੌਰ ਦੇ ਆਸ ਪਾਸ ਹਨ । ਲਾਹੌਰ ਤੋਂ ਲੱਗ ਭੱਗ ਬਾਰਾਂ ਕੋਹ ਦੀ ਵਿੱਥ 'ਤੇ ਬੈਰਾਗੀ ਸਾਧਾਂ ਵਿਚੋਂ ਬਾਬਾ ਰਾਮ ਥੰਮਣ ਦਾ ਡੇਰਾ ਹੈ । ਉਹ ਬਰਕਤ ਵਾਲੀ ਥਾਂ ਹੈ । ਲਾਹੌਰ ਦੇ ਪੂਰਬ ਵਾਲੇ ਪਾਸੇ ਨੂੰ ਇਲਾਕਾ ਮਾਂਝਾ (ਮਾਝਾ) ਕਹਿੰਦੇ ਹਨ । ਲਾਹੌਰ ਦੇ ਪੱਛਮ ਵਾਲੇ ਪਾਸੇ ਨੂੰ ਇਲਾਕਾ ਬਾਰੀ ਤੇ ਨਿੱਕਾ ਦਾ ਇਲਾਕਾ ਕਹਿੰਦੇ ਹਨ । ਲਾਹੌਰ ਦੇ ਪੂਰਬ ਵਲ ਮਾਝੇ ਇਲਾਕੇ 'ਚ ਸ੍ਰੀ ਅੰਮ੍ਰਿਤਸਰ ਸ਼ਹਿਰ ਹੈ ।

ਅੰਮ੍ਰਿਤਸਰ ਇਕ ਸਰੋਵਰ ਦਾ ਨਾਉਂ ਹੈ ਜੋ ਸੰਮਤ ੧੬੩੩ ਬਿਕਰਮੀ ਵਿਚ ਗੁਰੂ ਰਾਮ ਦਾਸ ਜੀ ਨੇ ਬਣਵਾਇਆ ਹੈ । ਉਸ ਸਰੋਵਰ ਦੇ ਲਾਗੇ ਇਕ ਛੋਟਾ ਸ਼ਹਿਰ ਸੀ ਜਿਸ ਨੂੰ 'ਚੱਕ ਰਾਮ ਦਾਸ' ਕਹਿੰਦੇ ਸਨ । ਕਈ ਇਸ ਨੂੰ 'ਚੱਕ ਗੁਰੂ' ਭੀ ਕਹਿੰਦੇ ਸਨ । ਉਸੇ ਥਾਂ ਆਬਾਦੀ ਹੋਰ ਵਧ ਗਈ ਅਤੇ ਸਰੋਵਰ ਦੇ ਆਲੇ ਦੁਆਲੇ ਵੱਡਾ ਸ਼ਹਿਰ ਬਣ ਗਿਆ । ਸਰੋਵਰ ਦੇ ਵਿਚਕਾਰ ਹਰਮੰਦਰ ਸਾਹਿਬ ਦੀ ਇਮਾਰਤ ਅਤੇ ਉਸ ਦੇ ਚਾਰੇ ਪਾਸੇ ਅਕਾਲੀਆਂ ਅਤੇ ਸਰਦਾਰਾਂ ਦੇ ਬੁੰਗੇ ਬਣ ਗਏ । ਹਰੇਕ ਸਰਦਾਰ ਨੇ ਅੱਡ ਅੱਡ ਬਸਤੀ ਆਪਣੇ ਨਾਉਂ ਤੇ ਆਬਾਦ ਕਰਕੇ ਸ਼ਹਿਰ ਦੀ ਸੁੰਦਰਤਾ ਵਧਾਈ । ਉਨ੍ਹਾਂ ਮੁਹੱਲਿਆਂ ਨੂੰ ਕਟੜੇ ਕਹਿੰਦੇ ਹਨ । ਇਸ ਸਮੇਂ ਸਾਰੇ ਕਟੜੇ ਸਰਦਾਰਾਂ ਦੇ ਨਾਮਾਂ ਨਾਲ ਪ੍ਰਸਿੱਧ ਹਨ । ਵੱਡੇ ਰੁਤਬੇ ਵਾਲੀ ਸਰਕਾਰ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਨੇ ਆਪਣੇ ਰਾਜ-ਕਾਲ ਵਿਚ ਇਕ ਜ਼ਮੀਨ-ਦੋਜ਼ ਰਾਜਬਾਹਾ (ਹੰਸਲੀ) ਕੱਢ ਕੇ ਇਸ ਖੁਸ਼ਕ ਧਰਤੀ ਨੂੰ ਹਰਾ ਭਰਾ ਕੀਤਾ । ਹੰਸਲੀ ਦੇ ਪਾਣੀ ਨਾਲ ਹਰਮੰਦਰ ਸਾਹਿਬ ਵਾਲਾ ਸਰੋਵਰ ਸਦਾ ਭਰਿਆ ਰਹਿੰਦਾ ਹੈ ਅਤੇ ਲੋਕ ਅੰਦਰ ਤੇ ਬਾਹਰ

ਦੀ ਮੈਲ ਧੋਣ ਲਈ ਇਸ ਸਰੋਵਰ ਵਿਚ ਇਸ਼ਨਾਨ ਕਰਦੇ ਹਨ । ਹੋਰ ਸੰਮਤ ੧੮੮੨ ਬਿਕਰਮੀ (ਮੁਤਾਬਿਕ ਸੰਨ ੧੮੨੫ ਈ.) ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਕਟੜਿਆਂ ਦੇ ਆਲੇ ਦੁਆਲੇ ਬੁਰਜਾਂ, ਵੱਡੀਆਂ ਡਿਉਢੀਆਂ ਤੇ ਡੂੰਘੀਆਂ ਖਾਈਆਂ ਸਮੇਤ ਫਸੀਲ ਉਸਰਵਾਕੇ ਇਕ ਸ਼ਹਿਰ ਬਣਾ ਦਿੱਤਾ । ਇਹ ਸ਼ਹਿਰ ਹਰ ਇਲਾਕੇ ਦੇ ਵਿਉਪਾਰੀਆਂ ਦੇ ਵਣਜ ਦੀ ਥਾਂ ਅਤੇ ਬਸਤੀਆਂ ਦਾ ਸਮੂਹ ਬਣ ਗਿਆ । ਅੱਜ ਪੰਜਾਬ ਵਿਚ ਅੰਮ੍ਰਿਤਸਰ ਵਰਗਾ ਵੱਡਾ ਸ਼ਹਿਰ ਹੋਰ ਕੋਈ ਨਹੀਂ ਹੈ । ਹਰ ਦੇਸ਼ ਦੇ ਵਿਉਪਾਰੀ ਆ ਕੇ ਉੱਥੇ ਵਸ ਗਏ । ਲਾਹੌਰ ਦੇ ਵਾਸੀ ਖੱਤਰੀਆਂ ਦੀਆਂ ਕਾਫੀ ਜ਼ਾਤਾਂ ਸ੍ਰੀ ਅੰਮ੍ਰਿਤਸਰ ਵਿਚ ਆ ਕੇ ਰਹਿਣ ਲੱਗ ਪਈਆਂ । ਸੋ ਅੰਮ੍ਰਿਤਸਰ ਗੁਰੂ ਨਾਨਕ ਦੇ ਸਿੱਖਾਂ ਦਾ ਮਹਾਨ ਤੀਰਥ ਹੈ । ਭਾਵੇਂ ਉੱਥੇ ਹਰ ਰੋਜ਼ ਸੰਝ ਸਵੇਰ ਦੋ ਵਾਰ ਲੋਕ ਇਕੱਠੇ ਹੁੰਦੇ ਹਨ ਪਰੰਤੂ ਸਾਲ ਵਿਚ ਦੋ ਵਾਰੀ ਇੱਕ ਵਿਸਾਖੀ ਵਾਲੇ ਦਿਨ ਤੇ ਦੂਜੇ ਦੀਵਾਲੀ ਵਾਲੀ ਰਾਤ ਨੂੰ ਉੱਥੇ ਧਾਰਮਕ ਸ਼ਰਧਾ ਸਤਿਕਾਰ ਦੇ ਆਸ਼ੇ ਨਾਲ ਹਰ ਥਾਂ ਦੇ ਬੇਅੰਤ ਲੋਕੀਂ ਇਕੱਠੇ ਹੁੰਦੇ ਹਨ ਅਤੇ ਮੇਲਾ ਲਗਦਾ ਹੈ । ਇਸ ਸ਼ਹਿਰ ਵਿਚ ਕੁਝ ਪੂਜਾ-ਸਥਾਨ ਹਨ । ਅੰਮ੍ਰਿਤਸਰ ਵਿਚਕਾਰ ਸਭ ਤੋਂ ਵਿਸ਼ੇਸ਼ ਹਰਮੰਦਰ ਸਾਹਿਬ, ਅਕਾਲ ਬੁੰਗਾ, ਦੁੱਖ ਭੰਜਨੀ, ਡੇਰਾ ਬਾਬਾ ਅਟੱਲ, ਕਾਲਕਾ ਦੇਵੀ ਦਾ ਸਥਾਨ, ਸ਼ਹੀਦਾਂ ਮੁਰਾਦਾਂ ਦੀਆਂ ਸਮਾਧਾਂ, ਭਾਈ ਸਾਲੋ ਦੀ ਧਰਮਸਾਲ, ਨਿਰਮਲੇ ਸਾਧਾ ਤੇ ਪ੍ਰੇਮ ਦਾਸ ਸਾਧੂਆਂ ਦੀਆਂ ਧਰਮਸਾਲਾਂ, ਭਾਈ ਰਤਨ ਸਿੰਘ ਦੀ ਧਰਮਸਾਲਾ, ਭਾਈ ਰਾਮ ਸਿੰਘ ਤੇ ਭਾਈ ਕਰਮ ਸਿੰਘ ਦੀ ਧਰਮਸਾਲਾ, ਸਰਦਾਰਾਂ ਦੀ ਧਰਮਸਾਲਾ, ਅਖਾੜਾ ਬਾਬਾ ਸੰਤੋਖ ਦਾਸ, ਅਖਾੜਾ ਗੰਗਾ ਰਾਮ ਵਿਆਕਰਣੀ, ਅਖਾੜਾ ਅਦਵੈਤ ਬ੍ਰਹਮ, ਅਖਾੜਾ ਕਾਸੀ ਵਾਲਾ, ਬੀਰ ਭਾਨ ਬ੍ਰਾਹਮਣ ਦੀ ਚਿਟਸ਼ਾਲਾ, ਸੰਤੋਖਸਰ, ਕੌਲਸਰ, ਲਛਮਣਸਰ, ਬਬੇਕਸਰ, ਰਾਮਸਰ ਅਤੇ ਤਾਲ ਦੁਰਗਿਆਨਾ ਆਦਿ ਸਾਰੇ ਪੂਜਾ-ਸਥਾਨ ਹਨ । ਸ੍ਰੀ ਅੰਮ੍ਰਿਤਸਰ ਦੇ ਪੱਛਮ ਵਲ ਵੱਡੇ ਰੁਤਬੇ ਵਾਲੀ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਨੇ ਸੰਮਤ ੧੮੬੫ ਬਿਕਰਮੀ ਵਿਚ ਗੋਬਿੰਦਗੜ੍ਹ ਨਾਮੀਂ ਕਿਲ੍ਹਾ ਬਣਵਾ ਕੇ ਉਸ ਨੂੰ ਆਪਣੀ ਹਕੂਮਤ ਦਾ ਸਦਰ ਮੁਕਾਮ ਥਾਪਿਆ ਅਤੇ ਰਾਮ ਬਾਗ ਆਦਿ ਵਰਗੇ ਬਾਗ ਆਪਣੇ ਸੁੱਖ ਤੇ ਅਰਾਮ ਲਈ ਲਗਵਾਏ । ਦੂਜੇ ਸਰਦਾਰਾਂ ਨੇ ਭੀ ਫਲਦਾਰ ਬਾਗ ਬਗੀਚੇ ਲਗਵਾਏ । ਗੁਰੂ ਦਾ ਬਾਗ, ਬਾਗ ਅਕਾਲੀ, ਬਾਗ ਅਤਰ ਸਿੰਘ ਕਾਲਿਆਂ-ਵਾਲਾ ਅਤੇ ਬਾਗ ਮਿਸਰ ਰੁਲੀਆ ਰਾਮ ਸ਼ਹਿਰ ਵਿਚ ਹਨ । ਬਾਗ ਮਿਸਰ ਬੇਲੀ ਰਾਮ ਖਜ਼ਾਨਚੀ, ਬਾਗ ਸ਼ਹਿਜ਼ਾਦਾ ਖੜਕ ਸਿੰਘ ਤੇ ਬਾਗ ਤਾਰਾ ਸਿੰਘ, ਬਾਗ ਜੁਆਲਾ ਸਿੰਘ 'ਭੜਾਨੀਆਂ,' ਬਾਗ ਦੇਸਾ ਸਿੰਘ 'ਮਜੀਠੀਆ', ਬਾਗ ਗੁਰਮੁਖ ਸਿੰਘ ਗਿਆਨੀ ਤੇ ਬਾਗ ਜਮਾਦਾਰ ਖੁਸ਼ਹਾਲ ਸਿੰਘ ਆਦਿ ਰਾਮ ਬਾਗ ਦੇ ਆਲੇ ਦੁਆਲੇ ਨਵੇਂ ਲਗਾਏ ਗਏ ਹਨ । ਅੰਮ੍ਰਿਤਸਰ ਦੇ ਸ਼ਾਹੂਕਾਰ ਬਹੁਤ ਧਨਾਢ ਹਨ । ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਇਨ੍ਹਾਂ ਸਾਰਿਆਂ ਵਿਚੋਂ ਰਾਮਾ ਸ਼ਾਹ 'ਬਾਣੀਆਂ' ਸਿਰਕੱਢ ਸੀ । ਕਿਸ਼ਨ ਦਾਸ, ਸਦਜੂ ਕਸ਼ਮੀਰੀ, ਜੋ ਨੇਕ ਤੇ ਸਖੀ ਹੋਣ ਕਾਰਨ ਪ੍ਰਸਿੱਧ ਸੀ ਅਤੇ ਇਕ ਤਲਾ ਤੇ ਬਾਗ ਉਸ ਦੀ ਯਾਦਗਾਰ ਭੀ ਹੈ, ਚੌਧਰੀ ਤਖਤ ਮੱਲ, ਕਿਸ਼ਨ ਦਾਸ 'ਅਰੋੜਾ', ਲਾਲਾ ਸ਼ੰਕਰ ਦਾਸ 'ਬਾਣੀਆਂ', ਟੇਕ ਚੰਦ 'ਖੰਨਾ' ਖੱਤਰੀ, ਕੋਟੂ ਸ਼ਾਹ, ਲਾਲ ਚੰਦ 'ਚੋਪੜਾ' ਅਤੇ ਮਿਸਰ ਰੁਲੀਆ ਰਾਮ ਪਰਮਿੱਟ ਵਾਲਾ ਆਦਿ ਰਸੂਖ ਵਾਲੇ ਵਿਅੱਕਤੀ ਸਨ । ਉਥੋਂ ਦੇ ਖੱਤਰੀਆਂ ਵਿਚੋਂ ਭਾਈ ਸੰਤ ਸਿੰਘ ਗਿਆਨੀ ਗੁਰੂ ਗਰੰਥ ਸਾਹਿਬ ਦੀ ਕਥਾ ਕਰਨ ਵਿਚ ਬਹੁਤ ਪ੍ਰਸਿੱਧ ਸੀ । ਭਾਈ ਬੁੱਧ ਸਿੰਘ ਭਾਖਾ ਜ਼ਬਾਨ (ਬ੍ਰਜ ਭਾਸ਼ਾ) ਵਿਚ ਕਵਿਤਾ ਕਹਿਣ 'ਚ ਆਪਣੇ ਸਮੇਂ ਦਾ ਸਿਰਕੱਢ ਵਿਅੱਕਤੀ ਸੀ । ਸਾਧਾਂ ਸੰਤਾਂ ਤੇ ਆਤਮਦਰਸ਼ੀ ਵਿਅੱਕਤੀਆਂ, ਜੋ ਇਕਾਂਤ ਸਥਾਨਾਂ ਅਤੇ ਬੁੰਗਿਆਂ ਵਿਚ ਰੱਬ ਦੀ ਬੰਦਗੀ ਕਰਦੇ ਹਨ ਅਤੇ ਉਸ ਨਾਲ ਜੁੜੇ ਹੋਏ ਹਨ, ਬਾਰੇ ਕੀ ਗੱਲ ਕਰੀਏ । ਇਨ੍ਹਾਂ ਮਹਾਂ ਪੁਰਸ਼ਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਅਤੇ ਉਨ੍ਹਾਂ ਦੇ ਹਾਲਾਤ ਅਕੱਥ ਹਨ ।

ਜਦੋਂ ਸੂਬਾ ਪੰਜਾਬ ਦੇ ਦੋ ਵੱਡੇ ਸ਼ਹਿਰਾਂ ਦਾ ਹਾਲ ਲਿਖਿਆ ਜਾ ਚੁੱਕਾ ਹੈ ਤਾਂ ਹੁਣ ਥੋੜ੍ਹਾ

ਜਿਹਾ ਲਾਹੌਰ ਤੋਂ ਪੂਰਬ ਵਲ ਸਥਿੱਤ ਤੱਲਕਿਆਂ ਤੇ ਨਗਰਾਂ ਦੇ ਨਾਉਂ ਸੰਖੇਪ ਤੌਰ ਤੇ ਲਿਖੇ ਜਾਂਦੇ ਹਨ।

ਨੂਰਪੁਰ ਨੱਗਰ, ਗੁਲੀਰ ਅਤੇ ਕਿਲ੍ਹਾ ਕਾਂਗੜਾ ਪੂਰਬੀ ਪਹਾੜਾਂ ਵਿਚਕਾਰ ਸਥਿੱਤ ਹਨ। ਸੁਜਾਨ ਪੁਰ ਇੱਕ ਪਰਗਣੇ ਦਾ ਨਾਉਂ ਹੈ । ਪਠਾਨਕੋਟ ਭੀ ਇੱਕ ਵੱਖਰਾ ਪਰਗਣਾ ਹੈ। ਇਨ੍ਹਾਂ ਦੋਵੇਂ ਪਰਗਣਿਆਂ ਦੀ ਕਾਨੂੰਗੋਈ ਦਾ ਅਹੁਦਾ 'ਪੁਰੀ' ਖੱਤਰੀਆਂ ਦੇ ਨਾਮ ਹੈ । ਦੀਨਾ ਨੱਗਰ ਇੱਕ ਨੱਗਰ ਦਾ ਨਾਮ ਹੈ ਜੋ ਸਰਦਾਰ ਮਿਰਜ਼ਾ ਆਦੀਨਾ ਬੇਗ, ਜੋ ਮੁਹੰਮਦ ਸ਼ਾਹ ਬਾਦਸ਼ਾਹ ਦਾ ਦਰਬਾਰੀ ਹੋਇਆ ਹੈ, ਨੇ ਵਸਾਇਆ ਹੈ। ਉੱਥੇ ਅੰਬ ਦੇ ਬਾਗ ਬਹੁਤ ਹਨ ਅਤੇ ਨਹਿਰ ਦਾ ਪਾਣੀ ਬਹੁਤ ਠੰਢਾ ਹੈ। ਕੰਖਟਾ ਇੱਕ ਛੋਟੇ ਨੱਗਰ ਦਾ ਨਾਉਂ ਹੈ । ਮੀਆਂ ਪੁਰ ਵੱਡਾ ਪਿੰਡ ਹੈ। ਤਾਲਿਬ ਪੁਰ ਇੱਕ ਪਿੰਡ ਹੈ। ਪੰਡੋਰੀ ਵਿਖੇ ਭਗਵਾਨ ਨਰੈਣ ਬੈਰਾਗੀ ਦਾ ਪੂਜਾ-ਸਥਾਨ ਹੈ। ਕੁਠਾਲਾ ਇੱਕ ਜਗ੍ਹਾ ਦਾ ਨਾਉਂ ਹੈ ਜਿੱਥੇ ਵੈਸ਼ਨੂੰ ਬੈਰਾਗੀਆਂ ਦਾ ਡੇਰਾ ਹੈ। ਮੀਰਥਲ ਇੱਕ ਜਗ੍ਹਾ ਦਾ ਨਾਮ ਹੈ। ਨਗਰੋਟਾ ਇੱਕ ਵੱਡਾ ਪਿੰਡ ਹੈ। ਘਰੋਟਾ ਛੋਟਾ ਤੱਲਕਾ ਹੈ । ਸ਼ਾਹ ਪੁਰ ਦਰਿਆ ਰਾਵੀ ਦੇ ਕੰਢੇ ਇੱਕ ਜਗ੍ਹਾ ਹੈ । ਤਾਰਾਗੜ੍ਹ ਇੱਕ ਤੱਲਕੇ ਦਾ ਨਾਉਂ ਹੈ। ਬਹਿਰਾਮ ਪੁਰ ਇੱਕ ਪਰਗਣਾ ਹੈ । ਉਸ ਨੱਗਰ ਵਿਖੇ 'ਨੰਦਾ' ਜ਼ਾਤ ਦੇ ਖੱਤਰੀ ਲੋਕ ਬਹੁਤ ਹਨ । ਛੇੜਕਾ ਮੁਰਾਰਾ ਇੱਕ ਵੱਡੇ ਪਿੰਡ ਦਾ ਨਾਉਂ ਹੈ ਜਿੱਥੇ ਲਾਲ ਸਿੰਘ ਮੁਰਾਰੀਏ ਦਾ ਘਰ ਸੀ। ਗੁਰਦਾਸ ਪੁਰ 'ਗੰਜ ਬਖਸ਼' ਬ੍ਰਾਹਮਣ ਉਦਾਸੀ ਸਾਧੂਆਂ ਦੀ ਜਗ੍ਹਾ ਹੈ । ਉੱਥੇ ਅੱਜ ਕੱਲ੍ਹ ਬਾਬਾ ਬਦਰੀ ਦਾਸ ਮਹੰਤ ਗੱਦੀ 'ਤੇ ਬਿਰਾਜਮਾਨ ਹੈ । ਗੁਰਦਾਸ ਪੁਰ ਦਾ ਬਾਨੀ ਭਾਈ ਦੂਨੀ ਚੰਦ ਹੈ । ਇਸੇ ਥਾਂ ਬੰਦਾ ਬਹਾਦੁਰ ਡੱਟ ਕੇ ਸ਼ਾਹੀ ਫੌਜ ਨਾਲ ਲੜਿਆ ਸੀ। ਦੋਰਾਂਗਲਾ ਤੱਲਕੇ ਦਾ ਨਾਉਂ ਹੈ। ਚੱਕ ਬੋਲਾਕੀ ਪ੍ਰਸਿੱਧ ਹੈ। ਘੁੰਮਣਕੇ ਪ੍ਰਸਿੱਧ ਪਿੰਡ ਹੈ। ਕੋਟਲੀ ਸੂਰਤ ਮਲ੍ਹੀ, ਨੌਸ਼ਹਿਰਾ, ਖੇਮ ਕਰਨ, ਨੰਗਲ ਪੁਰ ਪ੍ਰਸਿੱਧ ਪਿੰਡ ਹਨ-। ਧਿਆਨ ਪੁਰ ਇੱਕ ਅਸਥਾਨ ਹੈ ਜਿੱਥੇ ਬਾਦਸ਼ਾਹ ਸ਼ਾਹ ਜਹਾਨ ਦੇ ਰਾਜ-ਕਾਲ ਵਿੱਚ ਮਹਾਂ ਪੁਰਸ਼ਾਂ ਦਾ ਮੁਖੀ ਬਾਬਾ ਲਾਲ ਹੋਇਆ ਹੈ। ਕਈ ਵਾਰ ਬਾਦਸ਼ਾਹ ਸ਼ਾਹ ਜਹਾਨ ਦੇ ਵੱਡੇ ਸਪੁੱਤਰ ਮੁਹੰਮਦ ਦਾਰਾ ਸ਼ਿਕੋਹ ਨੇ ਉਸ ਦੀ ਸੇਵਾ ਵਿੱਚ ਹਾਜ਼ਰ ਹੋਣ ਦਾ ਸੁਭਾਗ ਪ੍ਰਾਪਤ ਕੀਤਾ ਸੀ । ਮੁਨਸ਼ੀ ਚੰਦਰ ਭਾਨ ਬ੍ਰਾਹਮਣ ਨੇ ਮਾਅਰਫਤ ਦੀ ਉਸ ਵਾਰਤਾਲਾਪ, ਜੋ ਦਾਰਾ ਸ਼ਿਕੋਹ ਦੇ ਸਵਾਲਾਂ ਤੇ ਬਾਬਾ ਲਾਲ ਦੇ ਉੱਤਰਾਂ ਸਮੇਂ ਹੋਈ, 'ਤੇ ਨਿਰਭਰ ਇੱਕ ਪੁਸਤਕ ਲਿਖੀ ਹੈ । ਇਸ ਵੇਲੇ ਬਾਬਾ ਲਾਲ ਦਾ ਉਤਰਾਧਿਕਾਰੀ ਇੱਕ ਤਪੱਸਵੀ ਸਾਧੂ ਹੈ।

ਖਾਨ ਪੁਰ ਪ੍ਰਸਿੱਧ ਪਿੰਡ ਹੈ। ਧਰਮ ਕੋਟ ਬੱਗਾ ਕਿਲ੍ਹੇ ਤੇ ਤੱਲਕੇ ਦਾ ਨਾਉਂ ਹੈ । ਧਰਮ ਕੋਟ ਰੰਧਾਵਾ ਭੀ ਪ੍ਰਸਿੱਧ ਹੈ। ਸਰਕਾਰ ਦੀ ਬੇਗਮ ਗੁਲਬੇਗਮ ਦੀ ਜਗੀਰ ਵਿੱਚ ਗੋਨਾਵਾਲੀ ਇੱਕ ਵੱਡਾ ਪਿੰਡ ਹੈ। ਡੇਰਾ ਬਾਬਾ ਨਾਨਕ ਬਾਬੇ ਨਾਨਕ ਦਾ ਦੇਹੁਰਾ-ਸਥਾਨ ਹੈ ਜੋ ਰਾਵੀ ਦਰਿਆ ਦੇ ਕੰਢੇ ਸਥਿੱਤ ਹੈ। ਉਸਤਤ ਯੋਗ ਬਾਬੇ ਦੀ ਸੰਤਾਨ ਦੀ ਰਿਹਾਇਸ਼ ਕਾਰਨ ਅੱਜ ਕਲ੍ਹ ਵੱਡਾ ਸ਼ਹਿਰ ਬਣ ਗਿਆ ਹੈ। ਆਮ ਸ਼ਾਹੂਕਾਰ ਤੇ ਖੱਤਰੀ ਉੱਥੇ ਰਹਿੰਦੇ ਹਨ। ਲੋਕ ਬਾਬਾ ਨਾਨਕ ਸਾਹਿਬ ਦੇ ਅਸਥਾਨ ਦੇ ਦਰਸ਼ਨਾਂ ਲਈ ਦੂਰ ਦੁਰਾਡਿਉਂ ਆਉਂਦੇ ਹਨ ਅਤੇ ਭੇਟਾਵਾਂ ਚੜ੍ਹਾਉਂਦੇ ਹਨ। ਉਥੇ ਮੁਸਾਫਿਰਾਂ ਲਈ ਹਮੇਸ਼ਾਂ ਲੰਗਰ ਚਲਦਾ ਰਹਿੰਦਾ ਹੈ। ਭਾਵੇਂ ਬਾਬੇ ਨਾਨਕ ਦੀ ਸੰਤਾਨ 'ਚੋਂ ਸਾਰੇ ਵਿਅੱਕਤੀ ਬਰਕਤ ਵਾਲੇ ਹਨ ਪਰੰਤੂ ਅੱਜ ਕਲ੍ਹ ਇਨ੍ਹਾਂ ਸਾਰਿਆਂ ਵਿਚੋਂ ਭੂਪ ਚੰਦ ਦੇ ਚਾਰੇ ਸਾਹਿਬਜ਼ਾਦੇ ਬਾਬਾ ਫਕੀਰ ਬਖਸ਼, ਸੰਤ ਬਖ਼ਸ਼, ਹਰਬਖਸ਼ ਅਤੇ ਕਰਤਾਰ ਬਖਸ਼ ਸਦਾਚਾਰਕ ਗੁਣਾ, ਮੇਲ ਜੋਲ ਦੇ ਢੰਗਾਂ ਅਤੇ ਦੁਨਿਆਵੀ ਤੇ ਅਧਿਆਤਮਕ ਸਿਫਤਾਂ ਵਿਚ ਸਭ ਤੋਂ ਅੱਗੇ ਹਨ। ਉਨ੍ਹਾਂ ਦੀ ਬੰਸਾਵਲੀ ਬਾਬੇ ਨਾਨਕ ਸ਼ਾਹ ਨਾਲ ਗਿਆਰਵੀਂ ਪੁਸ਼ਤ ਵਿਚ ਮਿਲ਼ਦੀ ਹੈ। ਬਾਬਾ ਨ ਨਕ ਸਾਹਿਬ ਦੇ ਦੋ ਪੁੱਤਰ ਸਨ, ਸ੍ਰੀ ਚੰਦ ਤੇ ਲਖਮੀਂ ਚੰਦ। ਸ੍ਰੀ ਚੰਦ ਸੰਸਾਰ ਦਾ ਤਿਆਗੀ ਸੀ ਤੇ ਕਬੀਲਦਾਰ ਨਾ ਬਣਿਆ। ਬਾਬਾ ਲਖਮੀਂ ਚੰਦ ਕਬੀਲਦਾਰ ਸੀ। ਉਸ ਦੇ ਬੇਟੇ ਦਾ ਨਾਉਂ ਧਰਮ ਚੰਦ ਸੀ। ਧਰਮ ਚੰਦ ਦੇ ਦੋ ਬੇਟੇ ਹੋਏ, ਮਾਣਕ ਚੰਦ ਤੇ ਮਿਹਰ ਚੰਦ। ਮਾਣਕ

ਚੰਦ ਦੇ ਤਿੰਨ ਪੁੱਤਰ ਸਨ, ਦਾਤਾਰ ਚੰਦ, ਜਗਤ ਚੰਦ ਤੇ ਅਨਾਯਤ ਚੰਦ। ਦਾਤਾਰ ਚੰਦ ਦੇ ਘਰ ਪੰਜ ਬੇਟੇ ਸਨ। ਪਹਿਲਾ ਗੁਰਦਿੱਤਾ ਜੋ ਦੁਨਿਆਵੀ ਬੰਧਨਾਂ ਤੋਂ ਅਜ਼ਾਦ ਰਹਿਣ ਦਾ ਆਦੀ ਸੀ, ਦੂਜਾ ਬਹਾਰ ਚੰਦ, ਤੀਜਾ ਤਾਰਾ ਚੰਦ, ਚੌਥਾ ਉਦੇ ਚੰਦ ਅਤੇ ਪੰਜਵਾਂ ਫਤਹਿ ਚੰਦ। ਬਾਬੇ ਬਹਾਰ ਚੰਦ ਦੇ ਚਾਰ ਪੁੱਤਰ ਸਨ, ਆਸਾ ਚੰਦ, ਮਨਸਾ ਚੰਦ, ਹਰਕਰਨ ਚੰਦ ਅਤੇ ਸੂਰਜ ਸਿੰਘ । ਆਸਾ ਚੰਦ ਦੇ ਤਿੰਨ ਪੁੱਤਰ ਹੋਏ, ਬਾਬਾ ਮਾਇਆ ਧਾਰੀ ਤੇ ਬਾਬਾ ਗੁਰਚਰਨ ਦਾਸ । ਗੁਰਚਰਨ ਦਾਸ ਦੇ ਕੋਈ ਸੰਤਾਨ ਨਹੀਂ ਸੀ ਅਤੇ ਬਾਬਾ ਮਾਇਆ ਧਾਰੀ ਦੇ ਤਿੰਨ ਬੇਟੇ ਪੈਦਾ ਹੋਏ, ਬਾਬਾ ਭੂਪ ਚੰਦ, ਮਿਲਾਪ ਚੰਦ 'ਅਤੇ ਜਮੀਅਤ ਚੰਦ। ਸਰਬਸ਼ਕਤੀਮਾਨ ਪ੍ਰਮਾਤਮਾ ਨੇ ਬਾਬੇ ਭੂਪ ਚੰਦ ਨੂੰ ਚਾਰ ਵਿਦਵਾਨ ਬੇਟੇ ਬਖਸ਼ੇ, ਬਾਬਾ ਫਕੀਰ ਬਖਸ਼, ਬਾਬਾ ਸੰਤ ਬਖਸ਼, ਬਾਬਾ ਹਰਬਖਸ਼ ਰਾਏ ਤੇ ਬਾਬਾ ਕਰਤਾਰ ਬਖਸ਼ ਜਿਨ੍ਹਾਂ ਦਾ ਬਿਆਨ ਉਪਰ ਹੋ ਚੁਕਿਆ ਹੈ। ਕਹਿੰਦੇ ਹਨ ਕਿ ਗੁਰੂ ਨਾਨਕ ਸ਼ਾਹ ਦੇ ਬੇਟੇ ਗੁਰੂ ਸ੍ਰੀ ਚੰਦ ਦੇ ਚੇਲਿਆਂ ਦੀ ਲੜੀ 'ਚੋਂ ਇਕ ਅਜਾਦ-ਸੁਭਾ ਹਿੰਦੂ ਉਦਾਸੀ ਸਾਧੂ ਨੇ, ਜਿਸ ਦਾ ਨਾਮ ਬਾਬਾ ਤਵੱਕਲ ਸ਼ਾਹ ਸੀ ਅਤੇ ਜੋ ਸਾਰੇ ਇਲਮਾਂ ਦਾ ਜਾਣੂ ਸੀ, ਡੇਰਾ ਬਾਬਾ ਨਾਨਕ ਵਿਖੇ ਬਾਬਾ ਭੂਪ ਚੰਦ ਦੇ ਘਰ ਆ ਕੇ ਸਾਰੀ ਆਯੂ ਬਤੀਤ ਕੀਤੀ। ਉਪਰ ਦੱਸੇ ਬਰਕਤੀਲੇ ਸਾਧੂ ਦੀ ਸੰਗਤ ਸਦਕਾ ਬਾਬਾ ਭੂਪ ਚੰਦ ਦੇ ਬੇਟਿਆਂ ਨੇ ਨੇਕ ਕਥਨੀ ਤੇ ਕਰਨੀ ਦੀ ਪੂੰਜੀ ਪ੍ਰਾਪਤ ਕੀਤੀ। ਸਮਾਪਤ।

ਹੋਰ ਬਾਬਾ ਰਾਮ ਦਿਆਲ 'ਬੇਦੀ' ਉਸੇ ਨਾਨਕ ਸ਼ਾਹੀ ਲੜੀ ਦੀ ਸੰਤਾਨ 'ਚੋਂ ਹੋਇਆ ਹੈ ਜਿਸ ਨੇ ਸਾਰੀ ਆਯੂ ਇਸਤਰੀ ਅਤੇ ਅਨਦਾੜ੍ਹੀਏ ਮੁੰਡੇ ਨੂੰ ਆਪਣੇ ਪਾਸ ਆਉਣ ਨਹੀਂ ਦਿੱਤਾ। ਬਾਹਲੇ ਸਾਧੂ ਉਨ੍ਹਾਂ ਦੀ ਸੰਗਤ ਕਰਕੇ ਲਾਭ ਉਠਾਉਂਦੇ ਸਨ। ਬਾਬਾ ਆਸਾ ਚੰਦ ਦੇ ਪੁੱਤਰ ਬਾਬਾ ਕਲਾ ਧਾਰੀ ਦਾ ਪੁੱਤਰ ਬਾਬਾ ਸਾਹਿਬ ਸਿੰਘ 'ਬੇਦੀ' ਭੀ ਬਰਕਤ ਤੇ ਆਤਮਕ ਬਲ ਵਾਲਾ ਪ੍ਰਸਿੱਧ ਵਿਅਕਤੀ ਸੀ। ਬਾਬਾ ਸਾਹਿਬ ਸਿੰਘ ਆਪਣੀ ਮਲਕੀਅਤ ਵਾਲੇ ਪਿੰਡ ਊਨਾਂ ਵਿਖੇ ਰਹਿਣ ਲੱਗ ਪਇਆ ਅਤੇ ਉੱਥੇ ਹੀ ਪ੍ਰਲੋਕ ਸਿਧਾਰ ਗਿਆ। ਉੱਥੇ ਉਸ ਦੀ ਸਮਾਧ ਤੀਰਥ-ਸਥਾਨ ਹੈ । ਉੱਪਰ ਦੱਸੇ ਬਾਬਾ ਮਿਹਰ ਚੰਦ ਦੇ ਚਾਰ ਪੁੱਤਰ ਹੋਏ, ਦਿਆਲ ਚੰਦ, ਰੂਪ ਨਰੈਣ ਤੇ ਨਿਧਾਨ ਚੰਦ। ਸਾਰੇ ਬੇਦੀ ਸਾਹਿਬਜ਼ਾਦੇ ਸਤਿਕਾਰਯੋਗ ਵਿਅੱਕਤੀ ਹਨ। ਸਮਾਪਤ।

ਉਦਾਸੀ ਸਾਧੂਆਂ ਦਾ ਵੱਡਾ ਡੇਰਾ ਟਾਹਲੀ ਬਾਬਾ ਸ੍ਰੀ ਚੰਦ, ਡੇਹਰਾ ਸਾਹਿਬ ਦੇ ਨਾਲ ਲਗਦਾ ਸਥਿੱਤ ਹੈ ਜਿੱਥੇ ਉਹ ਹਮੇਸ਼ਾ ਪਾਂਧੀਆਂ ਨੂੰ ਲੰਗਰ ਪਾਣੀ ਛਕਾਉਂਦੇ ਹਨ। ਰਮਦਾਸ, ਸਾਧੂਆਂ ਦੀ ਜਗ੍ਹਾ ਤੇ ਉਦਾਸੀ ਸਾਧਾਂ ਦਾ ਸਤਿਕਾਰਯੋਗ ਸਥਾਨ ਹੈ। ਭਗਤਾਂ ਵਾਂਗ ਖੁਦਾ ਦੀ ਯਾਦ ਵਿੱਚ ਡੁੱਬੇ ਰਹਿਣ ਵਾਲੇ ਰਾਮ ਗੁਰ ਦੀ ਸਮਾਧ ਉਸੇ ਥਾਂ ਹੈ। ਜੱਸੜ ਵਾਲ ਪ੍ਰਸਿੱਧ ਪਿੰਡ ਦਾ ਨਾਉਂ ਹੈ। ਨੰਗਲ ਗੁਰਾਂ, ਜੋ ਨੰਗਲ ਕੱਸੂ (ਕੱਥੂ) ਕਰਕੇ ਜਾਣਿਆਂ ਜਾਂਦਾ ਹੈ, ਪ੍ਰਸਿੱਧ ਪਿੰਡ ਹੈ। ਚਮਿਆਰੀ ਪਰਗਣੇ ਦਾ ਨਾਉਂ ਹੈ। ਉਸ ਨੱਗਰ ਵਿਚ ਸ਼ਹਿਜ਼ਾਦਾ ਸ਼ੇਰ ਸਿੰਘ ਦੇ ਦੀਵਾਨ ਵੇਸਾਖਾ ਸਿੰਘ ਦਾ ਘਰ ਸੀ। ਸੂਰੀਆਂ ਪ੍ਰਸਿੱਧ ਹੈ। ਫੱਲੋਵਾਲ ਇਕ ਵਧੀਆ ਥਾਂ ਹੈ ਅਤੇ ਹੋਰ ਫਤਹਿਗੜ੍ਹ ਤੱਲਕੇ ਦਾ ਨਾਉਂ ਹੈ। ਵਟਾਲਾ ਇਕ ਪਰਗਣਾ ਹੈ ਜਿਸ ਨੂੰ ਬਟਾਲਾ ਭੀ ਲਿਖਦੇ ਹਨ। ਕਪੂਰਥਲੇ ਦੇ ਸਰਦਾਰ ਰਾਏ ਰਾਮ ਦੇਵ ਭੱਟੀ ਨੇ ੯੭੭ ਹਿਜਰੀ, ਸੰਮਤ ੧੫੨੩ ਬਿਕਰਮੀ (ਮੁਤਾਬਿਕ ਸੰਨ ੧੪੭੨-੭੩ ਈ:) ਵਾਲੇ ਸਾਲ ਜੰਗਲ ਵਿਚ ਬਟਾਲੇ ਦੀ ਨੀਂਹ ਰੱਖ ਕੇ ਸ਼ਹਿਰ ਉਸਰਵਾਇਆ। ਅਕਬਰ ਬਾਦਸ਼ਾਹ ਤੇ ਸ਼ਾਹ ਜਹਾਨ ਦੇ ਰਾਜ ਕਾਲ ਵਿਚ ਬਟਾਲੇ ਦੀ ਅਬਾਦੀ ਬਹੁਤ ਹੋ ਗਈ। ਇਸ ਪਰਗਣੇ ਦੀ ਕਾਨੂੰਗੋਈ ਦਾ ਅਹੁਦਾ ਰਾਏ ਮਹੇਸ਼ ਦਾਸ 'ਪੁਰੀ' ਖੱਤਰੀ ਦੀ ਸੰਤਾਨ ਦੇ ਨਾਉਂ ਲੱਗਿਆ ਹੋਇਆ ਹੈ। ਇਸ ਪਰਗਣੇ 'ਚ ਚਾਰ ਤਪੇ ਹਨ, ਪਹਿਲਾ ਤਪਾ ਹਵੇਲੀ, ਦੂਜਾ ਬੀਰੋਕੇ, ਜੋ ਕਾਦੀਆਂ ਵੱਲ ਹੈ, ਤੀਜਾ ਤਪਾ ਮਹੀਂ ਅਤੇ ਚੌਥਾ ਤਪਾ ਦਰੀਆਂ ਵਾਲਾ ਹੈ। ਪੁਰਾਣੇ

ਸਮਿਆਂ ਤੋਂ 'ਪੁਰੀ', ਭੰਡਾਰੀ 'ਖੋਸਲੇ', 'ਧੀਰ', ਅਤੇ ਇਨ੍ਹਾਂ ਤੋਂ ਬਿਨਾਂ ਹੋਰ ਜ਼ਾਤਾਂ ਦੇ ਖੱਤਰੀ ਲੋਕ ਇਸ ਨੱਗਰ ਦੇ ਵੱਡੇ ਆਦਮੀਆਂ ਵਿਚੋਂ ਹਨ। ਬਾਹਲੇ ਤਲਾ ਤੇ ਬਾਗ ਇਨ੍ਹਾਂ ਦੇ ਹੀ ਹਨ। ਅੱਜ ਕੱਲ੍ਹ ਰਾਏ ਗੋਬਿੰਦ ਜਸ ਪੁੱਤਰ ਨੰਦ ਸਿੰਘ 'ਭੰਡਾਰੀ', ਜੋ ਸਰਕਾਰ ਮਹਾਰਾਜਾ ਰਣਜੀਤ ਸਿੰਘ ਵਲੋਂ ਅੰਗਰੇਜ਼ ਸਾਹਿਬਾਂ ਦੇ ਦਰਬਾਰ 'ਚ ਰਾਜਦੂਤ ਦੇ ਅਹੁਦੇ 'ਤੇ ਨਿਯੁਕਤ ਸੀ, ਨੇ ਵਧੀਆ ਤਲਾ ਬਣਵਾਇਆ ਤੇ ਨਵਾਂ ਬਾਗ ਲਗਵਾਇਆ ਹੈ। ਬਾਬਾ ਸੰਤ ਦਾਸ ਉਦਾਸੀ ਨੇ ਭੀ ਬਗੀਚਾ ਲਗਵਾਇਆ ਤੇ ਤਲਾ ਬਣਵਾਇਆ ਹੈ। ਅਕਬਰ ਬਾਦਸ਼ਾਹ ਦੇ ਦੁੱਧ-ਭਾਈ ਸ਼ਮਸ਼ੇਰ ਖਾਂ, ਜੋ ਵਟਾਲੇ ਦਾ ਹਾਕਮ ਸੀ, ਦਾ ਤਲਾ ਤੇ ਪੁਰਾਣਾ ਬਾਗ ਬਹੁਤ ਖੁੱਲ੍ਹਾ ਡੁੱਲ੍ਹਾ ਅਤੇ ਪ੍ਰਸਿੱਧ ਹੈ। ਸ਼ਮਸ਼ੇਰ ਖਾਂ ਦੇ ਤਲਾ ਦੇ ਪੂਰਬ ਵਲ ਮਹਾਰਾਜਾ ਸ਼ੇਰ ਸਿੰਘ ਨੇ ਬਾਗ ਦੇ ਵਿਚਕਾਰ ਬਹੁਤ ਵਧੀਆ ਬਾਰਾਂਦਰੀ ਬਣਵਾਈ ਜਿਸ ਨੂੰ ਅਨਾਰਕਲੀ ਕਿਹਾ ਜਾਂਦਾ ਹੈ। ਉਸ ਨੇ ਤਲਾ ਦੇ ਵਿਚਕਾਰ ਇਕ ਵਿਸ਼ਰਾਮ-ਘਰ, ਜਿਸ ਦਾ ਨਾਉਂ ਜਲ-ਮਹਲ ਹੈ, ਬੜੀ ਸ਼ਾਨ ਸ਼ੌਕਤ ਨਾਲ ਤਿਆਰ ਕਰਵਾਇਆ ਹੈ। ਉੱਥੇ 'ਧੀਰ' ਖੱਤਰੀਆਂ ਦਾ ਇਕ ਬਹੁਤ ਮਨਮੋਹਣਾ ਤਲਾ ਹੈ। ਖਲਾਸਾ ਉਲਤਵਾਰੀਖ ਤੇ ਖਲਾਸਾ ਉਲਮਕਾਤੀਬ ਦੇ ਖਰੜੇ ਦਾ ਕਰਤਾ ਲਾਲਾ ਸੁਜਾਨ ਸਿੰਘ 'ਧੀਰ' ਔਰੰਗਜ਼ੇਬ ਆਲਮਗੀਰ ਦੇ ਰਾਜ ਸਮੇਂ ਖੱਤਰੀ ਕੌਮ ਦੀ ਇਸੇ ਜ਼ਾਤ ਵਿਚੋਂ ਹੋਇਆ ਹੈ। ਉਥੋਂ ਦੇ ਹਾਕਮਾਂ ਵਿਚੋਂ ਖ਼ਲੀਫਾ ਗ਼ੁਲਾਮ ਹੁਸੈਨ ਤੇ ਖ਼ੁਦਾਸ਼ਨਾਸ ਮੀਆਂ ਅਹਿਮਦ ਸ਼ਾਹ ਪੁਤਰ ਮੁਹੰਮਦ ਸ਼ਾਹ ਬਹੁਤ ਨੇਕ ਤੇ ਭਲੇ ਵਿਅੱਕਤੀ ਹੋਏ ਹਨ। ਸਮਾਪਤ।

ਮਹਾਂ ਦੇਵ ਦੇ ਨੇਕ ਸਪੁਤ੍ਰ ਸ਼ਾਮ ਕਾਰਤਕ ਨਾਲ ਸੰਬੰਧਤ ਬਟਾਲੇ ਦੇ ਨਾਲ ਲਗਦਾ ਦੋ ਕੋਹ 'ਤੇ 'ਅਚਲ' (ਅਚਲ ਬਟਾਲਾ) ਇਕ ਅਸਥਾਨ ਹੈ। ਇਹ ਪੁਰਾਣੇ ਸਮਿਆਂ ਤੋਂ ਪੂਜਾ-ਸਥਾਨ ਮੰਨਿਆਂ ਜਾਂਦਾ ਹੈ। ਉੱਥੇ ਇਕ ਵੱਡਾ ਤਲਾ ਹੈ ਜਿੱਥੇ ਕਤਕ ਦੇ ਮਹੀਨੇ ਲੋਕਾਂ ਦਾ ਇਕੱਠ ਹੁੰਦਾ ਹੈ। ਬਟਾਲੇ ਤੋਂ ਤਿੰਨ ਕੋਹ 'ਤੇ ਪਿੰਡ ਦਿਆਲੀ ਵਾਲ ਹੈ। ਉੱਥੇ ਸ਼ਮਸਉੱਦੀਨ 'ਦਰਿਆਈ' ਦਾ ਮਕਬਰਾ ਹੈ। ਉਸ ਮਕਬਰੇ ਦੇ ਸ਼ਰਧਾਲੂ ਹਿੰਦੂ ਲੋਕ ਹਨ ਜੋ ਉਸਤਤ ਯੋਗ ਸ਼ਾਹ ਦੇ ਸ਼ਰਧਾਲੂ ਦਿਆਲੀ ਰਾਮ ਦੀ ਨਸਲ ਵਿਚੋਂ ਹਨ। ਮਿਆਨੀ, ਸਾਧੂਆਂ ਦਾ ਇਕ ਪਿੰਡ ਹੈ। ਕਲਾਨੌਰ ਇਕ ਪਰਗਣਾ ਹੈ। ਅਕਬਰ ਬਾਦਸ਼ਾਹ ਇਸੇ ਸ਼ਹਿਰ ਵਿਚ ਰਾਜਗੱਦੀ 'ਤੇ ਬੈਠਾ ਸੀ। ਉਥੋਂ ਦੇ ਰਈਸਾਂ ਵਿਚੋਂ 'ਤੁਲੀ' ਖੱਤਰੀ ਪ੍ਰਸਿੱਧ ਹਨ। ਉਸ ਕੌਮ ਦੇ ਲੋਕਾਂ ਵਿੱਚੋਂ ਸੰਤੋਖ ਰਾਏ ਕਾਨੂੰਗੋ ਰਾਜ ਭਾਗ ਦਾ ਮਾਲਕ ਹੋਇਆ ਹੈ। ਮੱਤੇ ਵਾਲ ਇਕ ਪ੍ਰਸਿੱਧ ਥਾਂ ਹੈ। ਪਿੰਡ ਚਵਿੰਡਾ ਕਿਲ੍ਹੇ ਸਮੇਤ ਉਘਾ ਪਿੰਡ ਹੈ। ਚਾਹਲ ਭੀ ਮਸ਼ਹੂਰ ਥਾਂ ਹੈ। ਪਿੰਡ ਚੰਡੀ 'ਸੋਢੀਆਂ' ਦੀ ਜਗੀਰ ਹੈ। ਅਕਾਦਸੀ ਵਾਲ ਇਕ ਪ੍ਰਸਿੱਧ ਪਿੰਡ ਹੈ। ਕਹਿੰਦੇ ਹਨ ਕਿ ਉਥੇ ਇਕ ਛੋਟੇ ਬੁਰਜ ਵਿਚ ਇਕ ਦਿਓ ਕੈਦ ਕੀਤਾ ਹੋਇਆ ਹੈ। ਉੱਥੇ ਥੇਹ 'ਤੇ ਸਾਲ ਵਿਚ ਇਕ ਵਾਰ ਮੇਲਾ ਲਗਦਾ ਹੈ। ਮਿਰਜ਼ਾ ਜਾਨ ਨਾਮੀ ਇਕ ਪ੍ਰਸਿੱਧ ਪਿੰਡ ਹੈ। ਦੇਹਰੀ ਵਾਲਾ ਪ੍ਰਸਿੱਧ ਹੈ। ਪਰਗਣਾ ਰੰਧਾਵਾ ਪ੍ਰਸਿੱਧ ਹੈ। ਸੋਹਲ, ਕਾਦੀਆਂ ਤੇ ਰਿਆੜਕੀ ਪ੍ਰਸਿੱਧ ਤੇ ਉੱਘੇ ਹਨ। ਹਰੀ ਗੋਵਿੰਦਾ ਦੇ ਨੇੜੇ ਸ਼ਿਕਾਰਗਾਹ ਵਜੋਂ ਕਾਹਨਵਾਂ ਇਕ ਪ੍ਰਸਿੱਧ ਜਗ੍ਹਾ ਹੈ। ਜ਼ਫਰ ਵਾਲਾ ਤੇ ਟਿੱਬੀ ਵਾਲਾ ਗੁਰਦਿੱਤ ਸਿੰਘ ਮਲਵਈ ਦੀ ਜਗੀਰ ਹਨ। ਸੋਹੀਆਂ ਇਕ ਵਡਾ ਪਿੰਡ ਹੈ। ਉਥੇ ਤਾਂਬੇ ਦੇ ਭਾਂਡੇ ਬਣਾਉਣ ਵਾਲੇ ਠਠਿਆਰਾਂ ਦੇ ਕਾਫੀ ਘਰ ਹਨ। ਸ਼ੌਕਣ ਵਿੰਡ ਇਕ ਕਿਲ੍ਹਾ ਹੈ। ਰਣਗੜ੍ਹ ਇਕ ਪਿੰਡ ਹੈ ਜਿੱਥੇ ਦਾ ਸ੍ਰ: ਗੁੱਜਰ ਸਿੰਘ ਸੀ। ਮੀਆਂ ਪੁਰ ਤੇ ਨੌਸ਼ਹਿਰਾ ਦਰਿਆ ਦੇ ਕੰਢੇ ਹਨ, ਮੌਲੀ, ਮੱਲੀ ਤੇ ਪਠਾਨ ਪੱਤਨ-ਸਥਾਨ ਹਨ। ਸ੍ਰੀ ਹਰਗੋਬਿੰਦ ਪੁਰ ਬਿਆਸ ਦਰਿਆ ਦੇ ਕੰਢੇ 'ਤੇ ਹੈ। ਮਹਿਤਾ, ਸੰਬਾਲਾ ਤੇ ਬੋਤਾਲਾ ਤੱਲਕੇ ਹਨ। ਜਲਾਲ ਪੁਰ ਇਕ ਪਰਗਣਾ ਹੈ। ਕਿਕਰ ਵਾਲਾ ਅਤੇ ਫਤਹਿਵਾਲ ਪਿੰਡ ਦਰਿਆ ਦੇ ਕੰਢੇ 'ਤੇ ਸਥਿੱਤ ਹਨ। ਵੈਰੋਵਾਲ ਬਿਆਸ ਦੇ ਕੰਢੇ 'ਤੇ ਹੈ। ਗੜੀ ਬਾਬਿਆਂ ਇਕ ਪਿੰਡ ਹੈ। 'ਢਿਲੋਂ' ਜ਼ਿਮੀਂਦਾਰਾਂ ਦੀ ਵਿਰਾਸਤ ਦਾ ਪੰਜਵੜ ਇਕ ਪ੍ਰਸਿੱਧ ਪਿੰਡ ਹੈ। ਸ੍ਰ: ਗੁਲਾਬ ਸਿੰਘ ਤੇ ਉਸ ਦੇ ਵਡੇ ਵਡੇਰੇ ਭੰਗੀ ਸਰਦਾਰਾਂ ਨੇ ਉਥੋਂ ਉੱਠ ਕੇ

ਇਲਾਕੇ ਫਤਹਿ ਕੀਤੇ। ਜੰਡਿਆਲਾ ਗੁਰੂ ਆਕਲ ਰਾਏ ਨਿਰੰਜਨੀਆ ਗੁਰੂ ਦਾ ਪ੍ਰਸਿਧ ਅਸਥਾਨ ਹੈ। ਗੁਰੂ ਆਕਲ ਰਾਏ ਦੇ ਬਜ਼ੁਰਗਾਂ ਤੇ ਉਤਰ ਅਧਿਕਾਰੀਆਂ ਦੀਆਂ ਸਮਾਧਾਂ ਤੇ ਤਲਾ ਉਸੇ ਥਾਂ ਹਨ। ਗੁਰੂ ਅਮਰ ਦਾਸ ਤੇ ਗੁਰੂ ਅਰਜਨ ਦੇਵ ਜੀ ਦਾ ਨਿਵਾਸ ਅਸਥਾਨ ਖਡੂਰ ਸਾਹਿਬ ਬਿਆਸ ਦਰਿਆ ਦੇ ਕੰਢੇ 'ਤੇ ਹੈ। ਸਰਾਏ ਨੂਰਉੱਦੀਨ, ਨੌਸ਼ਹਿਰਾ ਪੰਨੂਆਂ ਤੇ ਮਾਨਾਵਾਲਾ ਪ੍ਰਸਿੱਧ ਹਨ। ਤਰਨਤਾਰਨ ਇਕ ਜਗ੍ਹਾ ਹੈ ਜਿਥੇ ਸ੍ਰੀ ਅੰਮ੍ਰਿਤਸਰ ਵਾਂਗ ਸਰੋਵਰ ਹੈ, ਜੋ ਪੂਜਾ-ਸਥਾਨ ਹੈ, ਅਤੇ ਉੱਥੇ ਗੁਰੂ ਅਰਜਨ ਦੇਵ ਸਾਹਿਬ ਦਾ ਬਣਾਇਆ ਹੋਇਆ ਇਕ ਮਹਿਲ ਹੈ। ਦੂਖ ਨਿਵਾਰਨ ਭੀ ਇਕ ਸਰੋਵਰ ਹੈ ਜੋ ਇਸ਼ਨਾਨ ਕਰਨ ਲਈ ਪਵਿੱਤਰ-ਸਥਾਨ ਹੈ। ਰਾਮਤੀਰਥ ਇਕ ਵੱਡਾ ਸਰੋਵਰ ਹੈ। ਉਸ ਥਾਂ ਪੱਕੀ ਇਮਾਰਤ ਬਣੀ ਹੋਈ ਹੈ ਤੇ ਬਰਕਤ ਵਾਲੀ ਜਗ੍ਹਾ ਹੈ। ਦੋਧਾ ਰਾਮ ਬੈਰਾਗੀ ਉਸ ਥਾਂ ਬਜ਼ੁਰਗਾਂ ਦੀ ਗੱਦੀ 'ਤੇ ਬੈਠਾ ਹੈ। ਰਾਜਾ ਸਾਂਸੀ ਇਕ ਪ੍ਰਸਿਧ ਥਾਂ ਹੈ ਜਿਥੋਂ ਦਾ ਸ੍ਰ: ਬੁਧ ਸਿੰਘ ਸੀ। ਲੋਪੋਕੇ ਪ੍ਰਸਿੱਧ ਪਿੰਡ ਹੈ। ਅਵਾਨ ਉੱਘਾ ਪਿੰਡ ਹੈ। ਅੰਮ੍ਰਿਤਸਰ ਦੇ ਨੇੜੇ ਸੁਲਤਾਨ ਵਿੰਡ ਅਤੇ ਇਕ ਪਿੰਡ ਕੋਟ ਰਾਜਾ ਹੈ। ਕਾਲਿਆਂ ਵਾਲਾ ਇਕ ਵੱਡਾ ਪਿੰਡ ਹੈ ਜਿਥੇ ਸ੍ਰ. ਫਤਹਿ ਸਿੰਘ ਦਾ ਨਿਵਾਸ ਅਸਥਾਨ ਸੀ। ਗੁਮਟਾਲਾ ਅੰਮ੍ਰਿਤਸਰ ਦੇ ਨੇੜੇ ਹੈ। ਅੰਮ੍ਰਿਤਸਰ ਦੇ ਨਾਲ ਲਗਦਾ ਤੁੰਗ ਇਕ ਪਿੰਡ ਹੈ। ਸੱਈਅਦ ਮਹਿਮੂਦ ਇਕ ਪ੍ਰਸਿੱਧ ਜਗ੍ਹਾ ਹੈ। ਗਿਲਵਾਲੀ ਤੇ ਸਰਹਾਲੀ ਪਿੰਡ ਹਨ। ਅੰਮ੍ਰਿਤਸਰ ਤੇ ਲਾਹੌਰ ਦੇ ਰਾਹ 'ਚ ਪੁਲ ਕੰਜਰੀ ਪਸਿੱਧ ਥਾਂ ਹੈ ਜਿਥੇ ਲਾਹੌਰ ਦੇ ਸ਼ਾਹੂਕਾਰ ਗੰਗੂ ਸ਼ਾਹ 'ਮਹਿਰਾ' ਦੀ ਧਰਮਸਾਲਾ, ਖੂਹ, ਤਲਾ, ਬਾਗ ਤੇ ਮਕਾਨ ਹੈ। ਭਸੀਨ ਵੱਡਾ ਪਿੰਡ ਹੈ। ਉਥੇ ਪ੍ਰਾਚੀਨ ਸਮੇਂ ਤੋਂ ਬੋਹੜ ਦਾ ਵੱਡਾ ਰੁੱਖ ਖੜਾ ਹੈ। ਕਹਾਲੀ ਤੇ ਕਹਾਲਾ ਦੋਵੇਂ ਪਿੰਡ ਹਨ। ਅਵਾਕ ਪਿੰਡ ਹੈ। ਅਟਾਰੀ ਇਕ ਪ੍ਰਸਿੱਧ ਪਿੰਡ ਹੈ। ਜਿਥੋਂ ਦੇ ਸਰਕਾਰ ਟੇਕ ਸਿੰਘ ਤੇ ਸ਼ਾਮ ਸਿੰਘ ਅਟਾਰੀ ਵਾਲਾ ਸਨ। ਹੈਬਤ ਪੁਰ ਪੱਟੀ ਇਕ ਪਰਗਣਾ ਹੈ। ਪੱਟੀ ਨੱਗਰ ਦੇ ਜ਼ਿਮੀਂਦਾਰ 'ਗੌਰੀ' ਮੁਗਲ ਹਨ। ਉਸ ਪਰਗਣੇ ਦੀ ਕਾਨੂੰਗੋਈ ਖੱਤਰੀਆਂ ਦੀਆਂ ਦੋ ਜ਼ਾਤਾਂ 'ਬੇਦੀ' ਅਤੇ 'ਮਹਿਤਾ' ਦੇ ਨਾਉਂ ਲੱਗੀ ਹੋਈ ਹੈ। ਬਿਆਸ ਤੇ ਸਤਲੁਜ ਦੇ ਸੰਗਮ ਦੇ ਕੰਢੇ 'ਤੇ ਹਰੀਕੇ ਇਕ ਪਿੰਡ ਹੈ। ਖੇਮਕਰਨ ਇਕ ਉੱਘੀ ਜਗ੍ਹਾ ਹੈ। ਕਸੂਰ, ਅਫਗਾਨਾ ਦਾ ਇਕ ਸ਼ਹਿਰ ਹੈ। ਖਤਰੀਆਂ ਦੀਆਂ ਬਾਹਲੀਆਂ ਜ਼ਾਤਾਂ ਉੱਥੇ ਰਹਿੰਦੀਆਂ ਹਨ। ਵਲਟੋਹਾ ਤੇ ਪਧਾਣਾ ਪ੍ਰਸਿੱਧ ਹਨ। ਸੁਰ ਸਿੰਘ ਵਡਾ ਪਿੰਡ ਹੈ। ਨਰਵੜ ਪ੍ਰਸਿੱਧ ਪਿੰਡ ਹੈ। ਸਰਾਏ ਅਮਾਨਤ ਖਾਂ ਉੱਘੀ ਥਾਂ ਹੈ। ਸਰਾਏ ਔਰੰਗਾਬਾਦ (ਨੌਰੰਗਾਬਾਦ) ਪ੍ਰਸਿੱਧ ਹੈ। ਮਾੜੀ ਮੋਹਰ ਸਿੰਘ ਇਕ ਪਿੰਡ ਹੈ। ਮਨਹਾਲਾ, ਚਾਹਲ, ਕਾਹਨਾ ਕਾਛਾ, ਢੰਡ ਕਸੇਲ ਜਿੱਥੇ ਮਹਾਂਦੇਵ ਦਾ ਮੰਦਰ ਹੈ, ਕਲਸੀਆਂ ਅਤੇ ਜੇਜੂ ਕੁਲ ਆਦਿ ਸਾਰੇ ਪ੍ਰਸਿੱਧ ਪਿੰਡ ਹਨ। ਸੂਕਰ ਚੱਕ ਇਕ ਪਿੰਡ ਹੈ। ਸਰਕਾਰ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਪਿਤਾਮੇ ਇੱਥੇ ਹੀ ਰਹਿੰਦੇ ਸਨ। ਚੀਚਾ ਭਕਨਾ ਪ੍ਰਸਿੱਧ ਹੈ। ਮਜੀਠਾ ਪ੍ਰਸਿੱਧ ਹੈ ਜਿੱਥੋਂ ਦਾ ਮਸ਼ਹੂਰ ਤੀਰ-ਅੰਦਾਜ਼ ਅਮਰ ਸਿੰਘ ਹੋਇਆ ਹੈ। ਸਰਦਾਰ ਵੈਸਾਖਾ ਸਿੰਘ ਦਾ ਘਰ ਭੀ ਉੱਥੇ ਹੀ ਸੀ। ਅੱਜ ਕੱਲ੍ਹ ਉਸ ਦਾ ਬੇਟਾ ਲਹਿਣਾ ਸਿੰਘ ਹੈ ਜਿਸ ਨੇ ਗਣਿਤ ਵਿਦਿਆ ਅਤੇ ਜੋਤਿਸ਼ ਗਿਆਨ ਵਿਚ ਬਹੁਤ ਨਾਮ ਪੈਦਾ ਕੀਤਾ ਹੈ। ਜਾਜੂ ਵਾਲੇ ਅਤੇ ਸਨਖਤਰਾ ਪ੍ਰਸਿੱਧ ਹਨ। ਜੇਠੂ ਵਾਲ, ਗੁਰੂ ਜੀ ਦਾ ਪਵਿੱਤਰ ਸਥਾਨ ਹੈ। ਬੱਲੋਕੀ ਜਗ੍ਹਾ ਹੈ। ਬੋਖਾਣਾ ਪ੍ਰਸਿੱਧ ਥਾਂ ਹੈ। ਛੀਮਾਂ ਪ੍ਰਸਿੱਧ ਹੈ। ਮੁਲਤਾਨ ਇਲਾਕੇ ਦਾ ਸ਼ਹਿਰ ਦੀਪਾਲ ਪੁਰ ਹੈ ਜੋ ਇਸ ਸਮੇਂ ਪੰਜਾਬ ਵਿਚ ਸ਼ਾਮਲ ਹੈ। ਉਥੇ ਬਾਬਾ ਲਾਲ ਦਾ ਪੂਜਾ-ਸਥਾਨ ਹੈ। 'ਮਹਿਰੇ' ਖੱਤਰੀ ਉੱਥੇ ਪੂਜਾ ਕਰਨ ਲਈ ਜਾਂਦੇ ਹਨ। ਖੜਲ ਜਾਂਗਲੀਆਂ ਦੀ ਕੌਮ ਦਾ ਨਾਉਂ ਹੈ ਜੋ ਆਮ ਕਰਕੇ ਜੰਗਲ ਤੇ ਬਿਆਬਾਨ ਵਿਚ ਟੱਪਰੀ ਵਾਸ ਬਣ ਕੇ ਰਹਿੰਦੇ ਹਨ ਅਤੇ ਮਾਲ ਡੰਗਰ ਬਹੁਤ ਰੱਖਦੇ ਹਨ। 'ਬਾਰ' ਜੰਗਲ ਦਾ ਨਾਉਂ ਹੈ ਜਿਸ ਨੂੰ ਲੱਖੀ ਜੰਗਲ ਕਹਿੰਦੇ ਹਨ। ਬਾਰ ਦੇ ਇਲਾਕੇ ਵਿਚ 'ਡੋਗਰ' ਤੇ 'ਗੁੱਜਰ' ਕੌਮਾਂ ਦੇ ਲੋਕ ਰਹਿੰਦੇ ਹਨ। ਉਸ ਇਲਾਕੇ ਵਿਚ ਹੁਜਰਾ ਸ਼ਾਹ ਮੁਕੀਮ ਅਤੇ ਸ਼ੇਰ ਗੜ੍ਹ ਪੂਜਾ-ਸਥਾਨ ਹਨ। ਪੰਜਾਬ ਵਿਚ ਸਥਿੱਤ ਪਾਕਪਟਣ, ਜਿਸ ਨੂੰ ਅਜਵਾਹ ਭੀ ਕਹਿੰਦੇ ਹਨ, ਦਰਮਿਆਨਾ ਜਿਹਾ ਇਕ ਸ਼ਹਿਰ ਹੈ ਜਿੱਥੇ ਬਾਦਸ਼ਾਹ ਸੁਲੇਮਾਨ ਫ਼ਰੁੱਖ ਸ਼ਾਹ 'ਕਾਬਲੀ' ਦੀ ਸੰਤਾਨ ਵਿੱਚੋਂ

ਸ਼ੇਖ ਜਲਾਲਉੱਦੀਨ ਦੇ ਪੁੱਤਰ ਸ਼ੇਖ ਫਰੀਦ ਸ਼ਕਰ ਗੰਜ ਨੇ ਸੰਨ ੬੬੮ ਹਿਜਰੀ (ਮੁਤਾਬਿਕ ਸੰਨ ੧੨੬੯ ਈ:) ਦੇ ਮੁਹੱਰਮ ਮਹੀਨੇ ਦੀ ਪੰਜ ਤਰੀਕ ਨੂੰ ਸਨਿਚਰਵਾਰ ਵਾਲੇ ਦਿਨ ਸਰੀਰ ਛੱਡਿਆ। ਉਸ ਸ਼ਹਿਰ ਵਿਚ ਉਹਨਾਂ ਦਾ ਮਕਬਰਾ ਪੂਜਾ-ਸਥਾਨ ਹੈ। ਕਹਿੰਦੇ ਹਨ ਕਿ ਸ਼ੇਖ ਫ਼ਰੀਦ ਨੇ ਖ਼ੁਦਾ ਨੂੰ ਪਾਉਣ ਲਈ ਬਹੁਤ ਤਪ-ਸਾਧਨਾਂ ਕੀਤੀ ਸੀ। ਉਹ ਕਿੰਨਾ ਹੀ ਸਮਾਂ ਕਾਠ ਦੀ ਰੋਟੀ ਢਿੱਡ 'ਤੇ ਬੰਨ੍ਹ ਕੇ ਖ਼ੁਦਾ ਦੀ ਯਾਦ ਵਿਚ ਲੱਗਿਆ ਰਿਹਾ ਅਤੇ ਪੂਰਨ ਬ੍ਰਹਮ ਗਿਆਨੀ ਬਣ ਗਿਆ ਸੀ।

ਦੁਆਬਾ ਬਿਸਤ ਜਲੰਧਰ

ਪੰਜਵਾਂ ਦੁਆਬਾ ਬਿਸਤ ਜਲੰਧਰ ਹੈ ਜੋ ਦਰਿਆ ਬਿਆਸ ਅਤੇ ਸਤਲੁਜ ਜਿਸ ਨੂੰ ਸਤ ਲੂਦ ਭੀ ਕਹਿੰਦੇ ਹਨ, ਵਿਚਕਾਰ ਸਥਿੱਤ ਹੈ। ਦਰਿਆ ਸਤਲੁਜ ਤਿੱਬਤ ਦੇ ਪਹਾੜਾਂ ਵਿਚੋਂ ਨਿਕਲਕੇ ਕੁੱਲੂ ਦੇਸ਼ ਦੇ ਇਲਾਕੇ ਵਿਚੋਂ ਲੰਘਦਾ ਹੈ। ਉਥੋਂ ਪਹਾੜੀ ਇਲਾਕੇ ਵਿਚ ਵਹਿੰਦਾ ਹੋਇਆ ਕਹਿਲੂਰ ਪਹਾੜ ਦੇ ਨੇੜੇ ਪੁੱਜਦਾ ਹੈ ਅਤੇ ਉਸ ਪਹਾੜ ਨੂੰ ਚਾਰ ਚੁਫੇਰਿਉਂ ਘੇਰ ਲੈਂਦਾ ਹੈ। ਕਹਿਲੂਰ ਦੇ ਰਾਜੇ ਦੀ ਰਾਜਧਾਨੀ ਬਲਾਸਪੁਰ ਨਾਮੀਂ ਇਕ ਸ਼ਹਿਰ ਹੈ। ਪਹਾੜਾਂ ਵਿਚੋਂ ਬਾਹਰ ਆਉਣ ਮਗਰੋਂ ਦਰਿਆ ਸਤਲੁਜ ਦੋ ਹਿੱਸਿਆਂ 'ਚ ਹੋ ਕੇ ਮਾਖੋਂ (ਅਨੰਦਪੁਰ), ਜੋ ਗੁਰੂ ਗੋਬਿੰਦ ਸਿੰਘ ਜੀ ਦਾ ਨਿਵਾਸ-ਸਥਾਨ ਸੀ, ਅਤੇ ਕੀਰਤ ਪੁਰ ਸਾਹਿਬ ਜਿੱਥੇ ਗੁਰੂ ਹਰ ਗੋਬਿੰਦ ਸਾਹਿਬ ਤੇ ਗੁਰੂ ਹਰ ਰਾਏ ਸਾਹਿਬ ਰਹਿੰਦੇ ਸਨ, ਤੋਂ ਲੰਘਦਾ ਹੋਇਆ ਰੋਪੜ ਨੱਗਰ ਪੁੱਜਣ ਤੱਕ ਮੁੜ ਇਕ ਥਾਂ ਹੋ ਜਾਂਦਾ ਹੈ। ਉਥੋਂ ਮਾਛੀਵਾੜਾ ਨੱਗਰ ਦੀਆਂ ਹੱਦਾਂ ਲੰਘਦਾ ਹੋਇਆ ਲੁਧਿਆਣੇ ਨੇੜੇ ਪੁੱਜ ਜਾਂਦਾ ਹੈ। ਉਥੋਂ ਤਲਵਨ ਨੱਗਰ ਦੇ ਨਾਲ ਦੀ ਲੰਘਦਾ ਹੋਇਆ ਪਿੰਡ ਲੋਨ ਦੇ ਨੇੜੇ ਹਰੀਕੇ, ਜੋ ਹੈਬਤ ਪੁਰ ਪੱਟੀ ਦੇ ਪਰਗਣੇ ਦ ਪ੍ਰਬੰਧ ਹੇਠ ਹੈ, ਵਿਖੇ ਬਿਆਸ ਦਰਿਆ ਵਿਚ ਮਿਲ ਜਾਂਦਾ ਹੈ। ਦੋਵੇਂ ਦਰਿਆ ਇਕ ਥਾਂ ਹੋ ਕੇ ਝਨਾ ਦਰਿਆ ਵਿਚ ਮਿਲ ਜਾਂਦੇ ਹਨ। ਇਸ ਦੁਆਬੇ ਦੀ ਚੌੜਾਈ ਅੰਦਾਜ਼ੇ ਨਾਲ ਚਾਲੀ ਕੋਹ ਤੋਂ ਕੁਝ ਉੱਤੇ ਹੈ।

ਦੁਆਬਾ ਬਿਸਤ ਜਲੰਧਰ ਦੇ ਸ਼ਹਿਰਾਂ ਦਾ ਬਿਆਨ

ਜਲੰਧਰ ਨੱਗਰ ਬਹੁਤ ਪੁਰਾਣਾ ਸ਼ਹਿਰ ਹੈ ਜੋ ਪੁਰਾਣੇ ਜ਼ਮਾਨੇ ਵਿੱਚ ਵੱਡਾ ਸ਼ਹਿਰ ਸੀ। ਅੱਜ ਕੱਲ੍ਹ ਦੂਜੇ ਨੱਗਰਾਂ ਵਾਂਗ ਛੋਟਾ ਜਿਹਾ ਸ਼ਹਿਰ ਬਣ ਗਿਆ ਹੈ। ਕਹਿੰਦੇ ਹਨ ਕਿ ਇਸ ਦੁਆਬੇ ਦੀ ਸਾਰੀ ਧਰਤੀ ਦਾ ਨਾਉਂ ਜਲੰਧਰ ਸੀ। ਤਰੇਤੇ ਜੁੱਗ ਦੇ ਸ਼ੁਰੂ ਵਿੱਚ ਜਲੰਦਰ ਦੇਵ ਦੈਤ ਨੇ ਇਸ ਸ਼ਹਿਰ ਨੂੰ ਆਪਣੇ ਨਾਉਂ 'ਤੇ ਅਬਾਦ ਕਰਕੇ ਆਪਣੀ ਰਾਜ ਧਾਨੀ ਥਾਪ ਦਿੱਤਾ ਸੀ। ਇਸੇ ਕਰਕੇ ਕਿਲ੍ਹਾ ਕਾਂਗੜਾ ਦੇ ਪਹਾੜ ਦੀ ਘਾਟੀ ਤੱਕ ਇਸ ਧਰਤੀ ਨੂੰ ਬਿਸਤ ਜਲੰਧਰ ਕਹਿੰਦੇ ਹਨ। ਸਮਿਆਂ ਦੇ ਬਦਲਣ ਨਾਲ ਇਹ ਸ਼ਹਿਰ ਕਈ ਵਾਰ ਉਜੜਿਆ ਅਤੇ ਕਈ ਵਾਰ ਵਸਿਆ ਹੈ ਪਰੰਤੂ ਜਲੰਧਰ ਦਾ ਨਾਉਂ ਉਸੇ ਤਰ੍ਹਾਂ ਕਾਇਮ ਰਿਹਾ। ਇੱਥੋਂ ਦੇ ਬਾਹਲੇ ਵਸਨੀਕ ਉੱਚੀਆਂ ਜ਼ਾਤਾਂ ਦੇ ਖੱਤਰੀ ਲੋਕ ਹਨ। ਸ਼ੇਰ ਸ਼ਾਹ ਦੇ ਰਾਜ-ਕਾਲ ਤੋਂ ਇਸ ਨੱਗਰ ਦੇ ਆਲੇ ਦੁਆਲੇ ਅਫਗਾਨਾਂ ਦੀਆਂ ਬਸਤੀਆਂ ਅਬਾਦ ਹੋ ਗਈਆਂ ਹਨ। ਬਿਜਲੀ ਖਾਂ ਦਾ ਮਕਬਰਾ ਅਫਗਾਨਾ ਦਾ ਬਹੁਤ ਲੰਮਾ ਚੌੜਾ ਸਥਾਨ ਹੈ। ਇਮਾਮ ਨਾਸਿਰਉੱਦੀਨ ਤੇ ਸਿਕੰਦਰ ਸ਼ਾਹ ਦੀਆਂ ਖਾਨਗਾਹਾਂ ਅਤੇ ਪੰਜ ਪੀਰ ਤੇ ਪੀਰ-ਏ-ਗੈਬ ਭੀ ਪੂਜਾ ਸਥਾਨ ਹਨ। ਸ੍ਰੀ ਕਾਲਕਾ ਤੇ ਦੇਵੀ ਚਿੰਤਪੁਰਨੀ ਦੇ ਦੇਵੀ ਦੁਆਰੇ ਹਿੰਦੂਆਂ ਦੇ ਪੂਜਾ-ਸਥਾਨ ਹਨ। ਉੱਥੋਂ ਦੇ ਵੱਡੇ ਆਦਮੀਆਂ 'ਚੋਂ 'ਸਹਿਗਲ', 'ਥਾਪਰ', ਸੋਂਧੀ, 'ਬੱਟ', 'ਪੁਰੀ' ਤੇ 'ਚੱਢਾ' ਆਦਿ ਜ਼ਾਤਾਂ ਦੇ ਖੱਤਰੀ ਪ੍ਰਸਿੱਧ ਹਨ। ਇੱਥੋਂ ਦੀ ਕਾਨੂੰਗੋਈ ਦਾ ਅਹੁਦਾ 'ਸਹਿਗਲ' ਤੇ 'ਥਾਪਰ' ਖੱਤਰੀਆਂ ਦੇ ਨਾਉਂ ਲੱਗਿਆ ਹੋਇਆ ਹੈ। ਸ਼ਹਿਰ ਦੀ

ਮਾਲਕੀ ਭੀ ਉੱਪਰ ਦੱਸੇ ਖੱਤਰੀਆਂ ਦੇ ਨਾਉਂ ਹੈ। ਸਮਾਪਤ।

ਦੁਆਬਾ ਜਲੰਧਰ ਦੇ ਪਹਾੜੀ ਇਲਾਕਿਆਂ ਵਿੱਚੋਂ ਡਾਡਾ, ਸੀਬਹ, ਜਸਵਾਂ ਅਤੇ ਕੋਤਲਹਰ ਆਦਿ ਇਲਾਕੇ ਪ੍ਰਸਿੱਧ ਹਨ। ਦਰਿਆ ਸਤਲੁਜ ਦੇ ਕੰਢੇ ਸਥਿੱਤ ਫਿਲੌਰ ਨੱਗਰ ਤੇ ਕਿਲ੍ਹਾ ਪ੍ਰਸਿੱਧ ਜਗ੍ਹਾ ਹੈ। ਉੱਥੇ ਪੁਰਾਣੇ ਸਮਿਆਂ ਤੋਂ ਕਾਫਲਿਆਂ ਦੇ ਠਹਿਰਨ ਵਾਸਤੇ ਬਣੀ ਹੋਈ ਇੱਕ ਸਰਾਂ ਹੈ। ਰਾਹੋਂ ਇੱਕ ਨੱਗਰ ਹੈ ਜਿਸ ਨੂੰ ਪਰਗਣਾ ਵਾਰਵਿਕ ਕਹਿੰਦੇ ਹਨ। ਉੱਥੋਂ ਦੇ ਜ਼ਿਮੀਂਦਾਰ ਰੰਘੜ ਰਾਜਪੂਤ ਹਨ। ਉਸ ਕੌਮ ਵਿੱਚੋਂ ਲਾਲਾ ਦੱਲ ਸਿੰਘ ਪ੍ਰਸਿੱਧ ਹੈ। ਲਾਲਾ ਸਲਾਮਤ ਰਾਏ ਦਫਤਰੀ ਦਾ ਘਰ ਉਸੇ ਥਾਂ ਹੈ। ਉੱਥੋਂ ਦੇ ਵਸਨੀਕਾਂ ਵਿਚੋਂ 'ਖੋਸਲਾ', 'ਜਗੋਟਾ' ਅਤੇ 'ਬਸੰਭੂ' ਜ਼ਾਤਾਂ ਦੇ ਖੱਤਰੀ ਲੋਕ ਪ੍ਰਸਿੱਧ ਹਨ। ਉੱਥੇ ਪੁਰਾਣੇ ਸਮਿਆਂ ਵਿੱਚ ਰਾਜੂ ਨਾਮੀਂ 'ਖੰਨਾ' ਖੱਤਰੀ ਮਿਲਣਸਾਰ ਤੇ ਸਖੀ ਹੋਣ ਕਰਕੇ ਪ੍ਰਸਿੱਧ ਸੀ ਅਤੇ ਅੱਜ ਤੱਕ ਉਸ ਦੀਆਂ ਗੱਲਾਂ ਲੋਕਾਂ ਦੀ ਜ਼ਬਾਨ 'ਤੇ ਹਨ। ਸ਼ਹਿਰ ਦੇ ਨੇੜੇ ਇਕ ਤਲਾ ਹੈ ਜਿਸ ਨੂੰ 'ਸੂਰਜ ਕੁੰਡ' ਕਹਿੰਦੇ ਹਨ ਅਤੇ ਪੂਜਾ-ਸਥਾਨ ਮੰਨਦੇ ਹਨ। ਆਮ ਕਰਕੇ ਹਿੰਦੂ ਲੋਕ ਮੁਰਦੇ ਨੂੰ ਉਸੇ ਪਾਸੇ ਅਗਨੀ ਭੇਟ ਕਰਦੇ ਹਨ। ਪਰਗਣਾ ਰਾਹੋਂ ਵਿਚ ਗੁਨਾਂਚੌਰ ਵੱਡਾ ਪਿੰਡ ਹੈ। ਉਥੇ ਬੈਰਮ ਖਾਨ ਖਾਨਖਾਨਾਂ ਦਾ ਅਕਬਰ ਬਾਦਸ਼ਾਹ ਦੀਆਂ ਫੌਜਾਂ ਨਾਲ ਮੁਕਾਬਲਾ ਹੋਇਆ। ਲਸਾੜਾ ਇਕ ਵੱਡੇ ਪਿੰਡ ਦਾ ਨਾਉਂ ਹੈ। ਉੱਥੇ ਲਾਲਾ ਗੁਰ ਸਹਾਏ ਮੁਨਸ਼ੀ ਦਾ ਘਰ ਸੀ ਜੋ ਰਾਮ ਗੜ੍ਹੀਏ ਸਰਦਾਰਾਂ ਦੀ ਹਕੂਮਤ ਦਾ ਮੁਲਾਜ਼ਿਮ ਹੋਇਆ ਹੈ। ਉਸ ਵਰਗਾ ਸੰਖੇਪ ਤੌਰ ਤੇ ਅਲੰਕ੍ਰਿਤ ਗੱਦ ਰਚਨਾ ਕਰਨ ਵਾਲਾ ਮੁਨਸ਼ੀ ਕੋਈ ਘੱਟ ਹੀ ਹੋਵੇਗਾ। ਤਲਵਣ ਦਰਿਆ ਸਤਲੁਜ ਦੇ ਕੰਢੇ ਇਕ ਪ੍ਰਸਿੱਧ ਨੱਗਰ ਹੈ। ਨਵਾਂ ਸ਼ਹਿਰ ਇਕ ਪ੍ਰਸਿੱਧ ਨੱਗਰ ਹੈ। ਉੱਥੇ ਨਵੇਂ ਬਣੇ ਮੁਸਲਮਾਨ ਮੁਹੰਮਦ ਸਦੀਕ਼ ਦੀ ਉਸਰਵਾਈ ਹੋਈ ਬਾਰਾਂ ਦਰੀ ਤੇ ਤਲਾ ਹੈ। ਉੱਥੋਂ ਦੇ ਵੱਡੇ ਆਦਮੀਆਂ ਵਿਚੋਂ 'ਉੱਮਤ' ਤੇ 'ਭੋਚਰ' ਜਾਤਾਂ ਦੇ ਖੱਤਰੀ ਲੋਕ ਹਨ। ਦੀਵਾਨ ਲੱਖੂ, ਜੋ ਪਹਿਲਾਂ ਪਹਿਲ ਸਰਕਾਰ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦਾ ਕਾਰ ਮੁਖਤਿਆਰ ਸੀ, ਦਾ ਘਰ ਉੱਥੇ ਹੀ ਸੀ। ਕਪੂਰਥਲਾ ਪ੍ਰਸਿੱਧ ਥਾਂ ਹੈ। ਸਰਦਾਰ ਜੱਸਾ ਸਿੰਘ ਕਲਾਲ ਇਥੋਂ ਦਾ ਸੀ। ਉਸ ਦੇ ਲਸ਼ਕਰ ਨੂੰ ਯੋਧਾ—ਦੱਲ ਕਹਿੰਦੇ ਹਨ। ਅੱਜ ਕੱਲ੍ਹ ਉਸ ਦੀ ਸੰਤਾਨ ਵਿਚੋਂ ਫਤਹਿ ਸਿੰਘ ਆਹਲੂਵਾਲੀਆ ਵੱਡਾ ਸਰਦਾਰ ਹੈ। ਉੱਥੇ ਸ਼ਿਵ ਦੁਆਲੇ ਦੀ ਬਹੁਤ ਵਧੀਆ ਇਮਾਰਤ ਉਸੇ ਦੀ ਉਸਰਵਾਈ ਹੋਈ ਹੈ। ਕਾਠ ਗੜ੍ਹ ਕਿਲ੍ਹੇ ਦਾ ਨਾਉਂ ਹੈ। ਗੜ੍ਹ ਸ਼ੰਕਰ ਤੱਲਕੇ ਦਾ ਨਾਉਂ ਹੈ। ਜਿਨ੍ਹਾਂ ਪਰਗਣਿਆਂ ਤੇ ਤੱਲਕਿਆਂ ਦੇ ਨਾਉਂ ਲਿਖਣੇ ਰਹਿ ਗਏ ਹਨ ਉਹ ਇਹ ਹਨ :—

ਨੂਰਮਹਿਲ, ਕੋਟ ਸ਼ਾਹਾਂ, ਕੋਟ ਬਾਦਲ ਖਾਂ, ਸਰਾਏ ਦੱਖਣੀ, ਫਗਵਾੜਾ, ਮੁਕੰਦ ਪੁਰ, ਬੰਗਾ, ਬਹਰੋਵਾਲ, ਹਾਤਾ, ਬਿਜਵਾੜਾ ਜਿਥੋਂ ਦੀਆਂ ਚਿੱਟੀਆਂ ਪਗੜੀਆਂ ਪ੍ਰਸਿੱਧ ਹਨ। ਸੇਰੋਵਾਲ, ਹੁਸ਼ਿਆਰਪੁਰ, ਜਿੱਥੇ ਸ਼ੇਖ ਗੁਲਾਮ ਮਹੀਉੱਦੀਨ ਕੱਕੇ ਜ਼ਈ ਦਾ ਘਰ ਹੈ ਤੇ ਜੋ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਦੇ ਰਾਜ ਵਿਚ ਕਸ਼ਮੀਰ ਦਾ ਨਾਜ਼ਿਮ (ਪ੍ਰਬੰਧਕ) ਸੀ। ਹੁਸ਼ਿਆਰਪੁਰ ਵਿਖੇ ਬਾਗ ਬਹੁਤ ਹਨ, ਨੱਗਰ ਹਰਿਆਣਾ ਗੜ੍ਹਦੀਵਾਲਾ ਜਿੱਥੇ ਦੇਵੀ ਦੀ ਜਗ੍ਹਾ ਪੂਜਾ-ਸਥਾਨ ਹੈ, ਪਿੰਡ ਬਹਾਦੁਰ ਪੁਰ ਜਿੱਥੇ ਉਦਾਸੀ ਸਾਧੂਆਂ ਦਾ ਬਹੁਤ ਵਧੀਆ ਡੇਰਾ ਹੈ, ਕੰਗ ਦਲ ਸਿੰਘ ਵਾਲੀ ਜਿਥੇ ਸਦਾ ਵਰਤ (ਲੰਗਰ) ਚਲਦਾ ਰਹਿੰਦਾ ਹੈ, ਪਰਗਣਾ ਭੂੰਗਾ, ਮੁਕੇਰੀਆ, ਜੱਗੋਵਾਲ ਸਮੇਤ ਕਿਲ੍ਹਾ ਭੰਗਾਲਾ, ਮਹਿਤਾਬਪੁਰਾ, ਹਾਜੀ ਪੁਰਾ, ਦਾਤਾਰ ਪੁਰ, ਤਲਵਾੜਾ, ਉਰਮੁਤ ਟਾਂਡਾ (ਉਰਮੁੜ ਟਾਂਡਾ), ਸਠਾਲੀ, ਪਰਗਣਾ ਮਿਆਣੀ ਜਿਥੋਂ ਦਾ ਅਮੀਰ ਪਾਇੰਦਾ ਖਾਂ ਅਫਗਾਨ ਸੀ ਜੋ ਗੁਰੂ ਗੋਬਿੰਦ ਸਿੰਘ ਦੇ ਨਾਲ ਲੜਿਆ, ਪਰਗਣਾ ਸ਼ਾਮ ਚੌਰਾਸੀ, ਅਲਾਵਲ ਪੁਰ, ਕਰਤਾਰਪੁਰ ਜਿਥੋਂ ਦਾ ਸਾਧੂ ਸਿੰਘ 'ਸੋਢੀ' ਵੱਡਾ ਰਈਸ ਹੈ। ਦੁਹਗੜੀ ਅਫਗਾਨਾ, ਦਰਵੇਲੀ, ਡੁਮੇਲੀ, ਪਰਗਣਾ ਨਕੋਦਰ ਉਰਫ ਸਰਾਏ ਨਕੋਦਰ ਜਿੱਥੇ ਵੱਡਾ ਤਲਾ ਹੈ, ਪਰਗਣਾ ਸੁਲਤਾਨ ਪੁਰ, ਦੱਖਣੀ ਸਰਾਏ, ਢਾਰਾ, ਬਿਲਗਾ, ਜੰਡਾਲਾ, ਰੁੜਕੀ, ਰੁੜਕਾ, ਜਮਸ਼ੇਰ, ਪਰਗਣਾ ਇਸਲਾਮਾਬਾਦ, ਪਰਗਣਾ ਏਤਬਾਰਾਬਾਦ, ਪਰਗਣਾ

ਰਹੀਮਾਬਾਦ, ਪਰਗਣਾ ਹਾਦੀ ਆਬਾਦ, ਪਰਗਣਾ ਅਕਬਰਾਬਾਦ, ਪਰਗਣਾ ਬਲੋਲ ਆਦਿ ਇਸੇ ਦੁਆਬੇ (ਬਿਸਤ ਜਲੰਧਰ) ਵਿਚ ਹਨ। ਲੇਖਕ ਅਰਥਾਤ ਮੈਨੂੰ ਇਸ ਦੁਆਬੇ ਦੇ ਹਾਲਾਤ ਤੋਂ ਵਾਕਫੀ ਨਹੀਂ ਹੈ। ਸਮਾਪਤ।

ਜਦੋਂ ਵਡੇ ਰੁਤਬੇ ਵਾਲੀ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਨੇ ਪੰਜਾਬ ਦੀ ਧਰਤੀ ਦੇ ਇਨ੍ਹਾਂ ਸਾਰੇ ਪਰਗਣਿਆਂ ਤੇ ਇਲਾਕਿਆਂ ਨੂੰ ਕੱਲੇ ਕੱਲੇ ਸ਼ਹਿਰ ਤੇ ਪਿੰਡ ਵਿਚ ਪੁੱਜ ਕੇ ਉੱਥੋਂ ਦੇ ਪਹਿਲੇ ਮਾਲਕਾਂ ਤੇ ਸਰਦਾਰਾਂ, ਜੋ ਆਪਣੇ ਆਪ ਉੱਥੋਂ ਦੀ ਸਰਦਾਰੀ ਦੇ ਮੁਦਈ ਬਣੇ ਬੈਠੇ ਸਨ, ਦੇ ਕਬਜ਼ੇ 'ਚੋਂ ਖੋਹ ਕੇ ਆਪਣੇ ਮੁਲਾਜ਼ਿਮਾਂ ਨੂੰ ਸੌਂਪ ਦਿੱਤਾ ਅਤੇ ਕਈ ਸਰਦਾਰਾਂ ਨੂੰ ਉਨ੍ਹਾਂ ਦੀ ਹੈਸੀਅਤ ਅਨੁਸਾਰ ਜਗੀਰਾਂ ਬਖਸ਼ ਦਿੱਤੀਆਂ ਅਤੇ ਮਹਾਰਾਜੇ ਦੇ ਮਨ ਨੂੰ ਇਸ ਮੁਲਕ (ਪੰਜਾਬ) ਵਲੋਂ ਪੂਰੀ ਤਸੱਲੀ ਹੋ ਗਈ ਤਾਂ ਇਸ ਤੋਂ ਮਗਰੋਂ ਵੱਡੀ ਹਿੰਮਤ ਵਾਲੇ ਮਹਾਰਾਜੇ ਨੇ ਇਸ ਗੱਲ ਦਾ ਫੈਸਲਾ ਕੀਤਾ ਕਿ ਸੂਬਾ ਕਸ਼ਮੀਰ ਨੂੰ ਫਤਹਿ ਕੀਤਾ ਜਾਵੇ।

ਇੰਡੈਕਸ

ਇਲਾਕਾ

ਸ਼ਹਿਰ

ਹਾਕਮ, ਪ੍ਰਬੰਧਕ ਤੇ ਅਹਿਲਕਾਰ

ਕਿਲ੍ਹੇ

ਤੱਲਕਾ

ਨੱਗਰ (ਕਸਬਾ)

ਪਿੰਡ

ਪਰਗਣੇ

ਮਹਾਲ